**B.A (Liberal Arts)**

**CORE COURSE (CC): RELIGIOUS STUDIES**

**SEMESTER-III**

# ਧਰਮ ਬਾਨੀ (FOUNDER OF RELIGION)

## SECTION-A

ਯੂਨਿਟ -1 ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ

1.0 ਉਦੇਸ਼

1.1 ਜਾਣ-ਪਛਾਣ

1.2 ਜੀਵਨ

1.3 ਬਚਪਣ ਤੇ ਸਿੱਖਿਆ

1.4 ਵਿਆਹ

1.5 ਸੰਸਾਰਕ ਕੰਮਾਂ ਤੋਂ ਉਪਰਾਮਤਾ

1.6 ਤਲਵੰਡੀ ਤੋਂ ਸੁਲਤਾਨਪੁਰ ਲੋਧੀ

1.7 ਗਿਆਨ ਪ੍ਰਾਪਤੀ

1.8 ਉਦਾਸੀਆਂ

1.8.1 ਪਹਿਲੀ ਉਦਾਸੀ

1.8.2 ਦੂਸਰੀ ਉਦਾਸੀ

1.8.3 ਤੀਸਰੀ ਉਦਾਸੀ

1.8.4 ਚੌਥੀ ਉਦਾਸੀ

1.9 ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ

1.9.1 ਰੱਬ ਇਕ ਹੈ

1.9.2 ਨਾਮ ਦੀ ਮਹੱਤਤਾ

1.9.3 ਮਾਨਵਤਾ ਦਾ **ਪਿ**ਆਰ

1.9.4 ਸੰਨਿਆਸ ਦਾ **ਵਿ**ਰੋਧ

1.9.5 ਜਾਤ ਪਾਤ ਦਾ **ਵਿ**ਰੋਧ

1.9.6 ਰਾਜਸੀ ਤਾਕਤਾਂ ਨੂੰ ਵੰਗਾਰ

1.9.7 ਇਸਤਰੀ ਦੀ ਸਤਕਾਰ

1.9.8 ਪੁਰੋਹਿਤ ਵਰਗ ਦਾ ਖੰਡਨ

1.9.9 ਮੂਰਤੀ ਪੂਜਾ ਦਾ ਖੰਡਨ

1.9.10 ਹੁਕਮ

1.10 ਮਹੱਤਵ

1.11 ਸ੍ਰੀ ਗੁਰੂ ਅੰਗਦ ਦੇਵ ਜੀ

1.12 ਸ੍ਰੀ ਗੁਰੂ ਅਮਰਦਾਸ ਜੀ

1.13 ਸ੍ਰੀ ਗੁਰੂ ਰਾਮਦਾਸ ਜੀ

1.14 ਸ੍ਰੀ ਗੁਰੂ ਅਰਜਨ ਦੇਵ ਜੀ

1.15 ਸਾਰ

1.16 ਪੜ੍ਹਣਯੋਗ ਪੁਸਤਕਾਂ

1.17 ਅਭਿਆਸ ਲਈ ਪ੍ਰਸ਼ਨ

1.0 **ਉਦੇਸ਼**

ਇਸ ਅਧਿਆਇ ਦਾ ਉਦੇਸ਼ ਜਗਤ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸਿੱਖ ਧਰਮ ਦੇ ਪਹਿਲੇ ਪੰਜ ਗੁਰੂ ਸਾਹਿਬਾਨਾਂ ਦੀਆਂ ਸਿਖਿਆਵਾਂ ਨੂੰ ਖੋਜਾਰਥੀਆਂ, ਪਾਠਕਾਂ ਅਤੇ ਜਨ ਸਧਾਰਨ ਪ੍ਰਚਾਰ ਅਤੇ ਪ੍ਰਸਾਰ ਕਰਨਾ ਹੈ। ਤਾਂ ਜੋ ਗੁਰੂ ਪਾਤਸ਼ਾਹ ਦੇ ਦਸੇ ਰਾਹ 'ਤੇ ਚਲ ਕੇ ਆਪਣਾ ਆਪ ਸਵਾਰ ਸਕੀਏ।

**1.1ਜਾਣ ਪਛਾਣ**

ਸਿੱਖ ਧਰਮ ਦੇ ਸੰਸਥਾਪਕ ਜਗਤਗੁਰੂ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਸ ਸਮੇਂ ਹੋਇਆ ਜਿਸ ਸਮੇਂ ਹਿੰਦੁਸਤਾਨ ਦੀ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਦਸ਼ਾ ਮੂਲੋਂ ਹੀ ਨਿਘਾਰ ਵੱਲ ਚਲੀ ਗਈ ਸੀ। ਉਸ ਸਮੇਂ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਧਰਤਿ ਵੀ ਵਿਆਕੁਲ ਹੋ ਚੁੱਕੀ ਸੀ ਕਿਉਂਕਿ ਧਰਤਿ 'ਤੇ ਪਾਪ ਕਰਮ ਬਹੁਤ ਜ਼ਿਆਦਾ ਵਧ ਚੁੱਕੇ ਸਨ। ਐਸੇ ਹਾਲਾਤਾਂ ਵਿਚ ਗੁਰੂ ਨਾਨਕ ਦੇਵ ਜੀ ਆਪ ਪਰਮੇਸ਼ਰ ਸਰੂਪ ਧਾਰਨ ਕਰਕੇ ਇਸ ਲੋਕ 'ਤੇ ਆਏ। 15 ਵੀਂ ਈਸਵੀ ਵਿਚ ਜਦੋਂ ਉਨ੍ਹਾਂ ਦਾ ਪ੍ਰਕਾਸ਼ ਹੋਇਆ ਤਾਂ ਧਰਤੀ 'ਤੇ ਹਰ ਪਾਸੇ ਹਾਹਾਕਾਰ ਮੱਚੀ ਹੋਈ ਸੀ। ਲੋਕਾਂ ਵਿਚ ਅੰਧ ਵਿਸ਼ਵਾਸ, ਵਹਿਮ-ਭਰਮ, ਬਹੁਤ ਵਧ ਗਏ ਸਨ। ਕੁਲ ਕਾਇਨਾਤ ਅਗਿਆਨਤਾ ਦੇ ਹਨੇਰੇ ਵਿਚ ਭਟਕ ਰਹੀ ਸੀ। ਹਰ ਪਾਸੇ ਅਧਰਮ, ਝੂਠ, ਭ੍ਰਿਸ਼ਟਾਚਾਰ ਆਦਿ ਦਾ ਬੋਲਬਾਲਾ ਸੀ। ਅਖੌਤੀ ਉਚੀ ਜਾਤਿ ਵਾਲੇ ਲੋਕ ਨੀਵੀਂ ਜਾਤਿ ਵਾਲੇ ਗ਼ਰੀਬ ਲੋਕਾਂ 'ਤੇ ਅੱਤਿਆਚਾਰ ਕਰ ਰਹੇ ਸਨ। ਇਸਤਰੀਆਂ ਦੀ ਹਾਲਤ ਤਾਂ ਹੋਰ ਵੀ ਨਾਜ਼ੁਕ ਸੀ ਕਿਉਂਕਿ ਇਸਤਰੀ ਨੂੰ ਉਸ ਸਮੇਂ ਪੈਰ ਦੀ ਜੁੱਤੀ ਆਦਿ ਸਮਝਿਆ ਜਾਂਦਾ ਸੀ। ਧਰਮ ਤਾਂ ਕੇਵਲ ਨਾ ਮਾਤਰ ਹੀ ਸੀ, ਧਰਮ ਦੀ ਆੜ ਹੇਠ ਬੜੇ ਤਰ੍ਹਾਂ ਦੇ ਪਾਖੰਡ, ਆਡੰਬਰ ਆਦਿ ਕੀਤੇ ਜਾ ਰਹੇ ਸਨ। ਰਾਜੇ ਲੋਕ

ਪਰਜਾ 'ਤੇ ਹੀ ਅੱਤਿਆਚਾਰ ਕਰ ਰਹੇ ਸਨ। ਉਹ ਜ਼ੁਲਮ ਨੂੰ ਰੋਕਣ ਦੀ ਬਜਾਏ ਖ਼ੁਦ ਜਨਤਾ 'ਤੇ ਜ਼ੁਲਮ ਕਰ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਇਸ ਤਰ੍ਹਾਂ ਭਟਕਦੀ ਹੋਈ ਲੋਕਾਈ ਨੂੰ ਸੱਚ ਦਾ ਰਾਹ ਦਿੰਦਿਆਂ ਅਗਿਆਨਤਾ ਦੇ ਹਨੇਰੇ ਵਿਚੋਂ ਕੱਢ ਕੇ ਸੱਚ ਦਾ ਮਾਰਗ ਦਿਖਾਇਆ। ਉਨ੍ਹਾਂ ਨੇ ਸਭਨਾਂ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਸਤਿਨਾਮ ਦਾ ਮੰਤਰ ਦ੍ਰਿੜਾਇਆ। ਸਤਿਗੁਰੂ ਜੀ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੀ ਮਿੱਠੀ ਬਾਣੀ ਕਾਰਨ ਕੁੱਲ ਦੁਨੀਆਂ ਵਿਚ ਹਰ ਇਕ ਥਾਂ ਉਨ੍ਹਾਂ ਦੇ ਸ਼ਰਧਾਲੂ, ਸਿੱਖ ਸੇਵਕ ਬਣ ਗਏ। ਗੁਰੂ ਨਾਨਕ ਦੇਵ ਜੀ ਇਕ ਮਹਾਨ ਸਮਾਜ ਸੁਧਾਰਕ, ਕ੍ਰਾਂਤੀਕਾਰੀ ਹੋਏ ਹਨ, ਇਸੇ ਲਈ ਗੁਰੂ ਨਾਨਕ ਦੇਵ ਜੀ ਨੂੰ ਵਿਸ਼ਵ ਇਤਿਹਾਸ ਵਿਚ ਇਕ ਵੱਡਾ ਸਥਾਨ ਪ੍ਰਾਪਤ ਹੈ।

**1.2 <u>ਜੀਵਨ</u>**

ਗੁਰੂ ਨਾਨਕ ਦੇਵ ਦੇ ਜੀਵਨ ਕਾਲ ਨੂੰ ਕੁੱਲ ਤਿੰਨ ਹਿੱਸਿਆਂ ਵਿਚ ਵੰਡ ਕੇ ਵੇਖਿਆ ਜਾ ਸਕਦਾ ਹੈ। ਪਹਿਲਾ ਹਿੱਸਾ 1469 ਈ. ਤੋਂ 1499 ਈਸਵੀ ਤਕ, ਜਿਸ ਵਿਚ ਗੁਰੂ ਸਾਹਿਬ ਦੇ ਪ੍ਰਕਾਸ਼ ਤੋਂ ਲੈ ਕੇ ਮੁੱਢਲੀ ਸਿੱਖਿਆ, ਤਾਲੀਮ, ਬੇਬੇ ਨਾਨਕੀ ਜੀ ਪਾਸ ਸੁਲਤਾਨਪੁਰ ਜਾਣਾ ਆਦਿ ਦਾ ਵਰਣਨ ਹੈ। ਦੂਸਰਾ ਹਿਸਾ 1499 ਈ. ਤੋਂ 1521 ਈ. ਤਕ ਉਦਾਸੀਆਂ ਦਾ ਸਮਾਂ ਅਤੇ ਤੀਸਰਾ 1521 ਈ. ਤੋਂ 1539 ਈਸਵੀ ਤੱਕ ਦਾ ਆਖਰੀ ਸਮਾਂ ਕਰਤਾਰਪੁਰ ਸਾਹਿਬ ਵਿਖੇ ਬਿਤਾਇਆ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ 1469 ਈਸਵੀ ਨੂੰ ਰਾਇ ਭੋਇ ਦੀ ਤਲਵੰਡੀ ਜਿਸ ਨੂੰ ਕਿ ਹੁਣ ਨਨਕਾਣਾ ਸਾਹਿਬ ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਕਲਿਆਣ ਦਾਸ ਸੀ। ਜਿਸ ਨੂੰ ਪਿਆਰ ਨਾਲ ਬਾਬਾ ਕਾਲੂ ਜੀ ਵੀ ਕਿਹਾ ਜਾਂਦਾ ਸੀ ਅਤੇ ਮਾਤਾ ਜੀ ਦਾ ਨਾਮ ਤ੍ਰਿਪਤਾ ਜੀ ਸੀ। ਆਪ ਜੀ ਦੀ ਇਕ ਭੈਣ ਵੀ ਸੀ। ਜਿਸ ਦਾ ਨਾਮ ਬੇਬੇ ਨਾਨਕੀ ਸੀ। ਬੇਬੇ ਨਾਨਕੀ ਜੀ ਆਪ ਤੋਂ 5 ਕੁ ਸਾਲ ਵੱਡੇ ਸਨ। ਆਪ ਜੀ ਆਪਣੀ ਭੈਣ ਨੂੰ 'ਬੇਬੇ' ਸ਼ਬਦ ਨਾਲ ਸੰਬੋਧਤ ਹੁੰਦੇ ਸਨ। ਬੇਬੇ ਨਾਨਕੀ ਜੀ ਪਹਿਲੇ ਸਿੱਖ ਸਨ ਜਿਨ੍ਹਾਂ ਨੇ ਆਪਣੇ ਵੀਰ ਨਾਨਕ ਨੂੰ ਰੱਬੀ ਜੋਤ ਦੇ ਰੂਪ ਵਿਚ ਪਹਿਚਾਣਿਆ। ਬੇਬੇ ਨਾਨਕੀ ਦਾ ਵਿਆਹ ਸੁਲਤਾਨਪੁਰ ਲੋਧੀ ਵਿਖੇ ਭਾਈ ਜੈ ਰਾਮ ਜੀ ਨਾਲ ਹੋਇਆ ਅਤੇ ਇੱਥੇ ਹੀ ਗੁਰੂ ਨਾਨਕ ਦੇਵ ਜੀ ਨੇ ਮੋਦੀ ਦਾ ਕੰਮ ਕੀਤਾ।

**1.3 <u>ਬਚਪਨ ਤੇ ਸਿੱਖਿਆ</u>**

ਗੁਰੂ ਨਾਨਕ ਦੇਵ ਜੀ ਬਚਪਨ ਤੋ ਹੀ ਬੜੇ ਗੰਭੀਰ ਅਤੇ ਵਿਚਾਰਸ਼ੀਲ ਸੁਭਾਅ ਦੇ ਮਾਲਕ ਸਨ। ਆਪ ਜੀ ਦਾ ਝੁਕਾਅ ਖੇਡਾਂ ਵੱਲ ਘੱਟ ਤੇ ਪਰਮਾਤਮਾ ਦੀ ਭਗਤੀ ਵੱਲ ਜ਼ਿਆਦਾ ਸੀ। ਅਕਸਰ ਆਪਣੇ ਵਿਚਾਰਾਂ ਵਿਚ ਹੀ ਮਗਨ ਰਹਿੰਦੇ ਸਨ। ਆਪਜੀ ਨੂੰ 7 ਸਾਲ ਦੀ ਉਮਰ ਵਿਚ ਪੰਡਤ ਗੋਪਾਲ ਜੀ ਪਾਸ ਹਿੰਦੀ ਅਤੇ ਗਣਿਤ ਦੀ ਮੁੱਢਲੀ ਸਿੱਖਿਆ ਪ੍ਰਾਪਤ ਕਰਨ ਲਈ ਭੇਜਿਆ ਗਿਆ। ਗੁਰੂ ਜੀ ਨੇ ਆਪਣੇ ਅਧਿਆਤਮਕ ਗਿਆਨ ਨਾਲ ਪੰਡਿਤ ਗੋਪਾਲ ਨੂੰ ਹੈਰਾਨ ਕਰ ਦਿੱਤਾ। ਇਸ ਤੋਂ ਬਾਅਦ ਗੁਰੂ ਜੀ ਨੇ ਪੰਡਤ ਬ੍ਰਿਜਨਾਥ ਤੋਂ ਸੰਸਕ੍ਰਿਤ ਅਤੇ ਮੌਲਵੀ ਕੁਤਬੁਦੀਨ ਤੋਂ ਫ਼ਾਰਸੀ ਅਤੇ ਅਰਬੀ ਦਾ ਗਿਆਨ ਹਾਸਲ ਕੀਤਾ। ਗੁਰੂ ਸਾਹਿਬ ਪੜ੍ਹਾਈ ਵਿਚ ਘੱਟ ਦਿਲਚਸਪੀ ਲੈਂਦੇ ਸਨ। ਉਹ ਸਾਧੂ ਸੰਤਾਂ ਨੂੰ ਮਿਲ ਕੇ ਬਹੁਤ ਖੁਸ਼ ਹੁੰਦੇ ਸਨ। ਜਦੋਂ ਆਪ ਜੀ ਦੀ ਉਮਰ 9 ਸਾਲ ਦੀ ਹੋਈ ਤਾਂ ਪ੍ਰੋਹਤ ਹਰਦਿਆਲ ਨੂੰ ਜਨੇਊ

ਪਾਉਣ ਲਈ ਬੁਲਾਇਆ ਪਰ ਗੁਰੂ ਨਾਨਕ ਦੇਵ ਜੀ ਨੇ ਇਹ ਜਨੇਊ ਪਾਉਣ ਤੋਂ ਮੂਲੋਂ ਹੀ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਸਿਰਫ ਦਇਆ, ਸੰਤੋਖ, ਜਤ-ਸਤ ਦਾ ਬਣਿਆ ਹੋਇਆ ਜਨੇਊ ਹੀ ਪਾਉਣਗੇ। ਜਿਹੜਾ ਨਾ ਟੁੱਟੇ, ਨਾ ਸੜੇ, ਨਾ ਗਲੇ ਤੇ ਨਾ ਹੀ ਮੈਲਾ ਹੋਵੇ।

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥

ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥

ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥

ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ ਗੁਰੂ ਗ੍ਰੰਥ ਸਾਹਿਬ - ਅੰਗ੪੭੧

### 1.4 ਵਿਆਹ

ਗੁਰੂ ਨਾਨਕ ਦੇਵ ਜੀ ਦਾ ਵਿਆਹ ਬਟਾਲਾ ਨਿਵਾਸੀ ਮੂਲ ਚੰਦ ਦੀ ਸਪੁੱਤਰੀ ਬੀਬੀ ਸੁਲੱਖਣੀ ਜੀ ਨਾਲ ਹੋਇਆ। ਉਸ ਸਮੇਂ ਆਪ ਜੀ ਦੀ ਉਮਰ 14 ਸਾਲ ਦੀ ਸੀ। ਸਮੇਂ ਦੇ ਨਾਲ ਆਪ ਦੇ ਘਰ ਦੋ ਪੁੱਤਰ ਸ੍ਰੀਚੰਦ ਅਤੇ ਲਖਮੀ ਦਾਸ ਨੇ ਜਨਮ ਲਿਆ। ਵਿਆਹੁਤਾ ਜੀਵਨ ਦੀਆਂ ਜ਼ਿੰਮੇਵਾਰੀਆਂ ਵੀ ਗੁਰੂ ਸਾਹਿਬ ਨੂੰ ਅਧਿਆਤਮਕ ਮਾਰਗ ਤੋਂ ਨਾ ਹਟਾ ਸਕੀਆਂ।

### 1.5 ਸੰਸਾਰਕ ਕੰਮਾਂ ਤੋਂ ਉਪਰਾਮਤਾ

ਪਿਤਾ ਮਹਿਤਾ ਕਾਲੂ ਜੀ ਜਦੋਂ ਆਪ ਜੀ ਨੂੰ ਪਰਮਾਤਮਾ ਦੀ ਬੰਦਗੀ ਵਿਚ ਲੀਨ ਹੋਏ ਦੇਖਦੇ ਤਾਂ ਉਹ ਚਿੰਤਾਤੁਰ ਵੀ ਹੁੰਦੇ ਕਿਉਂਕਿ ਉਹ ਸੰਸਾਰੀ ਬਿਰਤੀ ਹੋਣ ਕਾਰਨ ਇਹ ਸੋਚਦੇ ਸਨ ਕਿ ਜੇਕਰ ਨਾਨਕ ਨੇ ਕੋਈ ਕਮਾਈ ਨਾ ਕੀਤੀ ਤਾਂ ਇਹ ਕਿਸ ਤਰ੍ਹਾਂ ਆਪਣਾ ਘਰ ਤੋਰੇਗਾ, ਇਸ ਲਈ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਸਭ ਤੋਂ ਪਹਿਲਾਂ ਮੱਝਾਂ ਚਾਰਨ ਦਾ ਕੰਮ ਦਿੱਤਾ ਪਰ ਗੁਰੂ ਨਾਨਕ ਦੇਵ ਜੀ ਪ੍ਰਮਾਤਮਾ ਦੀ ਬੰਦਗੀ ਵਿਚ ਲੀਨ ਰਹਿੰਦੇ। ਮੱਝਾਂ ਆਸੇ ਪਾਸੇ ਕਿਸਾਨਾਂ ਦੇ ਖੇਤਾਂ ਨੂੰ ਉਜਾੜ ਦਿੰਦੀਆਂ ਜਦੋਂ ਪਿਤਾ ਜੀ ਨੇ ਦੇਖਿਆ ਤਾਂ ਇਸ ਕੰਮ ਤੋਂ ਹਟਾ ਕੇ ਆਪ ਜੀ ਨੂੰ ਖੇਤੀਬਾੜੀ ਵਿਚ ਲਾ ਲਿਆ ਪਰ ਆਪ ਜੀ ਨੇ ਉੱਥੇ ਵੀ ਕੋਈ ਬਹੁਤੀ ਦਿਲਚਸਪੀ ਨਾ ਦਿਖਾਈ। ਇਸ ਤੋਂ ਉਪਰੰਤ ਪਿਤਾ ਜੀ ਨੇ ਆਪ ਜੀ ਨੂੰ 20 ਰੁਪਏ ਦੇ ਕਰ ਕੇ ਵਪਾਰ ਕਰਨ ਲਈ ਤੋਰਿਆ ਪਰ ਉੱਥੇ ਵੀ ਆਪ ਜੀ ਨੂੰ ਰਸਤੇ ਵਿਚ ਭੁੱਖੇ ਸਾਧੂਆਂ ਦਾ ਟੋਲਾ ਮਿਲਿਆ ਜਿਨ੍ਹਾਂ ਨੂੰ ਆਪ ਜੀ ਨੇ ਬੜੇ ਪ੍ਰੇਮ ਦੇ ਨਾਲ ਪ੍ਰਸ਼ਾਦਾ ਛਕਾਇਆ। ਸਿੱਖ ਇਤਿਹਾਸ ਵਿਚ ਇਸ ਘਟਨਾ ਨੂੰ ਸੱਚੇ ਸੌਦੇ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

### 1.6 ਤਲਵੰਡੀ ਤੋਂ ਸੁਲਤਾਨਪੁਰ ਲੋਧੀ

ਆਪ ਜੀ ਦੀ ਉਮਰ ਜਦੋਂ 20 ਵਰ੍ਹਿਆਂ ਦੀ ਹੋਈ ਤਾਂ ਪਿਤਾ ਮਹਿਤਾ ਕਾਲੂ ਜੀ ਨੇ ਆਪ ਜੀ ਨੂੰ ਸੁਲਤਾਨਪੁਰ ਲੋਧੀ ਭਾਈਆ ਜੈ ਰਾਮ ਜੀ ਪਾਸ ਭੇਜ ਦਿੱਤਾ। ਭਾਈਆ ਜੈ ਰਾਮ ਦੀ ਦੌਲਤ ਖ਼ਾਨ ਲੋਧੀ ਦੀ ਨੌਕਰੀ ਵਿਚ ਉੱਚ ਅਧਿਕਾਰੀ ਸਨ। ਉਹਨਾਂ ਦੀ ਸਿਫ਼ਾਰਸ਼ 'ਤੇ ਆਪ ਜੀ ਨੂੰ ਮੋਦੀ ਖਾਨੇ (ਅੰਨ ਭੰਡਾਰ) ਵਿਚ ਨੌਕਰੀ ਮਿਲ ਗਈ। ਗੁਰੂ ਸਾਹਿਬ ਨੇ ਇਹ ਕੰਮ ਬੜੀ ਯੋਗਤਾ ਨਾਲ ਕੀਤਾ। ਗੁਰੂ ਸਾਹਿਬ ਜੀ ਨੂੰ ਜੋ ਕੁਝ ਪ੍ਰਾਪਤ ਹੁੰਦਾ ਉਹ ਲੋੜਵੰਦਾਂ ਵਿਚ ਵੰਡ ਦਿੰਦੇ।

### 1.7 ਗਿਆਨ ਪ੍ਰਾਪਤ

ਆਪ ਜੀ ਸੁਲਤਾਨਪੁਰ ਲੋਧੀ ਵਿਚ ਰਹਿੰਦੇ ਹੋਏ ਸਵੇਰੇ ਰੋਜ਼ਾਨਾ ਵੇਈਂ ਨਦੀ ਤੇ ਇਸ਼ਨਾਨ ਕਰਨ ਲਈ ਜਾਂਦੇ ਸਨ। ਇਕ ਦਿਨ ਇਸ਼ਨਾਨ ਕਰਨ ਗਏ ਪਰ ਵਾਪਸ ਨਾ ਆਏ। ਇਤਿਹਾਸਕ ਘਟਨਾ ਅਨੁਸਾਰ ਗੁਰੂ ਨਾਨਕ ਦੇਵ ਜੀ ਵੇਈਂ ਨਦੀ ਵਿਚ ਪ੍ਰਵੇਸ਼ ਤੋਂ ਬਾਅਦ ਤਿੰਨ ਦਿਨ ਅਲੋਪ ਰਹੇ। ਉਹ ਸੱਚਖੰਡ ਗਏ ਤੇ ਅਕਾਲ ਪੁਰਖ ਤੋਂ ਗਿਆਨ ਪ੍ਰਾਪਤ ਕਰਕੇ ਫਿਰ ਵਾਪਸ ਸੁਲਤਾਨਪੁਰ ਲੋਧੀ ਹੀ ਉਸੇ ਨਦੀ ਵਿਚੋਂ ਬਾਹਰ ਆਏ ਤੇ ਸਰਬ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ। ਸਰਬ ਸਾਂਝੀਵਾਲਤਾ ਦਾ ਸੰਦੇਸ਼ ਗੁਰੂ ਨਾਨਕ ਸਾਹਿਬ ਨੇ ਸੁਲਤਾਨਪੁਰ ਲੋਧੀ ਤੋਂ ਦੇ ਕੇ ਅਗਲਾ ਕਾਰਜ/ਵੱਡਾ ਮਿਸ਼ਨ ਆਰੰਭ ਕਰ ਦਿੱਤਾ।

### 1.8 ਉਦਾਸੀਆਂ

ਵੇਈਂ ਨਦੀ ਪ੍ਰਵੇਸ਼ ਤੇ ਸੱਚ ਖੰਡ ਤੋਂ ਗਿਆਨ ਪ੍ਰਾਪਤ ਕਰ ਕੇ ਗੁਰੂ ਨਾਨਕ ਦੇਵ ਜੀ ਬਹੁਤਾ ਸਮਾਂ ਸੁਲਤਾਨਪੁਰ ਲੋਧੀ ਵਿਖੇ ਨਹੀਂ ਰਹੇ ਅਤੇ ਦੇਸ਼ ਵਿਦੇਸ਼ਾਂ ਦੀ ਲੰਬੀ ਯਾਤਰਾ ਲਈ ਨਿਕਲ ਪਏ। ਗੁਰੂ ਨਾਨਕ ਦੇਵ ਜੀ ਨੇ ਲਗਪਗ 21 ਵਰ੍ਹੇ ਇਨ੍ਹਾਂ ਯਾਤਰਾਵਾਂ ਵਿਚ ਬਤੀਤ ਕੀਤੇ। ਸਿੱਖ ਇਤਿਹਾਸ ਵਿਚ ਇਨ੍ਹਾਂ ਯਾਤਰਾਵਾਂ ਨੂੰ ਉਦਾਸੀਆਂ ਵੀ ਕਿਹਾ ਜਾਂਦਾ ਹੈ। ਇਨ੍ਹਾਂ ਉਦਾਸੀਆਂ ਦੀ ਕੁੱਲ ਗਿਣਤੀ 4 ਮੰਨੀ ਗਈ ਹੈ ਤੇ ਇਹ ਚਾਰੇ ਉਦਾਸੀਆਂ ਗੁਰੂ ਸਾਹਿਬ ਨੇ ਚਾਰੇ ਦਿਸ਼ਾਵਾਂ ਪੂਰਬ, ਪੱਛਮ, ਉੱਤਰ ਅਤੇ ਦੱਖਣ ਦਿਸ਼ਾਵਾਂ ਵਿਚ ਕੀਤੀਆਂ।

#### 1.8.1 ਪਹਿਲੀ ਉਦਾਸੀ

ਗੁਰੂ ਨਾਨਕ ਦੇਵ ਜੀ ਨੇ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ 'ਚੜ੍ਹਿਆ ਸੋਧਣਿ ਧਰਤਿ ਲੁਕਾਈ' ਨੂੰ ਸੋਧਣ ਹਿੱਤ ਪਹਿਲੀ ਉਦਾਸੀ ਪੂਰਬ ਵੱਲ ਨੂੰ ਆਰੰਭ ਕਰ ਦਿੱਤੀ। ਇਸ ਯਾਤਰਾ ਦੌਰਾਨ ਆਪ ਜੀ ਸਭ ਤੋਂ ਪਹਿਲਾਂ ਕੁਰੂਕਸ਼ੇਤਰ ਦੇ ਸਥਾਨ ਤੇ ਪਹੁੰਚੇ। ਉੱਥੇ ਸੂਰਜ ਦਾ ਗ੍ਰਹਿਣ ਲੱਗਾ ਹੋਇਆ ਸੀ ਤੇ ਕਾਫੀ ਲੋਕ ਇਕੱਤਰ ਸਨ। ਲੋਕ ਮੱਤ ਅਨੁਸਾਰ ਸੂਰਜ ਗ੍ਰਹਿਣ ਮੌਕੇ ਅੱਗ ਨਹੀਂ ਬਾਲੀਦੀ ਸੀ ਤੇ ਨਾਂ ਹੀ ਕੁਝ ਰਿੰਨ੍ਹਿਆ ਜਾ ਸਕਦਾ ਸੀ। ਇਸ ਤਰ੍ਹਾਂ ਦੇ ਵਹਿਮ-ਭਰਮ, ਭੁਲੇਖਿਆਂ ਨੂੰ ਦੂਰ ਕਰਨ ਹਿੱਤ ਗੁਰੂ ਨਾਨਕ ਸਾਹਿਬ ਨੇ ਉੱਥੇ ਅੱਗ ਬਾਲੀ ਅਤੇ ਪਕਵਾਨ ਵੀ ਤਿਆਰ ਕੀਤੇ। ਧੂੰਆਂ ਉਠਦਾ ਦੇਖ ਲੋਕਾਂ ਨੇ ਗੁਰੂ ਨਾਨਕ ਸਾਹਿਬ ਨਾਲ ਲੜਾਈ ਝਗੜੇ ਕੀਤੇ ਅਤੇ ਊਲ ਜਲੂਲ ਵੀ ਬੋਲੇ। ਪਰ ਗੁਰੂ ਸਾਹਿਬ ਜੀ ਨੇ ਆਪਣੇ ਪਵਿੱਤਰ ਅਤੇ ਨਿਰਮਲ ਬਚਨਾਂ ਨਾਲ ਸਭ ਨੂੰ ਚੁੱਪ ਕਰਵਾ ਦਿੱਤਾ। ਆਪ ਜੀ ਦੀਆਂ ਦਲੀਲਾਂ ਅਤੇ ਸ਼ਖ਼ਸੀਅਤ ਤੋਂ ਪ੍ਰਭਾਵਤ ਹੋ ਕੇ ਲੋਕਾਂ ਨੇ ਗੁਰੂ ਜੀ ਦੀ ਸਿੱਖਿਆ ਨੂੰ ਧਾਰਨ ਕੀਤਾ। ਇੱਥੋਂ ਚੱਲ ਕੇ ਗੁਰੂ ਜੀ ਹਿੰਦੂ ਧਰਮ ਦੇ ਪ੍ਰਸਿੱਧ ਤੀਰਥ ਹਰਿਦੁਆਰ ਪਹੁੰਚੇ। ਹਰਿਦੁਆਰ ਦੇ ਸਥਾਨ 'ਤੇ ਬਹੁਤ ਸਾਰੇ ਹਿੰਦੂ ਲੋਕ ਗੰਗਾ ਵਿਚ ਇਸ਼ਨਾਨ ਕਰ ਰਹੇ ਸਨ ਅਤੇ ਪੂਰਬ ਵੱਲ ਨੂੰ ਪਾਣੀ ਸੁੱਟ ਰਹੇ ਸਨ। ਗੁਰੂ ਜੀ ਬਿਨਾਂ ਕੁਝ ਬੋਲੇ ਪੱਛਮ ਵੱਲ ਮੂੰਹ ਕਰਕੇ ਪਾਣੀ ਸੁੱਟਣ ਲੱਗ ਪਏ। ਗੁਰੂ ਜੀ ਦਾ ਇਹ ਅਜੀਬੋ ਗਰੀਬ ਵਰਤਾਰਾ ਦੇਖ ਕੇ ਲੋਕ ਹੈਰਾਨ ਹੋਏ ਅਤੇ ਗੁਰੂ ਸਾਹਿਬ ਨੂੰ ਆ ਕੇ ਪੁੱਛਣ ਲੱਗੇ ਕਿ ਤੁਸੀਂ ਪੱਛਮ ਵੱਲ ਨੂੰ ਪਾਣੀ ਕਿਉਂ ਦੇ ਰਹੇ ਹੋ ਤਾਂ ਗੁਰੂ ਜੀ ਨੇ ਕਿਹਾ ਕਿ ਮੇਰੇ ਪੰਜਾਬ ਵਿਚ ਖੇਤ ਸੁੱਕ ਰਹੇ ਹਨ, ਮੈਂ ਉਨ੍ਹਾਂ ਖੇਤਾਂ ਨੂੰ ਪਾਣੀ ਦੇ ਰਿਹਾ ਹਾਂ। ਇਹ ਗੱਲ ਸੁਣ ਕੇ ਉਹ ਲੋਕ ਹੈਰਾਨ ਹੋਏ

ਤੇ ਹੱਸੇ। ਤੇਰੇ ਖੇਤਾਂ ਨੂੰ ਪਾਣੀ ਕਿਵੇਂ ਪਹੁੰਚ ਸਕਦਾ ਹੈ ਭਾਵ ਨਹੀਂ ਪਹੁੰਚੇਗਾ। ਅੱਗੋਂ ਗੁਰੂ ਸਾਹਿਬ ਨੇ ਕਿਹਾ ਫਿਰ ਤੁਸੀਂ ਪੂਰਬ ਵੱਲ ਨੂੰ ਪਾਣੀ ਕਿਉਂ ਸੁੱਟਦੇ ਹੋ ਉਨ੍ਹਾਂ ਕਿਹਾ ਕਿ ਅਸੀਂ ਆਪਣੇ ਪਿੱਤਰਾਂ ਨੂੰ ਪਾਣੀ ਦਿੰਦੇ ਹਾਂ ਤਾਂ ਗੁਰੂ ਨਾਨਕ ਨੇ ਕਿਹਾ ਕਿ ਜੇ ਇੱਥੋਂ ਕੁਝ ਦੂਰੀ 'ਤੇ ਮੇਰੇ ਖੇਤਾਂ ਵਿਚ ਪਾਣੀ ਨਹੀਂ ਪਹੁੰਚ ਸਕਦਾ ਤਾਂ ਤੁਹਾਡੇ ਪਿੱਤਰਾਂ ਦੇ ਕੋਲ ਜੋ ਬਹੁਤ ਦੂਰ ਹੈ, ਪਾਣੀ ਕਿਵੇਂ ਪਹੁੰਚੇਗਾ ਸਤਿਗੁਰਾਂ ਦੀ ਇਹ ਦਲੀਲ ਭਰੀ ਗੱਲ ਸੁਣ ਕੇ ਉਨ੍ਹਾ ਨੇ ਮਨ ਵਿਚੋਂ ਸਾਰੇ ਵਹਿਮ ਭਰਮ ਤਿਆਗ ਦਿੱਤੇ। ਸਤਿਗੁਰਾਂ ਨੂੰ ਨਮਸਕਾਰ ਕੀਤੀ ਅਤੇ ਸਤਿਗੁਰਾਂ ਦੇ ਮੁਰੀਦ ਬਣ ਗਏ।

ਹਰਿਦੁਆਰ ਤੋਂ ਚੱਲ ਕੇ ਆਪ ਜੀ ਜੋਗ ਮੱਤ ਦੇ ਪ੍ਰਮੁੱਖ ਕੇਂਦਰ ਗੋਰਖਮਤਾ ਵਿਖੇ ਪਹੁੰਚੇ। ਜਿੱਥੇ ਆਪ ਜੀ ਦੀ ਚਰਚਾ ਸਿੱਧਾਂ ਦੇ ਨਾਲ ਹੋਈ। ਸਿੱਧ ਆਪ ਜੀ ਤੋਂ ਚਰਚਾ ਵਿਚ ਹਾਰ ਗਏ ਅਤੇ ਗੋਰਖ ਮਤੇ ਦਾ ਨਾਮ ਬਦਲ ਕੇ ਨਾਨਕਮਤਾ ਪ੍ਰਸਿੱਧ ਹੋ ਗਿਆ। ਨਾਨਕਮਤੇ ਤੋਂ ਚੱਲ ਕੇ ਆਪ ਜੀ ਬਨਾਰਸ ਪਹੁੰਚੇ। ਬਨਾਰਸ ਦੇ ਸਥਾਨ 'ਤੇ ਆਪ ਜੀ ਦੀ ਚਰਚਾ ਪੰਡਤ ਚਤੁਰ ਦਾਸ ਨਾਲ ਹੋਈ। ਚਤੁਰ ਦਾਸ ਗੁਰੂ ਜੀ ਅੱਗੇ ਨਿਰਉੱਤਰ ਹੋ ਗਿਆ। ਗੁਰੂ ਨਾਨਕ ਦੇਵ ਜੀ ਨੇ ਬਨਾਰਸ ਵਿਖੇ ਮੌਜੂਦ ਭਗਤ ਕਬੀਰ ਜੀ ਅਤੇ ਰਵਿਦਾਸ ਜੀ ਨਾਲ ਗੋਸ਼ਟ ਕਰਨ ਉਪਰੰਤ ਇਨ੍ਹਾਂ ਦੋਹਾਂ ਭਗਤਾਂ ਦੀ ਰਚਨਾ ਨੂੰ ਆਪਣੇ ਪਾਸ ਸੰਭਾਲ ਲਿਆ। ਬਾਅਦ ਵਿਚ ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਭਗਤਾਂ ਦੀ ਰਚਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਯੋਗ ਸਥਾਨ ਦਿੱਤਾ। ਬਨਾਰਸ ਤੋਂ ਚੱਲ ਕੇ ਗੁਰੂ ਸਾਹਿਬ ਜੀ ਗਯਾ ਵਿਚੋਂ ਹੁੰਦੇ ਹੋਏ ਪਟਨਾ ਪੁੱਜੇ। ਇਥੇ ਆਪ ਜੀ ਦੀ ਮੁਲਾਕਾਤ ਸਾਲਸ ਰਾਏ ਜੌਹਰੀ ਨਾਲ ਹੋਈ। ਗੁਰੂ ਜੀ ਨੇ ਭਾਈ ਮਰਦਾਨੇ ਨੂੰ ਇਕ ਕੀਮਤੀ ਰਤਨ ਦੇ ਕੇ ਮੁੱਲ ਪਵਾਉਣ ਲਈ ਭੇਜਿਆ। ਭਾਈ ਮਰਦਾਨਾ ਅਲੱਗ-ਅਲੱਗ ਲੋਕਾਂ ਕੋਲੋਂ ਉਸ ਦਾ ਮੁੱਲ ਪਾਉਂਦਾ ਹੋਇਆ ਸਾਲਸ ਰਾਏ ਜੌਹਰੀ ਕੋਲ ਪਹੁੰਚਿਆ। ਸਾਲਸ ਰਾਏ ਨੇ ਇਸ ਦੀ ਦਰਸ਼ਨੀ ਭੇਟਾ ਹੀ 100 ਰੁਪਏ ਦੇ ਦਿੱਤੀ। ਗੁਰੂ ਜੀ ਨੇ 100 ਰੁਪਏ ਵਾਪਸ ਕਰ ਸਾਲਸ ਰਾਏ ਦੀ ਖੋਟੇ ਖਰੇ ਦੀ ਪਹਿਚਾਣ ਦੀ ਕਦਰ ਕੀਤੀ ਅਤੇ ਗੁਰੂ ਸਾਹਿਬ ਨੇ ਭਾਈ ਸਾਲਸ ਰਾਏ ਨੂੰ ਸਿੱਖ ਧਰਮ ਦਾ ਪ੍ਰਚਾਰਕ ਬਣਾ ਪਟਨਾ ਸਾਹਿਬ ਦੇ ਇਲਾਕੇ ਵਿਚ ਪ੍ਰਚਾਰ ਕਰਨ ਲਈ ਕਿਹਾ ਅਤੇ ਉਥੇ ਇਕ ਧਰਮਸ਼ਾਲਾ ਵੀ ਬਣਾਈ। ਪਟਨੇ ਤੋਂ ਚੱਲ ਕੇ ਆਪ ਜੀ ਕਾਮਰੂਪ ਪਹੁੰਚੇ। ਅਸਾਮ ਦੇ ਵਿਚ ਨੂਰਸ਼ਾਹ ਜਿਹੀਆਂ ਜਾਦੂਗਰਨੀਆਂ ਨੇ ਆਪ ਨੂੰ ਛਲਣਾ ਚਾਹਿਆ ਪਰ ਸਤਿਗੁਰੂ ਜੀ ਨੇ ਉਨ੍ਹਾਂ ਦੇ ਜਾਦੂ ਨੂੰ ਨਸ਼ਟ ਕਰ ਉਨ੍ਹਾਂ ਨੂੰ ਸੱਚ ਦਾ ਉਪਦੇਸ਼ ਦੇ ਕਰ ਕੇ ਉੱਥੇ ਧਰਮਸ਼ਾਲਾ ਬਣਾਈ ਅਤੇ ਸਿੱਖੀ ਦਾ ਪ੍ਰਚਾਰ ਕੀਤਾ। ਅਸਾਮ ਤੋਂ ਚੱਲ ਕੇ ਆਪ ਜੀ ਜਗਨਨਾਥਪੁਰੀ ਦੇ ਪ੍ਰਸਿੱਧ ਤੀਰਥ ਤੇ ਪਹੁੰਚੇ। ਇੱਥੇ ਗੁਰੂ ਸਾਹਿਬ ਜੀ ਨੇ ਪ੍ਰੰਪਰਾਗਤ ਆਰਤੀ ਦੇ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ। ਪਾਂਧਿਆਂ ਦੇ ਪੁੱਛਣ ਤੇ ਆਪ ਜੀ ਨੇ ਪਰਮਾਤਮਾ ਦੀ ਹਰ ਵਕਤ ਹੋ ਰਹੀ ਆਰਤੀ ਨੂੰ ਗਾਇਨ ਕਰਦਿਆਂ ਸ਼ਬਦ ਉਚਾਰਨ ਕੀਤਾ।

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥
ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥
ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥

ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥

ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥

ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥

ਹਰਿਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥

ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥੪॥੧॥੭॥੯॥

ਗੁਰੂ ਗ੍ਰੰਥ ਸਾਹਿਬ - ਅੰਗ੬੬੩

ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰਨ ਕੀਤੇ ਗਏ ਬ੍ਰਹਿਮੰਡੀ ਉਪਦੇਸ਼, ਬ੍ਰਹਿਮੰਡੀ ਆਰਤੀ ਨੂੰ ਸੁਣ ਕਰਕੇ ਸਾਰੇ ਪਾਂਡੇ ਨਤਮਸਤਕ ਹੋਏ। ਇਸ ਤਰ੍ਹਾਂ ਗੁਰੂ ਸਾਹਿਬ ਜੀ ਪਹਿਲੀ ਉਦਾਸੀ ਨੂੰ ਸਮਾਪਤ ਕਰਦੇ ਹੋਏ ਜਗਨਨਾਥਪੁਰੀ ਤੋਂ ਵਾਪਸ ਪੰਜਾਬ ਆਏ।

**1.8.2 ਦੂਸਰੀ ਉਦਾਸੀ**

ਕੁਝ ਸਮਾਂ ਪੰਜਾਬ ਰੁਕਣ ਤੋਂ ਬਾਅਦ ਗੁਰੂ ਨਾਨਕ ਸਾਹਿਬ ਨੇ ਆਪਣੀ ਦੂਸਰੀ ਉਦਾਸੀ ਆਰੰਭ ਕੀਤੀ. ਇਸ ਉਦਾਸੀ ਦੌਰਾਨ ਆਪ ਜੀ ਬੀਕਾਨੇਰ ਦੇ ਸਥਾਨ ਤੇ ਜੋ ਜੈਨੀਆਂ ਦਾ ਪ੍ਰਸਿੱਧ ਅਸਥਾਨ ਸੀ ਉੱਥੇ ਪਹੁੰਚੇ। ਜੈਨ ਮੱਤ ਅਨੁਸਾਰ ਜੀਵ ਹੱਤਿਆ ਇਕ ਪਾਪ ਹੈ, ਇਸ ਲਈ ਜੈਨੀ ਜੂਆਂ ਨਹੀਂ ਮਾਰਦੇ, ਇਸ਼ਨਾਨ ਨਹੀਂ ਕਰਦੇ, ਇੱਥੋਂ ਤੱਕ ਕਿ ਆਪਣੀ ਵਿਸਟਾ ਵਿਚੋਂ ਜੋ ਜੀਵ ਹੁੰਦੇ ਹਨ ਉਨ੍ਹਾਂ ਨੂੰ ਵੀ ਬਚਾਉਂਦੇ ਹਨ। ਉਨ੍ਹਾਂ ਦੇ ਇਸ ਕਰਮ ਨੂੰ ਦੇਖ ਕੇ ਗੁਰੂ ਨਾਨਕ ਦੇਵ ਨੇ 'ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ' ਵਾਲੇ ਲੋਕਾਂ ਨੂੰ ਅਹਿੰਸਾ ਤੇ ਵਹਿਮ ਤੋਂ ਉੱਪਰ ਉੱਠ ਕਰਤਾਰ ਨੂੰ ਕੁਦਰਤ ਵਿਚ ਪਹਿਚਾਨਣ ਅਤੇ ਉਸ ਦੀ ਕੀਰਤੀ ਕਰਨ ਦਾ ਉਪਦੇਸ਼ ਦਿੱਤਾ। ਇਸੇ ਉਦਾਸੀ ਦੌਰਾਨ ਆਪ ਜੀ ਨੂੰ ਕੌਡਾ ਰਾਖਸ਼ ਵੀ ਮਿਲਿਆ ਜੋ ਮਨੁੱਖਾਂ ਨੂੰ ਖਾਂਦਾ ਸੀ। ਜਨਮ ਸਾਖੀਆਂ ਅਨੁਸਾਰ ਕੌਡੇ ਰਾਕਸ਼ ਨੇ ਭਾਈ ਮਰਦਾਨਾ ਜੀ ਨੂੰ ਵੀ ਖਾਣ ਦੀ ਕੋਸ਼ਿਸ਼ ਕੀਤੀ। ਤੇਲ ਦੇ ਕੜਾਹੇ ਵਿਚ ਸਾੜਨ ਵਾਸਤੇ ਭਾਈ ਮਰਦਾਨਾ ਜੀ ਨੂੰ ਪਾ ਦਿੱਤਾ ਸੀ ਪਰ ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨੇ ਨੂੰ ਬਚਾਇਆ ਅਤੇ ਕੌਡੇ ਰਾਕਸ਼ ਨੂੰ ਵੀ ਸੱਚ ਦਾ ਉਪਦੇਸ਼ ਦੇ ਕਰਕੇ ਸਿੱਖ ਧਰਮ ਦਾ ਪ੍ਰਚਾਰਕ ਬਣਾਇਆ। ਇਸ ਤੋਂ ਅੱਗੇ ਚੱਲਦੇ ਹੋਏ ਗੁਰੂ ਨਾਨਕ ਦੇਵ ਜੀ ਸੰਗਲਾਦੀਪ ਪਹੁੰਚੇ। ਉੱਥੋਂ ਦਾ ਰਾਜਾ ਸ਼ਿਵਨਾਬ ਸੀ। ਉਸ ਨੇ ਗੁਰੂ ਨਾਨਕ ਸਾਹਿਬ ਦੀ ਪਰਖ ਲਈ ਸੁੰਦਰ ਸਰੂਪ ਵਾਲੀਆਂ ਇਸਤਰੀਆਂ ਗੁਰੂ ਨਾਨਕ ਦੇ ਸਵਾਗਤ ਲਈ ਭੇਜੀਆਂ ਪਰ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਇਸਤਰੀਆਂ ਨੂੰ ਗੁਰਬਾਣੀ ਦਾ ਸ਼ਬਦ ਉਚਾਰਨ ਕਰਕੇ 'ਗਾਛਹੁ ਪੁਤ੍ਰੀ ਰਾਜ ਕੁਆਰਿ' ਅਨੁਸਾਰ ਕਿ ਹੇ ਬੱਚੀਓ ਜਾਓ ਉਸ ਪ੍ਰਭੂ ਦੀ ਕੀਰਤੀ ਗਾਓ। ਮੇਰਾ ਮਨ ਤਾਂ ਉਸ ਪ੍ਰਭੂ ਨੇ ਮੋਹਿਆ ਹੋਇਆ ਹੈ। ਇਹ ਵਰਤਾਰਾ ਦੇਖ ਰਾਜਾ ਸ਼ਿਵਨਾਬ ਗੁਰੂ ਨਾਨਕ ਦੇਵ ਜੀ ਦੇ ਚਰਨੀਂ ਢਹਿ ਪਿਆ ਅਤੇ ਸਿੱਖੀ ਦੀ ਜਾਚਨਾ ਕੀਤੀ।

**1.8.3 ਤੀਸਰੀ ਉਦਾਸੀ**

ਦੂਸਰੀ ਉਦਾਸੀ ਤੋਂ ਉਪਰੰਤ ਗੁਰੂ ਸਾਹਿਬ ਜੀ ਥੋੜ੍ਹਾ ਸਮਾਂ ਹੀ ਤਲਵੰਡੀ ਠਹਿਰੇ ਅਤੇ ਫਿਰ ਘਰ ਬਾਰ ਤਿਆਗ ਕੇ ਫਿਰ ਸੰਸਾਰ ਦੀ ਯਾਤਰਾ ਤੇ ਨਿਕਲ ਗਏ। ਇਸ ਵਾਰ ਗੁਰੂ ਸਾਹਿਬ ਨੇ ਆਪਣਾ ਰੁਖ਼ ਉੱਤਰ ਦੀ ਦਿਸ਼ਾ ਵੱਲ ਕੀਤਾ। ਸਤਿਗੁਰੂ ਜੀ ਸੁਮੇਰ ਪਰਬਤ ਤੇ ਪਹੁੰਚੇ ਜਿੱਥੇ ਗੁਰੂ ਨਾਨਕ ਸਾਹਿਬ ਦੀ ਚਰਚਾ ਸਿੱਧਾਂ ਦੇ ਨਾਲ ਹੋਈ। ਸਿੱਧ ਗੁਰੂ ਨਾਨਕ ਸਾਹਿਬ ਜੀ ਨੂੰ ਸਵਾਲ ਕਰਦੇ ਨੇ 'ਕਉਨ ਸਕਤਿ ਤੋਹਿ ਇਥੇ ਲਿਆਈ' ਤਾਂ ਗੁਰੂ ਨਾਨਕ ਸਾਹਿਬ ਨੇ ਪਰਮਾਤਮਾ ਦੇ ਸ਼ਬਦ ਦੀ ਤਾਕਤ ਨੂੰ ਬਿਆਨ ਕਰਦਿਆਂ ਹੋਇਆਂ ਫੁਰਮਾਇਆ 'ਨਾਨਕੁ ਨਾਮੁ ਜਪੇ ਗਤਿ ਪਾਈ' ਸਿੱਧਾਂ ਨੇ ਗੁਰੂ ਨਾਨਕ ਸਾਹਿਬ ਨੂੰ ਇਕ ਖੱਪਰ ਦੇ ਕਰਕੇ ਨੇੜੇ ਦੇ ਤਲਾਬ ਤੋਂ ਪਾਣੀ ਲਿਆਉਣ ਲਈ ਕਿਹਾ ਅਤੇ ਉੱਥੇ ਆਪਣੀਆਂ ਅਜ਼ਮਤਾਂ ਨਾਲ ਹੀਰੇ ਮੋਤੀ ਜਵਾਹਰਾਤ ਆਦਿ ਦਿਖਾਏ ਪਰ ਗੁਰੂ ਨਾਨਕ ਸਾਹਿਬ ਇਸ ਚਾਲ ਨੂੰ ਭਲੀ ਭਾਂਤ ਜਾਣਦੇ ਸਨ। ਪਾਣੀ ਉੱਥੇ ਨਹੀਂ ਸੀ ਗੁਰੂ ਨਾਨਕ ਸਾਹਿਬ ਨੇ ਖੱਪਰ ਖਾਲੀ ਉਨ੍ਹਾਂ ਦੇ ਅੱਗੇ ਰੱਖ ਦਿੱਤਾ ਤੇ ਕਿਹਾ ਕਿ ਉੱਥੇ ਪਾਣੀ ਨਹੀਂ। ਆਪਣੀ ਇਸ ਕਰਨੀ ਕਰਕੇ ਸਿੱਧ ਸ਼ਰਮਿੰਦੇ ਹੋਏ। ਗੁਰੂ ਨਾਨਕ ਸਾਹਿਬ ਅਤੇ ਸਿੱਧਾਂ ਵਿਚ ਹੋਈ ਵਿਚਾਰ ਚਰਚਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 938 ਤੋਂ 946 ਅੰਕ 'ਤੇ 'ਸਿੱਧ ਗੋਸਟਿ' ਬਾਣੀ ਸਿਰਲੇਖ ਹੇਠ ਦਰਜ ਹੈ। ਇਸ ਤਰ੍ਹਾਂ ਸਿੱਧਾ ਨਾਲ ਚਰਚਾ ਕਰਨ ਉਪਰੰਤ ਗੁਰੂ ਨਾਨਕ ਸਾਹਿਬ ਜੀ ਸੁਮੇਰ ਪਰਬਤ ਤੋਂ ਹੁੰਦੇ ਹੋਏ ਲੱਦਾਖ ਪਹੁੰਚੇ। ਮੌਜੂਦਾ ਸਮੇਂ ਵੀ ਇਸ ਅਸਥਾਨ ਤੇ ਗੁਰੂ ਨਾਨਕ ਸਾਹਿਬ ਜੀ ਨੂੰ ਨਾਨਕ ਲਾਮਾ ਆਖ ਕੇ ਪੂਜਾ ਕੀਤੀ ਜਾਂਦੀ ਹੈ। ਇਸੇ ਉਦਾਸੀ ਦੌਰਾਨ ਆਪ ਮਟਨ ਸਾਹਿਬ ਤੋਂ ਸਿਆਲਕੋਟ ਪੁੱਜੇ। ਇੱਥੇ ਹਮਜ਼ਾ ਗ਼ੌਸ ਨਾਂ ਦੇ ਪੀਰ ਨੇ ਸ਼ਹਿਰ ਨੂੰ ਅਧਰਮੀਆਂ ਦਾ ਨਗਰ ਆਖ ਕੇ ਗਰਕ ਕਰਨ ਦਾ ਅਹਿਦ ਕੀਤਾ ਹੋਇਆ ਸੀ। ਇੱਥੇ ਹੀ ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨੇ ਨੂੰ ਬਾਜ਼ਾਰੋਂ ਇਕ ਪੈਸੇ ਦਾ ਸੱਚ ਤੇ ਇਕ ਪੈਸੇ ਦਾ ਝੂਠ ਖ਼ਰੀਦਣ ਵਾਸਤੇ ਭੇਜਿਆ। ਭਾਈ ਮੂਲਾ ਜੀ ਨੇ ਦੋ ਪੈਸੇ ਲੈ ਕੇ ਇਕ ਕਾਗਜ਼ ਤੇ ਜਿਉਣਾ ਝੂਠ ਤੇ ਮਰਨਾ ਸੱਚ ਲਿਖ ਦਿੱਤਾ। ਗੁਰੂ ਸਾਹਿਬ ਜੀ ਨੇ ਦੋਵੇਂ ਕਾਗਜ਼ ਪੀਰ ਹਮਜ਼ਾ ਗ਼ੌਸ ਅੱਗੇ ਧਰੇ। ਹਮਜ਼ਾ ਗ਼ੌਸ ਨੂੰ ਤਸੱਲੀ ਹੋਈ ਕਿ ਸ਼ਹਿਰ ਵਿਚ ਸਾਰੇ ਅਧਰਮੀ ਨਹੀਂ ਧਰਮੀ ਵੀ ਹਨ। ਹਮਜ਼ਾ ਗੌਂਸ ਗੁਰੂ ਸਾਹਿਬ ਜੀ ਦੀ ਗਿਆਨ ਖੜਗ ਦਾ ਕਾਇਲ ਹੋ ਗਿਆ।

### 1.8.4 ਚੌਥੀ ਉਦਾਸੀ

ਕੁਝ ਸਮਾਂ ਆਰਾਮ ਕਰਨ ਤੋਂ ਬਾਅਦ ਆਪ ਜੀ ਨੇ ਮੱਧ ਪੂਰਬੀ ਦੇਸ਼ਾਂ ਦੀ ਯਾਤਰਾ ਦੀ ਤਿਆਰੀ ਕੀਤੀ। ਇਸ ਵਾਰ ਆਪ ਜੀ ਨੇ ਮੁਸਲਮਾਨੀ ਅਸਥਾਨਾਂ ਦੀ ਯਾਤਰਾ ਕਰਨ ਦਾ ਫ਼ੈਸਲਾ ਕੀਤਾ। ਮੱਕੇ ਦੀ ਯਾਤਰਾ ਕਰਨ ਵਾਲੇ ਯਾਤਰੀ ਹਾਜੀ ਕਹਾਉਂਦੇ ਹਨ। ਇਸ ਲਈ ਗੁਰੂ ਨਾਨਕ ਸਾਹਿਬ ਜੀ ਨੇ ਹਾਜੀਆਂ ਵਾਂਗ ਹੱਜ ਗੁਜ਼ਾਰਨ ਵਰਗੀ ਤਿਆਰੀ ਕੀਤੀ। ਤਲਵੰਡੀ ਤੋਂ ਚੱਲ ਕੇ ਆਪ ਜੀ ਪਾਕਪਟਨ ਵਿਖੇ ਪਹੁੰਚੇ। ਪਾਕਪਟਨ ਵਿਖੇ ਸੂਫ਼ੀ ਮੱਤ ਦੇ ਚਿਸ਼ਤੀ ਸਿਲਸਿਲੇ ਦੇ ਸ਼ੇਖ ਇਬਰਾਹਿਮ ਨੂੰ ਮਿਲੇ। ਸ੍ਰੀ ਗੁਰੂ ਨਾਨਕ ਸਾਹਿਬ ਜੀ ਸਮੁੰਦਰੀ ਰਸਤੇ ਰਾਹੀਂ ਮੱਕੇ ਪਹੁੰਚੇ। ਮੱਕਾ ਇਕ ਬਹੁਤ ਪ੍ਰਸਿੱਧ ਸ਼ਹਿਰ ਹੈ। ਧਾਰਮਿਕ ਜਗਤ ਵਿਚ ਇਸ ਦਾ ਇਕ ਵਿਸ਼ੇਸ਼ ਸਥਾਨ ਹੈ। ਇਸਲਾਮ ਦੇ ਆਗਮਨ ਤੋਂ ਪਹਿਲਾਂ ਵੀ ਮੱਕਾ ਇਕ ਬਹੁਤ ਵੱਡਾ ਵਪਾਰਕ ਕੇਂਦਰ ਸੀ। ਮੱਕੇ ਪਹੁੰਚ ਕੇ ਆਪ ਕਾਬੇ ਵੱਲ ਨੂੰ ਪੈਰ ਕਰਕੇ ਸੌਂ ਗਏ। ਮੁਸਲਮਾਨ ਦੁਨੀਆਂ ਵਿਚ ਕਿਤੇ ਵੀ ਹੋਵੇ ਉਹ ਹਮੇਸ਼ਾ ਨਮਾਜ਼ ਪੜ੍ਹਦੇ ਸਮੇ ਮੱਕੇ ਕਾਅਬੇ ਨੂੰ ਸਿਜਦਾ ਕਰਦਾ ਹੈ।

ਕਾਅਬੇ ਵੱਲ ਪੈਰ ਪਸਾਰਨੇ ਤਾਂ ਇਕ ਭਾਰੀ ਕੁਫਰ ਸਮਝਿਆ ਜਾਂਦਾ ਸੀ। ਗੁਰੂ ਸਾਹਿਬ ਨੂੰ ਇੰਜ ਸੁੱਤਿਆਂ ਵੇਖ ਕੇ ਹਾਜੀ ਰੌਲਾ ਪਾਉਣ ਲੱਗੇ। ਜੀਵਨ ਨਾਮੇ ਇਕ ਪੰਜਾਬੀ ਹਾਜੀ ਨੇ ਗੁਰੂ ਸਾਹਿਬ ਨੂੰ  ਠੁੱਡਾ ਮਾਰਿਆ ਅਤੇ ਊਲ-ਜਲੂਲ ਬੋਲਿਆ। ਗੁਰੂ ਸਾਹਿਬ ਜੀ ਹੱਸ ਪਏ ਤੇ ਪਿਆਰ ਭਰੀ ਆਵਾਜ਼ ਵਿਚ ਕਿਹਾ ਕਿ ਮਿੱਤਰਾ ਮੈਂ ਪਰਦੇਸੀ ਹਾਂ। ਜਿਧਰ ਰੱਬ ਦਾ ਘਰ ਨਹੀਂ ਹੈ ਲੱਤਾਂ ਉੱਧਰ ਨੂੰ ਕਰ ਦਿਓ। ਜੀਵਨ ਕਾਜੀ ਨੇ ਜਿਉਂ ਹੀ ਗੁਰੂ ਸਾਹਿਬ ਜੀ ਦੀਆਂ ਲੱਤਾਂ ਕਾਅਬੇ ਤੋਂ ਪਰ੍ਹੇ ਨੂੰ ਘੁਮਾਈਆਂ ਤਾਂ ਕੀ ਤੱਕਿਆ ਕਾਅਬਾ ਵੀ ਉਸ ਪਾਸੇ ਮੌਜੂਦ ਹੈ, ਜਿਸ ਪਾਸੇ ਗੁਰੂ ਸਾਹਿਬ ਜੀ ਦੇ ਪੈਰ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਾਜੀਆਂ ਨੂੰ ਪ੍ਰਮਾਤਮਾ ਦੀ ਸਰਬ ਵਿਆਪਕਤਾ ਨੂੰ ਸਪੱਸ਼ਟ ਕਰਦੇ ਹੋਏ ਉਸ ਦੇ ਸਰੂਪ ਨੂੰ ਸਮਝਣ ਦਾ ਉਪਦੇਸ਼ ਦਿੱਤਾ। ਅਗਲੀ ਸਵੇਰ ਸਾਰੇ ਹਾਜੀ ਗੁਰੂ ਸਾਹਿਬ ਦੇ ਆਸੇ ਪਾਸੇ ਆ ਜੁੜੇ ਅਤੇ ਆਪ ਜੀ ਨਾਲ ਚਰਚਾ ਕਰਨ ਲੱਗੇ। ਜਦੋਂ ਹਾਜੀਆਂ ਨੇ ਪੁੱਛਿਆ ਕਿ ਤੁਸੀਂ ਹਿੰਦੂ ਹੋ ਜਾਂ ਮੁਸਲਮਾਨ ਤਾਂ ਆਪ ਨੇ ਉੱਤਰ ਦਿੱਤਾ ਕਿ ਮੈਂ ਅੱਲ੍ਹਾ ਦਾ ਰਚਿਆ ਪੰਜ ਤੱਤਾਂ ਦਾ ਪੁਤਲਾ ਹਾਂ। ‘ਨ ਹਮ ਹਿੰਦੂ ਨ ਮੁਸਲਮਾਨ’ ਕਾਜ਼ੀ ਹਾਜੀਆਂ ਨੇ ਫਿਰ ਪੁੱਛਿਆ ਹਿੰਦੂ ਰੱਬ ਦੀ ਦਰਗਾਹ ਵਿਚ ਪ੍ਰਵਾਨ ਹੋਵੇਗਾ ਜਾਂ ਮੁਸਲਮਾਨ ਤਾਂ ਗੁਰੂ ਸਾਹਿਬ ਨੇ ਉੱਤਰ ਦਿੱਤਾ ਕਿ ਦਰਗਾਹ ਵਿਚ ਤਾਂ ਅਮਲਾਂ ਦਾ ਨਿਬੇੜਾ ਹੋਵੇਗਾ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ

ਬਾਬਾ ਆਖੇ ਹਾਜੀਆ  ਸੁਭਿ ਅਮਲਾ ਬਾਝਹੁ ਦੋਨੋ ਰੋਈ।
ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ।

ਹਾਜੀਆਂ ਨੇ ਗੁਰੂ ਸਾਹਿਬ ਤੋਂ ਨਿਸ਼ਾਨੀ ਮੰਗੀ ਤਾਂ ਆਪ ਜੀ ਨੇ ਆਪਣੀਆਂ ਖੜਾਵਾਂ ਨਿਸ਼ਾਨੀ ਵਜੋਂ ਦਿੱਤੀਆਂ। ਗੁਰੂ ਸਾਹਿਬ ਜੀ ਮੱਕੇ ਤੋਂ ਮਦੀਨੇ ਤੇ ਫਿਰ ਮੁਸਲਮਾਨਾਂ ਦੇ ਗੜ੍ਹ ਬਗਦਾਦ ਵਿਖੇ ਪਹੁੰਚੇ। ਬਗਦਾਦ ਵਿਚ ਆਪ ਜੀ ਦੀ ਮੁਲਾਕਾਤ ਫ਼ਕੀਰ ਸ਼ਾਹ ਬਹਿਲੋਲ ਨਾਲ ਹੋਈ। ਉਸ ਥਾਂ ਗੁਰੂ ਸਾਹਿਬ ਦੀ ਯਾਦ ਵਿਚ ਯਾਦਗਾਰੀ ਥੜ੍ਹਾ ਮੌਜੂਦ ਹੈ। ਥੜੇ ਦੇ ਪਿੱਛੇ ਕੰਧ ਵਿਚ ਉਤੇ ਜੋ ਇਬਾਰਤ ਲਿਖੀ ਗਈ ਹੈ ਉਸ ਅਨੁਸਾਰ ਗੁਰੂ ਸਾਹਿਬ ਜੀ ਉਸ ਥਾਂ ਹਿਜਰੀ 929 ਮੁਤਾਬਕ 1520-21 ਈਸਵੀ ਨੂੰ ਪਹੁੰਚੇ। ਬਗਦਾਦ ਤੋਂ ਆਪ ਤਹਿਰਾਨ, ਕੰਧਾਰ ਤੇ ਫਿਰ ਕਾਬਲ ਪਹੁੰਚੇ। ਕਾਬਲ ਉਸ ਸਮੇਂ ਬਾਬਰ ਦੇ ਰਾਜ ਅਧੀਨ ਸੀ। ਗੁਰੂ ਸਾਹਿਬ ਨੇ ਕਾਬਲ ਵਿਖੇ ਸਿੱਖ ਧਰਮਸ਼ਾਲ ਦੀ ਸਥਾਪਨਾ ਕਰ ਪ੍ਰਚਾਰਕ ਨਿਯੁਕਤ ਕੀਤੇ। ਕਾਬਲ ਤੋਂ ਚੱਲ ਕੇ ਆਪ ਜਲਾਲਾਬਾਦ ਤੇ ਖ਼ੈਬਰ ਪਾਸ਼ ਤੋਂ ਹੁੰਦੇ ਹੋਏ ਹਸਨ ਅਬਦਾਲ ਪਹੁੰਚੇ। ਹਸਨ ਅਬਦਾਲ ਵਿਖੇ ਪਹਾੜੀ ਉੱਪਰ ਵਲੀ ਕੰਧਾਰੀ ਦਾ ਡੇਰਾ ਸੀ। ਹਸਨ ਅਬਦਾਲ ਦੇ ਲੋਕ ਗੁਰੂ ਦਰਸ਼ਨ ਕਰ ਤ੍ਰਿਪਤ ਹੋਣ ਲੱਗੇ। ਵਲੀ ਕੰਧਾਰੀ ਨੇ ਗੁੱਸੇ ਵਿਚ ਆ ਪਾਣੀ ਦਾ ਚਸ਼ਮਾ ਬੰਦ ਕਰ ਦਿੱਤਾ। ਜੋ ਹਸਨ ਅਬਦਾਲ ਦੇ ਲੋਕਾਂ ਦਾ ਮੁੱਖ ਪਾਣੀ ਦਾ ਸਰੋਤ ਸੀ, ਲੋਕਾਂ ਦੀ ਮੰਗ ਦਾ ਉਸ ਉਪਰ ਕੋਈ ਅਸਰ ਨਾ ਹੋਇਆ। ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨੇ ਨੂੰ ਵਲੀ ਕੰਧਾਰੀ ਕੋਲ ਅਰਜ਼ ਕਰਨ ਲਈ ਭੇਜਿਆ ਪਰ ਉਸ ਨੇ ਕੋਈ ਵੀ ਗੱਲ ਮੰਨਣ ਅਤੇ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ।  ਗੁਰੂ ਨਾਨਕ ਸਾਹਿਬ ਨੇ ਦੁਬਾਰਾ ਫਿਰ ਭਾਈ ਮਰਦਾਨੇ ਨੂੰ ਭੇਜਿਆ ਪਰ ਵਲੀ ਕੰਧਾਰੀ ਨਾ ਮੰਨਿਆ। ਅਖੀਰ ਗੁਰੂ ਨਾਨਕ ਸਾਹਿਬ ਨੇ ਸਤਿ ਕਰਤਾਰ ਕਹਿ ਪਹਾੜੀ ਦੇ ਥੱਲਿਓਂ ਪੱਥਰ ਚੁੱਕਿਆ ਤੇ ਚਸ਼ਮਾ ਵਹਿ ਤੁਰਿਆ। ਨਗਰ ਦੀ ਸੰਗਤ ਨੇ ਗੁਰੂ ਸਾਹਿਬ ਜੀ ਦੀ ਜੈ ਜੈ ਕਾਰ ਕੀਤੀ ਅਤੇ ਸਿੱਖੀ ਧਾਰਨ ਕੀਤੀ।

ਵਲੀ ਕੰਧਾਰੀ ਏ ਵੇਖ ਹੋਰ ਗੁੱਸੇ ਵਿਚ ਆਇਆ ਤਾਂ ਉਸ ਨੇ ਵੱਡਾ ਸਾਰਾ ਪੱਥਰ ਗੁਰੂ ਜੀ ਨੂੰ ਮਾਰਨ ਵਾਸਤੇ ਪਹਾੜ ਤੋਂ ਥੱਲੇ ਰੋੜ੍ਹਿਆ। ਗੁਰੂ ਸਾਹਿਬ ਦੀ ਅਡੋਲ ਚਿੱਤ ਰਹੇ ਜਦੋਂ ਪੱਥਰ ਆਪ ਜੀ ਪਾਸ ਪੁੱਜਣ ਲੱਗਾ ਤਾਂ ਆਪ ਜੀ ਨੇ ਸਤਿ ਕਰਤਾਰ ਆਖ ਆਪਣੇ ਪੰਜੇ ਨਾਲ ਉਸ ਪੱਥਰ ਨੂੰ ਰੋਕ ਲਿਆ। ਗੁਰੂ ਸਾਹਿਬ ਜੀ ਦਾ ਪੰਜਾ ਉਸ ਪੱਥਰ ਵਿਚ ਲੱਗ ਗਿਆ ਤੇ ਪੱਥਰ ਉਥੇ ਹੀ ਰੁਕ ਗਿਆ। ਵਲੀ ਕੰਧਾਰੀ ਇਹ ਕੌਤਕ ਵੇਖ ਹੈਰਾਨ ਹੋਇਆ ਅੰਤ ਗੁਰੂ ਸਾਹਿਬ ਜੀ ਦੇ ਚਰਨਾਂ ਤੇ ਢਹਿ ਪਿਆ। ਇਸ ਅਸਥਾਨ ਤੇ ਹੁਣ ਗੁਰਦੁਆਰਾ ਪੰਜਾ ਸਾਹਿਬ ਮੌਜੂਦ ਹੈ ਜੋ ਅਜੋਕੇ ਸਮੇਂ ਪਾਕਿਸਤਾਨ ਵਿਚ ਹੈ। ਇੱਥੋਂ ਆਪ ਜੀ ਸੈਦਪੁਰ ਪਹੁੰਚੇ। ਉਸੇ ਸਮੇਂ ਹੀ ਬਾਬਰ ਨੇ ਸੈਦਪੁਰ ‘ਤੇ ਹਮਲਾ ਕਰ ਦਿੱਤਾ। ਇਹ ਘਟਨਾ 1521-22 ਦੇ ਆਸ ਪਾਸ ਦੀ ਹੈ। ਬਾਬਰ ਨੇ ਜਿਸ ਪ੍ਰਕਾਰ ਸੈਦਪੁਰ ਤੇ ਹਮਲਾ ਕੀਤਾ ਉਹ ਘਟਨਾ ਨੂੰ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਬਿਆਨ ਕੀਤਾ ਹੈ। ਸੈਦਪੁਰ ਤੋਂ ਚੱਲ ਕੇ ਆਪ ਤਲਵੰਡੀ ਪਹੁੰਚੇ ਅਤੇ ਫਿਰ ਤਲਵੰਡੀ ਤੋਂ ਸੁਲਤਾਨਪੁਰ ਤੋਂ ਹੋ ਕੇ ਆਪ ਜੀ ਰਾਵੀ ਕੰਢੇ ਸਥਿਤ ਕਰਤਾਰਪੁਰ ਦੇ ਸਥਾਨ ਤੇ ਪਹੁੰਚ ਗਏ।

### 1.9 <u>ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ</u>

#### 1.9.1 ਰੱਬ ਇਕ ਹੈ

ਗੁਰੂ ਜੀ ਦਾ ਵਿਸ਼ਵਾਸ ਸੀ ਕਿ ਪ੍ਰਮਾਤਮਾ ਇਕ ਹੈ, ਜਪੁਜੀ ਦੇ ਆਰੰਭ ਵਿਚ ਗੁਰੂ ਨਾਨਕ ਸਾਹਿਬ ਨੇ ਪ੍ਰਮਾਤਮਾ ਬਾਰੇ ਇਹ ਵਿਚਾਰ ਪ੍ਰਗਟ ਕੀਤੇ ਹਨ - ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ਜਿਸ ਦੇ ਅਰਥ ਹਨ ਪਰਮਾਤਮਾ ਇਕ ਹੈ, ਉਸ ਦਾ ਨਾਂ ਸੱਚਾ ਹੈ, ਉਹ ਕਰਤਾ ਹੈ, ਉਹ ਭੈ ਤੋਂ ਰਹਿਤ ਹੈ, ਵੈਰ ਤੋਂ ਰਹਿਤ ਹੈ, ਉਹ ਅਮਰ ਹੈ, ਜੂਨ ਵਿਚ ਨਹੀਂ ਆਉਂਦਾ, ਹਰ ਜਗ੍ਹਾ ਮੌਜੂਦ ਹੈ, ਜੂਨਾਂ ਵਿਚ ਨਹੀਂ ਆਉਂਦਾ, ਉਸ ਨੂੰ ਗੁਰੂ ਜੀ ਦੀ ਕਿਰਪਾ ਨਾਲ ਪਾਇਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਦਾਰੱਬ ਹਰ ਜਗ੍ਹਾ ਮੌਜੂਦ, ਰੂਪ ਰਹਿਤ, ਸਰਬ ਕਲਾ ਸਮਰੱਥ ਹੈ। ਭਾਈ ਜੋਧ ਸਿੰਘ ਦੀ ਅਨੁਸਾਰ ‘ਜਦੋਂ ਜੀਵ ਖ਼ਤਮ ਹੁੰਦਾ ਹੈ ਤਾਂ ਵੱਖਰੀ ਹੋਂਦ ਖ਼ਤਮ ਹੋ ਜਾਂਦੀ ਹੈ ਪਰ ਪ੍ਰਮਾਤਮਾ ਫਿਰ ਵੀ ਹੁੰਦਾ ਹੈ’। ਉਸ ਦੀ ਜਾਤ ਅਸਲ ਹੈ, ਉਸ ਦਾ ਅਮਲ ਸੁਤੰਤਰ ਹੈ, ਉਹ ਸਭ ਕੁਝ ਜਾਣਦਾ ਹੈ, ਉਹ ਪਾਕ ਤੇ ਪਵਿੱਤਰ ਹੈ। ਉਹ ਆਪ ਹੀ ਆਪਣਾ ਕਰਦਾ ਹੈ ਤੇ ਜੂਨ ਵਿਚ ਨਹੀਂ ਆਉਂਦਾ ਇਹ ਇਕੱਲਾ ਹੀ ਦਾਤਾ ਹੈ। ਫਿਰ ਵੀ ਉਸ ਦੇ ਅਨੇਕ ਗੁਣ ਹਨ।

#### 1.9.2 ਨਾਮ ਦੀ ਮਹੱਤਤਾ

ਗੁਰੂ ਨਾਨਕ ਦੇਵ ਜੀ ਨੇ ਕੁੱਲ ਲੁਕਾਈ ਨੂੰ ਸੱਚੇ ਨਾਮ ਦਾ ਉਪਦੇਸ਼ ਦਿੱਤਾ। ਦੱਬੇ ਕੁਚਲੇ ਤੇ ਛੋਟੀਆਂ ਜਾਤਾਂ ਦੇ ਲੋਕਾਂ ਨੂੰ ਇਹ ਵਿਚਾਰ ਬਹੁਤ ਪਸੰਦ ਆਇਆ ਤੇ ਲੋਕ ਇਸ ਨੂੰ ਅਪਨਾਉਣ ਲੱਗੇ। ਉਨ੍ਹਾਂ ਨੇ ਦੱਸਿਆ ਕਿ ਸੱਚਾ ਨਾਮ ਸਭ ਬੁਰਾਈਆਂ ਤੇ ਦੁੱਖਾਂ ਦਾ ਇਲਾਜ ਹੈ। ਗੁਰੂ ਨਾਨਕ ਦੇਵ ਜੀ ਅਕਸਰ ਕਿਹਾ ਕਰਦੇ ਸਨ ਕਿ ਮੇਰੇ ਕੋਲ ਸੱਚਾ ਨਾਮ ਅਤੇ ਆਤਮ ਸਮਰਪਣ ਤੋਂ ਬਿਨਾਂ ਕੋਈ ਚਮਤਕਾਰ ਨਹੀਂ ਹੈ।

#### 1.9.3 ਮਾਨਵਤਾ ਦਾ ਪਿਆਰ

ਗੁਰੂ ਨਾਨਕ ਦੇਵ ਜੀ ਨੇ ਜਾਤ ਰੰਗ ਨਸਲ ਧਰਮ ਅਤੇ ਭੂਗੋਲਿਕ ਭਿੰਨਤਾਵਾਂ ਤੋਂ ਉੱਪਰ ਉੱਠ ਕੇ ਸਭ ਨੂੰ ਪਿਆਰ ਕੀਤਾ ਅਤੇ ਵਿਸ਼ਵ ਭਾਈਚਾਰੇ ਦੇ ਸਿਧਾਂਤ ਦਾ ਉਪਦੇਸ਼ ਦਿੱਤਾ। ਗੁਰੂ ਨਾਨਕ ਨੇ ਕਿਹਾ ਹੈ ਪਿਤਾ ਇੱਕੋ ਹੈ ਅਤੇ ਅਸੀਂ ਸਭ ਉਸ ਦੇ ਬੱਚੇ ਹਾਂ। ਉਨ੍ਹਾਂ ਨੇ ਮਨੁੱਖ ਨੂੰ ਬਹੁਤ ਮਹੱਤਤਾ ਦਿੱਤੀ ਹੈ। ਉਨ੍ਹਾਂ ਨੇ ਮਨੁੱਖੀ ਜੀਵਨ ਦੀ ਪਵਿੱਤਰਤਾ ਨੂੰ ਬਹੁਤ ਹੀ ਉੱਚਾ ਦਰਜਾ ਦਿੱਤਾ ਹੈ। ਆਪ ਜੀ ਨੇ ਹਿੰਦੂ ਤੀਰਥ ਅਤੇ ਮੁਸਲਮ ਤੀਰਥਾਂ ਦੀ ਯਾਤਰਾ ਕੀਤੀ ਅਤੇ ਹਰ ਥਾਂ ਪਰਮਾਤਮਾ ਦਾ ਉੱਚਤਮ ਸੰਦੇਸ਼ ਦਿੱਤਾ। ਉਨ੍ਹਾਂ ਰੰਗ ਅਤੇ ਨਸਲ ਦੇ ਭੇਦਭਾਵ ਤੋਂ ਬਿਨਾਂ ਸਭ ਦੀਆਂ ਬੁਰਾਈਆਂ ਨੂੰ ਭੰਡਿਆ।

### 1.9.4 ਸੰਨਿਆਸ ਦਾ ਵਿਰੋਧ

ਗੁਰੂ ਨਾਨਕ ਨੇ ਸੰਨਿਆਸ ਦਾ ਪੂਰਾ ਵਿਰੋਧ ਕੀਤਾ ਉਨ੍ਹਾਂ ਨੇ ਸੰਸਾਰ ਦੇ ਤਿਆਗ ਦਾ ਵਿਰੋਧ ਕੀਤਾ ਤੇ ਆਪਣੇ ਸਿੱਖਾਂ ਨੂੰ ਦੁਨੀਆਂ ਵਿਚ ਰਹਿਣ ਦੀ ਸਿੱਖਿਆ ਦਿੱਤੀ। ਉਨ੍ਹਾਂ ਨੇ ਧਰਮ ਦੇ ਬਾਹਰੀ ਚਿੰਨ੍ਹਾਂ ਦਾ ਖੰਡਨ ਕੀਤਾ ਜਿਨ੍ਹਾਂ ਨੂੰ ਲੋਕ ਜ਼ਰੂਰੀ ਧਾਰਮਿਕ ਕਾਰਜ ਸਮਝ ਕੇ ਕਰਦੇ ਸਨ। ਧੁਨੀਆਂ ਤਪਾਉਣਾ, ਵਰਤ ਰੱਖਣੇ, ਸਰੀਰ ਨੂੰ ਕਸ਼ਟ ਦੇ ਕੇ ਤਪੱਸਿਆ ਕਰਨੀ ਜਾਂ ਤੀਰਥਾਂ ਤੇ ਘੁੰਮਣਾ ਕੋਈ ਨੇਕ ਕੰਮ ਨਹੀਂ ਸਗੋਂ ਸਿਰਫ਼ ਸਰੀਰਕ ਕਿਰਿਆਵਾਂ ਜਾਂ ਅਭਿਆਸ ਹਨ। ਇਨ੍ਹਾਂ ਦਾ ਆਤਮਾ ਨਾਲ ਕੋਈ ਸੰਬੰਧ ਨਹੀਂ ਹੈ। ਗੁਰੂ ਨਾਨਕ ਦਾ ਸੰਦੇਸ਼ ਸੀ ਕਿ ‘ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ’ ਅਰਥਾਤ ਸੰਸਾਰ ਦੀਆਂ ਅਪਵਿੱਤਰਤਾ ਵਿਚ ਹੀ ਪਵਿੱਤਰ ਜੀਵਨ ਬਤੀਤ ਕਰੋ।

### 1.9.5 ਜਾਤ ਪਾਤ ਦਾ ਵਿਰੋਧ

ਜਾਤਿ ਪ੍ਰਥਾ ਬਹੁਤ ਪੁਰਾਣੇ ਸਮਿਆਂ ਤੋਂ ਹਿੰਦੂ ਸਮਾਜ ਦੀ ਰੀੜ੍ਹ ਦੀ ਹੱਡੀ ਰਹੀ ਹੈ। ਗੁਰੂ ਜੀ ਦੇ ਸਮੇਂ ਭਾਰਤੀ ਸਮਾਜ ਅਣਗਿਣਤ ਜਾਤਾਂ ਤੇ ਉਪ ਜਾਤਾਂ ਵਿਚ ਵੰਡਿਆ ਹੋਇਆ ਸੀ। ਮਨੁੱਖ ਦੀ ਜਾਤ ਉਸ ਦੇ ਕੰਮ ਤੋਂ ਨਹੀਂ ਸਗੋਂ ਜਨਮ ਤੋਂ ਜਾਣੀ ਜਾਂਦੀ ਸੀ। ਸੰਪਰਦਾਇਕ ਵਿਚਾਰ ਕੌਮੀ ਭਾਵਨਾ ਤੋਂ ਉੱਪਰ ਸਨ। ਕੌਮੀ ਏਕਤਾ ਤਾਂ ਇਕ ਸੁਪਨਾ ਮਾਤਰ ਸੀ ਪ੍ਰੰਤੂ ਗੁਰੂ ਨਾਨਕ ਦਾ ਜਾਤ ਰਹਿਤ ਸਮਾਜ ਵਿਚ ਵਿਸ਼ਵਾਸ ਸੀ। ਉਹ ਸਮਾਨਤਾ ਦੇ ਝੰਡਾ ਬਰਦਾਰ ਸਨ ਉਹ ਚਾਹੁੰਦੇ ਸਨ ਕਿ ਮਨੁੱਖ ਦਾ ਮਨੁੱਖ ਦੁਆਰਾ ਸ਼ੋਸ਼ਣ ਖ਼ਤਮ ਹੋਵੇ। ਗੁਰੂ ਨਾਨਕ ਨੇ ਸਿਰਫ਼ ਜਾਤਿ ਅਭਿਮਾਨੀਆਂ ਨੂੰ ਹੀ ਨਹੀਂ ਵੰਡਿਆ ਸਗੋਂ ਸੰਪਰਦਾਇਕ ਭਾਵਨਾ ਨੂੰ ਵੀ ਨਿੰਦਿਆ ਕਿਉਂਕਿ ਇਹ ਪਿਆਰ ਦੇ ਬੁਨਿਆਦੀ ਸੱਚਾਈ ਦੇ ਵਿਰੁੱਧ ਸੀ।

### 1.9.6 ਰਾਜਸੀ ਤਾਕਤਾਂ ਨੂੰ ਵੰਗਾਰ

ਗੁਰੂ ਨਾਨਕ ਦੇਵ ਜੀ ਦੇ ਸਮੇਂ ਸ਼ਾਸਕ ਵਰਗ ਨੇ ਰਾਜਨੀਤਕ ਤੇ ਸਮਾਜਿਕ ਵਾਤਾਵਰਣ ਬਿਲਕੁਲ ਗੰਧਲਾ ਕਰ ਰੱਖਿਆ ਸੀ। ਹਿੰਦੂਆਂ ਤੇ ਜ਼ੁਲਮ ਕੀਤੇ ਜਾਂਦੇ ਸਨ ਤੇ ਵਿਦੇਸ਼ੀ ਰਾਜਿਆਂ ਦੇ ਹੱਥਾਂ ਵਿਚ ਹਿੰਦੂ ਸੱਭਿਅਤਾ ਕੁਚਲੀ ਜਾ ਰਹੀ ਸੀ। ਨਿਰਦੋਸ਼ ਲੋਕ ਜ਼ੁਲਮ ਦਾ ਸ਼ਿਕਾਰ ਹੋ ਰਹੇ ਸਨ ਉੱਪਰਲੇ ਤਬਕੇ ਦੇ ਲੋਕ ਹੇਠਲੇ ਤਬਕੇ ਦੇ ਲੋਕਾਂ ਨੂੰ ਘਿਰਣਾ ਕਰਦੇ ਸਨ ਲੋਧੀਆਂ ਤੇ ਬਾਬਰ ਨੇ ਲੋਕਾਂ ‘ਤੇ ਜ਼ੁਲਮ ਕੀਤੇ। ਗੁਰੂ ਨਾਨਕ ਨੇ ਸ਼ਾਸਕਾਂ ਦੇ ਜ਼ੁਲਮਾਂ ਦਾ ਨਿਡਰ

ਹੋ ਕੇ ਪਰਦਾਫਾਸ਼ ਕੀਤਾ ਅਤੇ ਸਖ਼ਤ ਸ਼ਬਦਾਂ ਵਿਚ ਇਸ ਦੇ ਵਿਰੁੱਧ ਆਵਾਜ਼ ਉਠਾਈ। ਸਦੀਆਂ ਦੀ ਗੁਲਾਮੀ ਵਿਚ ਗੁਰੂ ਨਾਨਕ ਪਹਿਲੇ ਮਹਾਂਪੁਰਸ਼ ਸਨ ਜਿਨ੍ਹਾਂ ਨੇ ਜ਼ੁਲਮ ਤੇ ਜਬਰ ਦੇ ਵਿਰੁੱਧ ਆਵਾਜ਼ ਉਠਾਈ।

**1.9.7 ਇਸਤਰੀ ਦੀ ਸਤਕਾਰ**

ਗੁਰੂ ਨਾਨਕ ਦੇਵ ਦੇ ਸਮੇਂ ਔਰਤਾਂ ਦਾ ਦਰਜਾ ਬਹੁਤ ਹੀ ਤਰਸਯੋਗ ਸੀ। ਉਸ ਨੂੰ ਚਾਰਦੀਵਾਰੀ ਦੇ ਪਰਦੇ ਦੇ ਅੰਦਰ ਰਹਿਣ ਲਈ ਮਜਬੂਰ ਕੀਤਾ ਜਾਂਦਾ ਸੀ। ਬਾਲ ਵਿਆਹ ਤੇ ਸਤੀ ਹੋਣਾ ਆਮ ਸੀ। ਉਸ ਨੂੰ ਚੰਗੀ ਵਿੱਦਿਆ ਹਾਸਲ ਕਰਨ ਦੀ ਆਗਿਆ ਨਹੀਂ ਸੀ। ਇੱਥੋਂ ਤੱਕ ਕਿ ਇਸਤਰੀ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ ਪਰ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਬਰਾਬਰ ਦਾ ਦਰਜਾ ਦਿੱਤਾ। ਪਰਦੇ ਦੀ ਨਿਖੇਧੀ ਕੀਤੀ ਤੇ ਉਸ ਨੂੰ ਮਨੁੱਖ ਨਾਲ ਸਭ ਰਸਮਾਂ ਕਰਨ ਦਾ ਅਧਿਕਾਰ ਦਿੱਤਾ। ਸਤਿਸੰਗ ਸਮੇਂ ਔਰਤਾਂ ਸਮੂਹ ਰੀਤਾਂ ਵਿਚ ਸ਼ਾਮਲ ਹੋ ਸਕਦੀਆਂ ਸਨ। ਲੰਗਰ ਵਿਚ ਭੋਜਨ ਪਕਾਉਣ ਅਤੇ ਸੰਗਤ ਨੂੰ ਵਰਤਾਉਣ ਦੀ ਸੇਵਾ ਕਰਦੀਆਂ ਸਨ। ਗੁਰੂ ਨਾਨਕ ਨੇ ਕਿਹਾ ਉਨ੍ਹਾਂ ਇਸਤਰੀਆਂ ਨੂੰ ਮਾੜਾ ਕਿਉਂ ਕਿਹਾ ਜਾਵੇ ਜੋ ਮਨੁੱਖ ਨੂੰ ਜਨਮ ਦਿੰਦੀਆਂ ਹਨ। ਇਸਤਰੀਆਂ ਅਤੇ ਪੁਰਖ ਭਗਵਾਨ ਦੀ ਕ੍ਰਿਪਾ ਅਤੇ ਆਪਣੇ ਅਮਲ ਲਈ ਭਗਵਾਨ ਸਾਹਮਣੇ ਇੱਕੋ ਜਿਹੇ ਜ਼ਿੰਮੇਵਾਰ ਹਨ। ਗੁਰੂ ਨਾਨਕ ਨੇ ਕਿਹਾ ਕਿ ਔਰਤ ਹੀ ਇਕ ਸਮਾਜ ਦੀ ਸਿਰਜਣਾ ਕਰਦੀ ਹੈ। ਔਰਤ ਇਕ ਵੰਸ਼ ਨੂੰ ਚਲਾਉਂਦੀ ਹੈ ਸੋ ਅਸੀਂ ਉਸ ਔਰਤ ਨੂੰ ਕਿਓਂ ਭੰਡੀਏ ਜੋ ਰਾਜਿਆਂ ਮਹਾਰਾਜਿਆਂ ਮਹਾਂਪੁਰਖਾਂ ਨੂੰ ਜਨਮ ਦਿੰਦੀ ਹੈ।

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥ ਅੰਗ੪੭੩

**1.9.8 ਪੁਰੋਹਿਤ ਵਰਗ ਦਾਖੰਡਨ**

ਗੁਰੂ ਨਾਨਕ ਦੇਵ ਜੀ ਨੇ ਪੰਡਿਤ ਅਤੇ ਮੁੱਲਾਂ ਆਦਿ ਪੁਰੋਹਿਤ ਵਰਗ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ। ਉਹ ਵੇਦ ਸ਼ਾਸਤਰ ਅਤੇ ਪੁਰਾਨ ਤਾਂ ਪੜ੍ਹਦੇ ਸਨ ਪਰ ਉਨ੍ਹਾਂ ਦਾ ਅੰਦਰੂਨੀ ਸਾਫ਼ ਨਹੀਂ ਸੀ। ਉਹ ਲੋਕਾਂ ਨਾਲ ਧੋਖਾ ਕਰਦੇ ਸਨ ਅਤੇ ਉਨ੍ਹਾਂ ਨੂੰ ਫ਼ਜ਼ੂਲ ਦੀਆਂ ਰਸਮਾਂ ਰਿਵਾਜਾਂ ਵਿਚ ਫਸਾ ਕੇ ਲੁੱਟਦੇ ਸਨ। ਇਸ ਕਾਰਨ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਉਨ੍ਹਾਂ ਪਿੱਛੇ ਨਾ ਲੱਗਣ ਦੀ ਸਲਾਹ ਦਿੱਤੀ। ਗੁਰੂ ਨਾਨਕ ਦੇਵ ਜੀ ਦਾ ਕਹਿਣਾ ਸੀ ਕਿ ਪੁਰੋਹਿਤ ਵਰਗ ਜੋ ਕਿ ਲੋਕਾਂ ਦੀ ਠੀਕ ਅਗਵਾਈ ਕਰਨ ਦੀ ਬਜਾਏ ਆਪ ਕੁਰਾਹੇ ਪਿਆ ਹੋਇਆ ਹੈ, ਨੂੰ ਉਸ ਪਰਮਾਤਮਾ ਦੀ ਦਰਗਾਹ ਵਿਚ ਸਖ਼ਤ ਸਜ਼ਾ ਮਿਲੇਗੀ ਅਤੇ ਉਹ ਆਵਾਗਵਨ ਦੇ ਚੱਕਰ ਵਿਚ ਫਸੇ ਰਹਿਣਗੇ।

**1.9.9 ਮੂਰਤੀ ਪੂਜਾ ਦਾ ਖੰਡਨ**

ਗੁਰੂ ਨਾਨਕ ਦੇਵ ਜੀ ਨੇ ਮੂਰਤੀ ਪੂਜਾ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ। ਗੁਰੂ ਸਾਹਿਬ ਦਾ ਕਹਿਣਾ ਸੀ ਕਿ ਪੱਥਰ ਦੀਆਂ ਮੂਰਤੀਆਂ ਬੇਜਾਨ ਹਨ, ਜੇਕਰ ਉਨ੍ਹਾਂ ਨੂੰ ਪਾਣੀ ਵਿਚ ਸੁੱਟ ਦਿੱਤਾ ਜਾਵੇ ਤਾਂ ਉਹ ਡੁੱਬ ਜਾਣਗੀਆਂ। ਜਿਹੜੀਆਂ ਮੂਰਤੀਆਂ ਆਪਣੀ ਰੱਖਿਆ ਨਹੀਂ ਕਰ ਸਕਦੀਆਂ ਮਨੁੱਖ ਨੂੰ ਕਿਹਾ ਭਵਸਾਗਰ ਤੋਂ ਪਾਰ ਉਤਾਰ ਸਕਦੀਆਂ ਇਸ ਲਈ ਮੂਰਤੀਆਂ ਦੀ ਪੂਜਾ ਕਰਨਾ ਫਜ਼ੂਲ ਹੈ ਸਾਨੂੰ ਸਿਰਫ਼ ਇਕ ਪ੍ਰਮਾਤਮਾ ਦੀ ਪੂਜਾ ਕਰਨੀ ਚਾਹੀਦੀ ਹੈ ।

**1.9.10 ਹੁਕਮ**

ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਵਿਚ ਪਰਮਾਤਮਾ ਦੇ ਹੁਕਮ ਜਾਂ ਬਾਣੀ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਹੈ। ਹੁਕਮ ਕਾਰਨ ਹੀ ਮਨੁੱਖ ਨੂੰ ਸੁਖ ਦੁਖ ਪ੍ਰਾਪਤ ਹੁੰਦੇ ਹਨ ਗੁਰਬਾਣੀ ਵਿਚ ਅਨੇਕ ਸਥਾਨਾਂ ਤੇ ਵਾਹਿਗੁਰੂ ਦੇ ਹੁਕਮ ਨੂੰ ਮਿੱਠਾ ਕਰਕੇ ਮੰਨਣ ਦੀ ਤਾਕੀਦ ਕੀਤੀ ਗਈ ਹੈ। ਮਨੁੱਖ ਨੂੰ ਪਰਮਾਤਮਾ ਦਾ ਹੁਕਮ ਮੰਨਣਾ ਚਾਹੀਦਾ ਹੈ ਜੋ ਮਨੁੱਖ ਅਜਿਹਾ ਕਰਦਾ ਹੈ ਉਸ ਤੇ ਪਰਮਾਤਮਾ ਆਪਣੇ ਮਿਹਰ ਕਰਦਾ ਹੈ ਅਤੇ ਉਸ ਨੂੰ ਮੁਕਤੀ ਪ੍ਰਾਪਤ ਹੁੰਦੀ ਹੈ। ਜੋ ਮੈਂ ਪਰਮਾਤਮਾ ਦੇ ਭਾਣੇ ਨੂੰ ਨਹੀਂ ਮੰਨਦਾ ਉਹ ਦਰ ਦਰ ਦੀਆਂ ਠੋਕਰਾਂ ਖਾਂਦਾ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ।

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮਨ ਕੋਇ ॥

**1.10 ਮਹੱਤਵ**

ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਪਾਪਾਂ ਵਿਚ ਗ੍ਰਸੀ ਪ੍ਰਿਥਮੀ ਨੂੰ ਸੱਚ ਦੀ ਆਸ ਜਾਗੀ। ਗੁਰੂ ਨਾਨਕ ਦੇਵ ਜੀ ਦੁਆਰਾ ਕੁਲ ਦੁਨੀਆਂ ਦੇ ਭਲੇ ਹਿਤ ਚਾਰ ਉਦਾਸੀਆਂ ਕੀਤੀਆਂ ਇਨ੍ਹਾਂ ਉਦਾਸੀਆਂ ਦਾ ਕਾਰਣ ਹੀ ਇਹੋ ਸੀ ਕਿ ਵਹਿਮਾਂ ਭਰਮਾਂ ਵਿਚ ਭਟਕ ਰਹੀ ਲੁਕਾਈ ਨੂੰ ਸੱਚ ਦਾ ਹੋਕਾ ਦੇ ਕੇ ਇਕ ਅਕਾਲ ਪੁਰਖ ਨਾਲ ਜੋੜਣਾ। ਉਨ੍ਹਾਂ ਦੀਆਂ ਸਿਖਿਆਵਾਂ ਨੇ ਉਚ-ਨੀਚ, ਜਾਤਿ-ਪਾਤਿ, ਵਹਿਮ-ਭਰਮ ਦੇ ਨਾਲ-ਨਾਲ ਧਾਰਮਿਕ ਅਡੰਬਰਾਂ ਦਾ ਦਾ ਪਰਦਾਫਾਸ਼ ਵੀ ਕੀਤਾ।

1.11 ਸ੍ਰੀ ਗੁਰੂ ਅੰਗਦ ਦੇਵ ਜੀ

ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੇ ਸਿੱਖ ਧਰਮ ਦੇ ਅਧਿਆਤਮ ਮਾਰਗ ਦੇ ਗੁਰੂ ਅੰਗਦ ਦੇਵ ਜੀ ਦੂਸਰੇ ਅਧਿਆਤਮਕ ਆਗੂ ਹੋਏ ਹਨ ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣਾ ਅੰਗ ਆਖ ਕੇ ਗੁਰਤਾਗੱਦੀ ’ਤੇ ਸੁਭਾਇਮਾਨ ਕੀਤਾ। ਗੁਰੂ ਅੰਗਦ ਦੇਵ ਜੀ ਅਜਿਹੀ ਪ੍ਰਤਿਭਾਸ਼ਾਲੀ ਸਖ਼ਸ਼ੀਅਤ ਹੋਏ ਹਨ ਜਿਨ੍ਹਾਂ ਨੇ ਨਾ ਸਿਰਫ ਗੁਰੂ ਦੇ ਰੂਪ ਵਿਚ ਸਿੱਖ ਪੰਥ ਦੀ ਅਗਵਾਈ ਕੀਤੀ ਸਗੋਂ ਉਨ੍ਹਾਂ ਦਾ ਜੀਵਨ ‘ਹੁਕਮ ਮੰਨਣ ਵਾਲੇ ਸਿੱਖ’ ਦੇ ਰੂਪ ਵਿਚ ਇਕ ਆਦਰਸ਼ ਦਾ ਕਾਰਜ ਵੀ ਕਰਦਾ ਹੈ। ਗੁਰੂ ਬਣਨ ਤੋਂ ਪਹਿਲਾਂ ਉਨ੍ਹਾਂ ਨੇ ਇਕ ਆਦਰਸ਼ਕ ਸਿੱਖ ਦੇ ਰੂਪ ਵਿਚ ਗੁਰੂ ਨਾਨਕ ਸਾਹਿਬ ਦੇ ਹਰ ਹੁਕਮ ਨੂੰ ਰੱਬੀ ਹੁਕਮ ਵਜੋਂ ਪ੍ਰਵਾਨ ਕੀਤਾ ਅਤੇ ਗੁਰੂ ਬਣਨ ਤੋਂ ਬਾਅਦ ਸਿੱਖ ਧਰਮ ਦੀ ਸੁਚੱਜੇ ਢੰਗ ਨਾਲ ਅਗਵਾਈ ਕੀਤੀ। ਭਾਈ ਗੁਰਦਾਸ ਜੀ ਅਨੁਸਾਰ ਗੁਰੂ ਅੰਗਦ ਦੇਵ ਜੀ ਪਰਮਾਤਮਾ ਦਾ ਰੂਪ, ਗਹਿਰ-ਗੰਭੀਰ ਗੁਣਾਂ ਦੇ ਮਾਲਕ ਅਤੇ ਗੁਰੂ ਨਾਨਕ ਦੇਵ ਜੀ ਦੀ ਅਧਿਆਤਮਕ ਜੋਤਿ ਤੋਂ ਉਤਪੰਨ ਹੋਣ ਵਾਲੇ ‘ਅੰਗਹੁ ਅੰਗੁ ਉਪਾਇਓਨ’ ਦਾ ਸਾਕਾਰ ਰੂਪ ਸਨ। ਭਾਈ ਸੱਤਾ ਬਲਵੰਡ ਨੇ ਗੁਰੂ ਅੰਗਦ ਦੇਵ ਜੀ ਨੂੰ ਨੌਂ ਨਿਧੀਆਂ ਦੇ ਖ਼ਜ਼ਾਨੇ ਅਤੇ ਸੀਤਲ ਸਮੁੰਦਰ ਦੇ ਰੂਪ ਵਿਚ ਦਰਜ ਕੀਤਾ ਹੈ ਜਿੰਨ੍ਹਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ।

1.12 ਸ੍ਰੀ ਗੁਰੂ ਅਮਰਦਾਸ ਜੀ

ਗੁਰੂ ਅਮਰਦਾਸ ਜੀ ਸਿੱਖ ਧਰਮ ਦੀ ਗੁਰੂ ਸੰਸਥਾ ਦੇ ਤੀਸਰੇ ਰਹਿਨੁਮਾ ਹੋਏ ਹਨ ਜਿਨ੍ਹਾਂ ਨੇ ਪੂਰਬਲੇ ਗੁਰੂ ਸਾਹਿਬਾਨ ਦੀ ਤਰ੍ਹਾਂ ਸਿੱਖੀ ਨੂੰ ਵਿਹਾਰਕ ਰੂਪ ਵਿਚ ਜੀਅ ਕੇ ਦੱਸਿਆ ਅਤੇ ਸਿੱਖ ਧਰਮ ਦੀ ਸੁਚੱਜੇ ਢੰਗ ਨਾਲ

ਰਹਿਨੁਮਾਈ ਕੀਤੀ। ਗੁਰੂ ਅਮਰਦਾਸ ਜੀ ਦਾ ਸਮੁੱਚਾ ਜੀਵਨ ਸੇਵਾ ਅਤੇ ਨਿਮਰਤਾ ਦੀ ਲਾਸਾਨੀ ਮਿਸਾਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਉਨ੍ਹਾਂ ਦੀ ਬਾਣੀ ਪੜ੍ਹ ਕੇ ਅਸੀਂ ਸਹਿਜੇ ਹੀ ਉਨ੍ਹਾਂ ਦੀ ਉੱਚ ਸ਼ਖ਼ਸੀਅਤ ਅਤੇ ਅਧਿਆਤਮਕ ਅਵਸਥਾ ਦਾ ਅੰਦਾਜਾ ਲਗਾ ਸਕਦੇ ਹਾਂ। ਆਪਣੀ ਬਾਣੀ ਦੁਆਰਾ ਉਨ੍ਹਾਂ ਨੇ ਸਿੱਖ ਸਿਧਾਂਤਾਂ ਨੂੰ ਹਮੇਸ਼ਾ ਲਈ ਸੁਰੱਖਿਅਤ ਕਰ ਕੇ ਸਿੱਖ ਧਰਮ ਨੂੰ ਇਕ ਵੱਡਮੁੱਲੀ ਦੇਣ ਪ੍ਰਦਾਨ ਕੀਤੀ। ਗੁਰੂ ਅਮਰਦਾਸ ਜੀ ਰੂਹਾਨੀਅਤ ਨਾਲ ਭਰਪੂਰ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਰਾਮਕਲੀ ਕੀ ਵਾਰ ਵਿਚ ਭਾਈ ਸਤਾ ਅਤੇ ਭਾਈ ਬਲਵੰਡ ਨੇ ਉਨ੍ਹਾਂ ਦੀ ਤੁਲਨਾ ਇਕ ਅਡੋਲ ਪਹਾੜ (ਪਰਬਤ ਮੇਰਾਣੁ) ਅਤੇ ਸੂਰਬੀਰ ਨਾਲ ਕੀਤੀ ਹੈ ਜੋ ਅਧਿਆਤਮਕ ਗੁਣਾਂ ਦੇ ਹਥਿਆਰਾਂ ਨਾਲ ਸ਼ਸਤ੍ਰਬੱਧ ਹਨ। ਭੱਟ ਭਿਖਾ ਨੇ ਉਨ੍ਹਾਂ ਨੂੰ ਇਕ ਪੂਰਨ ਸੰਤ ਦਾ ਦਰਜਾ ਦਿੱਤਾ ਹੈ, ਜਿਨ੍ਹਾਂ ਦੀ ਪ੍ਰਾਪਤੀ ਭਿਖਾ ਨੂੰ ਇਕ ਸਾਲ ਕਈ ਸੰਨਿਆਸੀਆਂ, ਸਾਧਾਂ ਤੇ ਤਪੱਸਵੀਆਂ ਕੋਲ ਭਟਕਣ ਤੋਂ ਬਾਅਦ ਹੋਈ।

1.13 ਸ੍ਰੀ ਗੁਰੂ ਰਾਮਦਾਸ ਜੀ

ਸਿੱਖ ਧਰਮ ਦੇ ਚੌਥੇ ਗੁਰੂ, ਸ੍ਰੀ ਗੁਰੂ ਰਾਮਦਾਸ ਜੀ ਅਜਿਹੀ ਰੂਹਾਨੀ ਸਖਸ਼ੀਅਤ ਹੋਏ ਹਨ ਜਿਨ੍ਹਾਂ ਨੇ ਆਪਣੀ ਅਦੁੱਤੀ ਭਗਤੀ, ਧਰਮ ਸਾਧਨਾ, ਸਮਰਪਿਤ ਸੇਵਾ ਭਾਵ ਆਦਿ ਦੈਵੀ ਗੁਣਾਂ ਨਾਲ ਗੁਰੂ ਪਦ ਪ੍ਰਾਪਤ ਕੀਤਾ। ਗੁਰੂ ਰਾਮਦਾਸ ਜੀ ਨੂੰ ਸਿੱਖ ਧਰਮ ਵਿਚ 'ਸੋਢੀ ਸੁਲਤਾਨ' ਕਹਿ ਕੇ ਸਤਿਕਾਰ ਦਿਤਾ ਜਾਂਦਾ ਹੈ ਜੋ ਅਕਾਲ ਪੁਰਖ ਦੀ 'ਪੂਰੀ ਹੋਈ ਕਰਾਮਾਤ' ਵਾਲੀ ਦੈਵੀ ਰੂਹ ਸਨ ਅਤੇ 'ਆਪ ਸਿਰਜਨਹਾਰੈ ਧਾਰਿਆ` ਦਾ ਪ੍ਰਤੱਖ ਰੂਪ। ਭਾਈ ਗੁਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ 'ਪਰਮ ਹੰਸ' ਅਤੇ ਸਹਜ ਜੋਗ ਨੂੰ ਮਾਣਨ ਵਾਲੇ 'ਬ੍ਰਹਮ ਗਿਆਨੀ' ਦੇ ਰੂਪ ਵਿਚ ਚਿਤ੍ਰਿਤ ਕੀਤਾ ਹੈ। ਭਾਈ ਸਤਾ ਅਤੇ ਬਲਵੰਡ ਜੀ ਨੇ ਗੁਰੂ ਰਾਮਦਾਸ ਜੀ ਨੂੰ ਅਜਿਹਾ ਸੂਰਮਾ ਕਿਹਾ ਹੈ ਜਿਨ੍ਹਾਂ ਨੇ ਪੰਜ ਵਿਕਾਰਾਂ ਨੂੰ ਪਰਿਵਾਰ ਸਮੇਤ ਜਿੱਤ ਲਿਆ ਹੈ। ਇਸੇ ਪ੍ਰਕਾਰ ਭੱਟ ਕਲਸਹਾਰ ਜੀ ਨੇ ਆਪਣੇ ਸਵੱਈਆਂ ਵਿਚ ਗੁਰੂ ਸਾਹਿਬ ਜੀ ਦੇ ਅਧਿਆਤਮਿਕ ਗੁਣਾਂ ਸੰਜਮ, ਸਭ, ਸੰਤੋਖ, ਸੀਲ ਸਹਿਜ ਆਦਿ ਦੀ ਪ੍ਰਸੰਸਾ ਕੀਤੀ ਹੈ ਅਤੇ ਨਲ ਭੱਟ ਜੀ ਨੇ ਉਨ੍ਹਾਂ ਨੂੰ ਪਰਮੇਸਰ ਦੇ ਬਰਾਬਰ ਕਹਿ ਕੇ ਸਤਿਕਾਰ ਪ੍ਰਦਾਨ ਕੀਤਾ ਹੈ।

1.14 ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੀ ਪੰਜਵੀਂ 'ਨਾਨਕ ਜੋਤ' ਹਨ। ਆਪ ਜੀ ਦਾ ਪ੍ਰਕਾਸ਼ 1563 ਈ. ਨੂੰ ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਨੀ ਜੀ ਦੀ ਕੁਖੋਂ ਬਿਆਸ ਦਰਿਆ ਦੇ ਐਨ ਕੰਢੇ ਤੇ ਵਸੇ ਮਹਾਨ ਨਗਰ ਗੋਇੰਦਵਾਲ ਸਾਹਿਬ ਦੇ ਸਥਾਨ `ਤੇ ਹੋਇਆ । ਆਪ ਜੀ ਦਾ ਬਚਪਨ ਬਿਆਸ ਦਰਿਆ ਦੇ ਕੰਢੇ `ਤੇ ਖੇਡਦਿਆਂ ਬਤੀਤ ਹੋਇਆ। ਬਾਬਾ ਬੁੱਢਾ ਜੀ ਤੋਂ ਆਪ ਨੇ ਸ਼ਸਤਰ ਅਤੇ ਸ਼ਾਸਤਰ ਵਿੱਦਿਆ ਗ੍ਰਹਿਣ ਕੀਤੀ। ਗੁਰੂ ਪਾਤਸ਼ਾਹ ਬਚਪਨ ਤੋਂ ਹੀ ਬਹੁਤ ਚੇਤੰਨ ਬੁੱਧੀ ਦੇ ਮਾਲਕ ਸਨ। ਬਾਣੀ ਰਚਨ ਦਾ ਹੁਨਰ ਆਪ ਜੀ ਨੂੰ ਵਿਰਸੇ ਤੋਂ ਹੀ ਪ੍ਰਾਪਤ ਹੋਇਆ ਸੀ। ਆਪ ਦੀ ਇਸ ਯੋਗਤਾ ਨੂੰ ਵੇਖਦੇ ਹੋਏ ਹੀ ਆਪ ਦੇ ਨਾਨਾ ਅਤੇ ਤੀਸਰੇ ਪਾਤਸ਼ਾਹ ਹਜ਼ੂਰ ਗੁਰੂ ਅਮਰਦਾਸ ਜੀ ਨੇ ਇਹ ਬਚਨ ਕੀਤੇ ਸਨ :

ਦੋਹਿਤਾ ਬਾਣੀ ਦਾ ਬੋਹਿਥਾ ਹੋਵੇਗਾ,
ਆਪ ਵੀ ਤਾਰੇਗਾ ਅਤੇ ਦੂਜਿਆਂ ਨੂੰ ਵੀ ਤਾਰੇਗਾ।

ਗੁਰੂ ਪਾਤਸ਼ਾਹ ਦੇ ਇਹ ਸ਼ਬਦ ਨਿਸ਼ਚੇ ਹੀ ਅਰਜਨ ਦੇਵ ਜੀ ਦੀ ਬਣਨ ਵਾਲੀ ਗੁਰੂ ਪ੍ਰਤਿਭਾ ਦੀ ਪਛਾਣ ਚਿੰਨ੍ਹ ਵੱਲ ਇਸ਼ਾਰਾ ਹੀ ਪ੍ਰਵਾਨ ਕੀਤੇ ਜਾ ਸਕਦੇ ਹਨ ਕਿਉਂਕਿ ਬਚਪਨ ਤੋਂ ਹੀ ਜਿੱਥੇ ਆਪ ਨੂੰ ਅਧਿਆਤਮਿਕ ਪ੍ਰਬੀਨਤਾ ਹਾਸਲ

ਸੀ, ਉਥੇ ਆਪ ਦੀ ਤੀਖਣ ਸੂਝ-ਬੂਝ ਸਾਰਿਆਂ ਨੂੰ ਹੈਰਾਨੀ ਵਿੱਚ ਪਾ ਦਿੰਦੀ ਸੀ। ਆਪ ਨੇ ਬਹੁਤ ਜਲਦੀ ਬਾਬਾ ਬੁੱਢਾ ਜੀ ਦੀ ਦੇਖ-ਰੇਖ ਅਤੇ ਭਾਈ ਗੁਰਦਾਸ ਜੀ ਦੇ ਸੰਗ-ਸਾਥ ਨਾਲ ਭਾਰਤ ਦੀਆਂ ਪ੍ਰਮੁੱਖ ਭਾਸ਼ਾਵਾਂ ਜਿਵੇਂ ਸੰਸਕ੍ਰਿਤ, ਸਿੰਧੀ ਅਤੇ ਫ਼ਾਰਸੀ ਨੂੰ ਪੂਰੀ ਤਰ੍ਹਾਂ ਸਿਖ ਲਿਆ ਸੀ। 1581 ਈ. ਵਿਚ ਗੁਰੂ ਅਰਜਨ ਸਾਹਿਬ ਨੇ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲੀ ਅਤੇ ਗੁਰੂ ਨਿਵਾਸ ਰਾਮਦਾਸਪੁਰ ਬਣ ਗਿਆ।
ਗੁਰੂ ਸਾਹਿਬ ਨੇ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਵਿੱਚ ਜਿੱਥੇ ਕਈ ਮੀਲ-ਪੱਥਰ ਸਥਾਪਿਤ ਕੀਤੇ, ਉਥੇ 1606 ਈ. ਵਿੱਚ ਆਪ ਜੀ ਨੇ ਸ਼ਹਾਦਤ ਦੇ ਕੇ ਸਿੱਖ ਧਰਮ ਵਿੱਚ ਸ਼ਹਾਦਤ ਦੀ ਪਰੰਪਰਾ ਦਾ ਮੁੱਢ ਵੀ ਬੰਨਿਆ।

**1.15 ਸਾਰ**

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਸਾਹਿਬ ਇਕ ਮਹਾਨ ਪੈਗੰਬਰੀ ਰੂਹ, ਮਨੁੱਖਤਾ ਦੇ ਭਲੇ ਲਈ ਅਵਤਾਰ ਧਾਰ ਕੇ ਧਰਤੀ ਉੱਤੇ ਆਉਣ ਵਾਲੇ, ਸਮਾਜ ਸੇਵਕ, ਸੁਧਾਰਕ, ਕ੍ਰਾਂਤੀਕਾਰੀ, ਰਹਿਮਤਾਂ ਨਾਲ ਲਬਰੇਜ਼ ਮਹਾਨ ਪੁਰਸ਼ ਸਨ। ਅਜਿਹੀਆਂ ਰੂਹਾਂ ਧਰਤੀ ਉੱਤੇ ਇਕ ਦੋ ਹਜ਼ਾਰ ਸਾਲ ਵਿਚ ਕਦੀ ਕਦਾਈ ਧਰਤੀ ਉੱਤੇ ਮਨੁੱਖਤਾ ਦਾ ਭਲਾ ਕਰਨ ਲਈ ਆਉਂਦੀਆਂ ਹਨ।ਆਪ ਨੇ ਸਮਾਜ ਵਿਚ ਫੈਲੇ ਅੰਧਵਿਸ਼ਵਾਸ, ਜਾਤ-ਪਾਤ, ਕੂੜ, ਵਹਿਮ ਭਰਮ ਆਦਿ ਦਾ ਨਾਸ਼ ਕਰਕੇ ਇਕ ਪਰਮਾਤਮਾ ਦਾ ਸੁਨੇਹਾ ਦਿੱਤਾ ਜੋ ਇਕ ਹੋ ਕੇ ਵੀ ਸਭ ਵਿਚ ਹੈ ਅਤੇ ਸਭ ਦਾ ਹੈ। ਗੁਰੂ ਨਾਨਕ ਸਾਹਿਬ ਤੋਂ ਬਾਅਦ ਦੇ ਗੁਰੂ ਸਾਹਿਬਾਨਾਂ ਨੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅਤੇ ਵਿਚਾਰਾਂ ਨੂੰ ਆਮ ਲੋਕਾਂ ਵਿਚ ਪ੍ਰਚਾਰਿਆ ਅਤੇ ਪਸਾਰਿਆ।

1.16 ਪੜ੍ਹਨਯੋਗ ਪੁਸਤਕਾਂ


- ਗੰਡਾ ਸਿੰਘ, ਪ੍ਰਿੰ. ਤੇਜਾ ਸਿੰਘ, ਸਿੱਖ ਇਤਿਹਾਸ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2006.
- ਪ੍ਰਿੰ. ਸਤਿਬੀਰ ਸਿੰਘ, ਸਾਡਾ ਇਤਿਹਾਸ, ਨਿਊ ਬੁਕ ਕੰਪਨੀ, ਜਲੰਧਰ, 2014.
- ਡਾ. ਸੁਖਦਿਆਲ ਸਿੰਘ, ਸ਼ਿਰੋਮਣੀ ਸਿੱਖ ਇਤਿਹਾਸ, ਸੰਗਮ ਪਬਲੀਕੇਸ਼ਨ, ਸਮਾਣਾ, 2010.
- ਪ੍ਰਿੰ. ਸਤਿਬੀਰ ਸਿੰਘ, ਬਲਿਓ ਚਿਰਾਗ, ਨਿਊ ਬੁਕ ਕੰਪਨੀ, ਜਲੰਧਰ, 2004.
- Teja Singh, Ganda Singh, A Short History of the Sikhs, Publication Bureau, Punjabi University , Patiala.
- G. S. Nayyar, Sikh Polity and Political Institutions, New Delhi
- S. M. Latif, History of the Punjab, Ludhiana.
- G.C. Narang, Transformation of Sikhism, New Book Society, Lahore


1.17 ਅਭਿਆਸ ਲਈ ਪ੍ਰਸ਼ਨ

ਵੱਡੇ ਪ੍ਰਸ਼ਨ

1. ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਉਤੇ ਨੋਟ ਲਿਖੋ।

2. ਗੁਰੂ ਅੰਗਦ ਦੇਵ ਜੀ ਬਾਰੇ ਤੁਸੀਂ ਕੀ ਜਾਣਦੇ ਹੋ?
3. ਗੁਰੂ ਰਾਮਦਾਸ ਜੀ ਕੌਣ ਸਨ?

ਛੋਟੇ ਪ੍ਰਸ਼ਨ

1. ਗੁਰੂ ਰਾਮਦਾਸ ਜੀ
2. ਗੁਰੂ ਅਰਜਨ ਦੇਵ ਜੀ
3. ਸਿੱਖ ਧਰਮ ਦੀਆਂ ਸਿੱਖਿਆਵਾਂ

## ਯੂਨਿਟ-2 ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ

2.0 ਉਦੇਸ਼

2.1 ਜਾਣ-ਪਛਾਣ

2.1.1 ਭਾਈ ਗੁਰਦਾਸ ਜੀ ਦੇ ਗੁਰੂ ਸਾਹਿਬ ਬਾਰੇ ਵਿਚਾਰ

2.2 ਜਨਮ ਤੇ ਬਾਲਪਨ

2.3 ਸ਼ਾਸਤਰ ਤੇ ਸ਼ਸ਼ਤਰ ਵਿਦਿਆ

2.4 ਗ੍ਰਹਿਸਥ ਜੀਵਨ

2.5 ਗੁਰਿਆਈ

2.5.1 ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅੰਤਿਮ ਉਪਦੇਸ਼

2.5.2 ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

2.6 ਸਿੱਖ ਧਰਮ ਵਿਚ ਯੋਗਦਾਨ

2.6.1 ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਨੀਆਂ

2.6.2 ਸਿੱਖਾਂ ਦੀ ਸ਼ਸ਼ਤਰ ਸਿੱਖਿਆ

2.6.3 ਉਪਹਾਰਾਂ ਦੀ ਕਿਸਮ ਵਿਚ ਤਦਬੀਲੀ

2.6.4 ਬੀਰ ਕਾਵਿ ਨੂੰ ਉਤਸ਼ਾਹਿਤ ਕਰਨਾ

2.6.5 ਅਕਾਲ ਤਖਤ ਦੀ ਸਥਾਪਨਾ

2.6.6 ਨਿਤਨੇਮ

2.6.7 ਲੋਹਗੜ੍ਹ ਦੀ ਉਸਾਰੀ

2.6.8 ਗਵਾਲੀਅਰ ਵਿਖੇ ਨਜ਼ਰਬੰਦੀ

2.6.9 ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ

2.7 ਸਿੱਖ-ਮੁਗ਼ਲ ਯੁੱਧ

2.7.1 ਸ਼ਾਹਜਹਾਨ ਦੀ ਧਾਰਮਿਕ ਕੱਟੜਤਾ ਦੀ ਨੀਤੀ

2.7.2 ਅੰਮ੍ਰਿਤਸਰ ਦੀ ਜੰਗ

2.7.3 ਹਰਿਗੋਬਿੰਦਪੁਰ ਦੀ ਜੰਗ

2.7.4 ਮਹਿਰਾਜ ਦੀ ਜੰਗ

2.7.5 ਕਰਤਾਰਪੁਰ ਦੀ ਜੰਗ

2.8 ਜੋਤੀ-ਜੋਤਿ ਸਮਾਉਣਾ

2.9 ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

2.10 ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

2.11 ਸ੍ਰੀ ਗੁਰੂ ਤੇਗ ਬਹਾਦਰ ਸਾਹਿਬ

2.12 ਸ੍ਰੀ ਗੁਰੂ ਗੋਬਿੰਦ ਸਿੰਘ ਜੀ

2.13 ਸਾਰ
2.14 ਪੜ੍ਹਣਯੋਗ ਪੁਸਤਕਾਂ
2.15 ਅਭਿਆਸ ਲਈ ਪ੍ਰਸ਼ਨ

**2.0 ਉਦੇਸ਼**

ਇਸ ਅਧਿਆਇ ਦਾ ਉਦੇਸ਼ ਸਿੱਖਾਂ ਦੇ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਸ੍ਰੀ ਗੁਰੂ ਹਰਿਰਾਇ ਸਾਹਿਬ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਸਿੱਖ ਧਰਮ ਵਿਚ ਪਾਏ ਯੋਗਦਾਨ ਦਾ ਵਰਣਨ ਕਰਨਾ ਹੈ।

**2.1 ਜਾਣ-ਪਛਾਣ**

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਛੇਵੇਂ ਜਾਮੇ ਵਿਚ ਸਿੱਖ ਪੰਥ ਦੀ ਅਗਵਾਈ ਅਤਿ ਬਿਖੜੇ ਸਮੇਂ ਵਿਚ ਸੰਭਾਲੀ। ਗੁਰੂ ਸਾਹਿਬ ਨੇ ਆਪਣੇ ਪਿਤਾ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਅਤੇ ਮਹਾਨ ਸ਼ਹਾਦਤ ਉਪਰੰਤ ਆਪਣੇ ਤੇਜ, ਗੌਰਵ, ਪ੍ਰਤਿਭਾ ਅਤੇ ਬਹਾਦਰੀ ਨਾਲ ਸਮੁੱਚੇ ਜਨ-ਸਧਾਰਨ ਨੂੰ ਮੁਸੀਬਤਾਂ ਨਾਲ ਟਕਰਾਉਣ ਦਾ ਸਾਹਸ ਬਖਸ਼ਿਆ। ਗੁਰੂ ਜੀ ਸਿੱਖ ਧਰਮ ਵਿਚ ਆਪਣੀ ਵਿਲੱਖਣ ਪ੍ਰਤਿਭਾ ਅਤੇ ਇਤਿਹਾਸਕ ਯੋਗਦਾਨ ਸਦਕਾ ਇਕ ਯੁੱਗ ਪੁਰਖ ਦੇ ਰੂਪ ਵਿਚ ਜਾਣੇ ਜਾਂਦੇ ਹਨ। ਆਪ ਜੀ ਦੁਆਰਾ ਮੀਰੀ ਅਤੇ ਪੀਰੀ ਦੀਆਂ ਧਾਰਨ ਕੀਤੀਆਂ ਗਈਆਂ ਦੋ ਤਲਵਾਰਾਂ ਆਪ ਜੀ ਦੀ ਸ਼ਾਨਦਾਰ ਲੌਕਿਕ ਅਤੇ ਅਧਿਆਤਮਕ ਪ੍ਰਭੁਤਾ ਸੰਪੰਨ ਸ਼ਖ਼ਸੀਅਤ ਵਿਚ ਅਜਿਹਾ ਵਾਧਾ ਕਰਦੀਆਂ ਹਨ ਕਿ ਕੁਦਰਤ ਵੀ ਇਹ ਕਹਿ ਕੇ ਆਪ ਜੀ ਤੋਂ ਬਲਿਹਾਰ ਜਾਂਦੀ ਹੈ- 'ਇਹੀ ਅਸਲ ਮਰਦ ਹੈ।'(Kirpal singh& Kharak singh, (edH), History of The Sikhs and Their Religion, VOLH 1, NANAK VI^ GURU HARGOBIND, pH 169)

**2.1.1ਭਾਈ ਗੁਰਦਾਸ ਜੀ ਦੇ ਗੁਰੂ ਸਾਹਿਬ ਬਾਰੇ ਵਿਚਾਰ-**

ਗੁਰੂ ਸਾਹਿਬ ਦੀ ਅਦੁੱਤੀ ਸ਼ਖ਼ਸੀਅਤ ਬਾਰੇ ਉਨ੍ਹਾਂ ਦੇ ਸਮਕਾਲੀ ਭਾਈ ਗੁਰਦਾਸ ਜੀ ਬਹੁਤ ਕਲਾਸਕੀ ਤੇ ਸੰਜਮ ਭਰਪੂਰ, ਪ੍ਰੌੜਤਾ ਅਤੇ ਗੌਰਵਸ਼ਾਲੀ ਸ਼ਬਦਾਵਲੀ ਰਾਹੀਂ ਬਿਆਨ ਕਰਦੇ ਹਨ-

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰ ਬੈਠਾ ਗੁਰੁ ਭਾਰੀ।
ਅਰਜਨ ਕਾਇਆ ਪਲਟਿ ਕੈ ਮੂਰਤਿ ਹਰ ਗੋਬਿੰਦ ਸਵਾਰੀ।।
ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।।( ਵਾਰਾਂ ਭਾਈ ਗੁਰਦਾਸ, 48:1)

**2.2 <u>ਜਨਮ ਤੇ ਬਾਲਪਨ</u>**

ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ, ਬਾਣੀ ਦੇ ਬੋਹਿਥੇ, ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗ੍ਰਹਿ ਵਿਖੇ ਮਾਤਾ ਗੰਗਾ ਜੀ ਦੀ ਪਵਿੱਤਰ ਕੁੱਖ ਤੋਂ 21 ਹਾੜ, ਸੰਮਤ 1652 ਅਨੁਸਾਰ 19 ਜੂਨ 1595 ਈਸਵੀ ਵਿਚ ਅੰਮ੍ਰਿਤਸਰ ਦੇ ਇਕ ਪਿੰਡ ਵਡਾਲੀ ਵਿਖੇ ਹੋਇਆ, ਜਿਸ ਨੂੰ ਅੱਜ-ਕੱਲ 'ਗੁਰੂ ਕੀ ਵਡਾਲੀ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਮਿਤੀ ਕਵੀ ਸੋਹਨ ਦੁਆਰਾ ਦਿੱਤੀ ਗਈ ਹੈ, ਜਿਸ ਨੂੰ ਭਾਈ ਸੰਤੋਖ ਸਿੰਘ ਅਤੇ ਗਿਆਨੀ ਗਿਆਨ ਸਿੰਘ ਨੇ ਵੀ ਆਪਣੀਆ ਲਿਖਤਾਂ ਦਾ ਅਧਾਰ ਬਣਾਇਆ ਹੈ। ਦੂਸਰੇ ਪਾਸੇ ਭੱਟ ਵਹੀ ਮੁਲਤਾਨੀ ਸਿੰਧੀ ਦੇ ਹਵਾਲੇ ਅਨੁਸਾਰ ਕੇਸਰ ਸਿੰਘ ਛਿੱਬਰ (ਬੰਸਾਵਲੀ ਨਾਮਾ) ਅਤੇ ਸਰੂਪ ਸਿੰਘ ਕੌਸ਼ਿਸ਼ ( ਗੁਰੂ ਕੀਆਂ ਸਾਖੀਆਂ) ਨੇ ਗੁਰੂ ਸਾਹਿਬ ਦੀ ਜਨਮ ਤਿਥੀ 21 ਹਾੜ, ਸੰਮਤ 1647 ਬਿਕਰਮੀ, 18 ਜੂਨ 1590 ਈਸਵੀ ਨੂੰ ਤਸਦੀਕ ਕੀਤਾ ਹੈ। ਛੇਵੇਂ ਪਾਤਸ਼ਾਹ ਦਾ ਬਚਪਨ ਆਪਣੇ ਤਾਏ ਪ੍ਰਿਥੀ ਚੰਦ ਅਤੇ ਉਸ ਦੀ ਪਤਨੀ ਕਰਮੋ ਦੇ ਈਰਖਾਲੂ ਸੁਭਾਅ ਕਾਰਨ ਬਹੁਤ ਔਕੜਾਂ ਭਰਪੂਰ ਰਿਹਾ ਹੈ। ਪ੍ਰਿਥੀ ਚੰਦ ਨੇ ਆਪਣੇ ਪੁੱਤਰ ਮੇਹਰਬਾਨ ਦੇ ਗੁਰਗੱਦੀ ਦੇ ਹੱਕ ਨੂੰ ਹਾਸਿਲ ਕਰਨ ਲਈ ਅਨੇਕਾਂ ਕੋਝੀਆਂ ਚਾਲਾਂ ਚੱਲੀਆਂ, ਜਿਹਨਾਂ ਵਿਚ ਦਾਈ ਦੁਆਰਾ ਦੁੱਧ ਰਾਹੀਂ ਜ਼ਹਿਰ ਦੇਣ, ਜ਼ਹਿਰੀਲੇ ਸੱਪ ਦੁਆਰਾ ਡਸਵਾਉਣ ਦੀ ਕੋਸ਼ਿਸ਼, ਖਿਡਾਵੇ ਬ੍ਰਾਹਮਣ ਦੁਆਰਾ ਦਹੀਂ ਵਿਚ ਜ਼ਹਿਰ ਮਿਲਾ ਕੇ ਦੇਣ ਵਰਗੀਆਂ ਘਟੀਆ ਚਾਲਾਂ ਸ਼ਾਮਿਲ ਸਨ। ਪ੍ਰੰਤੂ ਇਹ ਸਭ ਦੀ ਜਾਣਕਾਰੀ ਹੋਣ ਉਪਰੰਤ ਸਿੱਖ ਸੰਗਤ ਵਿਚ ਪ੍ਰਿਥੀ ਚੰਦ ਦੀ ਬਹੁਤ ਬੇਇੱਜਤੀ ਹੋਈ ਅਤੇ ਬਾਲ ਗੁਰੂ ਉਪਰ ਕੋਈ ਆਂਚ ਨਾ ਆਈ। ਚੇਚਕ ਵਰਗੀ ਭਿਆਨਕ ਬਿਮਾਰੀ ਦੇ ਪ੍ਰਕੋਪ ਤੋਂ ਵੀ ਅਕਾਲ ਪੁਰਖ ਨੇ ਆਪ ਜੀ ਦਾ ਬਚਾਅ ਕੀਤਾ। ਚੇਚਕ ਦੀ ਬਿਮਾਰੀ ਤੋਂ ਰਾਜ਼ੀ ਹੋਣ ਉਪਰੰਤ ਪੰਚਮ ਪਾਤਸ਼ਾਹ ਨੇ ਅਕਾਲ ਪੁਰਖ ਦਾ ਧੰਨਵਾਦ ਕੀਤਾ-

ਸੀਤਲਾ ਤੇ ਰਖਿਆ ਬਿਹਾਰੀ।।

ਪਾਰਬ੍ਰਹਮ ਪ੍ਰਭ ਕਿਰਪਾ ਧਾਰੀ।।( ਸ੍ਰੀ ਗੁਰੂ ਗ੍ਰੰਥ ਸਾਹਿਬ, ਅੰ. 200)

ਇਸ ਤਰ੍ਹਾਂ ਹਰਿਗੋਬਿੰਦ ਜੀ ਹਰ ਕਿਸਮ ਦੀ ਸਾਜਿਸ਼ ਅਤੇ ਰੋਗ ਵਿਚੋਂ ਅਕਾਲ ਪੁਰਖ ਦੀ ਮਿਹਰ ਸਦਕਾ ਤੰਦਰੁਸਤ ਹੋ ਕੇ ਨਿਕਲੇ। ਪਿਤਾ ਗੁਰੂ ਅਰਜਨ ਦੇਵ ਜੀ ਦੀ ਨਿਰਮਲ ਪਵਿੱਤਰ ਜੋਤ ਦੇ ਚਾਨਣ ਵਿਚ ਹਰਿਗੋਬਿੰਦ ਜੀ ਜਿਉਂ-ਜਿਉਂ ਵੱਡੇ ਹੋਏ, ਉਨ੍ਹਾਂ ਦਾ ਤਨ-ਮਨ ਹੋਰ ਨਿਖਰਦਾ ਗਿਆ।

**2.3 ਸ਼ਾਸਤਰ ਤੇ ਸ਼ਸ਼ਤਰ ਵਿਦਿਆ**

ਪੰਚਮ ਪਾਤਸ਼ਾਹ ਕੁਝ ਸਮਾਂ ਵਡਾਲੀ ਵਿਖੇ ਬਿਤਾਉਣ ਉਪਰੰਤ ਅੰਮ੍ਰਿਤਸਰ ਆ ਗਏ, ਜਿਥੇ ਉਨ੍ਹਾਂ ਨੇ ਹਰਿਗੋਬਿੰਦ ਸਾਹਿਬ ਦੀ ਸਿਖਲਾਈ ਦਾ ਕਾਰਜ ਬਾਬਾ ਬੁੱਢਾ ਜੀ ਨੂੰ ਸੌਂਪਿਆ। ਗੁਰੂ ਅਰਜਨ ਦੇਵ ਜੀ ਨੇ ਸਮੇਂ ਦੀਆਂ ਪ੍ਰਸਥਿਤੀਆਂ ਨੂੰ ਸਮਝਦੇ ਹੋਏ ਬਾਬਾ ਬੁੱਢਾ ਜੀ ਨੂੰ ਆਪਣੇ ਸਪੁੱਤਰ ਨੂੰ ਸਰੀਰਕ ਅਤੇ ਆਤਮਿਕ ਦੋਨਾਂ ਪੱਖਾਂ ਤੋਂ ਮਜ਼ਬੂਤ ਬਣਾਉਣ ਲਈ ਕਿਹਾ। ਗੁਰੂ ਪਿਤਾ ਦੀ ਆਗਿਆ ਮੂਜਬ ਆਪ ਜੀ ਨੇ ਅੱਖਰੀ ਗਿਆਨ ਬਾਬਾ ਬੁੱਢਾ ਜੀ ਪਾਸੋਂ ਸਿਖਿਆ, ਭਾਈ ਜੇਠਾ ਜੀ ਨੇ ਯੁੱਧ ਦੇ ਦਾਅ-ਪੇਚ ਸਮਝਾਏ ਅਤੇ ਸ਼ਸਤਰ ਵਿਦਿਆ ਦੀ ਜਿੰਮੇਵਾਰੀ ਭਾਈ ਪਰਾਗਾ ਜੀ ਨੂੰ ਦਿੱਤੀ ਗਈ। ਇੰਜ ਹਰਿਗੋਬਿੰਦ ਜੀ ਜਿਥੇ ਧਰਮ ਸ਼ਾਸ਼ਤਰਾਂ ਦੇ ਗਿਆਤਾ ਬਣੇ, ਉਥੇ ਤਲਵਾਰਬਾਜ਼ੀ, ਤੀਰ ਅੰਦਾਜ਼ੀ, ਨੇਜ਼ਾ-ਬਾਜ਼ੀ ਅਤੇ ਘੋੜ ਸਵਾਰੀ ਸਿੱਖ ਕੇ ਯੁੱਧ ਕਲਾ ਵਿਚ ਵੀ ਪ੍ਰਬੀਨ ਹੋ ਗਏ। ਇੰਜ ਘੋੜ ਸਵਾਰੀ, ਕੁਸ਼ਤੀ, ਸ਼ਿਕਾਰ ਆਦਿ ਵਿਚ ਨਿਪੁੰਨ ਹੋਣ ਦੇ ਨਾਲ-ਨਾਲ ਆਪ ਜੀ ਨੇ ਅਧਿਆਤਮਕ ਸਿੱਖਿਆ ਵੀ ਹਾਸਿਲ ਕੀਤੀ ਅਤੇ ਆਤਮ ਰੱਖਿਆ ਲਈ ਹਥਿਆਰਾਂ ਦੀ ਵਰਤੋਂ ਦੀ ਜਾਚ ਵੀ ਸਿੱਖੀ। ਉਨ੍ਹਾਂ ਦੀ ਸਰਵ-ਪੱਖੀ ਸਿੱਖਿਆ ਬਾਰੇ ਗੁਰ ਬਿਲਾਸ ਵਿਚ ਇਵੇਂ ਅੰਕਿਤ ਹੋਇਆ ਮਿਲਦਾ ਹੈ-

ਚੌਂਸਠ ਵਿਦਿਆ ਸਭ ਪੜ੍ਹ ਲਈ।ਯਾ ਮੈ ਬਹੁਤ ਅਵਧ ਨਹੀਂ ਪਈ।

ਵਿਦਿਆ ਸਭ ਇਨ ਉਤਪਤ ਕਰੀ।ਕੌਣ ਸਿਖਾਵੇ ਇਨ ਕੋ ਨਰੀ।......

ਸ਼ਾਸਤ੍ਰ ਸ਼ਸਤਰ ਕੀ ਵਿਦਿਆ ਪਾਈ।ਹਰਿਗੋਬਿੰਦ ਮਨ ਅਤਿ ਹਰਖਾਈ।

( ਕਵੀ ਸੋਹਨ, ਗੁਰਬਿਲਾਸ ਪਾਤਸ਼ਾਹੀ ਛੇਵੀਂ, ਇੰਦਰ ਸਿੰਘ ਗਿੱਲ, (ਸੰ.), ਪੰ. 58-59)

**2.4 ਗ੍ਰਹਿਸਥ ਜੀਵਨ**

ਬਾਰਾਂ ਸਾਲ ਦੀ ਉਮਰ ਤੱਕ ਹਰਿਗੋਬਿੰਦ ਜੀ ਸ਼ਾਸਤਰ ਵਿਦਿਆ, ਸ਼ਸਤਰ ਵਿਦਿਆ, ਘੋੜ-ਸਵਾਰੀ, ਤਲਵਾਰ ਬਾਜ਼ੀ ਭਾਵ ਹਰ ਪੱਖੋਂ ਮੁਕੰਮਲ ਰੂਪ ਵਿਚ ਸਿੱਖਿਅਤ ਹੋ ਗਏ। ਬਚਪਨ ਦੀ ਦਹਿਲੀਜ਼ ਨੂੰ ਪਾਰ ਕਰਦਿਆਂ ਆਪ ਜੀ ਲਈ ਰਿਸ਼ਤੇ ਆਉਣੇ ਸ਼ੁਰੂ ਹੋ ਗਏ। ਦਿੱਲੀ ਦਰਬਾਰ ਦੇ ਸ਼ਾਹੀ ਅਹਿਲਕਾਰ ਦੀਵਾਨ ਚੰਦੂ ਵੀ ਆਪਣੀ ਪੁੱਤਰੀ ਲਈ ਯੋਗ ਵਰ ਦੀ ਤਲਾਸ਼ ਕਰ ਰਿਹਾ ਸੀ। ਉਸ ਦੇ ਲਾਗੀਆਂ ਨੇ ਗੁਰੂ ਦਰਬਾਰ ਦੀ ਠਾਠ-ਬਾਠ ਨੂੰ ਦੇਖਦੇ ਹੋਏ ਇਥੇ ਰਿਸ਼ਤੇ ਦੀ ਗੱਲ ਤੋਰ ਦਿੱਤੀ। ਜਦੋਂ ਚੰਦੂ ਨੂੰ ਇਸ ਦੀ ਖਬਰ ਮਿਲੀ ਤਾਂ ਉਸ ਨੇ ਇਹ ਕਹਿੰਦੇ ਹੋਏ ਰਿਸ਼ਤਾ ਸਵੀਕਾਰ ਕੀਤਾ ਕਿ ਉਹ (ਲਾਗੀ) ਚੁਬਾਰੇ ਦੀ ਇੱਟ ਮੋਰੀ ਨੂੰ ਲਾ ਆਏ ਹਨ-

ਚੁਬਾਰੇ ਇਟ ਮੋਰੀ ਨਹਿ ਸੋਹੈ।ਜੋ ਤੁਮ ਕਰਹੁ, ਮਨੀ ਹਮ ਓਹੈ।( ਉਹੀ, ਪੰ. 139)

ਉਧਰ ਦਿੱਲੀ ਦੀ ਸੰਗਤ ਨੇ ਚੰਦੂ ਦੀ ਇਸ ਗੱਲ ਦਾ ਪਤਾ ਲੱਗਣ ਤੇ ਬਹੁਤ ਬੁਰਾ ਮਨਾਇਆ ਅਤੇ ਗੁਰੂ ਜੀ ਪਾਸ ਚੰਦੂ ਦੀ ਬੇਟੀ ਦਾ ਰਿਸ਼ਤਾ ਅਪ੍ਰਵਾਨ ਕਰਨ ਦਾ ਸੁਨੇਹਾ ਭੇਜ ਦਿੱਤਾ। ਇਧਰ ਚੰਦੂ ਦੇ ਲਾਗੀਆਂ ਦਾ ਸ਼ਗਨ ਗੁਰੂ

ਸਾਹਿਬ ਨੇ ਸੰਗਤ ਦੀ ਬੇਨਤੀ ਤੇ ਅਪ੍ਰਵਾਨ ਕਰ ਦਿੱਤਾ, ਜਿਸ ਉਪਰ ਚੰਦੂ ਬਹੁਤ ਕ੍ਰੋਧਿਤ ਹੋਇਆ। ਬਾਅਦ ਵਿਚ ਇਹੀ ਚੰਦੂ ਗੁਰੂ ਸਾਹਿਬ ਦੀ ਸ਼ਹੀਦੀ ਸਮੇਂ ਦਿੱਤੇ ਗਏ ਅਕਹਿ ਤਸੀਹਿਆਂ ਦਾ ਕਾਰਨ ਬਣਿਆ। ਗੁਰੂ ਸਾਹਿਬ ਨੇ ਆਪਣੇ ਇਕ ਸਿੱਖ ਭਾਈ ਨਰਾਇਣ ਦਾਸ ਦੀ ਪੁੱਤਰੀ ਬੀਬੀ ਦਮੋਦਰੀ ਦਾ ਰਿਸ਼ਤਾ ਪ੍ਰਵਾਨ ਕੀਤਾ। ਸਿੱਖ ਪਰੰਪਰਾ ਅਤੇ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ ਅਨੁਸਾਰ ਛੇਵੇਂ ਪਾਤਸ਼ਾਹ ਦੇ ਤਿੰਨ ਵਿਆਹਾਂ ਦਾ ਜ਼ਿਕਰ ਮਿਲਦਾ ਹੈ- ਬੀਬੀ ਦਮੋਦਰੀ ਜੀ, ਮਾਤਾ ਨਾਨਕੀ ਜੀ ਅਤੇ ਮਾਤਾ ਮਹਾਦੇਵੀ ਜਾਂ ਮਰਵਾਹੀ ਜੀ। ਆਪ ਜੀ ਦੇ ਪੰਜ ਪੁੱਤਰ ਅਤੇ ਇਕ ਪੁੱਤਰੀ ਸੀ, ਜਿਹਨਾਂ ਦੇ ਨਾਂ ਕ੍ਰਮਵਾਰ ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਇ ਜੀ, ਬਾਬਾ ਅਟੱਲ ਜੀ, ਤਿਆਗ ਮੱਲ (ਗੁਰੂ ਤੇਗ਼ ਬਹਾਦਰ ਜੀ) ਅਤੇ ਬੀਬੀ ਵੀਰੋ ਜੀ ਸਨ।

**2.5 <u>ਗੁਰਿਆਈ</u>**

ਮੁਗ਼ਲ ਸਾਮਰਾਜ ਦੀ ਗੱਦੀ ਅਕਬਰ ਬਾਦਸ਼ਾਹ ਦੇ ਮਰਨ ਉਪਰੰਤ ਉਸ ਦੇ ਬੇਟੇ ਜਹਾਂਗੀਰ ਦੇ ਹੱਥ ਆਈ। ਉਸ ਨੇ ਆਪਣੇ ਵਿਰੁੱਧ ਬਗਾਵਤ ਤੇ ਉਤਰੇ ਆਪਣੇ ਭਰਾ ਖੁਸਰੋ ਨੂੰ ਕਤਲ ਕਰਨ ਦਾ ਹੁਕਮ ਜਾਰੀ ਕੀਤਾ ਅਤੇ ਉਸ ਦੇ ਮਦਦਗਾਰਾਂ ਨਾਲ ਵੀ ਉਹੀ ਸਲੂਕ ਕਰਨ ਦੀ ਇਜ਼ਾਜਤ ਦਿੱਤੀ। ਜਹਾਂਗੀਰ ਇਕ ਕੱਟੜ ਬਾਦਸ਼ਾਹ ਸੀ। ਗੁਰੂ ਘਰ ਦੇ ਦੋਖੀਆਂ ਅਤੇ ਇਸਲਾਮ ਦੇ ਅਖੌਤੀ ਦਾਅਵੇਦਾਰਾਂ ਨੇ ਆਪਣੀ ਈਰਖਾ ਵੱਸ ਪੰਜਵੇਂ ਗੁਰੂ ਜੀ ਨੂੰ ਇਸਲਾਮ ਲਈ ਖਤਰਾ ਦੱਸਦੇ ਹੋਏ ਬਾਦਸ਼ਾਹ ਦੇ ਕੰਨ ਭਰੇ, ਜਿਸ ਦੇ ਅਸਰ ਵਜੋਂ ਉਸ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਸ਼ਹੀਦ ਕਰਨ ਦੇ ਆਦੇਸ਼ ਜਾਰੀ ਕੀਤੇ।

**2.5.1 <u>ਸ੍ਰੀ ਗੁਰੂ ਅਰਜਨ ਦੇਵ ਜੀ ਦਾ ਅੰਤਿਮ ਉਪਦੇਸ਼</u>**

ਇਧਰ ਗੁਰੂ ਸਾਹਿਬ ਨੇ ਆਪਣਾ ਅੰਤਿਮ ਸਮਾਂ ਨੇੜੇ ਜਾਣਦੇ ਹੋਏ ਅਗਲੀ ਗੁਰਿਆਈ ਹਰਿਗੋਬਿੰਦ ਜੀ ਨੂੰ ਦੇਣ ਬਾਰੇ ਬਾਬਾ ਬੁੱਢਾ ਜੀ ਨੂੰ ਨਿਮਨਲਿਖਤ ਤਾਕੀਦ ਕੀਤੀ-

ਲਾਹੌਰ ਸੀਸ ਦੇਣੇ ਹਮ ਜਾਹੀ।ਊਹਾਂ ਤੇ ਹਮ ਆਵਣ ਨਾਹੀਂ।

ਤਾਂ ਤੇ ਅਬ ਹੀ ਮਾਥ ਟਿਕਾਵੋ।ਤੁਮ ਇਨ ਮਸਤਕ ਤਿਲਕ ਲਗਾਵੋ।( ਉਹੀ, ਪੰ. 202)

ਤਿਲਕ ਲਗਾਉਣ ਉਪਰੰਤ ਗੁਰੂ ਜੀ ਆਪਣੇ ਪੁੱਤਰ ਨੂੰ ਸਮੇਂ ਦੀ ਨਜ਼ਾਕਤ ਅਨੁਸਾਰ ਮੁਖਾਤਿਬ ਹੋ ਕੇ ਕਹਿੰਦੇ ਹਨ-

ਤੁਮ ਨੇ ਕਰਨੇ ਯੁਧ ਅਨੇਕ।ਬਦਲਾ ਲੇਵਨਿ ਤੁਰਕਨਿ ਛੇਕ।...

ਤੁਮ ਪਰ ਕਾਹੂ ਕੀ ਜਯ ਨਾਹੀ।ਨਿਰਭਉ ਰਹੇ ਸਦਾ ਮਨ ਮਾਹੀਂ।( ਉਹੀ)

ਮੈਕਾਲਿਫ਼ ਅਨੁਸਾਰ ਗੁਰੂ ਸਾਹਿਬ ਆਪਣੀ ਸ਼ਹੀਦੀ ਤੋਂ ਪਹਿਲਾਂ ਹੀ ਆਪਣੇ ਪੁੱਤਰ ਲਈ ਇਹ ਸੰਦੇਸ਼ ਛੱਡ ਗਏ ਸਨ ਕਿ ਉਹ ਪੂਰਨ ਰੂਪ ਵਿਚ ਹਥਿਆਰਬੰਦ ਹੋ ਕੇ ਗੱਦੀ ਉਪਰ ਬਿਰਾਜਮਾਨ ਹੋਣ ਅਤੇ ਆਪਣੀ ਫੌਜੀ ਸ਼ਕਤੀ ਨੂੰ ਵਧਾਉਣ ਲਈ ਸੈਨਾ ਰੱਖਣ।( M.ਓ Macauliff, The Sikh Religion, VOL. VIII, p. 99) ਇਹ ਸਮੇਂ ਦੀ ਮੰਗ ਸੀ। ਗੁਰੂ ਜੀ ਨੂੰ ਇਹ ਭਲੀ-ਭਾਂਤ ਗਿਆਨ ਹੋ ਗਿਆ ਸੀ ਕਿ ਸਿੱਖਾਂ ਨੂੰ ਆਪਣੇ ਬਚਾਅ ਲਈ ਸ਼ਸਤਰਧਾਰੀ ਹੋਣਾ ਪਵੇਗਾ। ਬਦਲਦੇ ਹਾਲਾਤਾਂ ਨੂੰ ਸਮਝਦੇ ਹੋਏ ਗੁਰੂ ਸਾਹਿਬ ਨੇ ਛੇਵੇਂ ਪਾਤਸ਼ਾਹ ਨੂੰ ਬਚਪਨ ਵਿਚ ਹੀ ਜੰਗੀ ਤਰਬੀਅਤ ਦੇ ਦਿੱਤੀ ਸੀ। ਇਸ ਲਈ ਜ਼ੁਲਮ ਦੇ ਖਿਲਾਫ਼ ਸ਼ਾਂਤਮਈ ਟੱਕਰ ਦੀ ਸਿਖਰ ਉਪਰੰਤ ਸਿੱਖ ਲਹਿਰ ਨੂੰ ਹਥਿਆਰਬੰਦ ਸੰਘਰਸ਼ ਵੱਲ ਤੋਰਨ ਦੇ ਛੇਵੇਂ ਪਾਤਸ਼ਾਹ ਜੀ ਦੇ ਫੈਸਲੇ ਨੂੰ ਗੁਰੂ ਅਰਜਨ ਦੇਵ ਜੀ ਦਾ ਦਿਸ਼ਾ ਨਿਰਦੇਸ਼, ਆਸ਼ੀਰਵਾਦ ਅਤੇ ਸਹਿਮਤੀ ਪ੍ਰਾਪਤ ਹੋਣੀ ਸੁਭਾਵਿਕ ਸੀ।

**2.5.2 <u>ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ</u>**

ਪੰਜਵੇਂ ਪਾਤਸ਼ਾਹ ਸਰਕਾਰੀ ਹੁਕਮ ਮਿਲਣ ਉਪਰੰਤ ਸਿੱਖ ਲਹਿਰ ਦੇ ਭਵਿੱਖ ਦਾ ਨਿਰਣਾ ਕਰਦੇ ਹੋਏ ਸ੍ਰੀ ਅੰਮ੍ਰਿਤਸਰ ਇਸ਼ਨਾਨ ਕਰਕੇ ਪੰਜ ਸਿੱਖਾਂ ਸਮੇਤ ਲਾਹੌਰ ਵੱਲ ਰਵਾਨਾ ਹੋਏ। ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਉਨ੍ਹਾਂ ਨੂੰ ਸ਼ਹਿਰ ਤੋਂ ਬਾਹਰ ਤੱਕ ਛੱਡਣ ਆਏ। ਸਿੱਖੀ ਦਾ ਪ੍ਰਚਾਰ ਕਰਦੇ ਅਤੇ ਸੰਗਤਾਂ ਦੇ ਹਿਰਦੇ ਠਾਰਦੇ ਹੋਏ ਦੋ ਦਿਨ ਬਾਅਦ ਗੁਰੂ ਜੀ ਲਾਹੌਰ ਪੁੱਜੇ, ਜਿਥੇ ਉਨ੍ਹਾਂ ਨੂੰ ਲਾਹੌਰ ਦੇ ਹਾਕਮ ਮੁਰਤਜਾ ਖਾਨ ਨੇ ਚੰਦੂ ਦੇ ਹਵਾਲੇ ਕਰ ਦਿੱਤਾ। ਚੰਦੂ ਨੇ ਬੜੀ ਬੇਰਹਿਮੀ ਨਾਲ ਗੁਰੂ ਜੀ ਨੂੰ ਤੱਤੀ ਤਵੀ ਉਪਰ ਬਿਠਾਇਆ, ਸੀਸ ਵਿਚ ਤੱਤੀ ਰੇਤ ਪਾਈ ਗਈ। ਉਪਰੰਤ ਉਬਲਦੀ ਦੇਗ ਵਿਚ ਬਿਠਾਇਆ ਗਿਆ, ਜਿਸ ਨਾਲ ਸਾਰਾ ਸਰੀਰ ਛਾਲਿਆਂ ਨਾਲ ਝੁਲਸ ਗਿਆ। ਇਹ ਦਰਦਨਾਕ ਤਸੀਹੇ ਵੇਖ ਕੇ ਦੋ ਸਿੱਖ ਭਾਈ ਸੀਗਾਰੂ ਅਤੇ ਭਾਈ ਜੈਤਾ ਜੀ ਭੜਕ ਉੱਠੇ ਪਰ ਉਹਨਾਂ ਨੂੰ ਸ਼ਾਂਤ ਕਰਦੇ ਹੋਏ ਗੁਰੂ ਪਾਤਸ਼ਾਹ ਜੀ ਨੇ ਕਿਹਾ-

ਅਸਾਂ ਜੋ ਸ਼ਸ਼ਤਰ ਪਕੜਨੇ ਹੈਨਿ, ਸੋ ਹਰਿਗੋਬਿੰਦ ਦਾ ਰੂਪ ਧਾਰ ਕੇ ਪਕੜਣੇ ਹੈਨਿ। ਸਮਾਂ ਕਲਜੁਗ ਦਾ ਵਰਤਨਾ ਹੈ। ਸ਼ਸਤਰਾਂ ਦੀ ਵਿਦਿਆ ਕਰ ਮੀਰ ਦੀ ਮੀਰੀ ਖਿੱਚ ਲੈਣੀ ਹੈ ਤੇ ਸ਼ਬਦ ਦੀ ਪ੍ਰੀਤ ਸਮਝ ਕਰ ਪੀਰ ਦੀ ਪੀਰੀ ਖਿਚ ਲੈਣੀ ਹੈ। ਤੁਸੀਂ ਛੇਵੀਂ ਪਾਤਸ਼ਾਹੀ ਦੇ ਹਜ਼ੂਰ ਰਹਿਣਾ।(ਭਾਈ ਮਨੀ ਸਿੰਘ, ਸਿਖਾਂ ਦੀ ਭਗਤ ਮਾਲਾ, ਭਾਈ ਵੀਰ ਸਿੰਘ, (ਸੰ.), ਪਉੜੀ 28, ਸਾਖੀ 94, ਪੰ. 121-122)

ਇਸ ਪ੍ਰਕਾਰ ਪੰਚਮ ਪਾਤਸ਼ਾਹ ਜੀ ਨੇ ਬੜੀ ਧੀਰਜ ਅਤੇ ਸ਼ਾਂਤੀਪੂਰਵਕ 30 ਮਈ 1606 ਈ. ਨੂੰ ਰਾਵੀ ਵਿਚ ਇਸ਼ਨਾਨ ਕਰਨ ਉਪਰੰਤ ਆਪਣਾ ਸਰੀਰ ਤਿਆਗ ਦਿੱਤਾ। ਗੁਰੂ ਸਾਹਿਬ ਦੀ ਸ਼ਾਂਤਮਈ ਅਤੇ ਬੇਮਿਸਾਲ ਸ਼ਹਾਦਤ ਨੇ ਸਿੱਖ ਲਹਿਰ ਵਿਚ ਇਕ ਨਵੇਂ ਯੁਗ ਅਤੇ ਨਵੇਂ ਮੋੜ ਦਾ ਆਰੰਭ ਕੀਤਾ ਅਤੇ ਸ਼ਾਂਤਮਈ ਸਿਖਰ ਤੋਂ ਬਾਅਦ ਇਸ ਨਵੇਂ ਮੋੜ ਦਾ ਦਿਸ਼ਾ-ਨਿਰਦੇਸ਼ ਗੁਰੂ ਅਰਜਨ ਦੇਵ ਜੀ ਪਹਿਲਾਂ ਹੀ ਦੇ ਚੁੱਕੇ ਸਨ। ਇਸ ਸ਼ਹਾਦਤ ਨੇ ਸਿੱਖ ਹਿਰਦਿਆਂ ਨੂੰ ਬੁਰੀ ਤਰ੍ਹਾਂ ਵਲੂੰਧਰ ਕੇ ਰੱਖ ਦਿੱਤਾ। ਇਸ ਖਬਰ ਨੂੰ ਸੁਣ ਕੇ ਛੇਵੇਂ ਪਾਤਸ਼ਾਹ ਨੇ ਸੰਗਤਾਂ ਨੂੰ ਗੁਰਬਾਣੀ ਪੜ੍ਹਨ, ਸੁਣਨ ਅਤੇ ਧੀਰਜ ਰੱਖਣ ਦਾ ਸੰਦੇਸ਼ ਦਿੱਤਾ।

### 2.6 ਸਿੱਖ ਧਰਮ ਵਿਚ ਯੋਗਦਾਨ

### 2.6.1 ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਨੀਆਂ

ਗੁਰਗੱਦੀ ਤੇ ਬੈਠਣ ਸਮੇਂ ਗੁਰੂ ਜੀ ਨੇ ਪਰੰਪਰਾਗਤ ਸੇਲੀ ਟੋਪੀ ਨੂੰ ਤਿਆਗਦੇ ਹੋਏ ਦੋ ਤਲਵਾਰਾਂ ਧਾਰਨ ਕਰਨ ਦੀ ਆਗਿਆ ਕੀਤੀ। ਆਗਿਆ ਮੁਜਬ ਬਾਬਾ ਬੁੱਢਾ ਜੀ ਨੇ ਆਪ ਜੀ ਨੂੰ ਮੀਰੀ ਅਤੇ ਪੀਰੀ ਨਾਮਕ ਦੋ ਤਲਵਾਰਾਂ ਧਾਰਨ ਕਰਵਾਈਆਂ। ਇਹਨਾਂ ਵਿਚੋਂ ਇਕ ਤਲਵਾਰ ਅਜ਼ਮਤ ਦੀ ਅਤੇ ਦੂਜੀ ਜ਼ੁਲਮ ਖਿਲਾਫ਼ ਸੰਘਰਸ਼ ਦੀ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਫੁਰਮਾਇਆ ਕਿ ਗੁਰੂ ਘਰ ਵਿਚ ਇਹ ਦੋਵੇਂ ਸ਼ਕਤੀਆਂ ਸੰਤ (ਪੀਰੀ) ਅਤੇ ਸਿਪਾਹੀ (ਰਾਜਸੀ ਤਾਕਤ-ਮੀਰੀ) ਇਕੱਠੇ ਹੀ ਕੰਮ ਕਰਨਗੇ। ਉਨ੍ਹਾਂ ਅਨੁਸਾਰ ਇਕ ਚੰਗਾ ਚੰਗਾ ਸੰਤ ਹੀ ਚੰਗਾ ਸਿਪਾਹੀ ਬਣ ਸਕਦਾ ਹੈ ਅਤੇ ਚੰਗਾ ਸਿਪਾਹੀ ਹੀ ਚੰਗਾ ਸੰਤ। ਇਸ ਬਾਬਤ ਢਾਡੀ ਨੱਥ ਮੱਲ ਅਤੇ ਮੀਰ ਅਬਦੁੱਲਾ ਨੇ ਇੰਜ ਸਿਫਤ ਕੀਤੀ ਹੈ-

ਦੋ ਤਲਵਾਰਾਂ ਬੱਧੀਆਂ ਇਕ ਮੀਰੀ ਦੀ ਇਕ ਪੀਰੀ ਦੀ।<br>
ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਫਕੀਰ ਦੀ।...<br>
ਪਗ ਤੇਰੀ ਕੀ ਜਹਾਂਗੀਰ ਦੀ।<br>
(ਕਵੀ ਸੋਹਨ, ਗੁਰਬਿਲਾਸ ਪਾਤਸ਼ਾਹੀ ਛੇਵੀਂ, ਇੰਦਰ ਸਿੰਘ ਗਿੱਲ, (ਸੰ.), ਪੰ. 227)

**2.6.2 ਸਿੱਖਾਂ ਦੀ ਸ਼ਸ਼ਤਰ ਸਿਖਲਾਈ**

ਗੁਰੂ ਸਾਹਿਬ ਨੇ ਤਖਤ ਨਸ਼ੀਨੀ ਸਮੇਂ ਸੰਗਤਾਂ ਨੂੰ ਘੋੜ-ਸਵਾਰੀ ਸਿੱਖਣ, ਕੁਸ਼ਤੀਆਂ-ਗਤਕੇ ਅਤੇ ਵਰਜਿਸ਼ ਕਰਨ ਦੇ ਹੁਕਮ ਦਿੰਦੇ ਹੋਏ ਨੌਜਵਾਨਾਂ ਨੂੰ ਆਪਣੀ ਜਵਾਨੀ ਗੁਰੂ ਦੇ ਸਨਮੁੱਖ ਅਰਪਣ ਕਰਨ ਦੇ ਹੁਕਮ ਜਾਰੀ ਕੀਤੇ ਗਏ। ਗੁਰੂ ਸਾਹਿਬ ਨੇ ਫੁਰਮਾਇਆ ਕਿ ਅੱਜ ਤੋਂ ਸਿੱਖ ਸ਼ਸਤਰ ਵੀ ਪਹਿਨਿਆ ਕਰਨ। ਹੁਣ ਸਿਮਰਨ ਦੇ ਨਾਲ ਸ਼ਸਤਰ ਅਭਿਆਸ ਵੀ ਜਰੂਰੀ ਕਰ ਦਿੱਤਾ ਗਿਆ।

**2.6.3 ਉਪਹਾਰਾਂ ਦੀ ਕਿਸਮ ਵਿਚ ਤਬਦੀਲੀ**

ਗੁਰੂ ਸਾਹਿਬ ਨੇ ਸੰਗਤ ਨੂੰ ਸੰਬੋਧਨ ਕਰਦੇ ਹੋਏ ਉਹਨਾਂ ਨੂੰ ਵਧੀਆ ਘੋੜਿਆਂ ਅਤੇ ਸ਼ਸਤਰਾਂ ਦੀ ਭੇਟਾ ਲਿਆਉਣ ਦੇ ਹੁਕਮ ਦਿੱਤੇ। ਸਿੱਖਾਂ ਨੂੰ ਹਥਿਆਰਬੰਦ ਸੰਤ ਬਣਾਉਣ ਲਈ ਇਹ ਸਮੇਂ ਦੀ ਮੰਗ ਸੀ। ਇਸ ਮੰਗ ਨੂੰ ਸਿੱਖਾਂ ਨੇ ਬੜ੍ਹੇ ਉਤਸ਼ਾਹ ਨਾਲ ਪੂਰਾ ਕੀਤਾ। ਗੁਰੂ ਜੀ ਨੇ ਕਿਹਾ ਕਿ ਅੱਗੇ ਤੋਂ ਸਾਡਾ ਧਰਮ ਤੇ ਰਾਜਨੀਤੀ ਇਕ ਹੋਣਗੇ, ਪਰ ਧਰਮ ਰਾਜਨੀਤੀ ਦੇ ਅਧੀਨ ਨਹੀਂ ਸਗੋਂ ਧਰਮ ਤੋਂ ਸੇਧ ਲੈ ਕੇ ਹੀ ਰਾਜਨੀਤੀ ਕੀਤੀ ਜਾਵੇਗੀ। ਮੌਜੂਦਾ ਸਮੇਂ ਅਕਾਲ ਤਖਤ ਅਤੇ ਦਰਬਾਰ ਸਾਹਿਬ ਦੇ ਵਿਚਕਾਰ ਲੱਗੇ ਦੋ ਨਿਸ਼ਾਨ ਸਾਹਿਬਾਂ ਵਿਚੋਂ ਦਰਬਾਰ ਸਾਹਿਬ ਵਾਲੇ ਪਾਸੇ ਦੇ ਨਿਸ਼ਾਨ ਸਾਹਿਬ ਦੀ ਉਚਾਈ ਦੂਸਰੇ ਨਾਲੋਂ ਜਰਾ ਕੁ ਵੱਧ ਹੋਣੀ ਇਸੇ ਗੱਲ ਦਾ ਪ੍ਰਤੀਕ ਹੈ ਕਿ ਧਰਮ ਦਾ ਸਥਾਨ ਰਾਜਨੀਤੀ ਨਾਲੋਂ ਉੱਚਾ ਹੈ। ਇਸ ਤਰ੍ਹਾਂ ਗੁਰੂ ਜੀ ਨੇ ਸੰਸਾਰ ਨੂੰ ਇਕ ਨਵਾਂ ਸਿਧਾਂਤ ਦਿੱਤਾ।

**2.6.4 ਬੀਰ ਕਾਵਿ ਨੂੰ ਉਤਸ਼ਾਹਿਤ ਕਰਨਾ**

ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਕਵੀਆਂ ਅਤੇ ਢਾਡੀਆਂ ਨੂੰ ਵੰਗਾਰਦੇ ਹੋਏ ਕੌਮ ਨੂੰ ਸੂਰਬੀਰਾਂ ਦੇ ਇਤਿਹਾਸ ਨਾਲ ਜੋੜ ਕੇ ਅਜਿਹੀਆਂ ਰਚਨਾਵਾਂ ਲਿਖਣ ਲਈ ਪ੍ਰੇਰਿਆ ਜਿਸ ਨਾਲ ਲੋਕਾਂ ਦਾ ਖੂਨ ਖੌਲ ਉਠੇ, ਜਵਾਨੀ ਜਾਗ ਉਠੇ ਅਤੇ ਢਾਡੀਆਂ ਦੀਆਂ ਜੋਸ਼ ਭਰਪੂਰ ਸੁਰਾਂ ਨਾਲ ਸੰਗਤਾਂ ਵਿਚ ਜੂਝ ਮਰਨ ਦਾ ਚਾਅ ਪੈਦਾ ਹੋ ਜਾਵੇ। ਗੁਰੂ ਜੀ ਦੀ ਇਸ ਵੰਗਾਰ ਸਦਕਾ ਪਹਿਲਾਂ 52 ਸੂਰਮਿਆਂ ਨੇ ਆਪਣੀ ਜਵਾਨੀ ਅਰਪਿਤ ਕੀਤੀ। ਇਹਨਾਂ ਨੂੰ ਗੁਰੂ ਸਾਹਿਬ ਨੇ ਆਪਣੇ ਅੰਗ ਰੱਖਿਅਕਾਂ ਦੇ ਰੂਪ ਵਿਚ ਨਿੱਜੀ ਨਿਗਰਾਨੀ ਵਿਚ ਰੱਖ ਲਿਆ। ਹੌਲੀ-ਹੌਲੀ 400 ਹੋਰ ਸੂਰਬੀਰਾਂ ਨੇ ਖੁਦ ਨੂੰ ਗੁਰੂ ਜੀ ਦੇ ਸਮਰਪਿਤ ਕਰ ਦਿੱਤਾ। ਇਹਨਾਂ ਦੇ 100-100 ਦੇ ਚਾਰ ਜਥੇ ਬਣਾ ਕੇ ਭਾਈ ਪਿਰਾਗਾ, ਭਾਈ ਬਿਧੀ ਚੰਦ, ਭਾਈ ਪੈੜਾ ਅਤੇ ਭਾਈ ਜੇਠਾ ਜੀ ਨੂੰ ਇਹਨਾਂ ਜਥਿਆਂ ਦੇ ਸੈਨਾਪਤੀ ਬਣਾਇਆ। ਇਹ ਸਿੱਖ ਸੈਨਾ ਦੇ ਪਹਿਲੇ ਚਾਰ ਸੈਨਾਪਤੀ ਬਣੇ-

ਬਿਧੀਆ ਪੈੜਾ ਔਰ ਪਿਰਾਣਾ।ਚੌਥਾ ਜੇਠਾ ਕਹੋ ਬਖਾਣਾ।

ਸਹਸ ਸਹਸ ਤਾਬਿਆ ਇਨ ਦੀਏ।ਚਾਰੋਂ ਸਿਖ ਸੈਨਾਪਤਿ ਕੀਏ।

( ਸਤਿਬੀਰ ਸਿੰਘ, ਕਥਾ ਪੁਰਾਤਨ ਇਉਂ ਸੁਣੀ, ਪੰ. 59)

**2.6.5 ਅਕਾਲ ਤਖਤ ਦੀ ਸਥਾਪਨਾ**

ਛੇਵੇਂ ਪਾਤਸ਼ਾਹ ਨੇ ਸਿੱਖ ਸੰਗਤਾਂ ਨੂੰ ਦੁਨਿਆਵੀ ਤਖਤ ਨੂੰ ਤਿਆਗ ਕੇ ਕੇਵਲ ਸੱਚੇ ਤਖਤ ਅੱਗੇ ਸਿਰ ਝੁਕਾਉਣ ਦੀ ਤਾਕੀਦ ਕਰਦੇ ਹੋਏ 1606 ਈ. ਵਿਚ ਅਕਾਲ ਤਖਤ ਦੀ ਨੀਂਹ ਰੱਖੀ, ਜਿਸ ਦੀ ਉਸਾਰੀ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਕੀਤੀ-

ਕਿਸੀ ਰਾਜ ਨਹਿ ਹਾਥ ਲਗਾਇਓ।

ਬੁਢਾ ਅਰ ਗੁਰਦਾਸ ਬਣਾਇਓ।(ਕਵੀ ਸੋਹਨ, ਗੁਰਬਿਲਾਸ ਪਾਤਸ਼ਾਹੀ ਛੇਵੀਂ, ਪੰ. 224)

ਇਸ ਤਖਤ ਦੀ ਸਥਾਪਨਾ ਵੀਹ ਦਿਨਾਂ ਵਿਚ ਹੋ ਗਈ। ਪਾਤਸ਼ਾਹ ਆਪ ਢਾਲ, ਤਲਵਾਰਾਂ, ਕਲਗੀ ਅਤੇ ਬਾਜ਼ੂ ਬੰਦ ਆਦਿ ਸਜਾ ਕੇ ਇਥੇ ਬਿਰਾਜਦੇ। ਇਸ ਤਖਤ ਦੀ ਸੰਭਾਲ ਅਤੇ ਮਰਿਆਦਾ ਦੀ ਜਿੰਮੇਵਾਰੀ ਭਾਈ ਗੁਰਦਾਸ ਜੀ ਨੂੰ ਸੌਂਪੀ ਗਈ।

**2.6.6 ਨਿਤਨੇਮ**

ਗੁਰੂ ਜੀ ਦੇ ਰੋਜ਼ਾਨਾ ਦੇ ਪ੍ਰੋਗਰਾਮ ਵਿਚ ਭਗਤੀ ਅਤੇ ਸ਼ਕਤੀ ਦੋਹਾਂ ਦਾ ਸੁੰਦਰ ਸੁਮੇਲ ਸੀ। ਗੁਰੂ ਸਾਹਿਬ ਸ਼ਾਹਾਨਾ ਠਾਠ-ਬਾਠ ਅਤੇ ਤਾਕਤ ਦੇ ਪ੍ਰਤੀਕ ਬਾਜ਼ ਨਾਲ ਤਖਤ ਉਪਰ ਬਿਰਾਜਦੇ। ਗੁਰਬਾਣੀ ਕੀਰਤਨ ਦੇ ਨਾਲ-ਨਾਲ ਬੀਰ ਰਸੀ ਵਾਰਾਂ ਸੁਣਦੇ। ਇਹਨਾਂ ਬੀਰ ਰਸੀ ਵਾਰਾਂ ਦੀਆਂ ਧੁਨੀਆਂ ਨੂੰ ਪੰਜਵੇਂ ਪਾਤਸ਼ਾਹ ਨੇ ਪਹਿਲਾਂ ਹੀ ਆਦਿ ਗ੍ਰੰਥ ਸਾਹਿਬ ਦੀਆਂ ਵਾਰਾਂ ਉਪਰ ਅੰਕਿਤ ਕਰਵਾ ਦਿੱਤਾ ਸੀ, ਪਰ ਇਹਨਾਂ ਬੀਰ ਰਸੀ ਧੁਨੀਆਂ ਨੂੰ ਗਾਉਣ ਅਤੇ ਸੁਣਨ ਦੀ ਪਿਰਤ ਛੇਵੇਂ ਪਾਤਸ਼ਾਹ ਨੇ ਪਾਈ। ਆਦਿ ਗ੍ਰੰਥ ਵਿਚ ਅੰਕਿਤ ਵਾਰਾਂ ਨੂੰ ਬੀਰ ਰਸੀ ਢੰਗ ਨਾਲ ਗਾਉਣ ਕਰਕੇ ਜਿਥੇ ਸੰਗਤਾਂ ਆਤਮਿਕ ਰੰਗ ਵਿਚ ਰੰਗੀਆਂ ਜਾਂਦੀਆਂ, ਉਥੇ ਉਹਨਾਂ ਵਿਚ ਧਰਮ ਯੁੱਧ ਲਈ ਜੋਸ਼ ਵੀ ਪੈਦਾ ਹੋ ਜਾਂਦਾ। ਧਰਮ ਦੀ ਰੱਖਿਆ ਲਈ ਸ਼ਸਤਰ ਅਤੇ ਸਿਆਸਤ ਨੂੰ ਵਰਤਣ ਦੀ ਰੀਤ ਛੇਵੇਂ ਪਾਤਸ਼ਾਹ ਜੀ ਨੇ ਤੋਰੀ। ਗੁਰੂ ਜੀ ਸੰਗਤਾਂ ਨੂੰ ਨਿਤ ਇਹੀ ਹੁਕਮ ਦਿੰਦੇ ਅਤੇ ਦੇਸ਼-ਵਿਦੇਸ਼ ਵਿਚ ਵੀ ਇਹੀ ਸੰਦੇਸ਼ ਭੇਜਦੇ ਕਿ ਉਹ ਸ਼ਸਤਰਾਂ, ਘੋੜਿਆਂ ਜਾਂ ਅਜਿਹੇ ਸਮਾਨ ਨੂੰ ਗੁਰੂ ਘਰ ਵਿਚ ਭੇਟ ਕਰਨ ਜੋ ਬਦਲਦੇ ਹਾਲਾਤਾਂ ਵਿਚ ਵਰਤਿਆ ਜਾ ਸਕੇ। ਆਪ ਹਮੇਸ਼ਾਂ ਸੰਗਤਾਂ ਵਿਚ ਇਹੀ ਪ੍ਰਚਾਰ ਕਰਦੇ ਕਿ "ਗੁਲਾਮੀ ਦੀ ਜ਼ਿੰਦਗੀ ਨਾਲੋਂ ਅਣਖ ਦੀ ਮੌਤ ਚੰਗੀ ਹੈ, ਸੋ ਧਰਮ ਦਾ ਪੱਲਾ ਫੜ੍ਹ ਕੇ ਹਮੇਸ਼ਾਂ ਅਧਰਮ ਦਾ ਨਾਸ ਕਰਨ ਲਈ ਤਿਆਰ ਰਹਿਣਾ ਹੈ। ਗੁਰਮਤਿ ਸਿਧਾਂਤਾਂ ਤੇ ਪਹਿਰਾ ਦਿੰਦੇ ਹੋਏ ਜੋ ਬਗਾਵਤ ਪੰਚਮ ਪਾਤਸ਼ਾਹ ਨੇ ਆਪਣੀ ਸ਼ਹੀਦੀ ਦੇ ਕੇ ਕੀਤੀ ਸੀ, ਉਸ ਨੂੰ ਜਾਰੀ ਰੱਖਣਾ ਹੈ।" ਗੁਰੂ ਸਾਹਿਬ ਦੇ ਇਹਨਾਂ ਸੰਦੇਸ਼ਾਂ ਦੀ ਚਰਚਾ ਗੁਰਬਿਲਾਸ ਵਿਚ ਬੜ੍ਹੇ ਵਿਸਥਾਰ ਵਿਚ ਹੋਈ ਮਿਲਦੀ ਹੈ। ਸਮਾਜ ਦੇ ਤ੍ਰਿਸਕਾਰਤ ਲੋਕ ਗੁਰੂ ਸਾਹਿਬ ਪਾਸ ਪਰਵਾਨਿਆਂ ਵਾਂਗ ਆ ਜੁੜੇ। ਸਿੱਖ ਸੂਰਮੇ ਨਿੱਤ ਗੁਰੂ ਜੀ ਦੀ ਸੁਯੋਗ ਅਗਵਾਈ ਹੇਠ ਸ਼ਸਤਰ ਵਿਦਿਆ ਦਾ ਅਭਿਆਸ ਕਰਦੇ ਅਤੇ ਸ਼ਿਕਾਰ ਖੇਡਦੇ। ਬਹੁਤ ਜਲਦ ਗੁਰੂ ਸਾਹਿਬ ਪਾਸ ਸ਼ਸਤਰਾਂ, ਘੋੜਿਆਂ ਅਤੇ ਸੈਨਿਕਾਂ ਦੀ ਭਰਮਾਰ ਹੋ ਗਈ। ਹਕੂਮਤ ਦਾ ਸਤਾਇਆ ਹਰ ਵਿਅਕਤੀ ਆਪ ਪਾਸ ਆ ਕੇ ਸੁਰੱਖਿਅਤ ਮਹਿਸੂਸ ਕਰਦਾ। ਜਹਾਂਗੀਰ ਤੋਂ ਤੰਗ ਆਇਆ ਜੈਸਲਮੇਰ ਦਾ ਰਾਜਪੂਤ ਰਾਜਾ ਰਾਮ ਪ੍ਰਤਾਪ ਇਸ ਦੀ ਮਿਸਾਲ ਹੈ, ਜੋ ਗੁਰੂ ਜੀ ਦੀ ਸ਼ਰਣ ਵਿਚ ਆ ਕੇ ਸਦਾ ਲਈ ਉਨ੍ਹਾਂ ਦਾ ਮੁਰੀਦ ਹੋ ਗਿਆ।

ਗੁਰੂ ਪਾਤਸ਼ਾਹ ਨੇ ਰਾਤ ਦੇ ਸਮੇਂ ਹਰਿਮੰਦਰ ਸਾਹਿਬ ਦੇ ਚੌਗਿਰਦੇ ਬਿਗਲਾਂ ਦੀ ਗੂੰਜ, ਜੋਤਾਂ ਦੀ ਚਮਕ ਅਤੇ ਉਤੇਜਿਤ ਕਰਨ ਵਾਲੀਆਂ ਧੁਨਾਂ ਵਿਚ ਸ਼ਬਦ ਗਾਇਣ ਦੀ ਪਰੰਪਰਾ ਆਰੰਭ ਕੀਤੀ। ਆਪ ਜੀ ਸਮੇਂ-ਸਮੇਂ ਅਕਾਲ ਤਖਤ ਦੇ ਸਾਹਮਣੇ ਸਿੱਖਾਂ ਦੇ ਸਰੀਰਕ ਬਲ ਨੂੰ ਪਰਖਣ ਲਈ ਮੁਕਾਬਲੇ ਕਰਵਾਉਂਦੇ, ਜਿਸ ਨਾਲ ਸਿੱਖ ਲਹਿਰ ਵਿਚ ਇਕ ਨਵੇਂ ਜੋਸ਼ ਦਾ ਸੰਚਾਰ ਹੋ ਗਿਆ। ਆਪ ਜੀ ਨਾਲ ਜੁੜਨ ਵਾਲੇ ਲੋਕਾਂ ਦੀ ਕੋਈ ਮੰਗ ਨਹੀਂ ਸੀ, ਉਹ ਤਾਂ ਆਪ ਜੀ ਦੇ ਪ੍ਰੇਮ ਅਤੇ ਮਿਹਰ ਦੀ ਨਜ਼ਰ ਉਪਰ ਹੀ ਸਭ ਕੁਝ ਨਿਛਾਵਰ ਕਰਨ ਲਈ ਤਤਪਰ ਰਹਿੰਦੇ ਸਨ। ਗੁਰੂ ਜੀ ਸਭ ਨੂੰ ਇਕ ਘੋੜਾ ਅਤੇ ਸ਼ਸਤਰ ਬਖਸ਼ਦੇ। ਗੁਰੂ ਸਾਹਿਬ ਦੇ ਅਜਿਹੇ ਕ੍ਰਾਂਤੀਕਾਰੀ ਕਦਮਾਂ ਸਦਕਾ ਅਰਾਮ ਪ੍ਰਸਤ ਮਸੰਦ ਭੈਅਭੀਤ ਹੋ ਗਏ ਅਤੇ ਮਾਤਾ ਗੰਗਾ ਜੀ ਪਾਸ ਪਹੁੰਚ ਗਏ। ਉਹਨਾਂ ਨੇ ਮਾਤਾ ਜੀ ਨੂੰ ਕਿਹਾ ਕਿ ਗੁਰੂ ਜੀ ਨੇ ਗੁਰੂ ਨਾਨਕ ਜੀ ਦੀਆਂ ਸਿੱਖਿਆਂਵਾਂ ਨੂੰ ਵਿਸਾਰ ਕੇ ਦੂਸਰਾ ਰਸਤਾ ਅਖਤਿਆਰ ਕਰ ਲਿਆ ਹੈ, ਜੋ ਕਿ ਠੀਕ ਨਹੀਂ। ਇਸ ਦੇ ਉਤਰ ਵਿਚ ਮਾਤਾ ਜੀ ਨੇ ਆਪਣੇ ਗੁਰੂ ਪੁੱਤਰ ਨਾਲ ਹੀ ਸਹਿਮਤੀ ਜਤਾਈ-

ਸੁਨਹੁ ਮਾਤਾ ਤੁਮ ਸੁਤ ਕਿਆ ਕਰੀ।ਰੀਤ ਗੁਰ ਨਾਨਕ ਨਹਿੰ ਧਰੀ।

ਮਾਤ ਕਹਾ ਇਸ ਨਰ ਨਹੀਂ ਜਾਨੋ।ਸਤਿ ਪਰਮੇਸਰ ਨਿਸਚੈ ਮਾਨੋ।( ਉਹੀ, ਪੰ. 223)

ਗੁਰੂ ਜੀ ਦੇ ਅਨੇਕਾਂ ਸਮਕਾਲੀ ਅਤੇ ਕਈ ਆਧੁਨਿਕ ਇਤਿਹਾਸਕਾਰ ਵੀ ਉਨ੍ਹਾਂ ਦੀ ਜੰਗੀ ਨੀਤੀ ਉਪਰ ਕਿੰਤੂ ਕਰਦੇ ਹਨ। ਅਸਲ ਵਿਚ ਉਹ ਗੁਰੂ ਜੀ ਦੀ ਪ੍ਰਤਿਭਾ ਨੂੰ ਸਹੀ ਰੂਪ ਵਿਚ ਸਮਝ ਨਹੀਂ ਸਕੇ। ਭਾਈ ਗੁਰਦਾਸ ਜੀ ਇਹਨਾਂ ਸ਼ੰਕਾਲੂਆਂ ਨੂੰ ਅਨੇਕਾਂ ਉਦਾਹਰਨਾਂ ਦਿੰਦੇ ਹੋਏ ਸਮਝਾਉਂਦੇ ਹਨ ਕਿ ਬੇਮੁੱਖਾਂ ਅਤੇ ਜ਼ਾਲਮਾਂ ਨੂੰ ਸੋਧਣ ਲਈ ਉਹਨਾਂ ਨਾਲ ਲੋਹਾ ਲੈਣਾ ਵੀ ਇਕ ਮਜਬੂਰੀ ਬਣ ਜਾਂਦੀ ਹੈ-

ਜਿਉਂ ਮਣਿ ਕਾਲੇ ਸਪੁ ਸਿਰ, ਹੱਸ ਦੇਇ ਨ ਜਾਣੀ।

ਜਾਣ ਕਥੂਰੀ ਮਿਰਗ ਤਨ, ਮਰ ਮੁਕੈ ਆਣੀ।...

ਬੇਮੁਖਾ ਲੋਹਾ ਸਾਧੀਐ, ਵਗਦੀ ਵਾਦਾਣੀ।( ਵਾਰਾਂ ਭਾਈ ਗੁਰਦਾਸ, ਵਾਰ 34)

ਸਮੇਂ ਦੇ ਬੀਤਣ ਨਾਲ ਇਹ ਸ਼ੰਕਾਲੂ ਵੀ ਗੁਰੂ ਸਾਹਿਬ ਦੀ ਨਵੀਂ ਨੀਤੀ ਦੇ ਸਮਰਥਕ ਬਣ ਗਏ। ਇਸ ਤਰ੍ਹਾਂ ਗੱਦੀ ਉਪਰ ਬਿਰਾਜਮਾਨ ਹੋਣ ਦੇ ਪਹਿਲੇ ਪੰਜ ਸਾਲਾਂ ਵਿਚ ਹੀ ਗੁਰੂ ਜੀ ਦੀ ਸ਼ਕਤੀ ਅਤੇ ਸ਼ਾਨ ਦੀਆਂ ਦੂਰ-ਦੂਰ ਤੱਕ ਧੁੰਮਾਂ ਪੈ ਗਈਆਂ।

**2.6.7 <u>ਲੋਹਗੜ੍ਹ ਦੀ ਉਸਾਰੀ</u>**

1609 ਈ. ਵਿਚ ਲੋਹਗੜ੍ਹ ਦੀ ਸਥਾਪਨਾ ਨਾਲ ਅੰਮ੍ਰਿਤਸਰ ਵਿਰੋਧੀਆਂ ਦੀ ਨਜ਼ਰ ਵਿਚ ਰੜਕਣ ਲੱਗ ਪਿਆ। ਗੁਰੂ ਸਾਹਿਬ ਦੀ ਅਗਵਾਈ ਵਿਚ ਸਿੱਖ ਲਹਿਰ ਦੀ ਚੜ੍ਹਤ ਦਿਨੋ-ਦਿਨ ਵੱਧ ਰਹੀ ਸੀ। ਇਧਰ ਜਹਾਂਗੀਰ ਨੇ 1610 ਈ. ਵਿਚ ਪੰਜਾਬ ਦਾ ਗਵਰਨਾਰ ਮੁੜ ਮੁਰਤਜ਼ਾ ਖਾਨ ਨੂੰ ਬਣਾ ਦਿੱਤਾ। ਗੁਰੂ ਘਰ ਦੇ ਵਿਰੋਧੀਆ ਨੇ ਉਸ ਕੋਲ ਗੁਰੂ ਘਰ ਦੀ ਵੱਧਦੀ ਸ਼ਕਤੀ ਨੂੰ ਮੁਜ਼ਲ ਹਕੂਮਤ ਲਈ ਨੁਕਸਾਨ ਦਾ ਇਕ ਦੱਸਦੇ ਹੋਏ ਖੂਬ ਭੜਕਾਇਆ।ਮੁਰਤਜ਼ਾ ਖਾਨ ਨੇ ਇਹ ਸਭ ਖਬਰਾਂ ਬਾਦਸ਼ਾਹ ਤੱਕ ਪੁਚਾਦਿੱਤੀਆਂ।ਬਾਦਸ਼ਾਹ ਜਹਾਂਗੀਰ ਦੇ ਇਕ ਨਿਕਟ ਅਹਿਲਕਾਰ ਵਜ਼ੀਰ ਖਾਨ ਨੇ ਬਾਦਸ਼ਾਹ ਨੂੰ ਸਮਝਾਉਂਦੇ ਹੋਏ ਗੁਰੂ ਸਾਹਿਬ ਪ੍ਰਤੀ ਪੈਦਾ ਹੋਈਆਂ ਗਲਤ ਫਹਿਮੀਆਂ ਨੂੰ ਦੂਰ ਕਰ ਦਿੱਤਾ। 1612 ਈ. ਵਿਚ ਗੁਰੂ ਸਾਹਿਬ ਨੇ ਲਾਹੌਰ ਵਿਚ ਪੰਜਵੇਂ ਪਾਤਸ਼ਾਹ ਜੀ ਦੇ ਸ਼ਹੀਦੀ ਅਸਥਾਨ ਉਪਰ ਯਾਦਗਾਰ ਦੀ ਨੀਂਹ ਰੱਖੀ, ਜਿਥੇ ਹੁਣ ਗੁਰਦੁਆਰਾ ਡੇਹਰਾ ਸਾਹਿਬ ਹੈ। ਇਥੇ ਹੀ ਮੀਆਂ ਮੀਰ ਜੀ ਨਾਲ ਮੁਲਾਕਤ ਵੀ ਕੀਤੀ। ਅਨੇਕਾਂ ਪ੍ਰਸਿੱਧ ਹਿੰਦੂ ਅਤੇ ਮੁਸਲਮਾਨ ਫਕੀਰਾਂ ਨੇ ਆਪ ਜੀ ਨਾਲ ਵਿਚਾਰ ਗੋਸ਼ਟੀ ਕਰਕੇ ਆਪ ਜੀ ਦੁਆਰਾ ਧਾਰਨ ਕੀਤੀਆਂ ਦੋ ਤਲਵਾਰਾਂ ਉਪਰ ਕਿੰਤੂ ਕੀਤਾ, ਪਰ ਆਪਨੇ ਸਭ ਨੂੰ ਸੰਤੁਸ਼ਟ ਕਰ ਦਿੱਤਾ। 1614 ਈ. ਵਿਚ ਦੁਆਬੇ ਦੀ ਫੇਰੀ ਸਮੇਂ ਆਪ ਜੀ ਨੇ ਸਿੱਖ ਲਹਿਰ ਨੂੰ ਸ਼ਸਤਰਧਾਰੀ ਅਤੇ ਸੰਤ ਸਿਪਾਹੀ ਸਰੂਪ ਵਿਚ ਢਾਲਣ ਦਾ ਆਪਣਾ ਮਨੋਰਥ ਦੱਸਦੇਹੋਏ ਸਿੱਖਾਂ ਨੂੰ ਸ਼ਸਤਰਧਾਰੀ ਸੰਤ ਸਿਪਾਹੀ ਬਣਾਇਆ।

**2.6.7 <u>ਗਵਾਲੀਅਰ ਵਿਖੇ ਨਜ਼ਰਬੰਦੀ</u>**

ਗੁਰੂ ਸਾਹਿਬ ਦੀ ਇੰਨੀ ਪ੍ਰਸਿੱਧੀ ਨੂੰ ਵੇਖ ਕੇ ਪ੍ਰਿਥੀ ਚੰਦ, ਮਿਹਰਬਾਨ ਅਤੇ ਚੰਦੂ ਨੇ ਆਪਣੀ ਈਰਖਾ ਵੱਸ ਬਾਦਸ਼ਾਹ ਦੇ ਅਜਿਹੇ ਕੰਨ ਭਰੇ ਕਿ ਉਸ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਦੇ ਦਿੱਤੇ। ਗੁਰੂ ਸਾਹਿਬ ਦੇ ਸ਼ਰਧਾਲੂ ਵਜ਼ੀਰ ਖਾਨ ਨੇ ਗੁਰੂ ਜੀ ਨੂੰ ਬਾਦਸ਼ਾਹ ਦੀ ਮਨਸ਼ਾ ਤੋਂ ਜਾਣੂ ਕਰਵਾਉਂਦੇ ਹੋਏ ਖੁਦ ਬਾਦਸ਼ਾਹ ਦੇ ਸ਼ੰਕੇ ਨਿਵਿਰਤ ਕਰਨ ਦੀ ਬੇਨਤੀ ਕੀਤੀ। ਗੁਰੂ ਸਾਹਿਬ ਅਕਾਲ ਤਖਤ ਦੀ ਸੇਵਾ ਭਾਈ ਗੁਰਦਾਸ ਜੀ ਅਤੇ ਹਰਿਮੰਦਰ ਸਾਹਿਬ ਦੀ ਸੇਵਾ ਬਾਬਾ ਬੁੱਢਾ ਜੀ ਨੂੰ ਸੌਂਪ ਕੇ ਅਨੇਕਾਂ ਥਾਵਾਂ ਤੇ ਪੜਾਅ ਕਰਦੇ ਹੋਏ ਦਿੱਲੀ ਪੁੱਜੇ। ਬਾਦਸ਼ਾਹ ਆਪ ਜੀ

ਨੂੰ ਮਿਲ ਕੇ ਬਹੁਤ ਪ੍ਰਭਾਵਿਤ ਹੋਇਆ, ਪ੍ਰੰਤੂ ਇਸ ਦੇ ਨਾਲ ਹੀ ਆਪ ਜੀ ਦੀ ਦਲੇਰੀ, ਹਿੰਮਤ, ਸ਼ਕਤੀ ਅਤੇ ਹਿੰਦੂ-ਮੁਸਲਮਾਨ ਤਬਕਿਆਂ ਵੱਲੋਂ ਮਿਲਦਾ ਸਤਿਕਾਰ ਵੇਖ ਕੇ ਭੈਅਭੀਤ ਹੋ ਗਿਆ ਅਤੇ ਉਸ ਨੇ ਆਪ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰਨ ਦਾ ਹੁਕਮ ਦੇ ਦਿੱਤਾ। ਗਵਾਲੀਅਰ ਦੀ ਨਜ਼ਰਬੰਦੀ ਬਾਰੇ ਵੱਖ-ਵੱਖ ਇਤਿਹਾਸਕਾਰਾਂ ਨੇ ਵਿਭਿੰਨ ਰਾਵਾਂ ਪ੍ਰਸਤੁਤ ਕੀਤੀਆਂ ਹਨ। ਇਹਨਾਂ ਵਿਚ ਦਬਸਤਾਨਿ ਮਜਾਹਿਬ ਦੇ ਕਰਤਾ ਮੁਹਸਿਨ ਫਾਨੀ ਨੇ 12 ਸਾਲਾਂ ਦੇ ਲੰਬੇ ਅਰਸੇ ਦਾ ਜ਼ਿਕਰ ਕੀਤਾ ਹੈ। ਅਠਾਰਵੀਂ ਸਦੀ ਵਿਚ ਭਾਰਤ ਆਏ ਫਾਰਸਟਰ ਨੇ ਇਸ ਨੂੰ ਥੋੜ੍ਹੇ ਸਮੇਂ ਦੀ ਨਜ਼ਰਬੰਦੀ ਕਿਹਾ ਹੈ। ਪ੍ਰੋ. ਸਤਿਬੀਰ ਸਿੰਘ ਆਪਣੀ ਰਚਨਾ ਗੁਰ ਭਾਰੀ ਵਿਚ ਇਸ ਨੂੰ 27 ਮਹੀਨੇ ਦੀ ਕੈਦ ਦੱਸਦਾ ਹੈ। ਭੱਟ ਵਹੀਆਂ ਗ੍ਰਿਫਤਾਰੀ ਦੀ ਮਿਤੀ ਨੂੰ ਤਾਂ ਬਿਆਨ ਨਹੀਂ ਕਰਦੀਆਂ, ਪਰ ਰਿਹਾਈ ਦੀ ਮਿਤੀ ਅਕਤੂਬਰ-ਨਵੰਬਰ 1619 ਈ. ਸਪੱਸ਼ਟ ਕਰਦੀਆਂ ਹਨ। ਤਵਾਰੀਖ ਗੁਰ ਖਾਲਸਾ ਅਤੇ ਸੂਰਜ ਪ੍ਰਕਾਸ਼ ਇਹ ਮਿਤੀ 1617 ਈ. ਬਿਆਨਦੇ ਹਨ। ਇਤਿਹਾਸਕ ਸਰੋਤਾਂ ਦੀ ਰੌਸ਼ਨੀ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇਹ ਨਜ਼ਰਬੰਦੀ 6 ਤੋਂ ਅੱਠ ਮਹੀਨੇ ਤੱਕ ਦੀ ਹੋ ਸਕਦੀ ਹੈ। ਅੰਤ ਆਪਣੀ ਮਾਨਸਿਕ ਪ੍ਰੇਸ਼ਾਨੀ, ਬੇਚੈਨੀ ਦੀ ਬਿਮਾਰੀ ਤੋਂ ਬਚਣ ਲਈ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਉਨ੍ਹਾਂ ਦੀ ਸ਼ਰਤ ਅਨੁਸਾਰ 52 ਰਾਜਿਆਂ ਸਮੇਤ ਰਿਹਾ ਕਰ ਦਿੱਤਾ। ਗੁਰੂ ਸਾਹਿਬ ਨੇ ਬੰਦੀ ਰਾਜਿਆਂ ਨਾਲ ਬਾਦਸ਼ਾਹ ਦੀ ਸੁਲਹ ਕਰਵਾਉਂਦੇ ਹੋਏ ਉਹਨਾਂ ਦੇ ਰਾਜ-ਭਾਗ ਵੀ ਵਾਪਸ ਕਰਵਾਏ। ਗੁਰੂ ਸਾਹਿਬ ਦੀ ਰਿਹਾਈ ਦੀ ਖੁਸ਼ੀ ਵਿਚ ਅੰਮ੍ਰਿਤਸਰ ਵਿਖੇ ਦੀਪਮਾਲਾ ਕੀਤੀ ਗਈ।

ਬਾਦਸ਼ਾਹ ਨੇ ਚੰਦੂ ਅਤੇ ਉਸ ਦੇ ਬੇਟੇ ਤੇ ਪਤਨੀ ਨੂੰ ਗੁਰੂ ਸਾਹਿਬ ਦੇ ਸਪੁਰਦ ਕਰ ਦਿੱਤਾ। ਗੁਰੂ ਜੀ ਨੇ ਇਸ ਪਾਪੀ ਚੰਦੂ ਨੂੰ ਭਾਈ ਬਿਧੀ ਚੰਦ ਦੇ ਹਵਾਲੇ ਕਰ ਦਿੱਤਾ ਪਰ ਉਸ ਦੀ ਪਤਨੀ ਅਤੇ ਬੇਟੇ ਨੂੰ ਨਿਰਦੋਸ਼ ਮੰਨਦੇ ਹੋਏ ਰਿਹਾਅ ਕਰ ਦਿੱਤਾ ਅਤੇ ਸੂਰਮਿਆਂ ਦੁਆਰਾ ਔਰਤਾਂ ਅਤੇ ਨਿਹੱਥਿਆਂ ਉਪਰ ਵਾਰ ਨਾ ਕਰਨ ਨੂੰ ਇੰਜ ਸਪੱਸ਼ਟ ਕੀਤਾ-

ਜੇ ਸੂਰਾ ਬਲਕਾਰ ਧਰਾਵੈ।
ਨਾਰੀ ਪਰ ਨਹਿ ਹਾਥ ਉਠਾਵੈ।( ਕਵੀ ਸੋਹਨ, ਗੁਰਬਿਲਾਸ ਪਾਤਸ਼ਾਹੀ ਛੇਵੀਂ, ਪੰ. 275)

ਜਦੋਂ ਗੁਰੂ ਸਾਹਿਬ ਲਾਹੌਰ ਪੁੱਜੇ ਤਾਂ ਚੰਦੂ ਵੀ ਆਪ ਜੀ ਦੇ ਨਾਲ ਸੀ। ਸੰਗਤਾਂ ਨੂੰ ਉਸ ਉਪਰ ਬਹੁਤ ਰੋਸ ਸੀ, ਜਿਸ ਕਾਰਨ ਉਹਨਾਂ ਨੇ ਚੰਦੂ ਦੇ ਨੱਕ ਵਿਚ ਨਕੇਲ ਪਾ ਕੇ ਬਜ਼ਾਰਾਂ ਵਿਚ ਜਲੂਸ ਕੱਢਿਆ। ਇਸੇ ਦੌਰਾਨ ਪੰਚਮ ਪਾਤਸ਼ਾਹ ਦੇ ਸੀਸ ਵਿਚ ਚੰਦੂ ਦੇ ਕਹਿਣ ਤੇ ਤੱਤੀ ਰੇਤ ਪਾਉਣ ਵਾਲੇ ਗੁਰਦਿੱਤੇ ਭੜਭੂੰਜੇ ਨੇ ਚੰਦੂ ਦੇ ਸਿਰ ਵਿਚ ਕੜਛਾ ਮਾਰ ਕੇ ਉਸ ਨੂੰ ਮਾਰ ਦਿੱਤਾ। ਇਸ ਤੋਂ ਬਾਅਦ ਅੰਮ੍ਰਿਤਸਰ ਪਹੁੰਚ ਕੇ ਗੁਰੂ ਜੀ ਨੇ ਸਿੱਖ ਲਹਿਰ ਨੂੰ ਸੰਗਠਿਤ ਕਰਨ ਦਾ ਕਾਰਜ ਤੇਜ਼ ਕਰ ਦਿੱਤਾ। ਗਵਾਲੀਅਰ ਦੀ ਘਟਨਾ ਤੋਂ ਬਾਅਦ ਬਾਦਸ਼ਾਹ ਗੁਰੂ ਸਾਹਿਬ ਨਾਲ ਦੋਸਤਾਨਾ ਰਿਸ਼ਤਾ ਚਾਹੁੰਦਾ ਸੀ ਅਤੇ ਉਸ ਨੇ ਗੁਰੂ ਜੀ ਦੇ ਕਿਸੇ ਕੰਮ ਵਿਚ ਦਖਲ ਦੇਣਾ ਉਚਿੱਤ ਨਾ ਸਮਝਿਆ, ਜਿਸ ਕਾਰਨ ਗੁਰੂ ਜੀ ਨੂੰ ਗੁਰਮਤਿ ਦੇ ਪ੍ਰਚਾਰ ਤੇ ਪ੍ਰਸਾਰ ਲਈ ਢੁੱਕਵਾਂ ਸਮਾਂ ਮਿਲ ਗਿਆ।

**2.6.9 ਗੁਰਮਤਿ ਦਾ ਪ੍ਰਚਾਰ ਤੇ ਪ੍ਰਸਾਰ**

ਸਿੱਖੀ ਪ੍ਰਚਾਰ ਲਈ ਨਿਰਵਿਘਨ ਅਤੇ ਖੁੱਲ੍ਹਾ ਸਮਾਂ ਮਿਲਣ ਕਾਰਨ ਕਥਾ-ਕੀਰਤਨ, ਘੋੜ-ਸਵਾਰੀ, ਨੇਜ਼ਾ-ਬਾਜ਼ੀ, ਤਲਵਾਰਬਾਜ਼ੀ ਅਤੇ ਸ਼ਸਤਰ ਅਭਿਆਸ ਪਹਿਲਾਂ ਵਾਂਗ ਹੋਣ ਲੱਗਾ। ਗੁਰੂ ਜੀ ਨੇ ਖੁਦ ਮਾਝੇ, ਮਾਲਵੇ ਅਤੇ ਦੁਆਬੇ ਦੇ ਇਲਾਕਿਆਂ ਦਾ ਭ੍ਰਮਣ ਕਰਕੇ ਸੰਗਤਾਂ ਨੂੰ ਸਿੱਖੀ ਨਾਲ ਜੋੜਿਆ। ਗੁਰੂ ਜੀ ਨੇ ਅੰਮ੍ਰਿਤਸਰ ਨੂੰ ਸੁੰਦਰ ਅਤੇ ਮਜ਼ਬੂਤ ਬਣਾਉਣ ਦੀ ਮਨਸ਼ਾ ਹਿਤ ਹਰਿਮੰਦਰ ਸਾਹਿਬ ਦੇ ਸਰੋਵਰ ਦੀ ਪਰਿਕਰਮਾ, ਗੁਰੂ ਕੇ ਲੰਗਰ ਅਤੇ ਅਕਾਲ ਬੁੰਗੇ ਦੀ ਸੇਵਾ ਕਰਵਾਈ। ਅਕਾਲ ਬੁੰਗੇ ਕੋਲ ਇਕ ਚੌੜੇ ਖੂਹ ਦੀ ਖੁਦਵਾਈ ਵੀ ਕਰਵਾਈ। ਪਾਣੀ ਦੀ ਸਮੱਸਿਆ ਨੂੰ ਦੂਰ ਕਰਨ

ਲਈ ਬਿਬੇਕਸਰ, ਰਾਮਸਰ ਅਤੇ ਕੌਲਸਰ ਸਰੋਵਰਾਂ ਦੀ ਖੁਦਵਾਈ ਕਰਵਾਈ। ਦੁਸ਼ਮਣਾਂ ਤੋਂ ਸੁਰੱਖਿਆ ਦੇ ਨਜ਼ਰੀਏ ਤੋਂ ਸ਼ਹਿਰ ਦੇ ਚੌਗਿਰਦੇ ਇਕ ਚੌੜੀ ਅਤੇ ਉੱਚੀ ਕੰਧ ਦੀ ਉਸਾਰੀ ਕਰਵਾਈ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਬਾਅਦ ਪਹਿਲੇ ਗੁਰੂ ਹੋਏ ਹਨ, ਜੋ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਪੰਜਾਬ ਤੋਂ ਬਾਹਰ ਦੂਰ-ਦੂਰ ਤੱਕ ਦੌਰੇ ਕਰਨ ਲਈ ਗਏ। ਗੁਰੂ ਸਾਹਿਬ ਹਰਿਗੋਬਿੰਦਪੁਰ ਦੀ ਜੰਗ ਤੋਂ ਬਾਅਦ ਕਾਫੀ ਸਮਾਂ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਲੰਮੇ ਦੌਰਿਆਂ ਤੇ ਗਏ। ਉਨ੍ਹਾਂ ਨੇ ਅੰਮ੍ਰਿਤਸਰ ਤੋਂ ਸਿਆਲਕੋਟ, ਕਸ਼ਮੀਰ, ਸ੍ਰੀ ਨਗਰ, ਗੁਜਰਾਤ, ਹਾਫ਼ਜ਼ਾਬਾਦ, ਮੰਦਰਾਂ, ਭਾਈ ਕੇ ਮਟਵੀਂ, ਮੰਡਿਆਲੀ, ਰਾਇ ਭੋਇ ਦੀ ਤਲਵੰਡੀ, ਪੱਧਰੀ, ਲਾਹੌਰ, ਗੜ੍ਹ ਮੁਕਤੇਸ਼ਵਰ, ਮੁਰਾਦਾਬਾਦ, ਨਾਨਕ ਮਤੇ, ਥਾਨੇਸਰ, ਕੁਰੂਕਸ਼ੇਤਰ, ਡਰੋਲੀ ਆਦਿ ਸਥਾਨਾਂ ਉਪਰ ਜਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਹੋਰਨਾਂ ਮਤਾਂ ਦੇ ਸਾਧੂਆ, ਪੀਰਾਂ, ਫਕੀਰਾਂ ਦੇ ਸ਼ੰਕੇ ਨਿਵਿਰਤ ਕੀਤੇ।

**2.7 ਸਿੱਖ-ਮੁਗ਼ਲ ਯੁੱਧ**

ਗੁਰੂ ਸਾਹਿਬ ਦੇ ਸਮੇਂ ਦੋ ਮੁਗ਼ਲ ਬਾਦਸ਼ਾਹਾਂ ਨੇ ਰਾਜਗੱਦੀ ਸੰਭਾਲੀ। ਜਹਾਂਗੀਰ ਨੇ ਤਾਂ ਕੁੱਝ ਸਮੇਂ ਬਾਅਦ ਗੁਰੂ ਸਾਹਿਬ ਦੀ ਸ਼ਖਸੀਅਤ ਤੋਂ ਪ੍ਰਭਾਵਿਤ ਹੋ ਕੇ ਦੋਸਤਾਨਾ ਸੰਬੰਧ ਕਾਇਮ ਕਰ ਲਏ ਸਨ, ਪਰ ਉਸ ਦੀ ਮੌਤ ਉਪਰੰਤ ਉਸ ਦਾ ਪੁੱਤਰ ਸ਼ਾਹਜਾਨ ਗੱਦੀ ਤੇ ਬੈਠਾ ਜੋ ਧਾਰਮਿਕ ਪੱਖੋਂ ਸੰਕੀਰਣਤਾ ਦਾ ਦਾਰਨੀ ਸੀ।

**2.7.1 ਸ਼ਾਹਜਹਾਨ ਦੀ ਧਾਰਮਿਕ ਕੱਟੜਤਾ**

ਸਿੱਖੀ ਦੇ ਇਸ ਅਮਨ ਪੂਰਵਕ ਪ੍ਰਚਾਰ ਵਿਚ ਵਿਘਨ ਉਸ ਸਮੇਂ ਪੈਣਾ ਸ਼ੁਰੂ ਹੋਇਆ, ਜਦੋਂ ਬਾਦਸ਼ਾਹ ਜਹਾਂਗੀਰ ਦੀ ਮੌਤ ਤੋਂ ਬਾਅਦ ਉਸ ਦਾ ਸ਼ਹਿਜ਼ਾਦਾ ਸ਼ਾਹਜਹਾਨ ਗੱਦੀ ਤੇ ਬੈਠਾ ਜੋ ਸੰਪਰਦਾਇਕ ਕੱਟੜਤਾ ਦਾ ਧਾਰਨੀ ਸੀ, ਉਸ ਨੇ ਅਨੇਕਾਂ ਮੰਦਿਰਾਂ ਨੂੰ ਢਹਿ-ਢੇਰੀ ਕਰਵਾ ਦਿੱਤਾ ਅਤੇ ਨਵੇਂ ਮੰਦਿਰਾਂ ਦੇ ਨਿਰਮਾਣ ਤੇ ਰੋਕ ਲਗਾ ਦਿੱਤੀ। ਲਾਹੌਰ ਵਿਖੇ ਬਾਉਲੀ ਸਾਹਿਬ ਨੂੰ ਵੀ ਪੂਰ ਦਿੱਤਾ ਗਿਆ। ਇਸ ਤੋਂ ਅਗਲੇ ਖਤਰੇ ਦਾ ਅੰਦਾਜ਼ਾ ਲਗਾਉਂਦੇ ਹੋਏ ਗੁਰੂ ਸਾਹਿਬ ਨੇ ਸਿੱਖਾਂ ਨੂੰ ਸੁਚੇਤ ਅਤੇ ਤਿਆਰ ਰਹਿਣ ਦੀ ਤਾਕੀਦ ਕੀਤੀ। ਇਕ ਹੋਰ ਕਾਰਨ, ਜਿਸ ਨਾਲ ਸਿੱਖ-ਮੁਗ਼ਲ ਸੰਬੰਧ ਵਿਗੜਨੇ ਸ਼ੁਰੂ ਹੋ ਗਏ ਸਨ, ਉਹ ਸੀ, ਲਾਹੌਰ ਦੇ ਕਾਜ਼ੀ ਰੁਸਤਮ ਖਾਂ ਦੀ ਕਨੀਜ਼ ਬੀਬੀ ਕੌਲਾਂ ਦਾ ਸਿੱਖ ਧਰਮ ਦੀ ਪਨਾਹ ਵਿਚ ਆ ਕੇ ਸ਼ਰ੍ਹਾ ਦੀ ਉਲੰਘਣਾ ਕਰਨਾ। ਉਸਨੂੰ ਸਾਈਂ ਮੀਆਂ ਮੀਰ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਨਾਹ ਵਿਚ ਭੇਜ ਦਿੱਤਾ, ਜਿਸ ਉਪਰ ਲਾਹੌਰ ਦਾ ਕਾਜ਼ੀ ਬਹੁਤ ਕ੍ਰੋਧਿਤ ਹੋ ਗਿਆ। ਉਸ ਨੇ ਸ਼ਾਹ ਜਹਾਨ ਪਾਸ ਇਹ ਸ਼ਿਕਾਇਤ ਕੀਤੀ ਕਿ ਗੁਰੂ ਸਾਹਿਬ ਮੁਸਲਮਾਨਾਂ ਦਾ ਧਰਮ ਪਰਿਵਰਤਨ ਕਰ ਰਹੇ ਹਨ। ਜਿਸ ਕਰਕੇ ਬਾਦਸ਼ਾਹ ਬਹੁਤ ਕ੍ਰੋਧਿਤ ਹੋ ਗਿਆ।

**2.7.2 ਅੰਮ੍ਰਿਤਸਰ ਦੀ ਜੰਗ**

ਇਸ ਦੇ ਨਾਲ ਹੀ ਜੋ ਘਟਨਾ ਸਿੱਖਾਂ ਦੀ ਮੁਗ਼ਲਾਂ ਨਾਲ ਪਹਿਲੀ ਜੰਗ ਦਾ ਕਾਰਨ ਬਣੀ, ਉਹ ਸੀ ਸਿੱਖਾਂ ਦੁਆਰਾ ਸ਼ਾਹੀ ਬਾਜ਼ ਵਾਪਿਸ ਨਾ ਕਰਨਾ। ਇਕ ਦਿਨ 1628 ਈ. ਵਿਚ ਗੁੰਮਟਾਲੇ (ਅੰਮ੍ਰਿਤਸਰ) ਪਾਸ ਸ਼ਿਕਾਰ ਖੇਡਦੇ ਸਮੇਂ ਮੁਗ਼ਲਾਂ ਦਾ ਸ਼ਾਹੀ ਬਾਜ਼ ਸਿੱਖਾਂ ਦੇ ਹੱਥ ਲੱਗਣ ਨਾਲ ਸਥਿਤੀ ਬਹੁਤ ਤਣਾਅਪੂਰਨ ਬਣ ਗਈ। ਮੁਗ਼ਲ ਸੈਨਿਕਾਂ ਦੇ ਅਹੰਕਾਰੀ ਸੁਭਾਅ ਕਾਰਨ ਸਿੱਖਾਂ ਨੇ ਬਾਜ਼ ਵਾਪਸ ਦੇਣ ਤੋਂ ਨਾਂਹ ਕਰ ਦਿੱਤੀ। ਸ਼ਾਹ ਜਹਾਨ ਕੋਲ ਇਹ ਖਬਰ ਪਹੁੰਚਣ ਤੇ ਉਸ ਦੇ ਹੁਕਮ ਤੇ ਲਾਹੌਰ ਦੇ ਗਵਰਨਰ ਕੁਲੀਜ ਖਾਂ ਨੇ ਮੁਖਲਿਸ ਖਾਂ ਨੂੰ ਸਿੱਖਾਂ ਵਿਰੁੱਧ ਨਿਪਟਣ ਦਾ ਹੁਕਮ ਦਿੱਤਾ। ਮੁਗ਼ਲ ਫ਼ੌਜ ਲੋਹਗੜ੍ਹ ਕਿਲ੍ਹੇ ਤੱਕ ਪਹੁੰਚ ਗਈ। ਗੁਰੂ ਸਾਹਿਬ ਨੇ ਆਪਣੀ ਬੇਟੀ ਬੀਬੀ ਵੀਰੋ ਦਾ ਵਿਆਹ ਦਾ ਸਥਾਨ ਬਦਲਦੇ ਹੋਏ ਪੂਰੇ ਪਰਿਵਾਰ ਅਤੇ ਬਾਕੀ ਸਿੱਖ ਸੰਗਤ ਨੂੰ ਅੰਮ੍ਰਿਤਸਰ ਤੋਂ ਬਾਹਰ ਸੁਰੱਖਿਅਤ ਭੇਜ ਦਿੱਤਾ। ਇਸ ਜੰਗ ਵਿਚ

ਸਿਖ ਵਿਜਈ ਰਹੇ। ਪ੍ਰਸਿੱਧ ਸ਼ਰਧਾਲੂ ਸਿੱਖ ਭਾਈ ਭਾਨੂੰ, ਭਾਈ ਸੁੱਘਾ, ਭਾਈ ਗੋਪਾਲਾ, ਭਾਈ ਬੱਲੂ ਅਤੇ ਭਾਈ ਮੋਹਨ ਆਦਿ ਇਸ ਜੰਗ ਵਿਚ ਸ਼ਹਾਦਤ ਪ੍ਰਾਪਤ ਕਰ ਗਏ। ਮੁਖਲਿਸ ਖਾਂ ਗੁਰੂ ਸਾਹਿਬ ਹੱਥੋਂ ਮਾਰਿਆ ਗਿਆ। ਉਸ ਦੀ ਮੌਤ ਤੇ ਮੁਗ਼ਲ ਫ਼ੌਜ ਦੌੜ ਗਈ। ਇਸ ਹਾਰ ਤੇ ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਬਹੁਤ ਕ੍ਰੋਧਿਤ ਹੋ ਗਿਆ। ਗੁਰੂ ਸਾਹਿਬ ਨੇ ਜੰਗ ਤੋਂ ਝਬਾਲ ਪਹੁੰਚ ਕੇ ਬੀਬੀ ਵੀਰੋ ਦੇ ਅਨੰਦ ਸੰਸਕਾਰ ਨੂੰ ਸੰਪੂਰਨ ਕਰਵਾਇਆ।

### 2.7.3 ਹਰਿਗੋਬਿੰਦਪੁਰ ਦੀ ਜੰਗ

ਸਿੱਖਾਂ ਦੀ ਦੂਸਰੀ ਜੰਗ ਹਰਿਗੋਬਿੰਦਪੁਰ ਦੇ ਸਥਾਨ ਤੇ ਹੋਈ। ਗੁਰੂ ਸਾਹਿਬ ਨੇ ਮੁਕੇਰੀਆਂ ਨੇੜੇ ਚੰਦੂ ਦੇ ਉਜੜੇ ਪਿੰਡ ਰੁਹੀਲਾ ਵਿਖੇ ਮੋੜੀ ਗੱਡ ਕੇ ਨਵਾਂ ਨਗਰ ਹਰਿਗੋਬਿੰਦਪੁਰ ਵਸਾਇਆ। ਇਸ ਨਗਰ ਵਿਚ ਧਰਮਸ਼ਾਲਾ ਅਤੇ ਮਸਜਿਦ ਦੀ ਉਸਾਰੀ ਕਰਵਾਉਣ ਉਪਰੰਤ ਇਸ ਨੂੰ ਯੁੱਧ ਨੀਤਕ ਪੱਖੋਂ ਮਜ਼ਬੂਤ ਕਰਨ ਦੇ ਇਰਾਦੇ ਤਹਿਤ ਜਦੋਂ ਗੁਰੂ ਜੀ ਫਸੀਲ ਬਣਵਾਉਣ ਲੱਗੇ ਤਾਂ ਚੰਦੂ ਦਾ ਰਿਸ਼ਤੇਦਾਰ ਭਗਵਾਨ ਦਾਸ ਘੇਰੜ ਸਿੱਖਾਂ ਨਾਲ ਉਲਝ ਪਿਆ। ਉਹ ਇਸ ਨਗਰ ਨੂੰ ਆਪਣੀ ਨਿੱਜੀ ਮਲਕੀਅਤ ਸਮਝਦਾ ਸੀ। ਜਦੋਂ ਉਸ ਨੇ ਗੁਰੂ ਸਾਹਿਬਾਨ ਵਿਰੁੱਧ ਮੰਦੇ ਸ਼ਬਦਾਂ ਦਾ ਪ੍ਰਯੋਗ ਕੀਤਾ ਤਾਂ ਸਿੱਖਾਂ ਨੇ ਗੁੱਸੇ ਵਿਚ ਆ ਕੇ ਉਸ ਨੂੰ ਮਾਰ ਦਿੱਤਾ। ਉਸ ਦੀ ਮੌਤ ਦੀ ਖਬਰ ਸੁਣ ਕੇ ਉਸ ਦੇ ਪੁੱਤਰ ਰਤਨ ਚੰਦ ਨੇ ਚੰਦੂ ਦੇ ਪੁੱਤਰ ਨੂੰ ਨਾਲ ਲੈ ਕੇ ਜਲੰਧਰ ਦੇ ਸੂਬੇਦਾਰ ਅਬਦੁੱਲਾ ਖਾਨ ਕੋਲੋਂ ਮਦਦ ਮੰਗੀ। ਸੂਬੇਦਾਰ ਨੇ ਦਸ ਹਜ਼ਾਰ ਫੌਜ ਨਾਲ 1630 ਈ. ਵਿਚ ਹਰਗੋਬਿੰਦਪੁਰ ਉਤੇ ਚੜ੍ਹਾਈ ਕਰ ਦਿੱਤੀ। ਬੇਸ਼ੱਕ ਇਸ ਜੰਗ ਵਿਚ ਗੁਰੂ ਸਾਹਿਬ ਦੇ ਅਨੇਕਾਂ ਸ਼ਰਧਾਲੂ ਸਿੱਖ (ਜਿਹਨਾਂ ਵਿਚ ਭੱਟ ਭਿੱਖਾਂ ਦੇ ਪੁੱਤਰ ਮਥੁਰਾ ਭੱਟ ਵੀ ਸ਼ਾਮਿਲ ਸਨ) ਸ਼ਹੀਦ ਹੋ ਗਏ, ਪਰ ਫਿਰ ਵੀ ਜਿੱਤ ਸਿੱਖਾਂ ਦੀ ਹੋਈ। ਇਸ ਜੰਗ ਵਿਚ ਜਲੰਧਰ ਦੇ ਸੂਬੇਦਾਰ ਦੀ ਮੌਤ ਨਾਲ ਜਲੰਧਰ-ਦੁਆਬੇ ਵਿਚੋਂ ਅਨਿਆਂ ਅਤੇ ਜਬਰ ਦਾ ਖਾਤਮਾ ਹੋ ਗਿਆ। ਸਿੱਖਾਂ ਵਿਚ ਨਵੇਂ ਜੋਸ਼ ਅਤੇ ਉਤਸ਼ਾਹ ਦਾ ਸੰਚਾਰ ਹੋਇਆ। ਯੁੱਧ ਉਪਰੰਤ ਗੁਰੂ ਜੀ ਨੇ ਨਗਰ ਦੀ ਚਾਰ-ਦੀਵਾਰੀ ਮੁਕੰਮਲ ਕਰਵਾਈ। ਭਗਵਾਨ ਦਾਸ ਘੇਰੜ ਦੀ ਹਵੇਲੀ ਨੂੰ ਮਸੀਤ ਵਿਚ ਬਦਲ ਦਿੱਤਾ ਗਿਆ, ਜਿਸ ਨਾਲ ਨਗਰ ਵਿਚ ਦੋ ਮਸੀਤਾਂ ਹੋਣ ਕਾਰਨ ਮੁਸਲਮਾਨ ਗੁਰੂ ਜੀ ਦੀ ਨਿਆਂਸ਼ੀਲਤਾ ਅਤੇ ਉਦਾਰਤਾ ਦੇ ਕਾਇਲ ਹੋ ਗਏ।

### 2.7.4 ਮਹਿਰਾਜ ਦੀ ਜੰਗ

ਇਸ ਜੰਗ ਤੋਂ ਬਾਅਦ ਗੁਰੂ ਸਾਹਿਬ ਪਰਿਵਾਰ ਸਮੇਤ ਮਾਲਵੇ ਚਲੇ ਗਏ। ਇਥੇ ਮਰਾਜ (ਮਹਿਰਾਜ) ਵਿਖੇ ਤੀਸਰੀ ਜੰਗ ਹੋਈ ਜਿਸ ਦਾ ਕਾਰਨ ਗੁਰੂ ਸਾਹਿਬ ਲਈ ਭਾਈ ਬਖਤ ਮੱਲ ਅਤੇ ਤਾਰਾ ਚੰਦ ਦੁਆਰਾ ਦੋ ਕਾਬਲੀ ਘੋੜੇ ਬਣੇ ਜੋ ਰਸਤੇ ਵਿਚ ਲਾਹੌਰ ਦੇ ਸੂਬੇਦਾਰ ਕਾਸਮ ਬੇਗ ਨੇ ਖੋਹ ਲਏ। ਗੁਰੂ ਸਾਹਿਬ ਦੇ ਹੁਕਮ ਤੇ ਭਾਈ ਬਿਧੀ ਚੰਦ ਇਹ ਘੋੜੇ ਘਾਹੀ ਅਤੇ ਜੋਤਸ਼ੀ ਬਣ ਕੇ ਉਡਾ ਲਿਆਇਆ। ਇਹ ਖਬਰ ਮਿਲਣ ਤੇ ਮੁਗ਼ਲਾਂ ਨੇ ਲਲਾ ਬੇਗ ਅਤੇ ਕਮਰ ਬੇਗ ਦੀ ਕਮਾਨ ਹੇਠ 1630 ਈ. ਵਿਚ ਗੁਰੂ ਸਾਹਿਬ ਨਾਲ ਗਹਿਗੱਚਵੀਂ ਲੜਾਈ ਕੀਤੀ, ਜਿਸ ਵਿਚ ਗੁਰੂ ਸਾਹਿਬ ਵਿਜਈ ਹੋਏ।(Kirpal singh& Kharak singh, (ed), History of The Sikhs and Their Religion, VOLH 1, NANAK VI GURU HARGOBIND, p 180H ਗੁਰੂ ਹਰਿਗੋਬਿੰਦ ਸਾਹਿਬ: ਜੀਵਨ ਤੇ ਪ੍ਰਤਿਭਾ ਦੇ ਲੇਖਕ ਕੁਲਦੀਪ ਸਿੰਘ ਧੀਰ ਅਨੁਸਾਰ ਇਹ ਘੋੜੇ ਭਾਈ ਕਰੋੜੀ ਮੱਲ ਦੁਆਰਾ ਲਿਆਂਦੇ ਗਏ ਸਨ। ਦੇਖੋ ਪੰ. 89)

### 2.7.5 ਕਰਤਾਰਪੁਰ ਦੀ ਜੰਗ

ਮਹਿਰਾਜ ਦੀ ਜੰਗ ਉਪਰੰਤ ਪਾਤਸ਼ਾਹ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਆਪਣੇ ਸਪੁੱਤਰ ਤੇਗ ਬਹਾਦਰ ਜੀ ਦੀ ਸ਼ਾਦੀ ਲਈ ਕਰਤਾਰਪੁਰ ਆ ਗਏ, ਜਿਥੇ ਬੀਬੀ ਗੁਜਰੀ ਜੀ ਨਾਲ ਉਨ੍ਹਾਂ ਦੀ ਸ਼ਾਦੀ ਹੋਈ। ਉਸ ਸਾਲ ਦੀ ਵਿਸਾਖੀ ਤੇ

ਕਰਤਾਰਪੁਰ ਸੰਗਤਾਂ ਦਾ ਭਾਰੀ ਇਕੱਠ ਹੋਇਆ। ਇਸ ਦੀਵਾਨ ਵਿਚ ਇਕ ਸ਼ਰਧਾਲੂ ਵਪਾਰੀ ਗੁਰੂ ਪਾਤਸ਼ਾਹ ਲਈ ਸੋਲ੍ਹਾਂ ਲੱਖ ਦਾ ਘੋੜਾ, ਇਕ ਚਿੱਟਾ ਬਾਜ਼, ਜ਼ਰੀਦਾਰ ਬਸਤਰ, ਕੀਮਤੀ ਢਾਲ ਅਤੇ ਜੜਾਊ ਮੁੱਠ ਵਾਲੀ ਇਕ ਤਲਵਾਰ ਭੇਟ ਕੀਤੀ। ਗੁਰੂ ਸਾਹਿਬ ਨੇ ਚਿੱਟਾ ਬਾਜ਼ ਬਾਬਾ ਗੁਰਦਿੱਤਾ ਜੀ ਨੂੰ ਦੇ ਕੇ ਬਾਕੀ ਸਭ ਵਸਤਾਂ ਪੈਂਦੇ ਖਾਂ ਨੂੰ ਦਿੰਦੇ ਹੋਏ ਉਸ ਨੂੰ ਹਮੇਸ਼ਾਂ ਇਹ ਵਸਤਾਂ ਦੀਵਾਨ ਵਿਚ ਪਹਿਨ ਕੇ ਆਉਣ ਦੀ ਹਦਾਇਤ ਕੀਤੀ। ਇਸ ਸਤਿਕਾਰ ਨਾਲ ਪੈਂਦੇ ਖਾਂ ਦਾ ਹੰਕਾਰ ਬਹੁਤ ਵੱਧ ਗਿਆ। ਜਦੋਂ ਉਹ ਇਹ ਵਸਤਾਂ ਆਪਣੇ ਪਿੰਡ ਲੈ ਕੇ ਗਿਆ ਤਾਂ ਉਸ ਦੇ ਜਵਾਈ ਉਸਮਾਨ ਖਾਂ ਨੇ ਹੱਠ ਕਰਕੇ ਉਹ ਵਸਤਾਂ ਹਾਸਿਲ ਕਰ ਲਈਆਂ। ਇਹਨਾਂ ਵਸਤਾਂ ਦੀ ਅਣਹੋਂਦ ਕਾਰਨ ਕੁਝ ਦਿਨ ਪੈਂਦੇ ਖਾਂ ਦਰਬਾਰ ਵਿਚ ਨਾ ਗਿਆ। ਇਸੇ ਸਮੇਂ ਦੌਰਾਨ ਇਕ ਦਿਨ ਬਾਬਾ ਗੁਰਦਿੱਤਾ ਜੀ ਦਾ ਬਾਜ਼ ਸ਼ਿਕਾਰ ਖੇਡਦੇ ਸਮੇਂ ਉਸਮਾਨ ਖਾਂ ਨੇ ਫੜ੍ਹ ਲਿਆ ਅਤੇ ਸਿੱਖਾਂ ਨੂੰ ਵਾਪਿਸ ਨਹੀਂ ਕੀਤਾ। ਜਦੋਂ ਗੁਰੂ ਸਾਹਿਬ ਨੇ ਇਸ ਬਾਬਤ ਪੈਂਦੇ ਖਾਂ ਨੂੰ ਬੁਲਾ ਕੇ ਪੁੱਛਿਆ ਤਾਂ ਉਹ ਮੁਕਰ ਗਿਆ। ਘਰ ਆਉਣ ਤੇ ਉਸਮਾਨ ਖਾਂ ਨੇ ਪੈਂਦੇ ਖਾਂ ਨੂੰ ਗੁਰੂ ਸਾਹਿਬ ਖਿਲਾਫ ਬਹੁਤ ਭੜਕਾਇਆ। ਭਾਈ ਬਿਧੀ ਚੰਦ ਨੇ ਸਭ ਵਸਤਾਂ ਗੁਰੂ ਸਾਹਿਬ ਦੇ ਕਹਿਣ ਤੇ ਉਸਮਾਨ ਖਾਂ ਕੋਲੋਂ ਖੋਹ ਲਈਆਂ। ਇਸ ਘਟਨਾ ਨੇ ਚੌਥੀ ਜੰਗ ਲਈ ਖੇਤ ਤਿਆਰ ਕਰ ਦਿੱਤਾ। ਪੈਂਦੇ ਖਾਂ ਅਤੇ ਉਸ ਦੇ ਜਵਾਈ ਨੇ ਜਲੰਧਰ ਦੇ ਸੂਬੇਦਾਰ ਕੁਤਬ ਖਾਂ ਦੇ ਹੁਕਮ ਤੇ ਕਾਲੇ ਖਾਂ ਦੀ ਮਦਦ ਨਾਲ ਪੰਜਾਹ ਹਜ਼ਾਰ ਫ਼ੌਜ ਨਾਲ ਗੁਰੂ ਸਾਹਿਬ ਉਪਰ 1634 ਈ. ਵਿਚ ਕਰਤਾਰਪੁਰ ਦੇ ਸਥਾਨ ਤੇ ਹਮਲਾ ਕਰ ਦਿੱਤਾ, ਇਸ ਚੌਥੀ ਜੰਗ ਵਿਚ ਤੇਗ ਬਹਾਦਰ ਜੀ ਨੇ ਵੀ ਹਿੱਸਾ ਲਿਆ। ਇਥੇ ਵੀ ਵਿਜਈ ਗੁਰੂ ਸਾਹਿਬ ਹੀ ਹੋਏ। ਪੈਂਦੇ ਖਾਂ ਇਸ ਲੜਾਈ ਵਿਚ ਮਾਰਿਆ ਗਿਆ ਅਤੇ ਮੁਗ਼ਲਾਂ ਦਾ ਕਾਫੀ ਨੁਕਸਾਨ ਹੋਇਆ। ਪੈਂਦੇ ਖਾਂ ਦੀ ਮੌਤ ਬਾਬਤ ਗੁਰਬਿਲਾਸ ਵਿਚ ਇਹ ਵਿਵਰਣ ਦਰਜ ਮਿਲਦਾ ਹੈ-

ਕਹਾ ਗੁਰੂ ਕਲਮਾ ਪੜ੍ਹੋ, ਪੈਂਦਾ ਗਿਰਤ ਅਲਾਇ।
ਹੇ ਗੁਰ ਮਿਲੀ ਜੁ ਤੇਗ ਤੁਮ, ਕਲਮਾ ਰੂਪ ਸਹਾਇ।
ਐਸ ਸੁਨਤ ਮਨ ਮੋਹ ਉਪਜਾਯੋ।ਸ੍ਰੀ ਗੁਰ ਨੈਨ ਨੀਰ ਬਹਿ ਆਯੋ।
ਛਾਯਾ ਕਰੀ ਢਾਲ ਕੇ ਸਾਥ।ਗੁਰ ਸਮ ਕੋਇ ਨਾ ਦੀਨਾ ਨਾਥ।

( ਕਵੀ ਸੋਹਨ, ਗੁਰਬਿਲਾਸ ਪਾਤਸ਼ਾਹੀ ਛੇਵੀਂ, ਪੰ. 754)

ਇਹ ਆਖਰੀ ਜੰਗ ਸੀ ਅਤੇ ਇਸ ਉਪਰੰਤ ਗੁਰੂ ਜੀ 1635 ਈ. ਵਿਚ ਕੀਰਤਪੁਰ ਵਾਪਸ ਪਰਤ ਆਏ। ਤੇਗ ਬਹਾਦਰ ਜੀ ਨੂੰ ਮਾਤਾ ਨਾਨਕੀ ਜੀ ਨਾਲ ਬਾਬੇ ਬਕਾਲੇ ਭੇਜ ਦਿੱਤਾ। ਦੂਸਰੇ ਪਾਸੇ ਮੁਗ਼ਲ ਬਾਦਸ਼ਾਹ ਸ਼ਾਹਜਹਾਨ ਨੇ ਆਪਣੇ ਸਮੇਂ ਵਿਚ ਇਹ ਭਾਂਪ ਲਿਆ ਸੀ ਕਿ ਗੁਰੂ ਸਾਹਿਬ ਨੇ ਕਿਸੇ ਸਿਆਸਤ ਜਾਂ ਇਲਾਕੇ ਤੇ ਕਬਜ਼ਾ ਕਰਨ ਹਿਤ ਕੋਈ ਜੰਗ ਨਹੀਂ ਕੀਤੀ, ਸਗੋਂ ਸਵੈ-ਰੱਖਿਆ ਲਈ ਹਥਿਆਰ ਉਠਾਏ ਸਨ। ਸੋ ਇਸ ਸਭ ਤਹਿਤ ਉਸ ਨੇ ਆਪਣੇ ਧਾਰਮਿਕ ਉਦਾਰਤਾ ਅਤੇ ਸੁਲਾਹ ਕੁਲ ਬਿਰਤੀ ਵਾਲੇ ਪੁੱਤਰ ਦਾਰਾ ਸ਼ਿਕੋਹ ਨੂੰ ਪੰਜਾਬ ਦਾ ਗਵਰਨਰ ਬਣਾ ਕੇ ਉਥੇ ਅਮਨ ਸ਼ਾਂਤੀ ਦਾ ਮਾਹੌਲ ਸਿਰਜਣ ਦਾ ਯਤਨ ਕੀਤਾ।

**2.8 ਜੋਤੀ-ਜੋਤਿ ਸਮਾਉਣਾ**

ਹੁਣ ਗੁਰੂ ਸਾਹਿਬ ਨੇ ਕੀਰਤਪੁਰ ਵਿਚ ਸਿੱਖੀ ਦੇ ਪ੍ਰਚਾਰ ਵਲ ਖਾਸ ਧਿਆਨ ਦਿੱਤਾ। ਆਪ ਜੀ ਨੇ ਸੂਰਜ ਗ੍ਰਹਿਣ ਮੌਕੇ ਕੁਰੂਕਸ਼ੇਤਰ ਵਿਖੇ ਅਨੇਕਾਂ ਸੰਨਿਆਸੀਆਂ, ਜੋਗੀਆ ਨੂੰ ਰੱਬ ਤੱਕ ਪਹੁੰਚਣ ਦਾ ਅਸਲੀ ਮਾਰਗ ਦਿਖਾਇਆ। 1636 ਈ. ਵਿਚ ਗੋਇੰਦਵਾਲ ਵਿਖੇ ਭਾਈ ਗੁਰਦਾਸ ਜੀ ਨੂੰ ਅੰਤਿਮ ਦਰਸ਼ਨ ਦੇ ਕੇ ਉਨ੍ਹਾਂ ਦਾ ਸਸਕਾਰ ਆਪਣੇ ਹੱਥੀਂ ਕੀਤਾ। ਕੀਰਤਪੁਰ ਰਹਿੰਦੇ ਸਮੇਂ 1638 ਈ. ਵਿਚ ਬਾਬਾ ਗੁਰਦਿੱਤਾ ਜੀ ਚੜ੍ਹਾਈ ਕਰ ਗਏ। ਭਾਈ

ਬਿਧੀ ਚੰਦ ਨੇ ਵੀ ਅਯੁਧਿਆ ਵਿਚ ਸਿੱਖੀ ਦਾ ਪ੍ਰਸਾਰ ਕਰਦੇ ਹੋਏ ਆਪਣੀ ਉਮਰ ਦੇ ਅੰਤਿਮ ਵਰ੍ਹੇ ਉਥੇ ਹੀ ਬਿਤਾਉਂਦੇ ਹੋਏ 1640 ਈ. ਵਿਚ ਆਪਣਾ ਸਰੀਰ ਅਯੁਧਿਆ ਨਜ਼ਦੀਕ ਤਿਆਗ ਦਿੱਤਾ। ਛੇਵੇਂ ਪਾਤਸ਼ਾਹ ਦੇ ਤਿੰਨ ਸਾਹਿਬਜ਼ਾਦੇ ( ਬਾਬਾ ਅਟੱਲ ਰਾਇ, ਬਾਬਾ ਅਣੀ ਰਾਇ ਅਤੇ ਬਾਬਾ ਗੁਰਦਿੱਤਾ ਜੀ) ਆਪ ਜੀ ਦੇ ਜੀਵਨ ਕਾਲ ਸਮੇਂ ਹੀ ਸਰੀਰ ਤਿਆਗ ਚੁੱਕੇ ਸਨ। ਸੋ ਆਪ ਜੀ ਨੂੰ ਗੁਰਗੱਦੀ ਲਈ ਆਪਣੇ ਪੋਤਰੇ ਹਰਿ ਰਾਇ ਸਾਹਿਬ ਹੀ ਉਤਮ ਨਜ਼ਰ ਆਏ। ਹਰਿ ਰਾਇ ਸਾਹਿਬ ਜੀ ਦੀ ਸ਼ਸ਼ਤਰ ਵਿਦਿਆ ਵੱਲ ਉਚੇਚਾ ਧਿਆਨ ਦਿੱਤਾ ਗਿਆ। ਉਹ ਤਿਆਗ ਅਤੇ ਤਪੱਸਿਆ ਪੱਖੋਂ ਸੰਪੂਰਨ ਸਨ। ਉਨ੍ਹਾਂ ਦੀ ਨਿਮਰਤਾ, ਕੋਮਲਤਾ ਅਤੇ ਹਿਰਦੇ ਦੀ ਪਵਿੱਤਰਤਾ ਸਭ ਸੰਗਤਾਂ ਨੂੰ ਆਕਰਸ਼ਿਤ ਕਰਦੀ ਸੀ। ਆਪਣਾ ਅੰਤਿਮ ਸਮਾਂ ਨਜ਼ਦੀਕ ਜਾਣ ਕੇ ਗੁਰੂ ਸਾਹਿਬ ਨੇ ਆਪਣੇ ਜੀਵਨ ਕਾਲ ਸਮੇਂ ਹੀ 1644 ਈ. ਵਿਚ ਹਰਿ ਰਾਇ ਸਾਹਿਬ ਨੂੰ ਗੁਰਗੱਦੀ ਬਖਸ਼ ਕੇ ਸਤਲੁਜ ਕਿਨਾਰੇ ਕੀਰਤਪੁਰ ਵਿਖੇ ਜੋਤੀ-ਜੋਤਿ ਸਮਾਅ ਗਏ।

### 2.9 ਸ੍ਰੀ ਗੁਰੂ ਹਰਿਰਾਇ ਸਾਹਿਬ

ਗੁਰਮਤਿ ਵਿਚਾਰਧਾਰਾ ਸਮੁੱਚੀ ਮਨੁੱਖਤਾ ਲਈ ਕਲਿਆਣਕਾਰੀ ਹੈ। ਸਾਰੇ ਗੁਰੂ ਸਾਹਿਬਾਨ ਦੇ ਜੀਵਨ ਸਾਰੀ ਲੋਕਾਈ ਲਈ ਪ੍ਰੇਰਨਾ-ਸਰੋਤ ਹਨ। ਸਿੱਖੀ ਦਾ ਮੁੱਖ ਉਦੇਸ਼ ਹੀ ਸਮਾਜ ਦੀਆਂ ਸਮੱਸਿਆਵਾਂ ਨੂੰ ਸਾਵਾਂ-ਪੱਧਰਾ ਬਣਾ ਕੇ ਇਕ ਨਿਵੇਕਲੀ ਜੀਵਨ-ਜਾਚ ਸਿਖਾਉਣਾ ਹੈ। ਗੁਰੂ ਸਾਹਿਬਾਨ ਜੀ ਨੇ ਇਸ ਧਰਤੀ `ਤੇ ਫੈਲੇ ਅਵਿੱਦਿਆ ਤੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਲਈ ਸਾਰੇ ਸੰਭਵ ਯਤਨ ਕੀਤੇ। ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਜੀਵਨ, ਸੰਸਾਰ ਨੂੰ ਦਇਆ ਤੇ ਦ੍ਰਿੜ੍ਹਤਾ ਵਿੱਚੋਂ ਜੀਵਨ-ਮੰਤਵ ਨੂੰ ਸਮਝਣ ਲਈ ਪ੍ਰੇਰਨਾ ਦਿੰਦਾ ਹੈ।

### 2.10 ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ 'ਬਾਲ ਗੁਰੂ' ਅਤੇ 'ਬਾਲਾ ਪ੍ਰੀਤਮ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਆਪ ਜੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਗਏ ਨਿਰਮਲ ਪੰਥ ਦੇ ਅੱਠਵੇਂ ਗੁਰੂ ਸਨ। ਆਪ ਜੀ ਨੂੰ ਪੰਜ ਸਾਲ ਦੀ ਉਮਰ ਵਿੱਚ ਗੁਰਿਆਈ ਮਿਲੀ ਅਤੇ ਆਪ ਜੀ ਅੱਠ ਸਾਲ ਦੀ ਉਮਰ ਵਿੱਚ ਜੋਤੀ-ਜੋਤਿ ਸਮਾ ਗਏ। ਆਪ ਜੀ ਨੇ ਆਪਣੀ ਗੁਰਿਆਈ ਦੇ ਤਿੰਨ ਸਾਲ ਦੇ ਸਮੇਂ ਵਿੱਚ ਜਿਸ ਸੂਝ, ਸਿਆਣਪ, ਦ੍ਰਿੜਤਾ ਅਤੇ ਦਲੇਰੀ ਨਾਲ ਸਿੱਖ ਪੰਥ ਦੀ ਅਗਵਾਈ ਕੀਤੀ ਉਹ ਆਪਣੇ-ਆਪ ਵਿਚ ਇਕ ਮਿਸਾਲ ਹੈ। ਆਪ ਜੀ ਨੇ ਸਾਬਿਤ ਦਿੱਤਾ ਕਿ ਉਮਰ, ਬੁਧੀਮਾਨਤਾ ਤੇ ਆਤਮ ਗਿਆਨ ਵਿੱਚ ਕੋਈ ਬਾਧਾ ਨਹੀਂ ਹੈ।

ਦਸਮ ਪਾਤਸ਼ਾਹ ਜੀ ਦੁਆਰਾ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੀ ਉਸਤਤ-

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ `ਵਾਰ ਸ੍ਰੀ ਭਗਉਤੀ ਜੀ` ਵਿਚ ਆਪਣੇ ਤੋਂ ਪਹਿਲੇ ਨੌਂ ਗੁਰੂ-ਸਰੂਪਾਂ ਦੀ ਉਸਤਤਿ ਕਰਦਿਆਂ, ਚੌਥੀ ਤੁਕ ਵਿਚ, ਅਠਵੇਂ ਪਾਤਸ਼ਾਹ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਸੰਬੰਧੀ ਫੁਰਮਾਇਆ ਹੈ:

*ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਇ॥*

ਹਰ ਗੁਰਸਿੱਖ ਜਦੋਂ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦਾ ਹੈ ਤਾਂ ਉਹ ਇਨ੍ਹਾਂ ਸ਼ਬਦਾਂ ਦਾ ਉਚਾਰਨ ਕਰਦਾ ਹੋਇਆ ਬਹੁਤ ਪਿਆਰ, ਸ਼ਰਧਾ ਤੇ ਸਤਿਕਾਰ ਨਾਲ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਅਕੀਦਤ ਪੇਸ਼ ਕਰਦਾ ਹੈ। ਅਰਦਾਸ ਦੇ ਇਹ ਬੋਲ ਅਜਿਹੇ ਹਨ, ਜਿਹੜੇ ਪ੍ਰੇਰਨਾ ਦਿੰਦੇ ਹਨ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਜ਼ਰੂਰ ਧਿਆਉਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦੇ ਦਰਸ਼ਨ ਕੀਤਿਆਂ ਸਮੁੱਚੀ ਮਨੁੱਖਤਾ ਦੇ ਸਭ ਤਰ੍ਹਾਂ ਦੇ ਦੁੱਖਾਂ ਦੀ ਨਵਿਰਤੀ ਹੁੰਦੀ ਹੈ। ਇਸ ਤੁਕ ਤੋਂ ਦਸਮੇਸ਼ ਪਿਤਾ ਰਾਹੀਂ `ਬਾਲਾ ਪ੍ਰੀਤਮ` ਗੁਰੂ ਦੀ ਮਾਨਤਾ, ਮਹਾਨਤਾ ਅਤੇ

ਗੌਰਵਤਾ ਦਾ ਪਤਾ ਲੱਗਦਾ ਹੈ। ਦਸਮੇਸ਼ ਪਿਤਾ ਜੀ ਨੇ ਇਸ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਅਜ਼ਮਤ ਦ੍ਰਿੜ੍ਹ ਕਰਵਾਈ ਹੈ।

### 2.11 ਸ੍ਰੀ ਗੁਰੂ ਤੇਗ ਬਹਾਦਰ ਸਾਹਿਬ

ਗੁਰੂ ਤੇਗ ਬਹਾਦਰ ਸਾਹਿਬ, ਗੁਰੂ ਨਾਨਕ ਘਰ ਦੀ ਨੌਵੀਂ ਜੋਤ ਹਨ। ਆਪ ਜੀ ਦਾ ਪ੍ਰਕਾਸ਼ ਛੇਵੇਂ ਪਾਤਸ਼ਾਹ ਹਜ਼ੂਰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ 1621 ਈ: ਨੂੰ 'ਗੁਰੂ ਕੇ ਮਹਿਲ' ਅੰਮ੍ਰਿਤਸਰ ਵਿਖੇ ਹੋਇਆ। ਆਪ ਗੁਰੂ ਹਰਿਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਆਪ ਜੀ ਦੀ ਪਰਵਰਿਸ਼ ਮਹਾਨ ਸਿੱਖ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੀ ਦੇਖ-ਰੇਖ ਵਿੱਚ ਹੋਈ। ਬਾਬਾ ਬੁੱਢਾ ਜੀ ਨੇ ਜਿਥੇ ਬਚਪਨ ਤੋਂ ਹੀ ਆਪ ਨੂੰ ਨਾਨਕ ਨੂਰ ਨਾਲ ਸਰਸ਼ਾਰ ਕਰਕੇ ਪਰਮਾਤਮਾ ਦੇ ਰਹੱਸ ਨਾਲ ਇਕਸੁਰ ਕੀਤਾ, ਉਥੇ ਭਾਈ ਗੁਰਦਾਸ ਜੀ ਨੇ ਆਪ ਨੂੰ ਵੱਖ-ਵੱਖ ਧਰਮਾਂ ਦੇ ਦਾਰਸ਼ਨਿਕ ਪੱਖਾਂ ਦਾ ਗੂੜ ਗਿਆਨ, ਹਾਸਿਲ ਕਰਾਉਂਦੇ ਹੋਏ ਬ੍ਰਿਜ, ਸੰਸਕ੍ਰਿਤ, ਫਾਰਸੀ, ਪੰਜਾਬੀ ਆਦਿ ਭਾਸ਼ਾਵਾਂ ਵਿੱਚ ਵੀ ਪ੍ਰਬੀਨ ਕਰ ਦਿੱਤਾ। ਆਪਣੇ ਗੁਰ ਪਿਤਾ ਵਾਲੇ ਸੈਨਿਕ ਗੁਣਾਂ ਅਤੇ ਜੰਗੀ ਹੁਨਰਾਂ ਵਾਲੀ ਨਿਪੁੰਨਤਾ ਵੀ ਬਾਬਾ ਬੁੱਢਾ ਜੀ ਦਾ ਹੀ ਯੋਗਦਾਨ ਸੀ। ਇਸ ਲਈ ਬਚਪਨ ਤੋਂ ਹੀ ਜਿਥੇ ਕੋਮਲਤਾ, ਦਇਆ ਤੇ ਨਿਮਰਤਾ ਆਪ ਦੇ ਗੁਣਾਂ ਵਿੱਚ ਸਮਿਲਤ ਸਨ, ਉਥੇ ਜ਼ੁਲਮ ਨਾਲ ਟੱਕਰ ਲੈਣ ਦੀ ਹਿੰਮਤ ਅਤੇ ਦ੍ਰਿੜਤਾ ਆਪ ਦੇ ਮੀਰੀ ਗੁਣਾਂ ਵਿੱਚ ਸ਼ਾਮਲ ਸੀ। ਇਸ ਗੱਲ ਦਾ ਪ੍ਰਗਟਾਵਾ ਉਨ੍ਹਾਂ ਨੇ 14 ਸਾਲਾਂ ਦੀ ਉਮਰ ਵਿੱਚ ਕਰਤਾਰਪੁਰ ਦੇ ਯੁੱਧ ਵਿੱਚ ਕੀਤਾ ਅਤੇ ਸਭ ਨੂੰ ਹੈਰਾਨ ਕਰਕੇ ਰੱਖ ਦਿੱਤਾ। ਸਿੱਖ ਰਵਾਇਤ ਅਨੁਸਾਰ ਗੁਰੂ ਸਾਹਿਬ ਦਾ ਨਾਂ ਤੇਗ ਬਹਾਦਰ ਵੀ ਇਸ ਯੁੱਧ ਤੋਂ ਬਾਅਦ ਹੀ ਰੱਖਿਆ ਗਿਆ ਸੀ।

1635 ਈ: ਵਿੱਚ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਪਰਿਵਾਰ ਅਤੇ ਸਿੱਖ ਸੰਗਤ ਸਮੇਤ ਸ਼ਿਵਾਲਿਕ ਪਹਾੜੀਆਂ ਦੇ ਵਿੱਚ ਵਸੇ ਨਗਰ ਕੀਰਤਪੁਰ ਜਾ ਵਸੇ। ਪਾਤਸ਼ਾਹ ਨੇ ਇਸੇ ਅਸਥਾਨ ਗੁਰਿਆਈ, ਬਾਬਾ ਗੁਰਦਿੱਤਾ ਜੀ ਦੇ ਛੋਟੇ ਪੁੱਤਰ ਹਰਿ ਰਾਏ ਜੀ ਨੂੰ ਦੇ 1644 ਈ: ਨੂੰ ਅਕਾਲ ਪਿਆਨਾ ਕੀਤਾ। ਪਿਤਾ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਤੇਗ ਬਹਾਦਰ ਜੀ ਆਪਣੇ ਮਹਲ ਗੁਜਰੀ ਜੀ ਅਤੇ ਮਾਤਾ ਨਾਨਕੀ ਜੀ ਨਾਲ ਆਪਣੇ ਨਾਨਕੇ 'ਬਕਾਲੇ' ਆ ਗਏ।

ਗੁਰੂ ਹਰਿ ਰਾਇ ਜੀ 1661 ਈ: ਵਿੱਚ ਜੋਤੀ-ਜੋਤਿ ਸਮਾ ਗਏ ਅਤੇ ਗੁਰਗੱਦੀ ਉੱਪਰ ਅਠਵੇਂ ਗੁਰੂ ਦੇ ਰੂਪ ਵਿੱਚ ਹਰਿਕ੍ਰਿਸ਼ਨ ਜੀ, ਜਿਨ੍ਹਾਂ ਦੀ ਉਮਰ ਉਸ ਸਮੇਂ 5 ਸਾਲ ਦੀ ਸੀ, ਸਸ਼ੋਭਿਤ ਹੋਏ। ਗੁਰੂ ਹਰਿਕ੍ਰਿਸ਼ਨ ਜੀ 1664 ਈ। ਵਿੱਚ ਜੋਤੀ-ਜੋਤਿ ਸਮਾ ਗਏ, ਪਰ ਉਸ ਤੋਂ ਪਹਿਲਾਂ ਗੁਰੂ ਘਰ ਦੇ ਅਨਿੰਨ ਸਿੱਖ ਭਾਈ ਦਰਘਾ ਮਲ ਜੀ ਨੂੰ ਬੁਲਾਇਆ ਅਤੇ ਪੰਜ ਪੈਸੇ ਤੇ ਨਾਰੀਅਲ ਲਿਆਉਣ ਦਾ ਹੁਕਮ ਕੀਤਾ। ਉਪ੍ਰੰਤ ਸੱਜੀ ਬਾਂਹ ਨੂੰ ਉਪਰ ਚੁਕਿਆ ਅਤੇ 'ਬਾਬਾ ਵਸੇ ਬਕਾਲੇ' ਦਾ ਇਲਾਹੀ ਫੁਰਮਾਨ ਕਰਦੇ ਹੋਏ ਜੋਤੀ-ਜੋਤਿ ਸਮਾ ਗਏ।

ਬਕਾਲੇ ਜਾ ਕੇ ਗੁਰੂ ਦੀ ਭਾਲ ਕਰਨਾ ਕੋਈ ਸੁਖਾਲਾ ਕੰਮ ਨਹੀਂ ਸੀ। ਗੁਰਿਆਈ ਦੇ ਲਾਲਚ ਵਿੱਚ ਬਹੁਤ ਸਾਰੇ ਗੁਰੂ ਪਰਿਵਾਰਾਂ ਦੇ ਮੈਂਬਰ ਬਕਾਲੇ ਆ ਕੇ ਗੁਰਗੱਦੀ ਤੇ ਆਪਣਾ ਹੱਕ ਜਤਾਉਣ ਲਗ ਪਏ ਸਨ ਜਿਨ੍ਹਾਂ ਵਿੱਚੋ ਧੀਰਮਲ ਪ੍ਰਮੁੱਖ ਸੀ। ਸਿੱਖ ਬਹੁਤ ਦੁਬਿਧਾ ਵਿੱਚ ਸਨ। ਹੱਕ-ਸੱਚ ਦਾ ਫ਼ੈਸਲਾ ਭਾਈ ਮੱਖਣ ਸ਼ਾਹ ਲੁਬਾਣੇ ਰਾਹੀਂ ਹੋਇਆ ਅਤੇ ਗੁਰੂ ਤੇਗ ਬਹਾਦਰ ਸਾਹਿਬ ਨੌਵੇਂ ਗੁਰੂ ਦੇ ਰੂਪ ਵਿੱਚ ਗੁਰਗੱਦੀ ਤੇ ਬਰਾਜਮਾਨ ਹੋਏ। ਰਿਸ਼ਤੇਦਾਰਾਂ ਦੀ ਈਰਖਾ ਅਤੇ ਨਫ਼ਰਤ ਸਾਰੀਆਂ ਹੱਦਾਂ ਬੰਨੇ ਪਾਰ ਕਰ ਗਈ ਸੀ। ਇਥੋਂ ਤਕ ਕਿ ਧੀਰਮਲ ਨੇ ਸੀਹੋਂ ਮਸੰਦ ਰਾਹੀਂ ਆਪ

ਜੀ ਨੂੰ ਮਾਰਨ ਦੀ ਕੋਸ਼ਿਸ਼ ਵੀ ਕੀਤੀ। ਸਿੱਖ ਸੰਗਤਾਂ ਇਸ ਘਟਨਾ ਤੇ ਬੇਹਦ ਕ੍ਰੋਧਿਤ ਹੋਈਆਂ ਅਤੇ ਇਸ ਦੀ ਸਜ਼ਾ ਧੀਰਮਲ ਤੇ ਸੀਹੇਂ ਮਸੰਦ ਨੂੰ ਦਿੱਤੀ ਗਈ। ਪਰ ਗੁਰੂ ਸਾਹਿਬ ਦੇ ਨਿਮਰਤਾ ਵਾਲੇ ਸੁਭਾਅ ਲਈ ਇਹ ਅਸਹਿ ਸੀ, ਇਸ ਲਈ ਉਹ ਖੁਦ ਹੀ ਬਕਾਲੇ ਤੋਂ ਕੂਚ ਕਰ ਗਏ ਅਤੇ ਕੀਰਤਪੁਰ ਆਣ ਵਸੇ। ਇਥੇ ਰਹਿੰਦੇ ਹੋਏ ਹੀ ਆਪ ਜੀ ਨੇ ਅਨੰਦਪੁਰ ਸਾਹਿਬ ਵਸਾਇਆ ਅਤੇ ਫਿਰ ਇੱਥੋਂ ਹੀ ਸਿੱਖ ਧਰਮ ਦੇ ਪ੍ਰਚਾਰ ਹਿਤ ਦੂਰ-ਦੁਰਾਡੇ ਪ੍ਰਦੇਸਾ ਵਿੱਚ ਯਾਤਰਾਵਾਂ ਦਾ ਸਿਲਸਿਲਾ ਸ਼ੁਰੂ ਹੋਇਆ, ਫਲਸਰੂਪ ਸਿੱਖ ਧਰਮ ਦੇ ਵਿਕਾਸ ਅਤੇ ਵਿਗਾਸ ਨੂੰ ਵੱਡਾ ਹੁੰਗਾਰਾ ਮਿਲਿਆ। ਅਨੰਦਪੁਰ ਸਾਹਿਬ ਗੁਰੂ ਪਾਤਸ਼ਾਹ ਅਤੇ ਸਿੱਖਾਂ ਦੀ ਮੰਜ਼ਿਲ ਵਜੋਂ ਸਥਾਪਿਤ ਹੋ ਗਿਆ ਅਤੇ ਆਪਣੀ ਸ਼ਹਾਦਤ ਦਾ ਜਾਮ ਪੀਣ ਲਈ ਇਥੋਂ ਹੀ ਆਪ ਜੀ ਨੇ 1675 ਈ: ਵਿੱਚ ਦਿੱਲੀ ਵੱਲ ਚਾਲੇ ਪਾਏ ਸਨ। ਉਨ੍ਹਾਂ ਦੀ ਸ਼ਹਾਦਤ ਲਈ ਜਿੰਮੇਵਾਰ ਕੁਝ ਇੱਕ ਕਾਰਣਾਂ ਨੂੰ ਇੱਥੇ ਰੂਪਮਾਨ ਕਰਨ ਦਾ ਯਤਨ ਕੀਤਾ ਗਿਆ ਹੈ।

### 2.12 ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖ ਧਰਮ ਦੇ ਦਸਵੇਂ ਗੁਰੂ ਹੋਏ ਹਨ। ਆਪ ਜੀ ਦਾ ਜਨਮ 1666 ਈਸਵੀ ਨੂੰ ਪਿਤਾ ਗੁਰੂ ਤੇਗ ਬਹਾਦਰ ਤੇ ਮਾਤਾ ਗੁਜਰੀ ਜੀ ਦੇ ਘਰ ਪਟਨਾ (ਬਿਹਾਰ) ਵਿਖੇ ਹੋਇਆ। ਪਿਤਾ ਗੁਰੂ ਤੇਗ ਬਹਾਦਰ ਜੀ ਦੇ ਸ਼ਹਾਦਤ (1675 ਈਸਵੀ) ਤੋਂ ਬਾਅਦ ਮਹਿਜ਼ 9 ਸਾਲ ਦੀ ਉਮਰ ਵਿਚ ਆਪ ਜੀ ਗੁਰਤਾ ਗੱਦੀ ਤੇ ਬਿਰਾਜਮਾਨ ਹੋਏ। ਸਿੱਖ ਧਰਮ ਦੇ ਵਿਕਾਸ ਤੇ ਵਿਗਾਸ ਵਿਚ ਕ੍ਰਮਵਾਰ ਪਹਿਲੇ ਗੁਰੂ ਸਾਹਿਬਾਨਾਂ ਨੇ ਬੇਅੰਤ ਕਾਰਜ ਕੀਤੇ ਉਥੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਪੰਥ ਨੂੰ ਵੱਖਰਾ ਸਰੂਪ ਬਖ਼ਸ਼ਦਿਆਂ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਅਤੇ ਜਬਰ ਜ਼ੁਲਮ ਦੇ ਖ਼ਿਲਾਫ਼ ਧਰਮ ਯੁੱਧ ਵੀ ਕੀਤੇ। ਜੰਗਾਂ ਯੁੱਧਾਂ ਤੋਂ ਵਿਹਲੇ ਹੋ ਕੇ ਆਪ ਜੀ ਨੇ ਦਮਦਮਾ ਸਾਹਿਬ ਦੀ ਧਰਤੀ 'ਤੇ ਗੁਰੂ ਗ੍ਰੰਥ ਸਾਹਿਬ ਦਾ ਪੁਨਰ ਸੰਪਾਦਨ ਕਰਵਾਇਆ ਅਤੇ ਆਪਣੇ ਆਖ਼ਰੀ ਸਮੇਂ ਨਾਂਦੇੜ ਦੀ ਧਰਤੀ ਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾਗੱਦੀ ਦੇ ਆਪ ਸੱਚਖੰਡ ਬਿਰਾਜ ਗਏ।

### 2.13 ਸਾਰ

ਅਸਲ ਵਿਚ ਛੇਵੇਂ ਪਾਤਸ਼ਾਹ, ਮੀਰੀ ਪੀਰੀ ਦੇ ਮਾਲਕ, ਬੰਦੀ ਛੋੜ ਪਿਤਾ ਦੀ ਜੀਵਨ-ਵਾਰਤਾ ਸਿੱਖੀ ਦਾ ਮੂਲ ਮਾਡਲ ਹੈ। ਆਪ ਜੀ ਭਗਤੀ ਅਤੇ ਸ਼ਕਤੀ ਦੇ ਸੁਮੇਲ ਸਨ। ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਛੇਵੇਂ ਵਾਰਿਸ ਬਣਨ ਉਪਰੰਤ 37 ਸਾਲ 10 ਮਹੀਨੇ ਅਤੇ 7 ਦਿਨ ਦੇ ਸਮੇਂ ਦੌਰਾਨ ਆਪਣੀ ਅਣਥੱਕ ਘਾਲਣਾ ਨਾਲ ਜੋ ਦੁਨਿਆਵੀ ਅਤੇ ਨਿਰਾਕਾਰੀ ਕਾਰਜ ਕੀਤੇ, ਉਹਨਾਂ ਨੂੰ ਕਿਸੇ ਲਿਖਤ ਵਿਚ ਸੰਪੂਰਨ ਕਰਨਾ ਅਸੰਭਵ ਹੈ।

### 2.14 ਪੜ੍ਹਣਯੋਗ ਪੁਸਤਕਾਂ


- Kirpal singh& Kharak singh, (ed.), History of The Sikhs and Their Religion, VOL. 1, NANAK VI- GURU HARGOBIND, Shromani Guruduara Prabandhak Committee, 2004.
- ਸਹਿਗਲ, ਮਨਮੋਹਨ, (ਸੰ.), ਗੁਰਬਿਲਾਸ ਪਾ. 6, ਭਾਸ਼ਾ ਵਿਭਾਗ, ਪੰਜਾਬ, 1972.
- ਸਤਿਬੀਰ ਸਿੰਘ, ਕਥਾ ਪੁਰਾਤਨ ਇਉਂ ਸੁਣੀ, ਜਲੰਧਰ, 1991.
- ਉਹੀ, ਗੁਰ ਭਾਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.
- ਕੌਸ਼ਿਸ਼, ਸਰੂਪ ਸਿੰਘ, ਗੁਰੂ ਕੀਆਂ ਸਾਖੀਆਂ, ਪਿਆਰਾ ਸਿੰਘ ਪਦਮ, (ਸੰ.), ਕਲਮ ਮੰਦਿਰ, ਪਟਿਆਲਾ, 1986.

- ਜੱਗੀ, ਰਤਨ ਸਿੰਘ, (ਸੰ.), ਬੰਸਾਵਲੀਨਾਮਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972.
- ਧੀਰ, ਕੁਲਦੀਪ ਸਿੰਘ, ਗੁਰੂ ਹਰਿਗੋਬਿੰਦ ਸਾਹਿਬ: ਜੀਵਨ ਤੇ ਪ੍ਰਤਿਭਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.
- ਭਾਈ ਵੀਰ ਸਿੰਘ, (ਸੰ.), ਵਾਰਾਂ ਭਾਈ ਗੁਰਦਾਸ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2011.


2.15 ਅਭਿਆਸ ਲਈ ਪ੍ਰਸ਼ਨ

ਵੱਡੇ ਪ੍ਰਸ਼ਨ

1. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਉੱਤੇ ਨੋਟ ਲਿਖੋ।
2. ਸਿੱਖਾਂ ਦੇ ਸੱਤਵੇਂ ਗੁਰੂ ਸਾਹਿਬਾਨ ਕੌਣ ਸਨ?ਵਿਸਥਾਰ ਸਹਿਤ ਵਰਣਨ ਕਰੋ।
3. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬਾਰੇ ਤੁਸੀਂ ਕੀ ਜਾਣਦੇ ਹੋ?

ਛੋਟੇ ਪ੍ਰਸ਼ਨ

1. ਗੁਰੂ ਹਰਿਰਾਇ ਸਾਹਿਬ
2. ਗੁਰੂ ਹਰਿਕ੍ਰਿਸ਼ਨ ਸਾਹਿਬ
3. ਗੁਰੂ ਗੋਬਿੰਦ ਸਿੰਘ ਜੀ
4. ਅਕਾਲ ਤਖਤ
5. ਮੀਰੀ ਪੀਰੀ

# ਯੂਨਿਟ -3 ਭਗਵਾਨ ਸ਼ਿਵ:ਹਿੰਦੂ ਧਰਮ ਸੰਸਥਾਪਕ


3.0 ਉਦੇਸ਼

3.1 ਜਾਣ-ਪਛਾਣ

3.2 ਸ਼ਿਵ ਦੀ ਅਰਾਧਨਾ

3.3 ਸ਼ਿਵ ਦਾ ਅਰਥ

3.4 ਤ੍ਰਿਮੂਰਤੀ

3.5 ਨਟਰਾਜ ਰੂਪ

3.5.1 ਸ਼ਿਵ ਦਾ ਤਾਂਡਵ

3.6 ਸ਼ਿਵ ਦਾ ਰੂਪ

3.6.1 ਤੀਜੀ ਅੱਖ

3.6.2 ਕੋਬਰਾ ਦਾ ਹਾਰ

3.6.3 ਵਿਭੂਤੀ

3.6.4 ਤ੍ਰਿਸ਼ੂਲ

3.7 ਹੋਰ ਪੇਸ਼ਕਾਰੀ

3.8 ਸ਼ਿਵ ਦਾ ਜੁੜਾਵ

3.9 ਨਾਚ ਦਾ ਦੇਵਤਾ

3.10 ਸਾਰ

3.11 ਪੜ੍ਹਣਯੋਗ ਪੁਸਤਕਾਂ

3.12 ਅਭਿਆਸ ਲਈ ਪ੍ਰਸ਼ਨ


**3.0 ਉਦੇਸ਼-**

ਹੱਥਲੀ ਯੂਨਿਟ ਦਾ ਉਦੇਸ਼ ਭਗਵਾਨ ਸ਼ਿਵ ਜਿੰਨਾਂ ਨੂੰ ਹਿੰਦੂ ਧਰਮ ਦਾ ਸੰਸਥਾਪਕ ਮੰਨਿਆ ਜਾਂਦਾ ਹੈ, ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ।

**3.1 ਜਾਣ-ਪਛਾਣ-**

ਸ਼ਿਵਜੀ ਨੂੰ ਹਿੰਦੂ ਧਰਮ ਦੀਆਂ ਮਾਨਤਾਵਾਂ ਅਨੁਸਾਰ ਸ੍ਰਿਸ਼ਟੀ ਦਾ ਸੰਘਾਰ ਕਰਨ ਵਾਲਾ ਦੇਵਤਾ ਮੰਨਿਆ ਜਾਂਦਾ ਹੈ, ਜਿਨ੍ਹਾਂ ਨੂੰ ਮਹਾਂਦੇਵ, ਭੋਲੇਨਾਥ, ਸ਼ੰਕਰ, ਮਹੇਸ਼, ਰੁਦਰ, ਨੀਲਕੰਠ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਸ਼ਿਵ ਦੇਵਤਾ ਦਾ ਨਿਵਾਸ ਕੈਲਾਸ ਪਰਬਤ ਹੈ ਜਿਥੇ ਇਹ ਇਕ ਯੋਗੀ ਵਾਂਗ ਸਾਧਨਾ ਵਿਚ ਲੀਨ ਰਹਿੰਦੇ ਹਨ। ਇਨ੍ਹਾਂ ਦੇ ਸਿਰ ’ਤੇ ਜਟਾਵਾਂ ਉੱਪਰ ਜੂੜੇ ਦੇ ਨਾਲ ਚੰਦਰਮਾ ਹੈ ਅਤੇ ਜੂੜੇ ਵਿਚੋਂ ਗੰਗਾ ਨਿਕਲਦੀ ਹੈ। ਭਗਵਾਨ ਸ਼ਿਵ ਦੇ ਇਕ ਹੱਥ ਵਿਚ ਡਮਰੂ, ਦੂਜੇ ਹੱਥ ਵਿਚ ਤ੍ਰਿਸ਼ੂਲ ਅਤੇ ਗਲੇ ਵਿਚ ਸੱਪ ਦੇ ਨਾਲ-ਨਾਲ ਰੁਦਰਾਕਸ਼ ਦੀ ਮਾਲਾ ਧਾਰਨ ਕੀਤੀ ਹੁੰਦੀ ਹੈ। ਨੰਦੀ ਬਲਦ ਇਨ੍ਹਾਂ ਦਾ ਵਾਹਨ ਹੈ। ਸ਼ਿਵ ਨੂੰ ਤਮੋ ਗੁਣੀ ਦੇਵਤਾ ਮੰਨਿਆ ਜਾਂਦਾ ਹੈ। ਆਦਿ ਸ਼ਕਤੀ ਪਾਰਵਤੀ ਇਨ੍ਹਾਂ ਦੀ ਧਰਮ ਪਤਨੀ ਹੈ, ਪੁੱਤਰ- ਕਾਰਤਿਕੇਯ, ਅਯੱਪਾ, ਗਣੇਸ਼ ਅਤੇ ਪੁੱਤਰੀਆਂ- ਅਸ਼ੋਕ ਸੁੰਦਰੀ, ਜਯੋਤਿ ਅਤੇ ਮਨਸਾ ਦੇਵੀ ਹਨ।

**3.2 ਸ਼ਿਵ ਦੀ ਅਰਾਧਨਾ**

ਸ਼ਿਵ ਦੇਵਤੇ ਦੀ ਅਰਾਧਾਨਾ ਇਨ੍ਹਾਂ ਦੇ ਸਰੂਪ ਦੀ ਮੂਰਤੀ ਦੇ ਰੂਪ ਵਿਚ ਵੀ ਹੁੰਦੀ ਹੈ ਅਤੇ ਸ਼ਿਵ ਲਿੰਗ ਦੇ ਰੂਪ ਵਿਚ ਵੀ, ਜਿਸ ਉੱਪਰ ਪੰਚਾਮ੍ਰਿਤ (ਦੁੱਧ, ਦਹੀਂ, ਘਿਉ, ਖੰਡ ਅਤੇ ਸ਼ਹਿਦ) ਆਦਿ ਚੜ੍ਹਾ ਕੇ ਸ਼ਿਵ ਦੇਵਤੇ ਦੀ ਪੂਜਾ ਕੀਤੀ ਜਾਂਦੀ ਹੈ। ਸ਼ਿਵ ਦੇਵਤੇ ਦੀ ਆਰਾਧਨਾ ਦਾ ਮੰਤਰ ਮਹਾਮ੍ਰਿਤਯੁੰਜਯ ਮੰਤਰ ਹੈ। ਸੋਮਵਾਰ ਵਾਲੇ ਦਿਨ ਇਨ੍ਹਾਂ ਦੀ ਪੂਜਾ ਕਰਨ ਦਾ ਮਹੱਤਵ ਬਹੁਤ ਜ਼ਿਆਦਾ ਮੰਨਿਆ ਜਾਂਦਾ ਹੈ। ਆਮ ਰੂਪ ਵਿਚ ਸ਼ਿਵ ਦੇਵਤੇ ਦਾ ਰੂਪ ਕਲਿਆਣਕਾਰੀ ਮੰਨਿਆ ਜਾਂਦਾ ਹੈ ਪਰੰਤੂ ਜਦੋਂ ਇਹ ਕਿਸੇ ਕਾਰਨ ਕਰਕੇ ਕ੍ਰੋਧਵਾਨ ਹੋਣ ਤੋਂ ਬਾਅਦ ਹੱਥ ਵਿਚ ਡਮਰੂ ਲੈ ਕੇ ਤਾਂਡਵ ਕਰਦੇ ਹਨ ਤਾਂ ਕ੍ਰੋਧ ਵਿਚ ਇਨ੍ਹਾਂ ਦਾ ਤੀਜਾ ਨੇਤਰ ਖੁਲ੍ਹਣ ਨਾਲ ਸੰਸਾਰ ਵਿਚ ਪ੍ਰਲਯ (ਤਬਾਹੀ) ਆ ਜਾਂਦੀ ਹੈ। ਵਿਸ਼ੇਸ਼ ਰੂਪ ਵਿਚ ਸ਼ਿਵ ਦੇਵਤੇ ਦੀ ਆਰਾਧਨਾ ਮੌਤ ਦੇ ਡਰ ਤੋਂ ਬਚਣ ਲਈ ਮਹਾਂਕਾਲ ਦੇ ਰੂਪ ਵਿਚ ਕੀਤੀ ਜਾਂਦੀ ਹੈ। ਮੱਧ ਪ੍ਰਦੇਸ਼ ਦੇ ਉਜੈਨ ਵਿਚ ਮਹਾਂਕਾਲ ਦਾ ਪ੍ਰਸਿੱਧ ਮੰਦਰ ਹੈ। ਭਗਵਾਨ ਸ਼ਿਵ ਦੇ ਨਾਮ ’ਤੇ ਵੀ ਹਿੰਦੂ ਧਰਮ ਵਿਚ ਸ਼ੈਵ ਮੱਤ ਵੀ ਪ੍ਰਚਲਤ ਹੈ ਅਤੇ ਸੰਸਾਰ ਵਿਚ ਸਭ ਤੋਂ ਵੱਧ ਮੰਦਰ ਸ਼ਿਵ ਦੇਵਤੇ ਦੇ ਹੀ ਹਨ। ਵੱਖ-ਵੱਖ ਥਾਵਾਂ ’ਤੇ ਇਨ੍ਹਾਂ ਨਾਲ ਸੰਬੰਧਿਤ 12 ਜਯੋਤਿਰਲਿੰਗ ਸਥਾਪਿਤ ਹਨ ਜੋ ਹਿੰਦੂ ਧਰਮ ਦੇ ਅਨੁਯਾਈਆਂ ਦੀ ਆਸਥਾ ਦਾ ਵਿਸ਼ੇਸ਼ ਕੇਂਦਰ ਹਨ।

### 3.3 ਸ਼ਿਵ ਦਾ ਅਰਥ

ਸ਼ਿਵ ਦਾ ਅਰਥ ਸ਼ਿਵ ਹਿੰਦੂ ਦੇਵ-ਮਾਲਾ (ਤ੍ਰਿਮੂਰਤੀ) ਦਾ ਤੀਜਾ ਦੇਵਤਾ ਹੈ। 'ਸ਼ੀ-ਜਿਸ ਵਿਚ ਸਭ ਲੀਨ ਹੋ ਜਾਣਾ। ਸਿੱਖ (ਸਿ) ਸ੍ਵਾਸ ਸ਼ਿਸ਼ਵ ਨਾਲ ਹੀ ਇਸ ਦਾ ਸਬੰਧ ਜੁੜਦਾ ਹੈ। ਸ਼ਿਵਮ ਕਲਿਆਣ, ਪ੍ਰਸੰਨਤਾ, ਵੱਡੇ ਭਾਗ। ਇਸ ਲਈ ਸ਼ਿਵ ਦੇ ਪ੍ਰਮੁੱਖ ਅਰਥ ਹਨ ਬਰਕਤਾ ਵਾਲਾ ਕਲਿਆਣਕਾਰੀ ਦੇਵਤਾ' ਜੋ ਮਿਹਰ ਥਾਨ ਤੇ ਭੋਲੇ ਭਾਉ ਵਰਦਾਨ ਦੇਣ ਵਾਲਾ ਹੈ। ਪੁਰਾਤਨ ਸੰਸਕ੍ਰਿਤ ਕਾਵਿ ਵਿਚ 'ਸ਼ਿਵ' ਸੁੱਖ, ਮੁਕਤੀ, ਆਤਮ-ਗਿਆਨ, ਜਲ ਆਦਿ ਅਨੇਕ ਅਰਥਾਂ ਵਿਚ ਵਰਤਿਆ ਗਿਆ ਹੈ। ਗੁਰਬਾਣੀ ਵਿਚ ਮਹਾਦੇਵ ਪਾਰਬਤੀ-ਪਤੀ (ਸਿਵ ਸਿਵ ਕਰਤੇ ਜੋ ਨਰੁ ਧਿਆਵੈ-ਗੋਂਡ ਨਾਮਦੇਵ ਪਾਰਬ੍ਰਹਮ ਕਰਤਾਰ (ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ-ਸਿਰੀ ਰਾਗ ਮਹਲਾ 1) ਅਤੇ ਸ਼ਾਂਤੀ (ਆਪੇ ਸਿਵ ਵਰਤਾਈਅਨੁ ਅੰਤਰ-ਮਾਰੂ ਸੋਲਹੇ ਮਹਲਾ ੫) ਆਦਿ ਦੇ ਅਰਥਾਂ ਵਿਚ ਵਰਤਿਆ ਗਿਆ ਹੈ।ਜੇ ਇਸ ਦੇ ਸਰੂਪ ਦਾ ਥੋੜ੍ਹੇ ਸ਼ਬਦਾਂ ਵਿਚ ਵਰਣਨ ਕੀਤਾ ਜਾਵੇ ਤਾਂ ਇਹ ਪ੍ਰਧਾਨ ਸੰਪਾਰਕ ਹੈ ਪਰ ਇਸ ਦੀਆਂ ਸ਼ਕਤੀਆਂ ਤੇ ਗੁਣ ਅਣਗਿਣਤ ਤੇ ਵਧੇਰੇ ਵਿਸਤ੍ਰਿਤ ਹਨ। ਵੇਦਾਂ ਵਿਚ ਇਸ ਦੇਵਤਾ ਦੀ ਰੁਦ੍ਰ ਦੇ ਨਾਂ ਨਾਲ ਪੂਜਾ ਹੁੰਦੀ ਸੀ ਪਰ ਅੱਗੇ ਜਾ ਕੇ ਪੁਰਾਣ ਕਾਲ ਵਿਚ ਇਹ ਰੁਦ੍ਰ ਸ਼ੰਕਰ ਮਹਾਦੇਵ ਅਤੇ ਸ਼ਿਵ ਆਦਿ ਨਾਵਾਂ ਨਾਲ ਪ੍ਰਸਿਧ ਹੋਇਆ। 'ਸ਼ਿਵ ਨਾਂ ਸਿਸ਼ਟਾਚਾਰ ਵਜੋਂ ਦਿੱਤਾ ਗਿਆ ਜਾਪਦਾ ਹੈ। ਭਾਵੇਂ ਸ਼ਿਵ ਦਾ ਪ੍ਰਮੁੱਖ ਕਾਰਜ ਸ੍ਰਿਸ਼ਟੀ ਦਾ ਵਿਨਾਸ ਕਰਨਾ ਹੈ ਪਰ ਸ਼ੈਵਮਤ ਦੇ ਪੁਰਾਣ-ਲੇਖਕਾਂ ਨੇ ਨਵ-ਨਿਰਮਾਣ ਦਾ ਕੰਮ ਵੀ ਸ਼ਿਵ ਨਾਲ ਜੋੜ ਦਿੱਤਾ ਹੈ। ਉਨ੍ਹਾਂ ਅਨੁਸਾਰ ਸਿਵ ਭਾਰਤ ਦਾ ਸਭ ਤੋਂ ਪੁਰਾਣਾ ਦੇਵਤਾ ਹੈ।

### 3.4 ਤ੍ਰਿਮੂਰਤੀ

ਤ੍ਰਿਮੂਰਤੀ (ਬ੍ਰਹਮਾ, ਵਿਸ਼ਣੂ, ਸ਼ਿਵ) ਅਸਲ ਵਿਚ ਇਕੋ ਤੱਤ ਦੇ ਬਾਹਰਲੇ ਰੂਪ ਦੱਸਦੀ ਹੈ। ਭਵ (ਉਤਪਤੀ) ਵੈਭਵ (ਖ਼ੁਸ਼ਹਾਲੀ) ਅਤੇ ਵਿਭਵ (ਪਰਲੋ)। ਇਹ ਤਿੰਨੇ ਕਾਰਜ ਅਨੰਤ ਸਮੇਂ ਤੋਂ ਚਲਦੇ ਆ ਰਹੇ ਹਨ ਅਤੇ ਇਕ ਦੂਜੇ ਉੱਤੇ ਨਿਰਭਰ ਹਨ। ਇਸ ਲਈ ਕਦੇ ਸਿਵ ਨੂੰ ਪ੍ਰਮੁੱਖ ਮੰਨਿਆ ਜਾਂਦਾ ਹੈ, ਕਦੇ ਬ੍ਰਹਮਾ ਨੂੰ ਅਤੇ ਕਦੇ ਵਿਸ਼ਣੂ ਨੂੰ। ਪੁਰਾਣਾਂ ਵਿਚ ਵੀ ਆਪਣੇ ਆਪਣੇ ਮਨ ਭਾਉਂਦੇ ਦੇਵਤਾ (ਭਾਵੇਂ ਉਹ ਸ਼ਿਵ ਹੈ ਜਾਂ ਵਿਸ਼ਣੂ) ਦੀ ਸਰਵਉਚੱਤਾ ਸਿੱਧ ਕਰਨ ਲਈ ਅਨੇਕ ਮਿਥਿਹਾਸਕ ਕਹਾਣੀਆਂ ਤੇ ਸੰਕੇਤਾਂ ਦਾ ਵਿਕਾਸ ਤੇ ਵਿਸਤਾਰ ਕਰ ਲਿਆ ਗਿਆ ਹੈ। ਉਪਨਿਸ਼ਦਾਂ ਵਿਚ ਸ਼ਿਵ ਦਾ ਹੋਰ ਵਿਕਸਿਤ ਰੂਪ ਮਿਲਦਾ ਹੈ। ਜਦੋਂ ਦੇਵਤਿਆ ਨੇ ਸ਼ਿਵ ਨੂੰ ਉਸ ਦੇ ਸਰੂਪ ਬਾਰੇ ਪੁੱਛਿਆ ਤਾਂ ਸ਼ਿਵ ਨੇ ਕਿਹਾ. "ਇਸ ਸੰਸਾਰ ਦੀ ਉਤਪਤੀ ਤੋਂ ਪਹਿਲਾਂ ਮੈਂ ਹੀ ਇਸ ਸੰਸਾਰ ਵਿਚ ਸਾ, ਮੈਂ ਹੀ ਹਮੇਸ਼ਾ ਮੌਜੂਦ ਰਹਿੰਦਾ ਹਾਂ ਅਤੇ ਰਹਾਂਗਾ। ਇਕ ਥਾਂ ਤੇ ਲਿਖਿਆ ਹੈ ਇਹ ਹੀ ਬ੍ਰਹਮਾ ਹੈ, ਸ਼ਿਵ ਹੈ ਇੰਦ੍ਰ ਹੈ। ਇਹ ਕਦੀ ਨਸ਼ਟ ਨਹੀਂ ਹੁੰਦਾ। ਇਹ ਸਰਵ ਉੱਚ ਤੇ ਸਵੈ- ਪ੍ਰਕਾਸ਼ਮਾਨ ਹੈ। ਇਹ ਹੀ ਵਿਸ਼ਣੂ ਹੈ ਇਹ ਹੀ ਸਭ ਦਾ ਜੀਵਨ ਹੈ, ਇਹ ਸਭ ਦੀ ਆਤਮਾ ਹੈ ਅਤੇ ਸਰਵ ਸ਼ਕਤੀਮਾਨ ਪਰਮਾਤਮਾ ਹੈ। ਪੁਰਾਣਾਂ ਅਨੁਸਾਰ ਇਸਦਾ ਰੂਪ ਇਸ ਤਰ੍ਹਾਂ ਹੈ—ਸਿਰ ਉੱਤੇ ਗੰਗਾ, ਮੱਥੇ ਤੇ ਚੰਦਰਮਾ ਅਤੇ ਤੀਜਾ ਨੰਤਰ, ਗਲੇ ਵਿਚ ਸੱਪਾ ਅਤੇ ਨਰਮੁੰਡਾਂ ਦੀ ਮਾਲਾ, ਸਰੀਰ ਉੱਤੇ ਭਸਮ ਤੇ ਬਾਘ ਦੀ ਖੱਲ ਅਤੇ ਖੱਬੇ ਪਾਸੇ ਪਾਰਬਤੀ। ਇਸਦੇ ਪੁੱਤਰਾਂ ਦਾ ਨਾਂ ਗਣੇਸ਼ ਅਤੇ ਕਾਰਤੀਕੇਯ, ਇਸਦੇ ਸੇਵਕ ਭੂਤ ਪਰੇਤ ਮੁੱਖ ਹਥਿਆਰ

ਤ੍ਰਿਸੂਲ ਅਤੇ ਸਵਾਰੀ ਬਲਦ ਹੈ, ਜਿਸ ਦਾ ਨਾਂ 'ਨੰਦੀ' ਹੈ। ਇਸਦੇ ਧਨੁਖ ਦਾ ਨਾ ਪਿਨਾਕ ਹੈ ਜਿਸ ਨੂੰ ਧਾਰਣ ਕਰਨ ਕਾਰਨ ਸ਼ਿਵ 'ਪਿਨਾਕੀ' ਵੀ ਕਹਾਉਂਦਾ ਹੈ।

### 3.5 ਨਟਰਾਜ ਰੂਪ

ਸਿਵ ਦਾ ਨਾਚ ਕਰਦੇ ਹੋਏ 'ਨਟਰਾਜ' ਵਾਲਾ ਰੂਪ ਵੀ ਪ੍ਰਸਿੱਧ ਹੈ। ਇਸ ਵਿਚ ਇਸ ਦੀਆਂ ਚਾਰ ਬਾਹਾਂ ਹਨ-ਇਕ ਹੱਥ ਵਿਚ ਡਮਰੂ, ਦੂਜੇ ਵਿਚ ਪ੍ਰਚੰਡ ਅਗਨੀ, ਤੀਜਾ ਹੱਥ ਨਿਰਭੈ ਭਾਵ ਦੀ ਮੁਦ੍ਰਾ ਵਿਚ ਹੈ ਅਤੇ ਚੌਥਾ ਇਕ ਮਨੁੱਖੀ ਸਰੀਰ ਵੱਲ ਸੰਕੇਤ ਕਰਦਾ ਹੈ ਜਿਸ ਉੱਤੇ ਇਹ ਪੈਰ ਰਖਕੇ ਖਲੋਤਾ ਹੈ। ਜਿਸ ਤੋਂ ਭਾਵ ਇੰਦ੍ਰੀਆਂ ਨੂੰ ਜਿੱਤਣ ਵਾਲਾ ਮਹਾਂਦੇਵ ਤੇ ਮਹਾਂਯੋਗੀ। ਇਸਦੇ ਗਲੇ ਵਿਚ ਲਹਿਰਾਉਂਦਾ ਨਾਗ ਕਾਲ ਤੇ ਗਿਆਨ ਦਾ: ਛੋਟੇ ਸੱਪ ਮਨੁੱਖੀ ਵਲਵਲਿਆਂ ਦੇ ਜਟਾ ਜੂਟ ਸ਼ਕਤੀ ਦਾ ਅਤੇ ਮੁੰਡਮਾਲਾ ਮੌਤ ਦੀ ਪ੍ਰਤੀਕ ਹੈ। ਬਾਘ ਦੀ ਖੱਲ ਸ਼ਿਵ-ਸਕਤੀ ਦਾ ਚਿੰਨ੍ਹ ਹੈ। ਇਸ ਦਾ ਦਿਗੰਬਰ-ਨਗਨਰੂਪ ਅਕਾਸ਼ ਵਿਚ ਵਿਚਰਨ ਦਾ ਅਰਥ ਰੱਖਦਾ ਹੈ। ਪਿੰਡ ਤੇ ਮਲੀ ਭਬੂਤ ਵਿਨਾਸਕਾਰੀ ਪੱਖ ਵੱਲ ਸੰਕੇਤ ਕਰਦੀ ਹੈ। ਇਸ ਦਾ ਨੀਲੇ ਰੰਗ ਦਾ ਕੰਠ (ਜਿਸ ਕਰਕੇ ਇਸ ਨੂੰ ਨੀਲ ਕੰਠ ਵੀ ਕਿਹਾ ਜਾਂਦਾ ਹੈ) ਸਾਗਰ-ਮੰਥਨ ਵੇਲੇ ਵਿਖ (ਕਾਲਕੂਟ) ਪੀ ਕੇ ਸਭ ਸੁਰ-ਨਰ ਨੂੰ ਬਚਾਉਣ ਦਾ ਪ੍ਰਤੀਕ ਹੈ। 'ਤ੍ਰਿਲੋਚਨ ਦਾ ਭਾਵ ਤ੍ਰੈਕਾਲ ਦਰਸੀ ਹੋਣਾ ਹੈ। ਚੰਨ ਮਹੀਨੇ ਦੇ ਸੁਦੀ ਵਦੀ ਪੱਖ ਦਾ ਪ੍ਰਤੀਕ ਹੈ ਤੇ ਤ੍ਰਿਸ਼ੂਲ-ਤ੍ਰਿਗੁਣ ਇਸਦੇ ਸ਼ਕਤੀ-ਧਾਰੀ ਹੋਣ ਦਾ ਚਿੰਨ੍ਹ ਹੈ। ਪੁਰਾਣਾਂ ਵਿਚ ਸ਼ਿਵ ਦੇ ਸਬੰਧ ਵਿਚ ਬਹੁਤ ਸਾਰੀਆਂ ਕਥਵਾਂ ਮਿਲਦੀਆਂ ਹਨ। ਇਸ ਦਾ ਕਰੋਧ ਪ੍ਰਸਿੱਧ ਹੈ ਤੇ ਤੀਜਾ ਨੇਤਰ ਪਰਲੋਕਾਰੀ ਹੈ। ਇਸਨੇ ਕਾਮਦੇਵ ਨੂੰ ਭਸਮ ਕਰ ਦਿੱਤਾ ਸੀ। ਸਾਗਰ-ਮੰਥਲ ਸਮੇਂ ਜੋ ਜਹਿਰ ਨਿਕਲਿਆ ਸੀ ਉਸਦਾ ਪਾਨ ਸ਼ਿਵ ਨੇ ਹੀ ਕੀਤਾ ਪਰ ਇਹ ਜਹਿਰ ਪੇਟ ਵਿਚ ਨਹੀਂ ਉਤਰਿਆ, ਕੰਠ ਵਿਚ ਹੀ ਰੱਖੀ ਰੱਖਿਆ, ਇਸੇ ਕਾਰਨ ਇਸ ਦਾ ਗਲਾ ਜਹਿਰ ਨਾਲ ਨੀਲਾ ਹੋ ਗਿਆ। ਇਸ ਲਈ ਇਹ 'ਨੀਲ ਕੰਠ ਕਹਾਉਣ ਲੱਗਾ। ਪਰਸੂ ਰਾਮ ਨੇ ਇਸ ਤੋਂ ਅਸਤਰ ਵਿਦਿਆ ਸਿੱਖੀ ਸੀ। ਇਹ ਸੰਗੀਤ, ਨਾਚ ਅਤੇ ਅਭਿਨੈ ਦਾ ਪ੍ਰਧਾਨ ਆਚਾਰੀਆ ਅਤੇ ਪਰਮ-ਤਪੱਸਵੀ ਤੇ ਯੋਗੀ ਮੰਨਿਆ ਜਾਂਦਾ ਹੈ। ਸ਼ਿਵ ਸਬੰਧੀ ਪੁਰਾਣ 'ਸ਼ਿਵ ਪੁਰਾਣ' ਕਹਾਉਂਦਾ ਹੈ। ਇਸ ਦੇ ਉਪਾਸ਼ਕ ਸ਼ੈਵ ਕਹਾਉਂਦੇ ਹਨ ਤੇ ਇਸ ਦਾ ਨਿਵਾਸ ਸਥਾਨ ਕੈਲਾਸ਼ ਪਰਬਤ ਮੰਨਿਆ ਜਾਂਦਾ ਹੈ।

#### 3.5.1 ਸ਼ਿਵ ਦਾ ਤਾਂਡਵ

ਸ਼ਿਵ ਦਾ ਤਾਂਡਵ ਨਾਚ ਤੇ ਮਸਤੀ ਬਹੁਤ ਪ੍ਰਸਿੱਧ ਹੈ। ਸ਼ਾਇਦ ਇਸੇ ਹੀ ਕਾਰਨ ਯੋਗ-ਮਤ ਵਿਚ ਨਸ਼ੀਲੀਆਂ ਵਸਤੂਆਂ ਦਾ ਵਧੇਰੇ ਪ੍ਰਚਾਰ ਹੋ ਗਿਆ। ਕਾਮ-ਦੇਵਤਾ ਨੂੰ ਅਸਰੀਰੀ ਕਰ ਦੇਣ ਕਰਕੇ ਸ਼ਿਵ ਸੰਨਿਆਸ ਧਰਮ ਹਠ-ਯੋਗ ਤੇ ਸਿੱਧ ਵਿਚਾਰਧਾਰਾ ਵਿਚ ਆਦਰਸ਼ ਮੰਨਿਆ ਗਿਆ ਹੈ। ਸ਼ਿਵ ਨੂੰ ਕਾਲ (ਅੰਤਕ) ਵੀ ਕਿਹਾ ਜਾਂਦਾ ਹੈ। ਇਸ ਦੀ ਪਤਨੀ ਪਾਰਬਤੀ ਦਾ ਕਾਲੀ ਰੂਪ ਵੀ ਨਵ-ਨਿਰਮਾਣ ਲਈ ਜ਼ਰੂਰੀ ਹੈ। ਸ਼ਕਤੀ ਤੋਂ ਬਿਨਾ ਸ਼ਿਵ (ਕਲਿਆਣ) ਅਪੂਰਣ ਹੈ। ਇਸੇ ਲਈ ਸ਼ਿਵ ਨੂੰ ਅਰਧਨਾਰੀਸ਼ਵਰ ਵੀ ਆਖਦੇ ਹਨ।

ਸ਼ਿਵ ਭਾਰਤ ਦਾ ਬਹੁਰੰਗੀ ਦੇਵਤਾ ਹੈ। ਭਾਵ ਸ਼ਿਵ ਦਾ ਗੋਰਾ ਰੰਗ ਪ੍ਰਸਿੱਧ ਹੈ ਪਰ ਅਸਲ ਵਿਚ ਇਸਦੇ ਤ੍ਰਿਸ਼ੂਲ ਦੇ ਤਿੰਨ ਗੁਣਾ (ਸਤੋ, ਰਜੋ ਤੇ ਤਮੋ) ਵਾਂਗ ਇਸ ਦੇ ਸ਼ੁਕਲ (ਚੰਦਰਮਾ ਰੂਪ) ਲੋਹਿਤ (ਰੰਦ) ਅਤੇ ਨੀਲਾ (ਜਹਿਰ ਦੇ ਕਾਰਣ) ਤਿੰਨ ਰੰਗ ਹਨ। ਸ਼ਿਵਪੁਰਾਣ ਵਿਚ 'ਸ਼ਿਵ' ਦੇ 1008 ਨਾਂ ਦਿੱਤੇ ਗਏ ਹਨ, ਸੋਮ, ਹਰ, ਈਸ਼ਵਰ, ਭੈਰਵ, ਭੀਮ ਆਦਿ। ਇਸਨੂੰ ਅਨੇਕ ਉਪਾਧੀਆਂ ਨਾਲ ਵੀ ਸਨਮਾਨਿਆ ਗਿਆ ਹੈ, ਜਿਵੇਂ ਅਘੋਰ (ਭਿਆਨਕ), ਚੰਦ੍ਰਸ਼ੇਖਰ (ਚੰਨ ਦੇ ਤਾਜ ਵਾਲਾ), ਗੰਗਾਧਰ (ਗੰਗਾ ਨੂੰ ਸਿਰ ਤੇ ਧਾਰਨ ਕਰਨ ਵਾਲਾ) ਪਸ਼ੂਪਤੀ (ਪਸ਼ੂਆਂ ਦਾ ਮਾਲਕ), ਸ਼ੰਕਰ ਜਾਂ ਸਦਾਸਿਵ ਜਾਂ ਸੰਭੂ (ਕਲਿਆਨਕਾਰੀ). ਤਯੰਥਕ (ਤਿੰਨ ਅੱਖਾਂ ਵਾਲਾ), ਵਿਸ਼ਨਾਥ (ਸਰਿਆਂ ਦਾ ਮਾਲਕ) ਆਦਿ। ਸ਼ਿਵ ਦੀ ਪੂਜਾ 'ਸ਼ਿਵਲਿੰਗ ਦੇ ਰੂਪ ਵਿਚ ਕੀਤੀ ਜਾਂਦੀ ਹੈ ਜੋ ਕਿ ਮਿੱਟੀ ਜਾਂ ਪੱਥਰ ਦਾ ਬਣਿਆ ਹੁੰਦਾ ਹੈ ਅਤੇ ਆਕਾਰ ਵਿਚ ਆਦਮੀ ਦੇ ਗੁਪਤ ਅੰਗ ਵਰਗਾ ਹੁੰਦਾ ਹੈ। ਭਾਰਤ ਵਿਚ ਬਾਰਾਂ ਸ਼ਿਵਲਿੰਗ ਪ੍ਰਸਿੱਧ ਹਨ। ਸ਼ਿਵ ਦੇ ਸੇਵਕ ਸ਼ਿਵਗਣ ਅਖਵਾਉਦੇ ਹਨ। ਸਾਕਤ ਤੇ ਤਾਂਤ੍ਰਿਕ ਸ਼ਿਵ-ਪਤਨੀ (ਦੁਰਗਾ, ਭਵਾਨੀ, ਕਾਲੀਮਾਤਾ, ਸ਼ਕਤੀ, ਉਮਾ, ਪਾਰਬਤੀ, ਗੋਰੀ) ਦੀ ਪੂਜਾ ਕਰਦੇ ਹਨ। ਪੰਜਾਬ ਦੇ ਉੱਤਰ ਵਿਚ ਕੋਈ ਦੇ ਹਜ਼ਾਰ ਵਰ੍ਹੇ ਪਹਿਲਾਂ ਬੜੇ ਉੱਘੇ ਸ਼ਕਤੀ-ਕੇਂਦਰ (ਸ਼ਿਵ ਮੰਦਰ) ਸਨ ਜੋ ਅੱਜ ਕਲ ਤਾਰਾ ਦੇਵੀ ਮਨਸਾ ਦੇਵੀ, ਚਿੰਤਪੁਰਨੀ, ਵੈਸਨੋ ਦੇਵੀ, ਚੰਡੀ ਮੰਦਰ ਕਾਲਕਾ ਜੀ, ਜੁਆਲਾ ਜੀ ਆਦਿ ਦੇ ਨਾਵਾਂ ਨਾਲ ਪ੍ਰਸਿੱਧ ਹਨ।

ਸ਼ਿਵ ਹਿੰਦੂ ਤ੍ਰਿਮੂਰਤੀ ਵਿੱਚ ਤੀਜਾ ਦੇਵਤਾ ਹੈ। ਤ੍ਰਿਮੂਰਤੀ ਵਿੱਚ ਤਿੰਨ ਦੇਵਤੇ ਸ਼ਾਮਲ ਹਨ ਜੋ ਸੰਸਾਰ ਦੀ ਰਚਨਾ, ਸੰਭਾਲ ਅਤੇ ਵਿਨਾਸ਼ ਲਈ ਜ਼ਿੰਮੇਵਾਰ ਹਨ। ਬਾਕੀ ਦੋ ਦੇਵਤੇ ਬ੍ਰਹਮਾ ਅਤੇ ਵਿਸ਼ਨੂੰ ਹਨ। ਬ੍ਰਹਮਾ ਬ੍ਰਹਿਮੰਡ ਦਾ ਸਿਰਜਣਹਾਰ ਹੈ ਜਦਕਿ ਵਿਸ਼ਨੂੰ ਇਸ ਦਾ ਰਖਵਾਲਾ ਹੈ। ਸ਼ਿਵ ਦੀ ਭੂਮਿਕਾ ਇਸ ਨੂੰ ਦੁਬਾਰਾ ਬਣਾਉਣ ਲਈ ਬ੍ਰਹਿਮੰਡ ਨੂੰ ਤਬਾਹ ਕਰਨਾ ਹੈ। ਹਿੰਦੂਆਂ ਦਾ ਮੰਨਣਾ ਹੈ ਕਿ ਉਸ ਦੀ ਵਿਨਾਸ਼ ਅਤੇ ਮਨੋਰੰਜਨ ਦੀਆਂ ਸ਼ਕਤੀਆਂ ਦੀ ਵਰਤੋਂ ਹੁਣ ਵੀ ਇਸ ਸੰਸਾਰ ਦੇ ਭਰਮਾਂ ਅਤੇ ਅਪੂਰਣਤਾਵਾਂ ਨੂੰ ਨਸ਼ਟ ਕਰਨ ਲਈ ਕੀਤੀ ਜਾਂਦੀ ਹੈ, ਲਾਭਦਾਇਕ ਤਬਦੀਲੀ ਲਈ ਰਾਹ ਪੱਧਰਾ ਕਰਦਾ ਹੈ। ਹਿੰਦੂ ਮੱਤ ਅਨੁਸਾਰ ਇਹ ਵਿਨਾਸ਼ ਮਨਮਾਨੀ ਨਹੀਂ, ਸਗੋਂ ਰਚਨਾਤਮਕ ਹੈ। ਇਸ ਲਈ ਸ਼ਿਵ ਨੂੰ ਚੰਗੇ ਅਤੇ ਬੁਰਾਈ ਦੋਵਾਂ ਦੇ ਸਰੋਤ ਵਜੋਂ ਦੇਖਿਆ ਜਾਂਦਾ ਹੈ ਅਤੇ ਉਸ ਨੂੰ ਮੰਨਿਆ ਜਾਂਦਾ ਹੈ ਜੋ ਬਹੁਤ ਸਾਰੇ ਵਿਰੋਧੀ ਤੱਤਾਂ ਨੂੰ ਜੋੜਦਾ ਹੈ। ਸ਼ਿਵ ਨੂੰ ਅਟੁੱਟ ਜਨੂੰਨ ਵਜੋਂ ਜਾਣਿਆ ਜਾਂਦਾ ਹੈ, ਜੋ ਉਸਨੂੰ ਵਿਵਹਾਰ ਵਿੱਚ ਅਤਿਅੰਤ ਲੈ ਜਾਂਦਾ ਹੈ। ਕਈ ਵਾਰ ਉਹ ਸੰਨਿਆਸੀ ਹੁੰਦਾ ਹੈ, ਸਾਰੇ ਸ਼ਬਦੀ ਸੁਖਾਂ ਤੋਂ ਪਰਹੇਜ਼ ਕਰਦਾ ਹੈ। ਦੂਸਰਿਆਂ ਵਿੱਚ ਉਹ ਇੱਕ ਹੇਡੋਨਿਸਟ ਹੈ। ਇਹ ਸ਼ਿਵ ਦਾ ਉਸਦੀ ਪਤਨੀ ਪਾਰਵਤੀ ਨਾਲ ਰਿਸ਼ਤਾ ਹੈ ਜੋ ਉਸਨੂੰ ਸੰਤੁਲਨ ਲਿਆਉਂਦਾ ਹੈ। ਉਨ੍ਹਾਂ ਦਾ ਮਿਲਾਪ ਉਸਨੂੰ ਇੱਕ ਸੰਨਿਆਸੀ ਅਤੇ ਪ੍ਰੇਮੀ ਬਣਨ ਦੀ ਇਜਾਜ਼ਤ ਦਿੰਦਾ ਹੈ, ਪਰ ਵਿਆਹ ਦੀਆਂ ਹੱਦਾਂ ਦੇ ਅੰਦਰ। ਹਿੰਦੂ ਜੋ ਸ਼ਿਵ ਨੂੰ ਆਪਣੇ ਮੁੱਖ ਦੇਵਤੇ ਵਜੋਂ ਪੂਜਦੇ ਹਨ, ਉਹ ਸ਼ੈਵ ਸੰਪਰਦਾ ਦੇ ਮੈਂਬਰ ਹਨ।

### 3.6 ਸ਼ਿਵ ਕਿਸ ਤਰ੍ਹਾਂ ਦਾ ਦਿਖਾਈ ਦਿੰਦਾ ਹੈ?

ਇੱਕ ਆਦਮੀ ਦੇ ਰੂਪ ਵਿੱਚ, ਸ਼ਿਵ ਦਾ ਹਮੇਸ਼ਾ ਇੱਕ ਨੀਲਾ ਚਿਹਰਾ ਅਤੇ ਗਲਾ ਹੁੰਦਾ ਹੈ। ਸਖਤੀ ਨਾਲ ਬੋਲਣ 'ਤੇ ਉਸ ਦਾ ਸਰੀਰ ਚਿੱਟਾ ਹੈ, ਪਰ ਤਸਵੀਰਾਂ ਅਕਸਰ ਉਸ ਨੂੰ ਨੀਲੇ ਸਰੀਰ ਨਾਲ ਵੀ ਦਿਖਾਉਂਦੀਆਂ ਹਨ।

ਸ਼ਿਵ ਨੂੰ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਨਾਲ ਦਰਸਾਇਆ ਗਿਆ ਹੈ:

### 3.6.1 ਤੀਜੀ ਅੱਖ

• ਵਾਧੂ ਅੱਖ ਉਸ ਬੁੱਧੀ ਅਤੇ ਸੂਝ ਨੂੰ ਦਰਸਾਉਂਦੀ ਹੈ ਜੋ ਸ਼ਿਵ ਕੋਲ ਹੈ। ਇਹ ਉਸਦੀ ਬੇਮਿਸਾਲ ਊਰਜਾ ਦਾ ਸਰੋਤ ਵੀ ਮੰਨਿਆ ਜਾਂਦਾ ਹੈ। ਇਕ ਮੌਕੇ 'ਤੇ, ਜਦੋਂ ਸ਼ਿਵ ਪ੍ਰੇਮ ਦੇਵਤਾ, ਕਾਮ ਦੁਆਰਾ ਪੂਜਾ ਦੇ ਵਿਚਕਾਰ ਵਿਚਲਿਤ ਸੀ, ਤਾਂ ਸ਼ਿਵ ਨੇ ਗੁੱਸੇ ਵਿਚ ਆਪਣਾ ਤੀਜਾ ਨੇਤਰ ਖੋਲ੍ਹਿਆ। ਕਾਮਾ ਅੱਗ ਦੁਆਰਾ ਭਸਮ ਹੋ ਗਿਆ ਸੀ, ਅਤੇ ਜਦੋਂ ਪਾਰਵਤੀ ਨੇ ਦਖਲ ਦਿੱਤਾ ਤਾਂ ਹੀ ਉਹ ਜੀਵਨ ਵਿੱਚ ਵਾਪਸ ਆਇਆ।

### 3.6.2 • ਕੋਬਰਾ ਦਾ ਹਾਰ

• ਇਹ ਦੁਨੀਆ ਦੇ ਸਭ ਤੋਂ ਖਤਰਨਾਕ ਪ੍ਰਾਣੀਆਂ ਉੱਤੇ ਸ਼ਿਵ ਦੀ ਸ਼ਕਤੀ ਨੂੰ ਦਰਸਾਉਂਦਾ ਹੈ। ਕੁਝ ਪਰੰਪਰਾਵਾਂ ਇਹ ਵੀ ਕਹਿੰਦੀਆਂ ਹਨ ਕਿ ਸੱਪ ਸ਼ਿਵ ਦੀ ਤਬਾਹੀ ਅਤੇ ਮਨੋਰੰਜਨ ਦੀ ਸ਼ਕਤੀ ਨੂੰ ਦਰਸਾਉਂਦਾ ਹੈ। ਨਵੀਂ, ਮੁਲਾਇਮ ਚਮੜੀ ਲਈ ਰਸਤਾ ਬਣਾਉਣ ਲਈ ਸੱਪ ਆਪਣੀ ਚਮੜੀ ਨੂੰ ਵਹਾਉਂਦਾ ਹੈ।

### 3.6.3 • ਵਿਭੂਤੀ

• ਵਿਭੂਤੀ ਚਿੱਟੀ ਸੁਆਹ ਵਿੱਚ ਮੱਥੇ ਉੱਤੇ ਖਿਤਿਜੀ ਤੌਰ 'ਤੇ ਖਿੱਚੀਆਂ ਤਿੰਨ ਰੇਖਾਵਾਂ ਹਨ। ਉਹ ਸ਼ਿਵ ਦੇ ਸਰਬ-ਵਿਆਪਕ ਸੁਭਾਅ, ਉਸਦੀ ਅਲੌਕਿਕ ਸ਼ਕਤੀ ਅਤੇ ਦੌਲਤ ਨੂੰ ਦਰਸਾਉਂਦੇ ਹਨ। ਨਾਲ ਹੀ, ਉਹ ਉਸਦੀ ਸ਼ਕਤੀਸ਼ਾਲੀ ਤੀਜੀ ਅੱਖ ਨੂੰ ਢੱਕ ਲੈਂਦੇ ਹਨ। ਸ਼ੈਵ ਧਰਮ ਦੇ ਮੈਂਬਰ ਅਕਸਰ ਆਪਣੇ ਮੱਥੇ ਉੱਤੇ ਵਿਭੂਤੀ ਰੇਖਾਵਾਂ ਖਿੱਚਦੇ ਹਨ।

### 3.6.4 • ਤ੍ਰਿਸ਼ੂਲ

• ਤਿੰਨ-ਪੱਖੀ ਤ੍ਰਿਸ਼ੂਲ ਹਿੰਦੂ ਤ੍ਰਿਸ਼ੂਲ ਦੇ ਤਿੰਨ ਕਾਰਜਾਂ ਨੂੰ ਦਰਸਾਉਂਦਾ ਹੈ।

ਜਦੋਂ ਕਿ ਦੂਜੇ ਦੇਵਤਿਆਂ ਨੂੰ ਆਲੀਸ਼ਾਨ ਮਾਹੌਲ ਵਿੱਚ ਦਰਸਾਇਆ ਗਿਆ ਹੈ, ਸ਼ਿਵ ਨੂੰ ਸਧਾਰਨ ਜਾਨਵਰਾਂ ਦੀ ਚਮੜੀ ਅਤੇ ਸਖਤ ਸੈਟਿੰਗਾਂ ਵਿੱਚ, ਆਮ ਤੌਰ 'ਤੇ ਯੋਗ ਸਥਿਤੀ ਵਿੱਚ ਦਰਸਾਇਆ ਗਿਆ ਹੈ। ਪਾਰਵਤੀ, ਜਦੋਂ ਵੀ ਉਹ ਮੌਜੂਦ ਹੁੰਦੀ ਹੈ, ਹਮੇਸ਼ਾ ਸ਼ਿਵ ਦੇ ਨਾਲ ਹੁੰਦੀ ਹੈ। ਉਨ੍ਹਾਂ ਦਾ ਰਿਸ਼ਤਾ ਬਰਾਬਰੀ ਦਾ ਹੈ।

ਭਾਵੇਂ ਸ਼ਿਵ ਵਿਨਾਸ਼ਕਾਰੀ ਹੈ, ਉਸ ਨੂੰ ਆਮ ਤੌਰ 'ਤੇ ਮੁਸਕਰਾਉਂਦੇ ਅਤੇ ਸ਼ਾਂਤ ਵਜੋਂ ਦਰਸਾਇਆ ਜਾਂਦਾ ਹੈ।

## 3.7 ਹੋਰ ਪੇਸ਼ਕਾਰੀ

ਸ਼ਿਵ ਨੂੰ ਕਈ ਵਾਰ ਅੱਧੇ ਆਦਮੀ, ਅੱਧੀ ਔਰਤ ਵਜੋਂ ਦਰਸਾਇਆ ਜਾਂਦਾ ਹੈ। ਉਸਦਾ ਚਿੱਤਰ ਸਰੀਰ ਦੇ ਅੱਧੇ ਹਿੱਸੇ ਵਿੱਚ ਵੰਡਿਆ ਹੋਇਆ ਹੈ, ਇੱਕ ਅੱਧਾ ਉਸਦੇ ਸਰੀਰ ਨੂੰ ਦਰਸਾਉਂਦਾ ਹੈ ਅਤੇ ਦੂਜਾ ਪਾਰਵਤੀ ਦਾ।

ਸ਼ਿਵ ਨੂੰ ਸ਼ਿਵ ਲਿੰਗ ਦੁਆਰਾ ਵੀ ਦਰਸਾਇਆ ਗਿਆ ਹੈ। ਇਹ ਇੱਕ ਫਾਲਿਕ ਮੂਰਤੀ ਹੈ, ਜੋ ਸ਼ਿਵ ਦੀ ਕੱਚੀ ਸ਼ਕਤੀ ਅਤੇ ਉਸਦੀ ਮਰਦਾਨਗੀ ਨੂੰ ਦਰਸਾਉਂਦੀ ਹੈ। ਹਿੰਦੂ ਮੰਨਦੇ ਹਨ ਕਿ ਇਹ ਬ੍ਰਹਿਮੰਡ ਦੇ ਬੀਜ ਨੂੰ ਦਰਸਾਉਂਦਾ ਹੈ, ਸ਼ਿਵ ਦੀ ਰਚਨਾ ਦੀ ਗੁਣਵੱਤਾ ਦਾ ਪ੍ਰਦਰਸ਼ਨ ਕਰਦਾ ਹੈ। ਸ਼ਿਵ ਦੇ ਉਪਾਸਕ ਮਹਾਂਸ਼ਿਵਰਾਤਰੀ ਮਨਾਉਂਦੇ ਹਨ, ਇੱਕ ਤਿਉਹਾਰ ਜਿਸ ਵਿੱਚ ਸ਼ਿਵ ਲਿੰਗ ਨੂੰ ਪਾਣੀ, ਦੁੱਧ ਅਤੇ ਸ਼ਹਿਦ ਵਿੱਚ ਇਸ਼ਨਾਨ ਕੀਤਾ ਜਾਂਦਾ ਹੈ ਅਤੇ ਪੂਜਾ ਕੀਤੀ ਜਾਂਦੀ ਹੈ।

### 3.8 ਸ਼ਿਵ ਦਾ ਜੁੜਾਵ

ਸ਼ਿਵ ਦੀ ਪਤਨੀ ਦੇਵੀ, ਮਾਤਾ-ਦੇਵੀ ਹੈ। ਦੇਵੀ ਨੇ ਅਤੀਤ ਵਿੱਚ ਕਈ ਰੂਪ ਧਾਰਨ ਕੀਤੇ ਹਨ, ਜਿਸ ਵਿੱਚ ਕਾਲੀ, ਮੌਤ ਦੀ ਦੇਵੀ, ਅਤੇ ਸਤੀ, ਵਿਆਹੁਤਾ ਖੁਸ਼ਹਾਲੀ ਦੀ ਦੇਵੀ ਸ਼ਾਮਲ ਹਨ। ਉਸਦਾ ਸਭ ਤੋਂ ਮਸ਼ਹੂਰ ਅਵਤਾਰ ਸ਼ਿਵ ਦੀ ਸਦੀਵੀ ਪਤਨੀ ਪਾਰਵਤੀ ਹੈ। ਹਿੰਦੂ ਮੰਨਦੇ ਹਨ ਕਿ ਸ਼ਿਵ ਅਤੇ ਪਾਰਵਤੀ ਹਿਮਾਲਿਆ ਦੇ ਕੈਲਾਸ਼ ਪਹਾੜਾਂ ਵਿੱਚ ਰਹਿੰਦੇ ਹਨ।

### 3.9 ਨਾਚ ਦਾ ਪ੍ਰਭੂ

ਭਾਰਤ ਵਿੱਚ ਡਾਂਸ ਇੱਕ ਮਹੱਤਵਪੂਰਨ ਕਲਾ ਹੈ, ਅਤੇ ਸ਼ਿਵ ਨੂੰ ਇਸਦਾ ਮਾਸਟਰ ਮੰਨਿਆ ਜਾਂਦਾ ਹੈ। ਉਸਨੂੰ ਅਕਸਰ ਡਾਂਸ ਦਾ ਪ੍ਰਭੂ ਕਿਹਾ ਜਾਂਦਾ ਹੈ। ਨਾਚ ਦੀ ਤਾਲ ਬ੍ਰਹਿਮੰਡ ਵਿੱਚ ਸੰਤੁਲਨ ਦਾ ਇੱਕ ਅਲੰਕਾਰ ਹੈ ਜਿਸਨੂੰ ਸ਼ਿਵ ਨੇ ਬਹੁਤ ਕੁਸ਼ਲਤਾ ਨਾਲ ਫੜਿਆ ਹੋਇਆ ਹੈ। ਉਸਦਾ ਸਭ ਤੋਂ ਮਹੱਤਵਪੂਰਨ ਨਾਚ ਤਾਂਡਵ ਹੈ। ਇਹ ਮੌਤ ਦਾ ਬ੍ਰਹਿਮੰਡੀ ਨਾਚ ਹੈ, ਜੋ ਉਹ ਇੱਕ ਉਮਰ ਦੇ ਅੰਤ ਵਿੱਚ, ਬ੍ਰਹਿਮੰਡ ਨੂੰ ਤਬਾਹ ਕਰਨ ਲਈ ਕਰਦਾ ਹੈ। ਇੱਕ ਹਿੰਦੂ ਕਥਾ ਦੇ ਅਨੁਸਾਰ, ਸ਼ਿਵ ਨੇ ਆਪਣੇ ਸਮੇਂ ਤੋਂ ਪਹਿਲਾਂ ਇਸ ਖਤਰਨਾਕ ਨਾਚ ਦਾ ਪ੍ਰਦਰਸ਼ਨ ਕਰਕੇ ਲਗਭਗ ਇਸ ਬ੍ਰਹਿਮੰਡ ਦੇ ਅੰਤ ਦਾ ਸੰਕੇਤ ਦਿੱਤਾ ਸੀ। ਇਹ ਕਹਾਣੀ ਹੈ। ਇੱਕ ਦਿਨ, ਦੇਵੀ ਸਤੀ ਦੇ ਪਿਤਾ ਨੇ ਇੱਕ ਪ੍ਰਾਰਥਨਾ ਸਮਾਰੋਹ ਆਯੋਜਿਤ ਕਰਨ ਦਾ ਫੈਸਲਾ ਕੀਤਾ। ਇਸ ਪ੍ਰਾਰਥਨਾ ਸਮਾਰੋਹ ਵਿੱਚ, ਸਾਰੇ ਦੇਵਤਿਆਂ ਨੂੰ ਬੁਲਾਇਆ ਜਾਵੇਗਾ ਅਤੇ ਉਨ੍ਹਾਂ ਨੂੰ ਭੇਟਾਂ ਚੜ੍ਹਾਈਆਂ ਜਾਣਗੀਆਂ। ਪਰ ਸ਼ਿਵ ਨੇ ਆਪਣੇ ਪਿਤਾ ਦੀ ਇੱਛਾ ਦੇ ਵਿਰੁੱਧ ਸਤੀ ਨਾਲ ਵਿਆਹ ਕਰਵਾ ਲਿਆ ਸੀ ਅਤੇ ਉਸ ਨੂੰ ਸੱਦਾ ਨਹੀਂ ਦਿੱਤਾ ਗਿਆ ਸੀ। ਸਤੀ ਆਪਣੇ ਪਤੀ ਦੀ ਤਰਫੋਂ ਬਹੁਤ ਨਾਰਾਜ਼ ਸੀ। ਗੁੱਸੇ ਵਿੱਚ, ਸਤੀ ਨੇ ਤੀਬਰਤਾ ਨਾਲ ਪ੍ਰਾਰਥਨਾ ਕੀਤੀ ਅਤੇ ਉਸ ਪਵਿੱਤਰ ਅੱਗ ਵਿੱਚ ਛਾਲ ਮਾਰ ਦਿੱਤੀ ਜੋ ਸਮਾਰੋਹ ਦੇ ਦਿਨ ਬਲ ਰਹੀ ਸੀ। ਗੁੱਸੇ ਵਿੱਚ, ਸਤੀ ਨੇ ਤੀਬਰਤਾ ਨਾਲ ਪ੍ਰਾਰਥਨਾ ਕੀਤੀ ਅਤੇ ਉਸ ਪਵਿੱਤਰ ਅੱਗ ਵਿੱਚ ਛਾਲ ਮਾਰ ਦਿੱਤੀ ਜੋ ਸਮਾਰੋਹ ਦੇ ਦਿਨ ਬਲ ਰਹੀ ਸੀ। ਇਸ ਸਮੇਂ ਦੌਰਾਨ, ਸ਼ਿਵ ਡੂੰਘੇ ਧਿਆਨ ਵਿੱਚ ਸਨ। ਪਰ ਜਦੋਂ ਸਤੀ ਨੇ ਅੱਗ ਵਿੱਚ ਛਾਲ ਮਾਰ ਦਿੱਤੀ, ਤਾਂ ਉਹ ਬਹੁਤ ਗੁੱਸੇ ਵਿੱਚ ਜਾਗਿਆ, ਇਹ ਮਹਿਸੂਸ

ਕੀਤਾ ਕਿ ਉਸਦੀ ਪਤਨੀ ਨੇ ਕੀ ਕੀਤਾ ਸੀ। ਇਸ ਸਮੇਂ ਕਹਾਣੀ ਘੱਟ ਨਿਸ਼ਚਿਤ ਹੋ ਜਾਂਦੀ ਹੈ, ਪਰ ਇਹ ਮੰਨਿਆ ਜਾਂਦਾ ਹੈ ਕਿ ਸ਼ਿਵ ਨੇ ਮੌਤ ਦਾ ਬ੍ਰਹਿਮੰਡੀ ਨਾਚ ਸ਼ੁਰੂ ਕੀਤਾ ਸੀ। ਸਮੁੱਚਾ ਬ੍ਰਹਿਮੰਡ ਸਮਾਂ ਆਉਣ ਤੋਂ ਪਹਿਲਾਂ ਹੀ ਤਬਾਹ ਹੋਣ ਵਾਲਾ ਸੀ ਪ੍ਰਾਰਥਨਾ ਸਮਾਰੋਹ ਵਿੱਚ ਮੌਜੂਦ ਦੇਵਤੇ ਬਹੁਤ ਚਿੰਤਤ ਸਨ। ਉਸ ਨੂੰ ਸ਼ਾਂਤ ਕਰਨ ਲਈ, ਉਨ੍ਹਾਂ ਨੇ ਉਸ ਉੱਤੇ ਸਤੀ ਦੀਆਂ ਅਸਥੀਆਂ ਖਿਲਾਰ ਦਿੱਤੀਆਂ। ਇਹ ਚਾਲ ਚੱਲੀ। ਉਹ ਸ਼ਾਂਤ ਹੋ ਗਿਆ ਅਤੇ ਡਾਂਸ ਪੂਰਾ ਨਹੀਂ ਕੀਤਾ। ਪਰ ਉਹ ਆਪਣੀ ਪਤਨੀ ਦੀ ਮੌਤ ਤੋਂ ਬਹੁਤ ਦੁਖੀ, ਆਪਣੇ ਸਾਰੇ ਧਰਮੀ ਫਰਜ਼ਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ, ਕਈ ਸਾਲਾਂ ਤੱਕ ਸਿਮਰਨ ਵਿੱਚ ਚਲਾ ਗਿਆ। ਇਹ ਉਦੋਂ ਤੱਕ ਨਹੀਂ ਸੀ ਜਦੋਂ ਤੱਕ ਸਤੀ ਦਾ ਪਾਰਵਤੀ ਦੇ ਰੂਪ ਵਿੱਚ ਪੁਨਰ ਜਨਮ ਨਹੀਂ ਹੋਇਆ ਸੀ ਕਿ ਸ਼ਿਵ ਆਖਰਕਾਰ ਧਿਆਨ ਤੋਂ ਬਾਹਰ ਆ ਗਿਆ। ਆਪਣੇ ਪਿਆਰ ਅਤੇ ਧੀਰਜ ਦੁਆਰਾ, ਉਸਨੇ ਉਸਨੂੰ ਪਰਿਵਾਰਕ ਜੀਵਨ ਅਤੇ ਸੰਜਮ ਦੀ ਮਹੱਤਤਾ ਬਾਰੇ ਸਿਖਾਇਆ। ਸ਼ਿਵ ਅਤੇ ਪਾਰਵਤੀ ਨੂੰ ਬਹੁਤ ਸਾਰੇ ਹਿੰਦੂਆਂ ਦੁਆਰਾ ਵਿਆਹੁਤਾ ਅਨੰਦ ਦੀ ਸੰਪੂਰਣ ਉਦਾਹਰਣ ਵਜੋਂ ਰੱਖਿਆ ਗਿਆ ਹੈ, ਅਤੇ ਇੱਕ ਨੂੰ ਦੂਜੇ ਤੋਂ ਬਿਨਾਂ ਸ਼ਾਇਦ ਹੀ ਦਰਸਾਇਆ ਗਿਆ ਹੈ।

### 3.10 ਸਾਰ

ਸਾਰ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸਿਵ ਹਿੰਦੂ ਧਰਮ ਦਾ ਬਹੁਤ ਮਹੱਤਵਪੂਰਨ ਦੇਵਤਾ ਹੈ। ਭਾਵੇਂ ਕਿ ਸ਼ੁਰੂਆਤੀ ਸਮੇਂ ਤੋਂ ਹਾਲਾਂਕਿ ਅੱਜ ਵੀ ਕਈ ਹਿੰਦੂ ਸ਼ਿਵ ਨੂੰ ਸੰਸਥਾਪਕ ਦੇਵਤਾ ਵਜੋਂ ਨਹੀਂ ਮੰਨਦੇ ਕਿਉਂਕਿ ਇਹ ਤ੍ਰਿਮੂਰਤੀ ਨੂੰ ਹੀ ਸੰਸਾਰ ਦਾ ਰਚਨਹਾਰ ਮੰਨਦੇ ਹਨ। ਪਰ ਸ਼ਿਵ ਨੂੰ ਸੰਸਾਰ ਦਾ ਨਾਸ਼ ਕਰਨ ਵਾਲਾ ਮੰਨਿਆ ਜਾਂਦਾ ਹੈ ਤਾਂ ਇਹੀ ਦੇਵਤਾ ਹਿੰਦੂ ਧਰਮ ਦੇ ਸੰਸਥਾਪਕ ਵਜੋਂ ਇਕ ਵਿਸ਼ਾਲ ਖਿੱਤੇ ਵੱਲੋਂ ਮੰਨਿਆ ਜਾਂਦਾ ਹੈ। ਹਿੰਦੂ ਮਤ ਵਿਚ ਸ਼ਿਵ ਦੀ ਕਈ ਰੂਪਾਂ ਵਿਚ ਅਰਾਧਨਾ ਕੀਤੀ ਜਾਂਦੀ ਹੈ ਅਤੇ ਕਈ ਤਰ੍ਹਾਂ ਨਾਲ ਪੂਜਾ ਵਿਧੀਆਂ ਅਪਣਾ ਕੇ ਪੂਜਾ ਵੀ ਕੀਤੀ ਜਾਂਦੀ ਹੈ। ਜਿਥੇ ਸ਼ਿਵ ਨੂੰ ਭੋਲੇ ਭੰਡਾਰੀ ਦੇ ਰੂਪ ਵਿਚ ਮਾਨਤਾ ਪ੍ਰਾਪਤ ਹੈ ਉਥੇ ਹੀ ਰੁਦ੍ਰ ਰੂਪ ਵਿਚ ਸੰਸਾਰ ਦਾ ਨਾਸ ਕਰਨ ਵਾਲੇ ਰੂਪ ਵਿਚ ਵੀ ਮੰਨਿਆ ਜਾਂਦਾ ਹੈ। ਸ਼ਿਵ ਤੰਤਰ ਵਿਦਿਆ ਹਿੰਦੂ ਮਤ ਵਿਚ ਸਭ ਤੋਂ ਮਹੱਤਵਪੂਰਨ ਮੰਨੀ ਜਾਂਦੀ ਹੈ ਅਤੇ ਕਿਹਾ ਜਾਂਦਾ ਹੈ ਇਥੋਂ ਹੀ ਤੰਤਰ ਵਿੱਦਿਆ ਦਾ ਪਸਾਰਾ ਹੋਇਆ ਜੋ ਕਿ ਅੱਜ ਵੀ ਕਈ ਸੰਪਰਦਾਵਾਂ ਵਿਚ ਪ੍ਰਚਲਿੱਤ ਹੈ। ਜਿਥੇ ਇਕ ਪਾਸੇ ਸ਼ਿਵ ਨੂੰ ਹਿੰਦੂਆਂ ਵਿਚ ਪਾਰਬਤੀ ਦੇ ਨਾਲ ਮੇਲ ਕੇ ਪੂਜਾ ਕੀਤੀ ਜਾਂਦੀ ਹੈ ਦੂਜੇ ਪਾਸੇ ਉਸ ਨੂੰ ਮੜੀ ਮਸਾਣ ਦੇ ਦੇਵਤਾ ਵੀ ਕਿਹਾ ਗਿਆ ਹੈ। ਇਥੇ ਹੀ ਬੱਸ ਨਹੀਂ ਉਸਦੇ ਮਹੱਤਵਪੂਰਨ ਰੂਪਾਂ ਵਿਚੋਂ ਇਕ ਰੂਪ ਨਟਰਾਜ ਦਾ ਹੈ ਜਿਸ ਵਿਚ ਸ਼ਿਵ ਨੂੰ ਨਾਚ ਦਾ ਪ੍ਰਭੂ ਕਰਕੇ ਜਾਣਿਆ ਜਾਂਦਾ ਹੈ। ਜੇਕਰ ਸ਼ਿਵ ਦੀ ਦਿੱਖ ਦੀ ਗੱਲ ਕੀਤੀ ਜਾਵੇ ਤਾਂ ਉਹ ਤੀਜੀ ਅੱਖ ਵਾਲਾ, ਸੱਪਾਂ ਖਾਸ ਕਰ ਕੋਬਰਾ ਸੱਪ ਨੂੰ ਗਲੇ ਵਿਚ ਹਾਰ ਵਾਂਗ ਪਹਿਨਿਆਂ ਹੋਇਆ, ਹੱਥ ਵਿਚ ਤ੍ਰਿਸ਼ੂਲ ਫੜਿਆ ਅਤੇ ਪਿੰਡੇ ਉੱਤੇ ਵਿਭੂਤੀ ਮਲਿਆ ਹੋਇਆ ਵਿਖਾਇਆ ਜਾਂਦਾ ਹੈ। ਭਾਰਤ ਵਿਚ ਇਹ ਮਾਨਤਾ ਹੈ ਕਿ ਸ਼ਿਵ ਦਾ ਨਿਵਾਸ ਕੈਲਾਸ਼ ਪਰਬਤ ਉੱਤੇ ਹੈ ਜਿਥੇ ਉਹ ਪਾਰਬਤੀ ਦੇਵੀ ਨਾਲ ਨਿਵਾਸ ਕਰਦਾ ਹੈ। ਉਪਰੋਕਤ ਤੋਂ ਸਪੱਸ਼ਟ ਹੈ ਕਿ ਸ਼ਿਵ ਹਿੰਦੂ ਧਰਮ ਦਾ ਮਹੱਤਵਪੂਰਨ ਅਤੇ ਅਟੁੱਟ ਦੇਵ ਹੈ ਜਿਸਨੂੰ ਇਸਦੇ ਸੰਸਥਾਪਕ ਵਜੋਂ ਜਾਣਿਆ ਗਿਆ ਹੈ।

**3.11 ਪੜ੍ਹਣਯੋਗ ਪੁਸਤਕਾਂ**

SukhabodhaNanda, Shiva Sutras, Jaico Book, Mumbai, 2012

Pattanaik Devdutt, Shiva to Shankara, Harper element, Noida, 2006

Keshemaraja, The Shiva Sutra, Archeological and Research Department, Srinagar, 1911

ਓਮਪ੍ਰਕਾਸ਼ ਸ਼ਾਸਤ੍ਰੀ, ਸ਼ਿਵਾ ਬਾਵਨੀ, ਹਿੰਦੀ ਸਾਹਿਤਯ ਸੰਸਾਰ, ਦਿੱਲੀ, 1971

ਗਿਆਨੀ ਗੁਰਚਰਨ ਸਿੰਘ, (ਅਨੁ.), ਸ੍ਰੀ ਸ਼ਿਵ ਪੁਰਾਣ, ਭਾ. ਚਤਰ ਸਿੰਘ ਜੀਵਨ ਸਿੰਘ , ਅੰਮ੍ਰਿਤਸਰ, ਮਿਤੀ ਹੀਣ

ਛਜਜਰਾਮ ਸ਼ਾਸਤ੍ਰੀ, ਸ਼ਿਵਕਥਾਮਏਤੰ ਮਹਾਕਾਵਯਮ, ਹਿੰਦੀ ਟੀਕਾ, ਮੇਹਰਚੰਦ ਲਛਮਣਦਾਸ, ਦਿਲੀ, 1974

**3.12 ਅਭਿਆਸ ਲਈ ਪ੍ਰਸ਼ਨ**

**ਵੱਡੇ ਪ੍ਰਸ਼ਨ**

1. ਸ਼ਿਵ ਬਾਰੇ ਤੁਸੀਂ ਕੀ ਜਾਣਦੇ ਹੋ? ਉਤਰ ਦਿਓ।
2. ਸ਼ਿਵ ਦੇ ਰੂਪ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰੋ।
3. ਤ੍ਰਿਮੂਰਤੀ ਤੋਂ ਕੀ ਭਾਵ ਹੈ?

**ਛੋਟੇ ਪ੍ਰਸ਼ਨ**

1. ਸ਼ਿਵ ਦੀ ਅਰਾਧਨਾ ਕਿਵੇਂ ਕੀਤੀ ਜਾਂਦੀ ਹੈ?
2. ਸ਼ਿਵ ਦਾ ਕੀ ਅਰਥ ਹੈ?
3. ਸ਼ਿਵ ਦੇ ਨਟਰਾਜ ਰੂਪ ਬਾਰੇ ਦੱਸੋ।
4. ਸ਼ਿਵ ਦੇ ਰੂਪ ਨੂੰ ਸੰਖੇਪ ਸ਼ਬਦਾਂ ਵਿਚ ਬਿਆਨ ਕਰੋ।

## ਯੂਨਿਟ-4 ਭਗਵਾਨ ਸ੍ਰੀ ਰਾਮ ਚੰਦਰ: ਅਤੇ ਭਗਵਾਨ ਸ੍ਰੀ ਕ੍ਰਿਸ਼ਨ: ਜੀਵਨ ਅਤੇ ਸੰਦੇਸ਼

4.0 ਉਦੇਸ਼

4.1 ਜਾਣ-ਪਛਾਣ

4.2 ਜਨਮ-ਕਾਲ

4.3 ਸ੍ਰੀ ਕ੍ਰਿਸ਼ਨ ਤੋਂ ਪਹਿਲਾ ਸਮਾਂ

4.4 ਜਨਮ ਤੇ ਮਾਤਾ-ਪਿਤਾ

4.5 ਗੋਕੁਲ ਭੇਜਣਾ

4.6 ਕ੍ਰਿਸ਼ਨ ਜੀ ਦੇ ਕੌਤਕ

4.7 ਸ੍ਰੀ ਕ੍ਰਿਸ਼ਨ ਜੀ ਨੂੰ ਮਰਵਾਉਣ ਦੇ ਯਤਨ

4.8 ਲੀਲਾਵਾਂ

4.9 ਉਗਰਸੈਨ ਦੀ ਸਹਾਇਤਾ

4.10 ਸਤਿ ਅਤੇ ਧਰਮ ਰਾਜ

4.11 ਰੁਕਮਣੀ ਨਾਲ ਵਿਆਹ

4.12 ਰਾਜਸੂਯ ਯੱਗ ਅਤੇ ਸ੍ਰੀ ਕ੍ਰਿਸ਼ਨ ਦਾ ਸਹਿਯੋਗ

4.13 ਪਾਂਡਵਾਂ ਦੀ ਸਹਾਇਤਾ

4.14 ਭਗਵਾਨ ਕ੍ਰਿਸ਼ਨ ਜੀ ਦੇ ਉਪਦੇਸ਼

4.14.1 ਗਿਆਨ ਮਾਰਗ

4.14.2 ਸੱਚਾ ਯੋਗੀ

4.14.3 ਕਰਮ ਯੋਗ

4.14.4 ਤੱਤਵ ਗਿਆਨੀ

4.14.5 ਰੱਬੀ ਅਤੇ ਅਮਰੀ ਮਨੁੱਖ ਦੇ ਲੱਛਣ

4.14.6 ਅਵਤਾਰ ਦਾ ਸਿੱਧਾਂਤ

4.14.7 ਭਗਤੀ ਯੋਗ

4.15 ਭਗਵਤ ਗੀਤਾ

4.15.1 ਗੀਤਾ ਦਾ ਸਾਰ

4.15.2 ਗੀਤਾ ਦਾ ਮੰਤਵ

4.15.3 ਗੀਤਾ ਦੀ ਮਹੱਤਤਾ

4.16 ਸਾਰ

4.17 ਪੜ੍ਹਣਯੋਗ ਪੁਸਤਕਾਂ

4.18 ਅਭਿਆਸ ਲਈ ਪ੍ਰਸ਼ਨ

4.0 ਉਦੇਸ਼

4,1 ਜਾਣ-ਪਛਾਣ- ਭਗਵਾਨ ਕ੍ਰਿਸ਼ਨ ਜੀ ਦੀ ਪੂਜਾ ਮਹਾਨ ਅਵਤਾਰ ਵਜੋਂ ਕੀਤੀ ਜਾਂਦੀ ਹੈ। ਉਨ੍ਹਾਂ ਨੂੰ ਸੋਲਾਂ ਕਲਾ ਸੰਪੂਰਣ ਆਖਿਆ ਜਾਂਦਾ ਹੈ। ਭਾਰਤ ਦੇਸ਼ ਹੀ ਨਹੀਂ ਵਿਸ਼ਵ ਦੀ ਹਿੰਦੂ ਜਨਤਾ ਵਿਚੋਂ ਭਾਰੀ ਸੰਖਿਆ ਕ੍ਰਿਸ਼ਨ ਜੀ ਦੀ ਉਪਾਸਕ ਹੈ। ਇਨ੍ਹਾਂ ਦੇ ਮਤ ਨੂੰ ਵੈਸ਼ਣਵ ਮੱਤ ਕਹਿੰਦੇ ਹਨ। ਕਿਹਾ ਜਾਂਦਾ ਹੈ ਕਿ ਵੈਸ਼ਣਵ ਮਤ ਕ੍ਰਿਸ਼ਨ ਜੀ ਦਾ ਆਪਣਾ ਚਲਾਇਆ ਮਤ ਸੀ। ਜਿਸ ਦੇ ਦੌਰਾਨ ਉਨ੍ਹਾਂ ਨੇ ਲੋਕਾਂ ਦੇ ਜੀਵਨ ਨੂੰ ਇਕ ਨਵੀਂ ਸੇਧ ਦਿੱਤੀ ਅਤੇ ਉਨ੍ਹਾਂ ਨੂੰ ਚਲਮ ਨਾ ਸਹਿਣ ਦੀ ਪ੍ਰੇਰਣਾ ਦਿੱਤੀ। ਇਸ ਤਰ੍ਹਾਂ ਉਨ੍ਹਾਂ ਦੇ ਇਹ ਉਪਦੇਸ਼ ਦੇਣ ਨਾਲ ਉਸ ਸਮੇਂ ਦੀ ਭਾਰਤ ਦੀ ਜਨਤਾ ਨੂੰ ਬਹੁਤ ਆਤਮਿਕ ਬਲ ਮਿਲਿਆ ਤੇ ਉਨ੍ਹਾ ਵਿਚ ਚਲਮ ਨਾਲ ਟਕਰਾਉਣ ਦਾ ਫੈਸਲਾ ਪੈਦਾ ਹੋਇਆ।

4.2 ਜਨਮ-ਕਾਲ - ਭਗਵਾਨ ਕ੍ਰਿਸ਼ਨ ਜੀ ਦੇ ਜਨਮ ਅਤੇ ਸਥਿਤੀ ਕਾਲ ਦੇ ਵਿਸ਼ ਵਿਚ ਨਿਸ਼ਚੇ-ਪੂਰਵਕ ਕੋਈ ਮਿਤੀ ਨਹੀਂ ਦੱਸੀ ਜਾ ਸਕਦੀ, ਕਿਉਂਕਿ ਮਹਾਂਭਾਰਤ ਦੇ ਯੁੱਧ ਦੇ ਕਾਲ ਦੇ ਵਿਸ਼ੇ ਵਿਚ ਇਤਿਹਾਸਕਾਰਾਂ ਅੰਦਰ ਬਹੁਤ ਮਤਭੇਦ ਹੈ। ਫੇਰ ਵੀ ਇਹ ਇਕ ਆਮ ਰਾਇ ਹੈ ਕਿ ਸ੍ਰੀ ਕ੍ਰਿਸ਼ਨ ਜੀ ਦਾ ਜਨਮ ਅੱਜ ਤੋਂ ਕੋਈ ਪੰਜ ਹਜ਼ਾਰ ਸਾਲ ਤੋਂ ਪਹਿਲਾ ਹੋਇਆ। ਪਰੰਪਰਾਗਤ ਮਿੱਥੇ ਯੁੱਗਾਂ ਅਨੁਸਾਰ ਉਦੋਂ ਦੁਆਪਰ ਦਾ ਅੰਤ ਅਤੇ ਕਲਯੁੱਗ ਦਾ ਆਰੰਤ ਹੋਇਆ ਸੀ। ਇਹ ਯਾਦਵ ਖਾਨਦਾਨ ਵਿਚੋਂ ਸਨ।

4.3 ਸ੍ਰੀ ਕ੍ਰਿਸ਼ਨ ਤੋਂ ਪਹਿਲਾਂ ਦਾ ਸਮਾਂ- ਜਨਮ ਸਮੇਂ ਭਾਰਤ ਵਿਚ ਹਾਲਤ ਬਹੁਤ ਖਰਾਬ ਸੀ। ਹਰ ਪਾਸੇ ਅੱਤਿਆਚਾਰ ਅਤੇ ਅਨਿਆਂ ਖ਼ੁਨ ਪਸਾਰਾ ਸੀ। ਉਸ ਸਮੇਂ ਪ੍ਰਿਥਵੀ ਉੱਪਰ ਪਾਪ ਬਹੁਤ ਜਿਆਦਾ ਵੱਧ ਗਏ ਸਨ। ਚੰਗੇ ਲੋਕ ਅਤੇ ਭਗਤ ਦੁਖੀ ਸਨ । ਹਰ ਪਾਸੇ ਹਾਹਾਕਾਰ ਮੱਚੀ ਹੋਈ ਸੀ। ਪਰਮਾਤਮਾ ਦਾ ਨਾਂ ਲੈ ਕੇ ਕੋਈ ਹੋ ਨਹੀਂ ਸੀ। ਲੋਕਾਂ ਵਿਚ ਹੋਰਨਾਂ ਨੂੰ ਨੁਕਸਾਨ ਪਹੁੰਚਾਉਣ ਦੀ ਰੁਚੀ ਵਧੀ ਹੋਈ ਸੀ। ਲੋਕ ਸਿਖਾਂ ਨੂੰ ਪੜ੍ਹਨਾ ਛੱਡ ਗਏ ਸਨ। ਲੋਕ ਮੰਦਰਾ ਵਿਚ ਨਹੀਂ ਜਾਂਦੇ ਸਨ, ਨਾ ਹੀ ਤੀਰਥ ਯਾਤਰਾ ਕਰਤਾ ਬੰਦ ਕਰਦੇ ਸਨ। ਆਪਸੀ ਮਿੱਤਰਚਾਰਾ ਅਤੇ ਪਰਿਵਾਰਕ ਸੰਬੰਧ ਖਤਮ ਹੁੰਦੇ ਜਾ ਰਹੇ ਸਨ। ਕੰਸ ਅਤੇ ਜਰਾਸੰਧ ਉਸ ਸਮੇਂ ਦੇ ਜ਼ਾਲਮ ਰਾਜਿਆਂ ਵਿਚੋਂ ਸਨ। ਜਰਾਸੰਧ ਦੇ ਚੁੱਕਣ ਅਤੇ ਸਹਾਇਤਾ 'ਤੇ ਕੰਸ ਆਪਣੇ ਹੀ ਪਿਤਾ ਨੂੰ ਗੱਦੀ ਤੋਂ ਲਾਹ ਕੇ ਆਪ ਰਾਜ ਸਿੰਘਾਸਨ ਮੱਝ ਪੰਨਾ ਸੀ। ਜਗਸੋਧ ਕੇਸ ਨਾਲ ਵੀ ਜ਼ਾਲਮ ਅਤੇ ਨਿਰਦਈ ਸੀ। ਲੋਕ ਅਜਿਹੇ ਵਾਤਾਵਰਣ ਤੇ ਦੁਖੀ ਹੋ ਕੇ ਪਰਮਾਤਮਾ

ਅੱਗੇ ਨੱਕ ਰਗੜ ਕੇ ਬੇਨਤੀਆਂ ਕਰਦੇ ਸਨ ਕਿ ਪਰਮਾਤਮਾ ਸਾਡੇ ਜੀਵਨ ਨੂੰ ਚੰਗੀ ਸੇਧ ਦੇਣ ਲਈ ਅਵਤਾਰ ਭੇਜ। ਅਜਿਹੇ ਸਮੇਂ ਭਗਵਾਨ ਸ੍ਰੀ ਕ੍ਰਿਸ਼ਨ ਜੀ ਦਾ ਜਨਮ ਹੋਇਆ।

4.4 ਜਨਮ ਤੇ ਮਾਤਾ-ਪਿਤਾ - ਮਹਾਂਭਾਰਤ ਅਤੇ ਭਾਗਵਦ ਪੁਰਾਣ ਦੀਆਂ ਪਰੰਪਰਾਵਾਂ ਅਨੁਸਾਰ ਭਗਵਾਨ ਕ੍ਰਿਸਨ ਦਾ ਜਨਮ ਮਥੁਰਾ ਦੀ ਕੈਦ ਵਿਚ ਹੋਇਆ ਸੀ। ਕ੍ਰਿਸ਼ਨ ਜੀ ਦੀ ਮਾਤਾ ਦਾ ਨਾਂ ਦੇਵਕੀ ਅਤੇ ਪਿਤਾ ਜੀ ਦਾ ਨਾਂ ਵਾਸੂਦੇਵ ਸੀ। ਵਾਸੂਦੇਵ ਵਿਸ਼ਣ ਵੰਸ਼ੀ ਯਾਦਵ ਰਾਜ ਕੁਮਾਰ ਸਨ। ਦੇਵਕੀ ਕੇਸ ਦੀ ਭੈਣ ਸੀ। ਜੋਤਸ਼ੀਆਂ ਨੇ ਕੇਸ ਨੂੰ ਦੱਸ ਦਿੱਤਾ ਸੀ ਕਿ ਉਸ ਦੀ ਮੌਤ, ਦਵਕੀ ਤੇ ਵਾਸੂਦਵ ਦੀ ਸੰਤਾਨ ਦੇ ਹੱਥ ਹੋਵੇਗੀ। ਇਸ ਭਵਿੱਖਬਾਣੀ ਉੱਪਰ ਵਿਸ਼ਵਾਸ ਕਰਦਿਆਂ ਪਾਪੀ ਕੇਸ ਨੇ ਕ੍ਰਿਸ਼ਨ ਦੇ ਮਾਤਾ-ਪਿਤਾ 'ਤੇ ਬਹੁਤ ਜੁਲਮ ਕੀਤੇ ਅਤੇ ਉਨ੍ਹਾਂ ਦੋਵਾਂ ਨਿਰਦੇਸ਼ਾਂ ਨੂੰ ਕੈਦ ਕਰ ਲਿਆ। ਉਨ੍ਹਾਂ ਦੇ ਜਿਹੜਾ ਬੱਚਾ ਹੁੰਦਾ, ਉਸ ਨੂੰ ਮਰਵਾ ਦਿੰਦਾ। ਇਸ ਤਰ੍ਹਾਂ ਕਈ ਮਾਸੂਮਾਂ ਨੂੰ ਮਾਰਿਆ ਗਿਆ। ਅਖੀਰ ਕ੍ਰਿਸ਼ਨ ਜੀ ਦਾ ਜਨਮ ਅੱਠਵੇਂ ਬੱਚ ਦੇ ਰੂਪ ਵਿਚ ਹੋਇਆ। ਪਰਮਾਤਮਾ ਦੀ ਕਰਨੀ ਅਜਿਹੀ ਹੋਈ ਕਿ ਮਾਤਾ-ਪਿਤਾ, ਜਿਹੜ ਕਿ ਕੇਸ ਦੀ ਕੈਦ ਵਿਚ ਸਨ, ਕ੍ਰਿਸ਼ਨ ਜੀ ਨੂੰ ਬਚਾਉਣ ਵਿਚ ਸਫਲ ਹੋ ਗਏ।

4.5 ਗੋਕੁਲ ਭੇਜਣਾ - ਮਾਤਾ-ਪਿਤਾ ਨੇ ਸ੍ਰੀ ਕ੍ਰਿਸ਼ਨ ਨੂੰ ਗਕੂਲ ਵਿਚ ਨੰਦ ਦੇ ਘਰ ਪਹੁੰਚਾ ਦਿੱਤਾ ਅਤੇ ਉਨ੍ਹਾਂ ਦੀ ਨਵ-ਜਨਮੀ ਲੜਕੀ ਯੋਗ ਮਾਇਆ ਆਪਣੇ ਕੋਲ ਲਿਆ ਕੇ ਰੱਖ ਲਈ। ਕਿਹਾ ਜਾਂਦਾ ਹੈ ਕਿ ਜਦੋਂ ਕ੍ਰਿਸ਼ਨ ਜੀ ਦਾ ਜਨਮ ਹੋਇਆ ਸੀ, ਜਲ੍ਹ ਦੇ ਸਾਰੇ ਰਾਖੇ ਸੋ ਗਏ ਸਨ ਤੇ ਜੇਲ੍ਹ ਦੇ ਦਰਵਾਜ਼ੇ ਆਪਣੇ-ਆਪ ਖੁੱਲ੍ਹ ਗਏ ਸਨ। ਜਮਨਾ ਦਰਿਆ ਨੇ ਵੀ ਰਸਤਾ ਦੇ ਦਿੱਤਾ ਸੀ। ਕ੍ਰਿਸ਼ਨ ਜੀ ਦੇ ਜਨਮ ਦੀ ਰਾਤ ਕਾਲੀ ਬੋਲੀ ਸੀ, ਚਾਰ ਪਾਸੇ ਹਨੇਰਾ ਸੀ। ਹੱਥ ਨੂੰ ਹੱਥ ਵਿਖਾਈ ਨਹੀਂ ਦਿੰਦਾ ਸੀ। ਉਸ ਸਮੇਂ ਬਾਰਸ਼ ਪੈ ਰਹੀ ਸੀ। ਬਿਜਲੀ ਵਾਰ-ਵਾਰ ਚਮਕਦੀ ਸੀ। ਸ਼ਾਇਦ ਬਿਜਲੀ ਇਸ ਲਈ ਚਮਕ ਰਹੀ ਸੀ ਕਿ ਵਾਸੂਦੇਵ ਜੀ ਨੂੰ ਰਸਤਾ ਪਤਾ ਲੱਗਦਾ ਰਹੇ । ਵਾਸੂਦੇਵ ਅਜਿਹੀਆਂ ਮੁਸ਼ਕਿਲਾਂ ਬਰਦਾਸ਼ਤ ਕਰਦਾ ਸ੍ਰੀ ਕ੍ਰਿਸ਼ਨ ਜੀ ਨੂੰ ਮਥਰਾ ਤੇ ਢਾਈ ਮੀਲ ਦੂਰ ਗੋਕੁਲ ਲੈ ਗਿਆ। ਕੰਸ ਨੇ ਯੋਗ ਮਾਇਆ ਨੂੰ ਵਾਸੂਦੇਵ ਦੀ ਔਲਾਦ ਸਮਝ ਕੇ ਮਰਵਾ ਦਿੱਤਾ ਅਤੇ ਹੋਣੀ ਦਾ ਵਿਧਾਤਾ-ਕਿਸ਼ਨ ਨੰਦ ਅਤੇ ਯਸ਼ੋਧਾ ਦੇ ਘਰ, ਉਨ੍ਹਾ ਦਾ ਪੁੱਤਰ ਬਣ ਕੇ ਪਲਿਆ।

4.6 ਕ੍ਰਿਸ਼ਨ ਜੀ ਦੇ ਕੌਤਕ:- ਕਿਹਾ ਜਾਂਦਾ ਹੈ ਕਿ ਜਦੋ ਕੰਸ ਨੇ ਯੋਗ ਮਾਇਆ ਨੂੰ ਪਕੜ ਕੇ ਸਿਲ 'ਤੇ ਪਟਕਿਆ ਤਾਂ ਉਸ ਵਿਚੋਂ ਆਵਾਜ਼ ਆਈ ਪੰਜ ਤੈਨੂੰ ਮਾਰਨ ਵਾਲਾ ਤਾਂ ਨੰਦ ਦੇ ਘਰ ਪਲ ਰਿਹਾ ਹੈ ਅਤੇ ਇਸ ਤੋਂ ਬਾਅਦ ਯੋਗ ਮਾਇਆ ਅੱਥੇ ਹੀ ਮਰਨ ਦੀ ਜਗ੍ਹਾ ਆਕਾਸ਼ ਵਿਚ ਉੱਡ ਗਈ, ਜਿਸ ਨੂੰ ਅੱਜਕੱਲ੍ਹ ਅਕਾਸ਼ੀ ਬਿਜਲੀ ਕਹਿੰਦੇ ਹਨ। ਕਾਲੀ ਨਾਗ ਦੇ ਸੰਬੰਧ ਵਿਚ ਕਿਹਾ ਜਾਂਦਾ ਹੈ ਕਿ ਕ੍ਰਿਸ਼ਨ ਜੀ ਨੇ ਖਡਦ-ਖੇਡਦ ਦਿੱਖ ਸਮੁਨਾ ਨਦੀ ਵਿਚ ਸੁੱਟ ਦਿੱਤੀ ਤੇ ਪਿੱਛੇ ਹੀ ਆਪ ਛਲਾਂਗ ਮਾਰ ਦਿੱਤੀ। ਇਸ ਤਰ੍ਹਾਂ ਉਨ੍ਹਾਂ ਨੂੰ ਕਾਲੀ ਨਾਗ ਦਾ ਉਦਾਰ ਕੀਤਾ ਅਤੇ ਉਸ ਨੂੰ ਉਸ ਦੇ ਪਾਪਾਂ ਤੋਂ ਮੁਕਤ ਕੀਤਾ।

੪.7 ਕ੍ਰਿਸ਼ਨ ਜੀ ਨੂੰ ਮਰਵਾਉਣ ਦੇ ਯਤਨ- ਕੰਸ ਨੇ ਯੋਗ ਮਾਇਆ ਨੂੰ ਮਰਵਾ ਦਿੱਤਾ ਪਰ ਉਸ ਵਿਚੋਂ ਆਵਾਜ਼ ਨਿਕਲੀ ਕਿ ਕੰਸ ਨੂੰ ਮਾਰਣ ਵਾਲੇ ਦਾ ਜਨਮ ਹੋ ਚੁੱਕਾ ਹੈ। ਇਸ ਨੇ ਕ੍ਰਿਸ਼ਨ ਜੀ ਨੂੰ ਮਰਵਾਉਣ ਦਾ ਹਰ ਕਰਨ ਕੀਤਾ ਪਰ ਅਸਫਲ ਰਿਹਾ। ਪੂਰਨਾ ਦੇਣ ਨੂੰ ਭੇਜਿਆ ਗਿਆ ਖ ਕਿਸ ਬ ਕ੍ਰਿਸ਼ਨ ਦੇ ਮੂੰਹ ਵਿਚ ਆਪਣਾ ਜ਼ਹਿਰੀਲਾ ਬਣ ਪਾ ਦਵ, ਘਰ ਕ੍ਰਿਸ਼ਨ ਨੂੰ ਮਾਰਨ ਵਿਚ ਉਹ ਵੀ ਅਸਫਲ ਰਹੀ। ਇਸ ਪਿੱਛੇ ਕਈ ਰਾਖਸ ਸ੍ਰੀ ਕ੍ਰਿਸ਼ਨ ਜੀ ਨੂੰ ਮਾਰਨ ਲਈ ਭੇਜੇ ਗਏ ਉਹ ਵੀ ਕਾਮਯਾਬ ਨਾ ਹੋਏ। ਇਸ ਪਿੱਛੋਂ ਸ੍ਰੀ ਧਰ ਬ੍ਰਾਹਮਣ ਨੂੰ ਕਿਸ਼ਨ ਜੀ ਨੂੰ ਖ਼ਤਮ ਕਰਨ ਲਈ ਭੇਜਿਆ ਗਿਆ। ਉਹ ਵੀ ਸਫਲ ਨਾ ਹੋਇਆ।

੪.8 ਲੀਲਾਵਾਂ- ਘਰ ਵਾਲਿਆ ਨੇ ਇਕ ਰਿਸ਼ੀ ਨੂੰ ਬੁਲਾ ਕੇ ਕ੍ਰਿਸ਼ਨ ਜੀ ਦਾ ਨਾ ਰੱਖਿਆ। ਉਨ੍ਹਾਂ ਇਹ ਸਪਸ਼ਟ ਦੱਸ ਦਿੱਤਾ ਕਿ ਇਹ ਤਰਲੋਕੀ ਦੇ ਮਾਲਕ ਹਨ। ਇਹ ਸੰਸਾਰ ਤੋਂ ਪਾਪ ਦਾ ਭਾਰ ਘਟਾਉਣ ਲਈ ਆਏ ਹਨ। ਇਹ ਗੱਲ ਉਦ ਅਜਮਾਇਸ ਵਿਚ ਆਈ. ਜਦੋ ਮਾਤਾ ਕ੍ਰਿਸ਼ਨ ਨੂੰ ਮਿੱਟੀ ਖਾਣ ਤੇ ਰੋਕ ਨਹੀ ਸੀ। ਲੋਕਾਂ ਨੇ ਕ੍ਰਿਸ਼ਨ ਜੀ ਦਾ ਮੂੰਹ ਖੋਲ੍ਹਿਆ ਤਾਂ ਅੰਦਰ ਮਾਤਾ ਨੂੰ ਤਰਲੋਕੀ ਦੇ ਦਰਸ਼ਨ ਹੋਏ। ਕ੍ਰਿਸ਼ਨ ਜੀ ਨੇ ਲੋਕਾਂ ਨੂੰ ਬਹੁਤ ਸਾਰੀਆਂ ਆਫਤਾਂ ਤੋਂ ਬਚਾਇਆ। ਉਦਾਹਰਣ ਵਜੋਂ ਜਮੁਨਾ ਵਿਚ ਰਹਿ ਰਹੇ ਕਾਲੀ ਨਾਗ ਨੂੰ ਉਨਾ ਸੁਧਾਰਿਆ। ਬਿਦਰਾਬਨ ਨੂੰ ਉਹ ਹੜ੍ਹ ਦੀ ਤਬਾਹੀ ਤੋਂ ਬਚਾਉਣ ਲਈ ਗੋਵਰਧਨ ਪਹਾੜ ਆਪਣੀ ਚੀਚੀ 'ਤੇ ਚੁੱਕ ਕੇ ਉੱਥੇ ਨੇ ਗਏ। ਬਾਗਵਦ ਪੁਰਾਣ ਵਿਚ ਸ੍ਰੀ ਕਿਸ਼ਨ ਜੀ ਦੀਆਂ ਬਾਲ-ਲੀਲਾਵਾਂ ਅਤੇ ਗੋਪ ਤੇ ਗੋਪੀਆਂ ਨਾਲ ਖੇਡਣ-ਕੁੱਦਣ ਦਾ ਵਿਸਥਾਰ-ਪੂਰਵਕ ਅਤੇ ਚਮਤਕਾਰ-ਪੂਰਣ ਵਰਣਨ ਕੀਤਾ ਗਿਆ ਹੈ। ਭਗਵਾਨ ਸ੍ਰੀ ਕਿਸ਼ਨ ਵਣ ਵਿਚ ਜਾ ਕੇ ਬੰਸੀ ਵਜਾਉਂਦੇ ਸਨ। ਉਨ੍ਹਾਂ ਦੀ ਬੰਸੀ ਦੀ ਤਾਨ ਇਨੀ ਮਧੁਰ ਹੁੰਦੀ ਕਿ ਪੰਛੀ ਚੋਗਾ ਚੁਗਣੇ ਹਟ ਜਾ ਗਊਆ ਘਾਹ ਖਾਣਾ ਛੱਡ ਬੈਠਦੀਆਂ ਜਮਨਾ ਦਰਿਆ ਦੇ ਪਾਣੀ ਦਾ ਵਹਿਣ ਰੁੱਕ ਜਾਂਦਾ, ਚੇਨ, ਜੁਰਜ ਧਿਆਨ ਨਾਲ ਬੱਸੀ ਸੁਣਦੇ, ਨਰ-ਨਾਰੀ ਬੇਸੀ ਦੀ ਆਵਾਜ਼ 'ਤੇ ਨੱਚ ਉੱਠਦੇ। ਕ੍ਰਿਸ਼ਨ ਅਤੇ ਗਪੀਆਂ ਵਿਸ਼ੇਸ਼ ਕਰਕੇ ਰਾਧਾ ਨਾਲ ਪ੍ਰੇਮ-ਲੀਲਾ ਨੂੰ ਲੈ ਕੇ ਜੇ ਦਵ, ਚੰਡੀਦਾਸ, ਵਿੱਦਿਆਪਤੀ ਸੁਰਦਾਸ, ਨੰਦ ਦਾਸ ਆਦਿ ਕ੍ਰਿਸ਼ਨ ਭਗਤ ਕਵੀਆਂ ਨੇ ਵਿਸਥਾਰ-ਪੂਰਵਕ ਵਰਣਨ ਕੀਤਾ ਹੈ।

੪.9 ਉਗਰਸੇਨ ਦੀ ਸਹਾਇਤਾ- ਕ੍ਰਿਸ਼ਨ ਭਗਵਾਨ ਦਾ ਵਾਸਤਾ ਹੌਲੀ-ਹੌਲੀ ਕੰਸ ਨਾਲ ਪਿਆ। ਉਨ੍ਹਾਂ ਆਪਣੇ ਭਰਾ ਬਲਰਾਮ ਦੀ ਸਹਾਇਤਾ ਨਾਲ ਕੇਸ ਦੇ ਪਹਿਲਵਾਨਾਂ ਚਾਂਤੂਰ ਅਤੇ ਮੁਸਟਿਕ ਨੂੰ ਮਾਰਿਆ। ਬੱਸ ਨੂੰ ਬਹੁਤ ਗੁੱਸਾ ਆਇਆ। ਕੇਸ ਨੇ ਸਿੱਧੇ ਤੌਰ 'ਤੇ ਕ੍ਰਿਸ਼ਨ ਜੀ ਨਾਲ ਮੁਕਾਬਲਾ ਕੀਤਾ ਪਰ ਕ੍ਰਿਸ਼ਨ ਜੀ ਦੇ ਹੱਥੋਂ ਮਾਰਿਆ ਗਿਆ। ਕ੍ਰਿਸ਼ਨ ਜੀ ਨੇ ਰਾਜ ਉਗਰਸੈਨ ਨੂੰ ਸੋਪ ਦਿੱਤਾ, ਜੋ ਉਸ ਸਮੇਂ ਜੇਲ੍ਹ ਵਿਚ ਸੀ।

੪.10 ਸਤਿ ਅਤੇ ਧਰਮ ਦਾ ਰਾਜ- ਹੁਣ ਸ੍ਰੀ ਕ੍ਰਿਸ਼ਨ ਜੀ ਨੇ ਦੁਆਰਕਾ ਦਾ ਰਾਜ ਸੰਭਾਲ ਲਿਆ ਅਤੇ ਅਨਿਆ ਤੇ ਅੱਤਿਆਚਾਰ ਨੂੰ ਖਤਮ ਕਰਕੇ ਨਿਆ ਦੀ ਹਕੂਮਤ ਸਥਾਪਿਤ ਕੀਤੀ। ਸੁਦਾਮਾ, ਉਨ੍ਹਾਂ ਦਾ ਗਰੀਬ ਮਿੱਤਰ ਉਨ੍ਹਾਂ ਨੂੰ ਦੁਆਰਕਾ ਹੀ ਆ ਕੇ ਮਿਲਿਆ। ਸ੍ਰੀ ਕ੍ਰਿਸ਼ਨ ਜੀ ਨੇ ਉਸ ਦਾ ਸੁਆਗਤ ਕੀਤਾ। ਉਸ ਲਈ ਅਹੱਲ-ਮਾੜੀਆਂ ਬਣਵਾ ਦਿੱਤੀਆਂ। ਇਹ ਉਨ੍ਹਾਂ ਦੀ ਕ੍ਰਿਪਾਲਤਾ ਦੀ ਮਿਸਾਲ ਹੈ। ਉਹ ਸਾਸ਼ ਅਤੇ ਅਮੀਰ ਸਭ ਨੂੰ ਇਕ ਬਰਾਬਰ ਸਮਝਦੇ ਸਨ।

4.11 ਰੁਕਮਣੀ ਨਾਲ ਵਿਆਹ- ਭਾਗਵਤ ਪੁਰਾਣ ਅਨੁਸਾਰ ਜਿੱਥੇ ਬਲਰਾਮ ਦਾ ਵਿਆਹ ਰੈਵਤ ਦੀ ਧੀ ਰੇਵਤੀ ਨਾਲ ਹੋਇਆ ਉੱਥੇ ਸ੍ਰੀ ਕ੍ਰਿਸ਼ਨ ਜੀ ਦਾ ਵਿਆਹ ਵਿਦਰਭ ਦੇਸ਼ ਦੇ ਮਹਾਰਾਜ ਭੀਸ਼ਮਨ ਦੀ ਪੁੱਤਰੀ ਰੁਕਮਣੀ ਨਾਲ ਹੋਇਆ।

4.12 ਰਾਜਸੂਯ ਯੱਗ ਅਤੇ ਸ੍ਰੀ ਕ੍ਰਿਸ਼ਨ ਦਾ ਸਹਿਯੋਗ- ਸ੍ਰੀ ਕ੍ਰਿਸ਼ਨ ਜੀ ਚਾਹੁੰਦੇ ਸਨ ਕਿ ਸਾਰਾ ਭਾਰਤ ਇਕ ਸੰਗਠਿਤ ਰਾਜ ਹੋਵੇ। ਇਸੇ ਲਈ ਉਨ੍ਹਾਂ ਨੇ ਪਾਂਡਵਾਂ ਦੇ ਰਾਜਸੂਯ ਯੋਗ ਦਾ ਸਮਰਥਨ ਕੀਤਾ। ਉਹ ਯੁਧਿਸ਼ਟਰ ਨੂੰ ਸਮਰਾਟ ਬਨਾਉਣਾ ਪਸੰਦ ਕਰਦੇ ਸਨ। ਰਾਜਸੂਯ ਯੱਗ ਵਿਚ ਭੀਸ਼ਮ ਪਿਤਾਮਾ ਦੇ ਸੁਝਾਅ ਉੱਤੇ ਉਨ੍ਹਾਂ ਦੀ ਅਗਰ-ਪੂਜਾ ਕੀਤੀ ਗਈ ਅਤੇ ਉਨ੍ਹਾਂ ਨੂੰ ਸਰਵ-ਸ੍ਰੇਸ਼ਟ ਮਹਾਪੁਰਸ਼ ਤੇ ਰਾਜਨੀਤੀਵਾਨ ਮੰਨਿਆ ਗਿਆ।

4.13 ਪਾਂਡਵਾਂ ਦੀ ਸਹਾਇਤਾ - ਕੋਰਵਾਂ ਅਤੇ ਪਾਂਡਵਾਂ ਦੀ ਲੜਾਈ ਵਿਚ ਕ੍ਰਿਸ਼ਨ ਜੀ ਨੇ ਪਾਂਡਵਾਂ ਦੀ ਸਹਾਇਤਾ ਕੀਤੀ। ਉਹ ਅਰਜਨ ਦੇ ਰਥਵਾਨ ਬਣੇ ਅਤੇ ਉਸ ਦੇ ਲੜਾਈ ਵਿਚ ਹੌਸਲਾ ਢਾਹੁਣ 'ਤੇ ਉਸ ਨੂੰ ਉਪਦੇਸ਼ ਦੇ ਕੇ ਹੌਸਲਾ ਦਿੱਤਾ ਤੇ ਸਮਝਾਇਆ। ਕ੍ਰਿਸ਼ਨ ਜੀ ਦੇ ਉਪਦੇਸ਼ ਨੂੰ ਹੀ 'ਭਗਵਦ ਗੀਤਾ ਦਾ ਨਾਂ ਦਿੱਤਾ ਜਾਂਦਾ ਹੈ। ਬਾਅਦ ਵਿਚ ਕਿਸ਼ਨ ਜੀ ਨੇ ਜਰਾਸੰਧ ਨੂੰ ਖ਼ਤਮ ਕੀਤਾ। ਜਰਾਸੰਧ ਕੰਸ ਦਾ ਸਹੁਰਾ ਸੀ। ਕ੍ਰਿਸ਼ਨ ਜੀ ਮਹਾਨ ਨੀਤੀਵਾਨ ਸਨ। ਉਨ੍ਹਾਂ ਨੇ ਮਹਾਂਭਾਰਤ ਦੇ ਯੁੱਧ ਵਿਚ ਨੀਤੀ ਤੋਂ ਕੰਮ ਲਿਆ। ਕੋਰਵ ਅਤੇ ਪਾਂਡਵ ਦੋਵੇਂ ਹੀ ਉਨ੍ਹਾਂ ਦੇ ਰਿਸ਼ਤੇਦਾਰ ਸਨ। ਕੋਰਵਾ ਨੂੰ ਉਨ੍ਹਾ ਸਹਾਇਤਾ ਲਈ ਆਪਣੀ ਫੌਜ ਦੇ ਦਿੱਤੀ ਅਤੇ ਉਹ ਪਾਂਡਵਾਂ ਵੱਲ ਹੋ ਗਏ। ਅਰਥਾਤ ਸਿੱਧ ਤੋਰ 'ਤੇ ਉਨ੍ਹਾਂ ਮਹਾਭਾਰਤ ਦੇ ਯੁੱਧ ਵਿਚ ਕੋਈ ਭਾਗ ਨਾ ਲਿਆ, ਕੇਵਲ ਅਰਜਨ ਦੇ ਰੱਥਵਾਨ ਵਜੋਂ ਕੰਮ ਕੀਤਾ। ਅਖੀਰ ਕੁਝ ਸਾਲਾਂ ਬਾਅਦ ਉਨ੍ਹਾਂ ਵਾਣ-ਪ੍ਰਸਥ ਆਸ਼ਰਮ ਧਾਰਨ ਕਰ ਲਿਆ। ਇਕ ਸ਼ਿਕਾਰੀ ਦੇ ਹੱਥੋਂ ਬਾਣ ਲੱਗਣ ਨਾਲ ਇਨ੍ਹਾਂ ਨੇ ਪ੍ਰਾਣ ਤਿਆਗ ਦਿੱਤੇ ਅਤੇ ਬੈਕੁੰਠ ਧਾਮ ਜਾ ਬਿਰਾਜੇ।

4.14 ਭਗਵਾਨ ਕ੍ਰਿਸ਼ਨ ਜੀ ਦੇ ਉਪਦੇਸ਼ (Teachings of Sri Krishna)

ਭਗਵਾਨ ਕ੍ਰਿਸ਼ਨ ਦੇ ਮਹਾਨ ਕਾਰਜਾਂ ਵਿਚੋਂ ਇਕ ਸਰਵ ਮਹਾਨ ਕੰਮ ਭਗਵਤ ਗੀਤਾ ਉਪਦੇਸ਼ ਹੈ। ਭਾਵੇਂ ਇਹ ਰਚਨਾ ਮਹਾਂਭਾਰਤ ਦਾ ਭਾਗ ਹੈ, ਪਰ ਇਸ ਵਿਚ ਆਤਮਿਕ ਜੀਵਨ ਦਾ ਵਰਣਨ ਹੈ, ਜੋ ਇਸ ਤਰ੍ਹਾਂ ਹੈ- ਗਿਆਨ ਮਾਰਗ 'ਤੇ ਚੱਲਣ ਲਈ ਮਨ ਨੂੰ ਕਾਬੂ ਵਿਚ ਰੱਖਣਾ ਪੈਂਦਾ ਹੈ ਅਤੇ ਇੱਛਾਵਾ ਦਾ ਦਮਨ ਕਰਨਾ ਪੈਂਦਾ ਹੈ। ਵੱਡੇ-ਵੱਡੇ ਗਿਸੀ ਮੁਨੀ ਇਸ ਲਈ ਹੀ ਗਿਆਨ ਮਾਰਗ 'ਤੇ ਚਲ ਸਕੇ, ਕਿਉਂਕਿ ਉਨ੍ਹਾਂ ਨੇ ਆਪਣੀਆਂ ਇੱਛਾਵਾਂ ਦਾ ਦਮਨ ਕਰਕੇ ਆਪਣੇ ਮਨ ਨੂੰ ਕਾਬੂ ਵਿਚ ਕਰ ਲਿਆ ਸੀ।

4.14.1 ਗਿਆਨ ਮਾਰਗ- ਜੋ ਮਨੁੱਖ ਮਨ ਦੀ ਸਥਿਰਤਾ ਅਤੇ ਸ਼ਰਧਾ ਰੱਖਦਾ ਹੈ, ਉਹ ਹੀ ਗਿਆਨ ਦੀ ਪ੍ਰਾਪਤੀ ਕਰ ਸਕਦਾ ਹੈ। ਜੇ ਆਪਣੀਆਂ ਇੰਦਰੀਆਂ 'ਤੇ ਕਾਬੂ ਕਰ ਲਵੇ, ਉਹ ਗਿਆਨ ਨੂੰ ਪ੍ਰਾਪਤ ਕਰਕੇ ਛੇਤੀ ਹੀ ਪੂਰਣ ਸ਼ਾਂਤੀ ਨੂੰ ਪ੍ਰਾਪਤ ਕਰ ਲੈਂਦਾ ਹੈ। ਅਜਿਹੇ ਕੰਮ ਉਹੀ ਮਨੁੱਖ ਕਰਦਾ ਹੈ, ਜੋ ਇਸ ਕੰਮ ਨੂੰ ਦਿਖਾ ਵਿਸ਼ਵਾਸ ਨਾਲ ਕਰਦਾ ਹੈ। ਚਗਵਤ ਗੀਤਾ ਵਿਚ ਸ੍ਰੀ ਕ੍ਰਿਸ਼ਨ ਨੇ ਆਖਿਆ ਹੈ ਕਿ "ਦਵ ਯੋਗ ਨਾਲੋਂ ਗਿਆਨ-ਯੱਗ ਉੱਤਮ ਹੈ। ਸਾਰੇ ਕੰਮਾਂ ਦੀ ਸਮਾਪਤੀ ਗਿਆਨ ਦੁਆਰਾ ਹੁੰਦੀ ਹੈ।

4.14.2 ਸੱਚਾ ਯੋਗੀ (True Yogi)- ਆਤਮਾ ਵੱਡਮੁੱਲੀ ਹੈ, ਇਸ ਨੂੰ ਪਿੱਛੇ ਨਾ ਸੁੱਟੇ, ਕਿਉਂਕਿ ਆਤਮਾ ਨਾਲ ਹੀ ਆਤਮਾ ਨੂੰ ਉੱਚਾ ਲੈ ਜਾਇਆ ਜਾ ਸਕਦਾ ਹੈ। ਇਹੀ ਆਤਮਾ. ਆਤਮਾ ਦੀ ਵੈਰੀ, ਤੇ ਇਹੀ ਆਤਮਾ, ਆਤਮਾ ਦੀ ਮਿੱਤਰ ਹੈ ਭਾਵ ਜੇ ਮਨੁੱਖ ਮਨ ਨੂੰ ਜਿੱਤ ਲੈਂਦਾ ਹੈ ਉਸ ਦਾ ਮਨ ਉਸ ਦਾ ਮਿੱਤਰ ਬਣ ਜਾਂਦਾ ਹੈ, ਜਿਸ ਨੇ ਇਸ ਨੂੰ ਨਹੀਂ ਜਿੱਤਿਆ, ਤੇ ਇਸ ਤਰ੍ਹਾਂ ਉਹ ਉਸ ਦਾ ਵੈਰੀ ਹੈ। ਜੋ ਮਨੁੱਖ ਆਪਣੇ-ਆਪ ਨੂੰ ਜਿੱਤ ਲੈਂਦਾ ਹੈ, ਉਹ ਦੁੱਖਾਂ ਤੋਂ ਮੁਕਤ ਰਹਿੰਦਾ ਹੈ। ਉਸ ਦਾ ਮਨ ਸਿਆਣਪ, ਸੰਤੋਖ ਅਤੇ ਬਿਬੇਕ ਨਾਲ ਭਰਪੂਰ ਹੋ ਕੇ ਅਡਲ ਰਹਿੰਦਾ ਹੈ। ਇਸ ਤਰ੍ਹਾਂ ਇੰਦਰੀਆਂ 'ਤੇ ਕਾਬੂ ਪਾ ਕੇ ਯੋਗ ਕਰਨ ਵਾਲਾ ਸੱਚਾ ਯੋਗੀ ਅਖਵਾਉਂਦਾ ਹੈ। ਉਸ ਨੂੰ ਮਿੱਟੀ ਤੇ ਸੋਨਾ ਇੱਕ ਜਿਹੇ ਨਜ਼ਰ ਆਉਂਦੇ ਹਨ। ਜੋ ਮਿੱਤਰ, ਵੇਰੀ. ਨਿਰਪੱਖੀ, ਚੰਗੇ ਤੇ ਮਾੜੇ ਨਾਲ ਇੱਕੋ ਸਮਾਨ ਵਿਵਹਾਰ ਕਰੋ. ਉਹ ਮਨੁੱਖ ਉੱਤਮ ਪੁਰਸ਼ ਅਖਵਾਉਂਦਾ ਹੈ।

4.14.3 ਕਰਮ ਯੋਗ (Karam Yoga):- ਕ੍ਰਿਸ਼ਨ ਜੀ ਕਰਮ ਯੋਗ ਦਾ ਉਪਦੇਸ਼ ਦਿੰਦੇ ਹੋਏ ਅਰਜਨ ਨੂੰ ਕਹਿੰਦੇ ਹਨ ਕਿ ਤੂੰ ਆਪਣੇ-ਆਪ ਨੂੰ ਤਿੰਨ ਅਵਸਥਾਵਾਂ ਤੋਂ ਮੁਕਤ ਕਰ। ਦੋਚਿਤੀ ਨੂੰ ਛੱਡ ਕੇ ਹਮੇਸ਼ਾ ਸੱਚਾਈ ਵਿਚ ਮਗਨ ਰਿਹਾ ਕਰ। ਆਪਣਾ ਮਾਲਕ ਬਣਨ ਲਈ ਲੋਕ ਨੂੰ ਤਿਆਗ। ਤੂੰ ਆਪਣੇ ਕਰਮ ਕਰਨ ਵੇਲੇ ਉਸ ਤੋਂ ਫਲ ਦੀ ਆਸ ਨਾ ਰੱਖ। ਭਾਵ ਜੋ ਮਨੁੱਖ ਇਨ੍ਹਾਂ ਤੋਂ ਵਰਜਿਤ ਰਹਿੰਦਾ ਹੈ, ਉਹੀ ਸੰਨਿਆਸੀ ਅਤੇ ਉਹੀ ਯੋਗੀ ਹੈ। ਜੋ ਮਨੁੱਖ ਨਿਸ਼ਕਾਮ ਹੋ ਕੇ ਕਰਮ ਕਰਦਾ ਹੈ, ਉਹ ਸਫ਼ਲਤਾ ਜਾਂ ਅਸਫਲਤਾ ਦੀ ਪਰਵਾਹ ਨਹੀਂ ਕਰਦਾ। ਜੋ ਮਨੁੱਖ ਨਿਸ਼ਕਾਮਤਾ ਦੀ ਸ਼ਰਨ ਲੈਂਦੇ ਹਨ, ਉਹ ਪਾਪਾਂ ਤੋਂ ਬਚ ਜਾਂਦੇ ਹਨ। ਜਿਹੜੇ ਕਰਮ ਦੇ ਫਲ ਨੂੰ ਆਪਣਾ ਮੰਤਵ ਬਣਾਉਂਦੇ ਹਨ, ਬੜੇ ਮੰਦ-ਭਾਗ ਤੇ ਦੁਖੀ ਹੁੰਦੇ ਹਨ। ਇਸ ਲਈ ਮਨੁੱਖ ਨੂੰ ਨਿਸ਼ਕਾਮ ਕਰਮ ਲਈ ਯਤਨ ਕਰਨੇ ਚਾਹੀਦੇ ਹਨ। ਸ੍ਰੀ ਕ੍ਰਿਸ਼ਨ ਜੀ ਦੇ ਕਹਿਣ ਦਾ ਮੁੱਖ ਮਤਲਬ ਇਹ ਹੈ ਕਿ ਸੱਚਾ ਮਨੁੱਖ ਉਹੀ ਹੈ, ਜੋ ਤ੍ਰਿਸ਼ਨਾ ਨੂੰ ਤਿਆਗ ਦਿੰਦਾ ਹੈ, ਆਤਮਾ ਉਸੇ ਨੂੰ ਹੀ ਸੱਚੀ ਖੁਸ਼ੀ ਪ੍ਰਦਾਨ ਕਰਦੀ ਹੈ। ਕ੍ਰਿਸ਼ਨ ਜੀ ਨੇ ਗਿਆਨ ਪ੍ਰਾਪਤ ਕਰਨ ਦੇ ਰਾਹ ਵਿਚ ਕਾਮ, ਕ੍ਰੋਧ, ਭੈ, ਲੋਭ, ਮੋਹ, ਅਹੰਕਾਰ ਆਦਿ ਨੂੰ ਇਕ ਵੱਡੀ ਰੁਕਾਵਟ ਦੱਸਿਆ ਹੈ। ਉਹ ਕਹਿੰਦੇ ਹਨ ਕਿ ਇਨ੍ਹਾਂ ਗੱਲਾਂ ਦੇ ਹੁੰਦੇ ਹੋਏ ਮਨੁੱਖ ਕਦੇ ਵੀ ਗਿਆਨੀ ਨਹੀਂ ਬਣ ਸਕਦਾ। ਜਿਹੜਾ ਵਿਅਕਤੀ ਇਨ੍ਹਾਂ ਚੀਜ਼ਾਂ ਦਾ ਤਿਆਗ ਕਰ ਦਿੰਦਾ ਹੈ, ਉਹ ਹੀ ਸੱਚਾ ਗਿਆਨੀ ਅਖਵਾਉਂਦਾ ਹੈ।

4.14.4 ਤੱਤਵ ਗਿਆਨੀ (Tatav Gyani):- ਸ੍ਰੀ ਕ੍ਰਿਸ਼ਨ ਜੀ ਕਹਿੰਦੇ ਹਨ ਕਿ ਉਸ ਨੂੰ ਗਿਆਨ ਵਾਲਾ ਪੁਰਸ਼ ਕਿਹਾ ਜਾਂਦਾ ਹੈ, ਜੋ ਆਪਣੇ ਮਨ ਦੀ ਸਾਰੀ ਕ੍ਰਿਸ਼ਨਾ ਦਾ ਤਿਆਗ ਕਰ ਦੇਵੇ। ਇਸ ਤਰ੍ਹਾਂ ਉਸ ਨੂੰ ਆਪਣੀ ਆਤਮਾ ਵਿਚੋਂ ਖੁਸ਼ੀ ਪ੍ਰਾਪਤ ਹੁੰਦੀ ਹੈ। ਜਿਸ ਦਾ ਮਨ ਯੋਗ ਵਿਚ ਸਥਿਰ, ਹਰਖ, ਇੱਛਾ ਨਾ ਹੋਵੇ ਅਤੇ ਕਾਮ, ਭੈ ਤੇ ਕਰੋਧ ਤੋਂ ਮੁਕਤ ਹੋਵੇ, ਉਸ ਪੁਰਸ਼ ਨੂੰ ਮੁਨੀ ਕਿਹਾ ਜਾਂਦਾ ਹੈ। ਜਿਸ ਮਨੁੱਖ ਨੂੰ ਕਿਸੇ ਵਸਤੂ ਦੀ ਇੱਛਾ ਨਹੀਂ, ਜੋ ਚੰਗੀ-ਮਾੜੀ ਵਸਤੂ ਨੂੰ ਇਕ ਸਮਾਨ ਸਮਝਦਾ ਹੈ, ਉਹ ਵੀ ਪੱਕਾ ਗਿਆਨੀ ਅਖਵਾਉਂਦਾ ਹੈ। ਜੋ ਮਨੁੱਖ ਆਪਣੀਆਂ ਮਨੋਬਿਰਤੀਆਂ ਸੰਸਾਰਿਕ ਪਦਾਰਥਾਂ ਤੋਂ ਹਟਾ ਕੇ ਅੰਤਰ-ਧਿਆਨ ਹੋ ਜਾਂਦਾ ਹੈ ਤਾਂ ਅਜਿਹੇ ਮਨੁੱਖ ਨੂੰ ਗਿਆਨੀ ਆਖਿਆ ਜਾਂਦਾ ਹੈ।

4.14.5 ਰੱਬੀ ਤੇ ਅਮਰੀ ਮਨੁੱਖ ਦੇ ਲੱਛਣ (Features of Godly and Man):- ਸ੍ਰੀ ਕ੍ਰਿਸ਼ਨ ਜੀ ਅਨੁਸਾਰ ਸੱਚਾ ਪੁਰਸ਼ ਉਹ ਹੈ, ਜਿਸ ਵਿਚ ਨਿਰਭੈਤਾ, ਦਾਨ, ਸਵੈ-ਕਾਬੂ, ਤੱਪ, ਅਹਿੰਸਾ, ਸੱਚਾਈ, ਕ੍ਰੋਧ ਦੀ ਅਣਹੋਂਦ, ਸ਼ਾਂਤੀ, ਨਿੰਦਾ, ਚੁਗਲੀ ਨਾ ਕਰਨਾ, ਸਹਿਨਸ਼ੀਲਤਾ ਹੰਕਾਰ ਤੇ ਈਰਖਾ ਤੋਂ ਮੁਕਤ ਹੋਣ ਵਾਲੇ ਗੁਣ ਮੌਜੂਦ ਹੋਣ, ਅਜਿਹੇ ਮਨੁੱਖ ਰੱਬ ਤੋਂ ਬਖਸ਼ਿਸ਼ ਲੈ ਕੇ ਆਉਂਦੇ ਹਨ। ਜੋ ਮਨੁੱਖ ਪਾਖੰਡ, ਹੰਕਾਰ, ਹਉਮੈ, ਕ੍ਰੋਧ, ਕਾਮ, ਲੋਭ, ਅਗਿਆਨਤਾ ਦੇ ਵਸ ਵਿਚ ਹੁੰਦੇ ਹਨ, ਉਨ੍ਹਾਂ ਨੂੰ ਬੁਰਾ ਮਨੁੱਖ ਕਿਹਾ ਜਾਂਦਾ ਹੈ। ਇਹ ਮਨੁੱਖ ਨੂੰ ਬਰਬਾਦੀ ਵੱਲ ਲੈ ਜਾਂਦੇ ਹਨ। ਮਨੁੱਖ ਨੂੰ ਇਨ੍ਹਾਂ ਤੋਂ ਬਚਣਾ ਚਾਹੀਦਾ ਹੈ।

4.14.6 ਅਵਤਾਰ ਦਾ ਸਿੱਧਾਂਤ (Theory of Incarnation):- ਇਸ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਨੇ ਅਵਤਾਰਵਾਦ ਦੇ ਸਿੱਧਾਂਤ ਨੂੰ ਵੀ 'ਭਗਵਦ ਗੀਤਾ ਵਿਚ ਸਪਸ਼ਟ ਕੀਤਾ ਹੈ। ਉਹ ਕਹਿੰਦੇ ਹਨ ਕਿ, "ਮੈਂ ਭਾਵੇਂ ਜਨਮ-ਮਰਨ ਤੋਂ ਮੁਕਤ ਹਾਂ, ਸਾਰੀ ਸ੍ਰਿਸ਼ਟੀ ਦਾ ਸੁਆਮੀ ਹਾਂ, ਪਰ ਫਿਰ ਵੀ ਆਪਣੇ-ਆਪ 'ਤੇ ਕਾਬੂ ਕਰਕੇ ਮੈਂ ਬੜੇ ਭਾਰੇ ਢੰਗ ਨਾਲ ਹੋਂਦ ਵਿਚ ਆਉਂਦਾ ਹਾਂ। ਜਦੋਂ ਵੀ ਧਰਤੀ ਉੱਪਰ ਅਧਰਮ ਦਾ ਰਾਜ ਹੁੰਦਾ ਹੈ, ਮੈਂ ਜਨਮ ਧਾਰਦਾ ਹਾਂ। ਧਰਮ ਤੇ ਚੰਗਿਆਈ ਨੂੰ ਬਚਾਉਣ ਲਈ, ਬਦੀ ਨੂੰ ਮਿਟਾਉਣ ਲਈ ਤੇ ਧਰਮ ਨੂੰ ਫਿਰ ਕਾਇਮ ਕਰਨ ਲਈ, ਮੈਂ ਵਾਰ-ਵਾਰ ਧਰਤੀ 'ਤੇ ਆਉਂਦਾ ਹਾਂ, ਭਾਵ ਨੇਕ ਪੁਰਸ਼ਾਂ ਦਾ ਉਦਾਰ ਕਰਨ ਲਈ ਅਤੇ ਪਾਪੀਆਂ ਦਾ ਨਾਸ਼ ਕਰਨ ਲਈ ਅਰਥਾਤ ਧਰਮ ਸੰਸਥਾਪਨ ਵਾਸਤੇ ਮੈਂ ਜੁਗ-ਜੁਗ ਪ੍ਰਗਟ ਹੁੰਦਾ ਹਾਂ। ਕ੍ਰਿਸ਼ਨ ਜੀ ਕਹਿੰਦੇ ਹਨ ਕਿ ਜੋ ਮਨੁੱਖ ਪਰਮਾਤਮਾ 'ਤੇ ਅਥਾਹ ਵਿਸ਼ਵਾਸ ਕਰਦੇ ਹਨ, ਪਰਮਾਤਮਾ ਉਨ੍ਹਾਂ ਦੀ ਮਦਦ ਕਰਦਾ ਹੈ। ਜਿਹੜਾ ਵਿਅਕਤੀ ਆਪਣੇ ਮਨ ਨੂੰ ਸਥਿਰ ਕਰਕੇ ਅਤੇ ਤ੍ਰਿਸ਼ਨਾਵਾਂ 'ਤੇ ਕਾਬੂ ਪਾ ਕੇ ਸੱਚੇ ਮਨ ਨਾਲ ਉਸ ਪਰਮਾਤਮਾ ਦੇ ਨਾਂ ਦਾ ਜਾਪ ਕਰਦੇ ਹਨ, ਉਹ ਹੀ ਵਿਅਕਤੀ ਉੱਤਮ ਹਨ। ਜਿਨ੍ਹਾਂ ਵਿਅਕਤੀਆਂ ਦੀ ਆਤਮਾ ਪਰਮਾਤਮਾ ਨਾਲ ਮਿਲ ਜਾਂਦੀ ਹੈ, ਉਹੀ ਮਨੁੱਖ ਇਸ ਸੰਸਾਰ ਰੂਪੀ ਮਾਰਗ ਨੂੰ ਪਾਰ ਕਰਕੇ ਸੱਚਖੰਡ ਵਿਚ ਪਹੁਚੰਦੇ ਹਨ। ਇਹ ਭਗਵਤ ਗੀਤਾ ਵਿਚ ਵੀ ਕਿਹਾ ਗਿਆ ਹੈ ਜੋ ਕਿ ਕ੍ਰਿਸ਼ਨ ਜੀ ਦਾ ਇਕ ਮਹਾਨ ਉਪਦੇਸ਼ ਹੈ।

4.14.7 ਭਗਤੀ ਯੋਗ (Bhakti Yoga)- ਕ੍ਰਿਸ਼ਨ ਜੀ ਕਹਿੰਦੇ ਹਨ ਕਿ ਜੋ ਮਨੁੱਖ ਮਨ ਨੂੰ ਸਥਿਰ ਕਰਕੇ, ਆਪਣੇ-ਆਪ 'ਤੇ ਕਾਬੂ ਪਾ ਕੇ ਅਤੇ ਪਰਮਾਤਮਾ ਦੀ ਸੱਚੇ ਮਨ ਨਾਲ ਪੂਜਾ ਕਰਦੇ ਹਨ, ਉਹ ਹੀ ਉੱਚਤਮ ਯੋਗ ਕਹਾਉਂਦਾ ਹੈ। ਜੋ ਮਨੁੱਖ ਪਰਮਾਤਮਾ ਦੀ ਪੂਜਾ ਕਰਦੇ ਹਨ, ਉਹ ਦੁਖੀ ਨਹੀਂ ਹੁੰਦੇ। ਪਰਮਾਤਮਾਂ ਪ੍ਰਗਟ ਨਹੀਂ ਹੁੰਦਾ। ਉਹ ਸਰਵਵਿਆਪੀ ਹੈ, ਸਮਝ ਤੋਂ ਬਾਹਰ ਹੈ, ਅਹਿਲ ਹੈ, ਉਸ ਦਾ ਆਕਾਰ ਇਕ ਹੈ ਤੇ ਹਰ ਥਾਂ ਕਾਇਮ ਰਹਿੰਦਾ ਹੈ। ਜੋ ਮਨੁੱਖ ਆਪਣੀਆਂ ਸਰੀਰਕ ਵਾਸ਼ਨਾਵਾਂ ਨੂੰ ਕਾਬੂ ਰੱਖ ਕੇ ਪਰਮਾਤਮਾ ਦੀ ਭਗਤੀ ਕਰਦੇ ਹਨ। ਉਹ ਪਰਮਾਤਮਾ ਨੂੰ ਪ੍ਰਾਪਤ ਕਰ ਸਕਦੇ ਹਨ। ਉਹਨਾਂ ਮਨੁੱਖਾਂ ਦਾ ਰਾਹ ਬੜਾ ਔਖਾ ਹੈ, ਜਿਨ੍ਹਾਂ ਦੀ ਆਤਮਾ ਅਦਿੱਸ ਪਰਮਾਤਮਾ 'ਤੇ ਟਿਕੀ ਹੋਈ ਹੈ।ਜੋ ਮਨੁੱਖ ਆਪਣੇ ਦੁਨਿਆਵੀ ਕੰਮ ਨੂੰ ਉਸ ਦੇ ਸਿਰ ਸੌਂਪੇ ਅਤੇ ਦ੍ਰਿੜ-ਵਿਸ਼ਵਾਸ ਨਾਲ ਪਰਮਾਤਮਾ ਦਾ ਜਾਪ ਕਰੋ, ਉਸ ਦੀ ਰੱਖਿਆ ਤੇ ਮੁਕਤੀ ਪਰਮਾਤਮਾ ਹੀ ਕਰਦਾ ਹੈ।

4.15 ਭਗਵਦ ਗੀਤਾ - ਸੰਖੇਪ ਜਾਣ-ਪਛਾਣ

'ਗੀਤਾ' ਦਾ ਪੂਰਾ ਨਾਂ ਸ੍ਰੀਮਦ ਭਗਵਦ ਗੀਤਾ ਜਾ ਭਾਗਵਦ ਗੀਤਾ ਉਪਨਿਸ਼ਦ ਹੈ ਅਤੇ ਇਹ ਮਹਾਂਭਾਰਤ ਦੇ ਭੀਸ਼ਮ ਪਰਵ ਦਾ ਇਕ ਭਾਗ ਹੈ। ਮਹਾਂਭਾਰਤ ਦੇ ਪੰਜ ਰਤਨਾਂ ਵਿਚ ਇਸ ਦੀ ਗਿਣਤੀ ਕੀਤੀ ਜਾਂਦੀ ਹੈ। ਇਸ ਦੇ ਲੇਖਕ ਰਿਸੀ ਵੇਦ ਵਿਆਸ ਹਨ, ਪਰੰਤੂ ਇਸ ਦੇ ਉਪਦੇਸ਼ਕ ਸ੍ਰੀ ਕ੍ਰਿਸ਼ਨ ਹਨ। ਵਿਲੀਅਮ ਵਾਨ ਸੰਬੋਲਟਨ ਅਨੁਸਾਰ, "ਗੀਤਾ ਸਭ ਤੋਂ ਸੁੰਦਰ ਅਤੇ ਯਥਾਰਥ ਅਰਥਾਂ ਵਿਚ ਸ਼ਾਇਦ ਇਕੋ-ਇਕ ਦਾਰਸ਼ਨਿਕ ਗੀਤ ਹੈ, ਜੋ ਕਿਸੇ ਗਿਆਤ ਭਾਸ਼ਾ ਵਿਚ ਲਿਖਿਆ ਗਿਆ ਹੈ। ਗੀਤਾ ਅੱਜ ਹਿੰਦੂ ਧਰਮ ਦਾ ਸਭ ਤੋਂ ਵੱਧ ਪ੍ਰਮਾਣਿਕ ਗ੍ਰੰਥ ਹੈ। ਇਸ ਲਈ ਆਮ ਕਰਕੇ ਹਰੇਕ ਸੰਪ੍ਰਦਾਇ ਦੇ ਪ੍ਰਵਰਤਕ ਆਚਾਰੀਆ ਨੇ ਆਪਣੇ ਮਤ ਦੀ ਪੁਸ਼ਟੀ ਲਈ ਗੀਤਾ ਦੀ ਵਿਆਖਿਆ ਲਿਖੀ ਹੈ। ਵਿਦਵਾਨਾਂ ਦਾ ਕਹਿਣਾ ਹੈ ਕਿ ਜਿੰਨੀਆਂ ਵਿਆਖਿਆਵਾਂ ਗੀਤਾ ਤੇ ਲਿਖੀਆਂ ਗਈਆਂ ਹਨ. ਉਨੀਆ ਕਿਸੇ ਹੋਰ ਭਾਰਤੀ ਗ੍ਰੰਥ 'ਤੇ ਨਹੀਂ ਲਿਖੀਆ ਗਈਆਂ। ਆਧੁਨਿਕ ਵਿਆਖਿਆਕਾਰਾਂ ਵਿਚੋਂ ਤਿਲਕ ਗਾਂਧੀ ਸੁਆਮੀ ਵਿਵਕਾਨੰਦ ਅਰਬਿੰਦੂ ਘੋਸ਼, ਏਨੀ ਬਸੇਟ ਡਾ ਰਾਧਾ ਕ੍ਰਿਸ਼ਨਨ ਅਤੇ ਵਿਨੋਬਾ ਭਾਵੇ ਦੇ ਨਾ ਪ੍ਰਸਿੱਧ ਹਨ। ਗੀਤਾਂ ਵਿਚ ਅਠਾਰਾਂ ਅਧਿਆਇ ਅਤੇ ਸੱਤ ਸੌ ਸਲੋਕ ਹਨ।

4.15.1 ਗੀਤਾ ਦਾ ਸਾਰ (Essence of Gita) ਗੀਤਾ ਦੇ ਅਠਾਰਾ ਅਧਿਆਵਾਂ ਦਾ ਸਾਰ ਇਸ ਤਰ੍ਹਾਂ ਹੈ- ਗੀਤਾ ਦੇ ਪਹਿਲੇ ਅਧਿਆਇ ਵਿੱਚ ਅਰਜੁਨ ਦੇ ਵਿਚਾਰਾਂ ਦਾ ਪ੍ਰਗਟਾਵਾ ਹੈ। ਉਹ ਇਕ ਮਹਾਨ ਯੋਧਾ ਹੁੰਦਾ ਹੋਇਆ ਵੀ ਪਰਿਵਾਰਕ ਮੋਹ ਵਿੱਚ ਫਸੇ ਹੋਏ ਸਾਧਾਰਨ ਵਿਅਕਤੀ ਦੀਆਂ ਭਾਵਨਾਵਾਂ ਦੀ ਪ੍ਰਤੀਨਿਧਤਾ ਕਰਦਾ ਹੈ ਅਤੇ ਯੁੱਧ ਦੇ ਡਿਆਨਕ ਸਿੱਟੇ ਬਾਰੇ ਸੱਚਦਾ ਹੈ, ਦੂਜੇ ਅਧਿਆਇ ਦੇ ਸ਼ੁਰੂ ਵਿੱਚ ਅਰਜੁਨ ਸ੍ਰੀ ਕ੍ਰਿਸ਼ਨ ਨੂੰ ਪ੍ਰਾਰਥਨਾ ਕਰਦਾ ਹੈ। ਕਿ ਉਹ ਉਸ ਦਾ ਮਾਰਗ ਦਰਸ਼ਨ ਕਰਨ। ਕ੍ਰਿਸ਼ਨ ਰਹਿੰਦੇ ਹਨ, "ਤੂੰ ਗੱਲਾ ਤਾਂ ਪੰਡਤਾ ਵਾਂਗ ਕਰਦਾ ਹੈ, ਪਰ ਪੰਡਿਤ ਤਾਂ ਜੀਉਂਦੇ ਅਤੇ ਮਰੇ ਹੋਏ ਵਿਅਕਤੀਆਂ ਵਾਸਤੇ ਜਿਕ ਨਹੀਂ ਕਈ ਪਰ ਤੂੰ ਇਕ ਕਰ ਰਿਹਾ ਹੈ। ਅਸਲ ਵਿੱਚ ਸਰੀਰ ਆਤਮਾ ਨਹੀਂ ਹੈ, ਜਨਮ-ਮਰਨ ਆਦਿ ਦੇ ਸੰਬੰਧ ਸਰੀਰਾਂ ਨਾਲ ਹੈ, ਆਤਮਾ ਨਾਲ ਨਹੀਂ। ਆਤਮਾ ਤਾਂ ਹਮੇਧਾ ਰਹਿਣ ਵਾਲਾ ਨਿੱਤ ਅਜਰ, ਅਮਰ ਅਤੇ ਸਨਾਤਨ ਤੱਤ ਹੈ। ਅਗਨੀ, ਜਲ ਵਾਯੂ, ਬਸਤਰ, ਅਸਤਰ ਆਦਿ ਆਤਮਾ 'ਤੇ ਕੋਈ ਪ੍ਰਭਾਵ ਨਹੀਂ ਹੁੰਦਾ। ਇਹ ਅਕਾਸ਼ ਦੀ ਤਰ੍ਹਾਂ ਵਿਆਪਕ, ਸ਼ੁੱਧ ਅਤੇ ਨਿਰਵਿਕਾਰ ਹੈ। ਤੀਜੇ ਅਧਿਆਇ ਵਿੱਚ ਕਰਮਯੋਗ ਦੀ ਵਿਆਖਿਆ ਕੀਤੀ ਗਈ ਹੈ ਅਤੁੱਕ ਇਹ ਕਿਹਾ ਗਿਆ ਹੈ ਕਿ ਕੋਈ ਵੀ ਜੀਵ ਇਕ ਪਲ ਲਈ ਵੀ ਬਿਨਾਂ ਕਰਮ ਤੋਂ ਨਹੀਂ ਕਿ ਸਕਦਾ। ਜਿਹੜ ਵਿਅਕਤੀ ਇੰਦਰੀਆਂ 'ਤੇ ਕਾਬੂ ਰੱਖ ਕੇ ਨਿਸ਼ਕਾਮ ਕਰਮ ਕਰਦੇ ਹਨ, ਓਡ ਕਰਮ ਯੋਗੀ ਹਨ। ਯੋਗ ਕਰਮ ਨੂੰ ਛੱਡ ਕੇ ਬਾਕੀ ਸਾਰੇ ਕਰਮ ਬੰਧਨ ਵਾਲੇ ਹਨ।

ਗੀਤਾ ਦੇ ਚੌਥੇ ਅਧਿਆਇ ਵਿਚ ਕਰਮ ਅਤੇ ਗਿਆਨ ਬਾਰੇ ਦੱਸਿਆ ਗਿਆ ਅ ਜਗਤ ਵਿੱਚ ਕਰਮ, ਵਿਕਰਮ ਅਤੇ ਅਕਰਮ ਵਰਤਦੇ ਹਨ। ਕਰਮ ਦਾ ਅਰਥ ਸ਼ੁਭ-ਕਰਮ ਹ ਆਤਮਾ ਵਿੱਚ ਅਕਰਮ ਹੁੰਦਾ ਹੈ, ਸਰੀਰ ਵਿੱਚ ਕਰਮ ਹੁੰਦਾ ਹੈ। ਜੋ ਵਿਅਕਤੀ ਕਰਮ ਅਤੇ ਅਕਰਮ ਦੀ ਭਾਵਨਾ ਸਮਝਦੇ ਹਨ, ਓਹੀ ਬੁੱਧੀਮਾਨ ਹਨ ਅਤੇ ਉਹੀ ਕਰਮਾਂ ਦੇ ਬੰਧਨ ਮੁਕਤ ਹਨ। ਪੰਜਵੇਂ ਅਧਿਆਇ ਵਿੱਚ ਸੰਨਿਆਸ-ਯੋਗ ਦੀ ਵਿਆਖਿਆ ਕੀਤੀ ਗਈ ਹੈਅ ਇਸ ਸੰਨਿਆਸ ਦਾ ਸੰਬੰਧ ਮਨ ਨਾਲ ਹੈ, ਸਰੀਰ ਨਾਲ ਨਹੀਂ। ਛੇਵੇਂ ਅਧਿਆਇ ਵਿੱਚ ਯੋਰ ਦੀ ਵਿਆਖਿਆ ਹੈ। ਯੋਗ ਨੂੰ ਆਤਮ-ਸੰਜਮ ਨਾਲ

ਜੋੜਿਆ ਗਿਆ ਹੈ। ਯੋਗ ਸਾਧਨਾ ਰਾਹੀ ਚਿਤਤ੍ਰਿਤੀਆਂ ਉੱਪਰ ਕਾਬੂ ਪੈਂਦਾ ਹੈ। ਸੱਤਵੇਂ ਅਧਿਆਇ ਵਿੱਚ ਗਿਆਨ-ਵਿਗਿਆਨ ਬਾ ਦੱਸੇ ਹੋਏ ਅਪਰਾ ਅਤੇ ਪਰਾ-ਪ੍ਰਕ੍ਰਿਤੀ ਬਾਰੇ ਵਿਚਾਰ ਕੀਤਾ ਗਿਆ ਹੈ ਅਤੇ ਈਸ਼ਵਰ ਨੂੰ ਜਗ ਦੀ ਉਤਪੱਤੀ, ਸਥਿਤੀ ਤੇ ਲੀਨਤਾ ਦਾ ਆਧਾਰ ਮੰਨਿਆ ਗਿਆ ਹੈ। ਅਠਵੇਂ ਅਧਿਆ ਵਿੱਚ ਉਸ ਨੂੰ ਬ੍ਰਹਮ ਰੂਪ ਮੰਨਿਆ ਗਿਆ। ਨੌਵੇਂ ਅਧਿਆਇ ਵਿਚ ਰਾਜ ਵਿੱਦਿਆ ਦੱ ਵਿਆਖਿਆ ਹੈ। ਦੱਸਵੇਂ ਅਧਿਆਇ ਵਿੱਚ ਈਸ਼ਵਰ ਨੂੰ ਹੀ ਬੁੱਧੀ, ਗਿਆਨ, ਸੱਚ, ਸੁੱਖ ਦੁੱਖ ਤੇ ਆਦਿ ਭਾਵਾਂ ਦਾ ਮੂਲ-ਸ੍ਰੋਤ ਦੱਸਿਆ ਗਿਆ ਹੈ। ਗਿਆਰ੍ਹਵੇਂ ਅਧਿਆਇ ਵਿੱਚ ਈਸ਼ਵਰ ਦੇ ਵਿਸ਼ਵ-ਰੂਪ ਦੇ ਦਰਸ਼ਨ ਅਰਜੁਨ ਨੂੰ ਕਰਵਾਏ ਗਏ ਹਨ। ਬਾਰ੍ਹਵਾਂ ਅਧਿਆਇ- ਭਗਤੀ ਯੋਗ ਦਾ ਹੈ ਜਿਸ ਵਿੱਚ ਨਿਰਗੁਣ ਤੇ ਸਰਗੁਣ ਭਗਤੀ ਦੀ ਵਿਆਖਿਆ ਕੀਤੀ ਗਈ ਹੈ। ਇਹ ਅਧਿਆਇ ਸਭ ਤੋਂ ਛੋਟਾ ਹੈ। ਤੱਤ-ਸੀਮਾਂਸਾ ਦੀ ਦ੍ਰਿਸ਼ਟੀ ਤੋਂ ਤੇਰਵਾ ਅਧਿਆ ਬਹੁਤ ਮਹੱਤਵਪੂਰਨ ਹੈ। ਇਸ ਵਿੱਚ ਬ੍ਰਹਮ ਪ੍ਰਕ੍ਰਿਤੀ ਬਾਰੇ ਵਿਚਾਰ ਹੈ। ਚੰਦਵੇਂ ਅਧਿਆਇ ਵਿਚ ਪ੍ਰਕ੍ਰਿਤੀ ਦੇ ਸਤਵ, ਰਜਸ ਤੇ ਤਮਸ ਗੁਣਾਂ ਦਾ ਵਿਸਥਾਰ ਨਾਲ ਵਿਸ਼ਲੇਸ਼ਣ ਕੀਤਾ- ਗਿਆ ਹੈ। ਪੰਦਰਵੇਂ ਅਧਿਆਇ ਵਿੱਚ ਪੁਰਸ਼ੋਤਮ ਨੂੰ ਪ੍ਰਕ੍ਰਿਤੀ ਤੇ ਪੁਰਸ਼ ਤੋਂ ਉੱਤਮ ਦੱਸਿਆ ਗਿਆ ਹੈ। ਸੋਲ੍ਹਵ ਅਧਿਆਇ ਵਿਚ ਦੇਵੀ ਅਤੇ ਆਸੁਰੀ ਪ੍ਰਕ੍ਰਿਤੀ ਵਾਲੇ ਜੀਵਾਂ ਦ ਵਿਸ਼ਲੇਸ਼ਣ ਕੀਤਾ ਗਿਆ ਹੈ। ਸਤਾਰਵ ਅਧਿਆਇ ਵਿੱਚ ਪਹਿਲਾਂ ਸ਼ਰਧਾ ਦੇ ਜਾਤਵ, ਰਾਜ ਤੇ ਤਾਮਸ ਰੂਪ ਦੱਸ ਗਏ ਹਨ ਫਿਰ ਸਾਤਵਿਕ, ਰਾਜਸਿਕ ਤੇ ਤਾਮਸਿਕ ਭੋਜਨ ਬਾਰੇ ਦੱਸਿਆ ਗਿਆ ਹੈ। ਗੀਤਾ ਦਾ ਅਠਾਰਵਾਂ ਅਧਿਆਇ ਬਹੁਤ ਮਹੱਤਵਪੂਰਨ ਹੈ। ਇਸ ਵਿਚ ਸੰਨਿਆਸ ਅਤੇ ਤਿਆਗ ਦਾ ਭੇਦ ਦੱਸਿਆ ਗਿਆ ਹੈ। ਇਵੇਂ ਗੀਤਾ ਦੇ 700 ਸਲੋਕਾਂ ਵਿੱਚ ਨੈਤਿਕਰ ਅਤੇ ਤੱਤ-ਮੀਮਾਂਸਾ ਦੀਆਂ ਡੂੰਘੀਆ ਸਮੱਸਿਆਵਾਂ ਉੱਤੇ ਵਿਚਾਰ ਕੀਤਾ ਗਿਆ ਹੈ।

4.15.2 ਗੀਤਾ ਦਾ ਮੰਤਵ (Aim of Gita) ਗੀਤਾ ਦਾ ਅਸਲੀ ਮੰਤਵ ਕੀ ਹੈ। ਇਸ ਦੇ ਸਮਝਣਾ ਸੌਖਾ ਨਹੀਂ ਹੈ। ਜੇਕਰ ਸ਼ੰਕਰਾਚਾਰੀਆ ਉਸ ਦੀ ਵਿਆਖਿਆ ਅਦਵੈਤਪਰਕ ਕਰਦੇ ਹਨ, ਤਾਂ ਰਾਮਾਨੁਜ ਵਿਸ਼ਿਸ਼ਟ ਅਦਵੈਤਰਕ। ਜੇਕਰ ਤਿਲਕ ਨੂੰ ਉਸ ਵਿਚ ਕਰਮ ਵਿਖਾਈ ਦਿੰਦਾ ਹੈ, ਤਾਂ ਗਾਂਧੀ ਨੂੰ ਕੇਵਲ ਅਨਾਸਕਤੀ। ਅਸਲ ਵਿਚ ਗੀਤਾ ਆਚਾਰ ਅਤੇ ਕਰਤੱਵ ਦੇ ਪ੍ਰਤੀਪਾਦਨ ਕਰਦੀ ਹੈ ਇਸ ਦਾ ਮੰਤਵ ਇਹ ਦਰਸਾਉਣਾ ਹੈ ਕਿ ਵਿਅਕਤੀ ਨੂੰ ਕਿਹੜੀਆਂ ਪਰਿਸਥਿਤੀਆਂ ਵਿਚ ਕੀ ਕਰਨਾ ਚਾਹੀਦਾ ਹੈ। ਗਹੁ ਨਾਲ ਵੇਖਿਆ ਇਹ ਵੀ ਪਤਾ ਲਗਦਾ ਹੈ ਕਿ ਕਰਮ ਦਾ ਪ੍ਰਤੀਪਾਦਨ ਦਾਰਸ਼ਨਿਕ ਸਿੱਧਾਤਾਂ ਦੇ ਪਿਛੋਕੜ ਵਿਚ ਕੀਤਾ ਗਿਆ ਹੈ। ਜਿਸ ਵਿਚ ਅਧਿਆਤਮ ਦਾ ਪ੍ਰਵਾਹ ਵਗਦਾ ਨਜ਼ਰ ਆਉਂਦਾ ਹੈ।

4.15.3 ਗੀਤਾ ਦੀ ਮਹੱਤਤਾ (Importance of Gita) - ਇਤਿਹਾਸਕ ਅਤੇ ਧਾਰਮਿਕ ਦ੍ਰਿਸ਼ਟੀ ਤੋਂ ਗੀਤਾ ਦੀ ਬਹੁਤ ਮਹੱਤਤਾ ਹੈ। ਭਾਰਤ ਦੇ ਬਹੁਤ ਸਾਰੇ ਮਹਾਂਪੁਰਖਾਂ ਨੇ ਇਸ ਨੂੰ ਆਪਣਾ ਆਦਰਸ਼ ਮੰਨਿਆ ਹੈ। ਇਹ ਸਾਡੀ ਅਗਵਾਈ ਰਾਜਸੀ, ਸਮਾਜਿਕ, ਧਾਰਮਿਕ ਆਦਿ =ਹਰ ਖੇਤਰ ਵਿਚ ਕਰਦੀ ਹੈ। ਗੀਤਾ ਦੀ ਮਹੱਤਤਾ ਨੂੰ ਸਵੀਕਾਰਦਿਆ ਡਾ. ਰਾਧਾ ਕ੍ਰਿਸ਼ਨਨ ਨੇ -ਠੀਕ ਹੀ ਕਿਹਾ ਹੈ, "ਗੀਤਾ ਬਹੁਤ ਸੁੰਦਰ ਹੈ। ਕਿਸੇ ਜਾਣੀ-ਜਾਣ ਵਾਲੀ ਭਾਸ਼ਾ ਵਿਚ ਸ਼ਾਇਦ ਕੇਵਲ ਇਹੀ ਸੱਚਾ ਦਾਰਸ਼ਨਿਕ ਗੀਤ ਹੈ। ਗੀਤਾ ਦਾ ਸੰਦੇਸ਼ ਇਸ ਦੇ ਖੇਤਰ ਵਿਚ ਸਰਵ-

ਵਿਆਪੀ ਹੈ। ਇਹ ਯੋਗ ਸ਼ਾਸਤਰ ਹੈ ਜਾਂ ਬ੍ਰਾਹਮਣਾਂ ਦੇ ਦਰਸ਼ਨ ਵਿਚ ਧਾਰਮਿਕ ਅਨੁਸ਼ਾਸਨ ਹੈ। ਡਾ. ਦੇਵਰਾਜ ਦੇ ਸ਼ਬਦਾਂ ਵਿੱਚ, "ਭਗਵਦ ਗੀਤਾ ਦੇ ਰੂਪ ਵਿੱਚ ਆਸਤਿਕ ਹਿੰਦੂ ਧਰਮ ਅਤੇ ਦਰਸ਼ਨ ਨੇ ਇਹ ਯਤਨ ਕੀਤਾ ਕਿ ਵੱਖ-ਵੱਖ ਮਤਾਂ ਅਤੇ ਮਾਰਗਾਂ ਦਾ ਇਕ ਦ੍ਰਿੜ ਸੁਮੇਲ ਪੇਸ਼ ਕਰੇ। ਜਿੱਥੇ ਕਿ ਗੀਤਾ ਦੀ ਵਿਸ਼ੇਸ਼ਤਾ ਵੱਖ-ਵੱਖ ਮੁਕਤੀ ਮਾਰਗਾਂ ਵਿਚਕਾਰ ਸੁਮੇਲ ਕਾਇਮ ਕਰਨ ਵਿੱਚ ਹੈ, ਉੱਥੇ ਉਸ ਦਾ ਤੱਤ ਦਰਸ਼ਨ ਵੀ ਨਿਰਗੁਣ ਤੇ ਸਰਗੁਣ ਬ੍ਰਹਮ ਹੈ। ਸਾਂਖਯ ਦੇ ਪ੍ਰਕਿਰਤੀਵਾਦ, ਪ੍ਰਾਚੀਨ ਉਪਨਿਸ਼ਦਾਂ ਦੇ ਬ੍ਰਹਮਵਾਦ ਅਤੇ ਮਗਰਲੇ ਉਪਨਿਸ਼ਦਾਂ ਦੇ ਈਸ਼ਵਰਵਾਦ ਦਾ ਸੁਮੇਲ ਕਰਨ ਦੀ ਦ੍ਰਿਸ਼ਟੀ ਤੋਂ ਕੋਰਾ ਨਹੀਂ ਹੈ।

4.16 ਸਾਰ - ਵਿਚਾਰ-ਵਟਾਂਦਰੇ ਪਿੱਛੇ ਅਸੀ ਇਸ ਸਿੱਟੇ ਉੱਤੇ ਪੁਜਦੇ ਹਾ ਕਿ ਸ੍ਰੀ ਕ੍ਰਿਸ਼ਨ ਜੀ ਦਾ ਅਵਤਾਰ ਦੁਆਪਰ ਯੁੱਗ ਦੇ ਅੰਤ ਸਮੇਂ ਹੋਇਆ। ਉਨ੍ਹਾਂ ਦੀਆ ਲੀਲਾਵਾਂ, ਕੰਸ ਬੰਧ ਦੁਆਰਕਾ ਉੱਤੇ ਰਾਜ, ਰਾਜਸੂਯ ਯੋਗ ਵਿਚ ਸਹਿਯੋਗ, ਮਹਾਂਭਾਰਤ ਦੇ ਯੁੱਧ ਸਮੇਂ ਪਾਡਵਾਂ ਦੀ ਸਹਾਇਤਾ ਭਗਵਤ ਗੀਤਾ ਦੇ ਉਪਦੇਸ਼ਾਂ ਦਾ ਉਚਾਰਨ ਉਨ੍ਹਾਂ ਦੇ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਹਨ। ਭਗਵਾਨ ਕ੍ਰਿਸ਼ਨ ਜੀ ਦੇ ਉਪਦੇਸ਼ ਭਗਵਦ ਗੀਤਾ ਵਿਚ ਸਮੇਏ ਹੋਏ ਹਨ। ਪ੍ਰੋ: ਗੁਰਬਚਨ ਸਿੰਘ ਤਾਲਿਬ ਅਨੁਸਾਰ, ਇਸ ਤਰ੍ਹਾਂ ਸੰਸਕ੍ਰਿਤ ਸਾਹਿਤ ਵਿਚ ਇੱਕ-ਇਕ ਗੀਤਾ ਹੀ ਅਜਿਹੀ ਰਚਨਾ ਹੈ, ਜਿਸ ਵਿਚ ਕਰਮ, ਗਿਆਨ ਤੇ ਭਗਤੀ ਦਾ ਸੰਯੁਕਤ ਰੂਪ ਵਿਚ ਵਰਣਨ ਕੀਤਾ ਗਿਆ ਹੈ ਅਤੇ ਸਭ ਨੂੰ ਇਕ-ਦੂਜੇ ਦੇ ਸਹਾਇਕ ਸਿੱਧ ਕੀਤਾ ਹੈ। ਇਨ੍ਹਾਂ ਵਿਚ ਪਰਸਪਰ ਵਿਰੋਧ ਕੋਈ ਨਹੀਂ ਹੈ। ਸ੍ਰੀ ਕ੍ਰਿਸ਼ਨ ਦੀ ਉਸਤਤਿ, ਉਨ੍ਹਾਂ ਦੀ ਕਥਾ ਸਮੁੱਚ ਭਾਰਤੀ ਇਤਿਹਾਸ ਵਿਚ ਵਿਆਪਤ ਹੈ। ਗੀਤਾ ਹਿੰਦੂਆਂ ਦਾ ਇਕ ਧਾਰਮਿਕ ਗ੍ਰੰਥ ਹੈ। ਅਸਲ ਵਿੱਚ ਇਹ ਮਹਾਂਭਾਰਤ ਦਾ ਇਕ ਹਿੱਸਾ ਹੈ ਜਿਸ ਵਿੱਚ ਕ੍ਰਿਸ਼ਨ ਜੀ ਅਰਜੁਨ ਨੂੰ ਉਪਦੇਸ਼ ਦਿੰਦੇ ਹਨ। ਗੀਤਾ ਦੀ ਸ਼ੈਲੀ ਅਤਿਅੰਤ ਸਪਸ਼ਟ, ਸਰਲ ਤੇ ਦਿਲ ਨੂੰ ਛੂਹਣ ਵਾਲੀ ਹੈ ਜਿਸ ਨਾਲ ਉਸ ਦਾ ਮੰਤਵ ਹਰੇਕ ਪੱਧਰ 'ਤੇ ਪਾਠਕ ਨੂੰ ਸਹਿਜੇ ਹੀ ਯਾਦ ਹੋ ਜਾਂਦਾ ਹੈ। ਇਸ ਵਿੱਚ ਆਸਤਿਕ ਵਿਚਾਰਧਾਰਾ ਦੀਆਂ ਸਾਰੀਆਂ ਪ੍ਰਣਾਲੀਆਂ ਅਤੇ ਪੂਜਾ ਵਿਧੀਆਂ ਵਿੱਚ ਸੁਮੇਲ ਕੀਤਾ ਗਿਆ ਹੈ, ਜਿਸ ਲਈ ਇਹ ਹਰੇਕ ਸੰਪ੍ਰਦਾਇ ਲਈ ਗ੍ਰਹਿਣ ਕਰਨੀ ਜ਼ਰੂਰੀ ਬਣ ਗਈ ਹੈ। ਗੀਤਾ ਵਿੱਚ ਵਰਣ ਆਸ਼ਰਮ ਵਿਵਸਥਾ ਨੂੰ ਜਾਤੀ ਤੇ ਸਥਾਨ ਦੇ ਗੁਣ ਅਤੇ ਕਰਮ 'ਤੇ ਆਧਾਰਿਤ ਦੱਸ ਕੇ ਧਰਮ ਸ਼ਾਸਤਰਾਂ ਦੀ ਤੁਲਨਾ ਵਿੱਚ ਵਧੇਰੇ ਉਦਾਰਤਾ ਦਿਖਾਈ ਗਈ ਹੈ।

4.17 ਪੜ੍ਹਣਯੋਗ ਪੁਸਤਕਾਂ


- ਡਾ. ਸਰਬਜਿੰਦਰ ਸਿੰਘ (ਡਾ.), *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ,* ਭਾਗ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011


4.18 ਅਭਿਆਸ ਲਈ ਪ੍ਰਸ਼ਨ

1. ਭਗਵਾਨ ਕ੍ਰਿਸ਼ਨ ਜੀ ਦੇ ਜੀਵਨ ਦੀ ਸੰਖੇਪ ਜਾਣ-ਪਛਾਣ ਦਿਉ।

2. ਸ੍ਰੀਮਦ ਭਾਗਵਤ ਗੀਤਾ ਵਿਚ ਭਗਵਾਨ ਕ੍ਰਿਸ਼ਨ ਨੇ ਕੀ-ਕੀ ਉਪਦੇਸ਼ ਦਿੱਤੇ ਹਨ

3. ਗੀਤਾ ਬਾਰੇ ਤੁਸੀਂ ਕੀ ਜਾਣਦੇ ਹੋ

ਛੋਟੇ ਪ੍ਰਸ਼ਨ

1. ਕ੍ਰਿਸ਼ਨ ਜੀ ਦੇ ਸਮੇਂ ਭਾਰਤ ਦੀ ਅਵਸਥਾ ਕੀ ਸੀ
2. ਗਿਆਨ ਮਾਰਗ ਦੀ ਪ੍ਰਾਪਤੀ ਕੌਣ ਕਰ ਸਕਦੀ ਹੈ
3. ਗੀਤਾ ਅਨੁਸਾਰ ਸੱਚੇ ਯੋਗੀ ਦੇ ਕੀ ਲੱਛਣ ਹਨ
4. ਦੈਵੀ ਜਾਂ ਅਮਰ ਮਨੁੱਖ ਦੇ ਕੀ ਲੱਛਣ ਹੁੰਦੇ ਹਨ

ਯੂਨਿਟ 5- ਭਗਵਾਨ ਮਹਾਂਵੀਰ ਜੈਨ 24ਵੇਂ ਤੀਰਥੰਕਰ


5.0 ਉਦੇਸ਼

5.1 ਜਾਣ-ਪਛਾਣ

5.2 ਤੀਰਥੰਕਰ ਦਾ ਅਰਥ

5.3 ਭਗਵਾਨ ਮਹਾਂਵੀਰ ਦੇ ਜਨਮ ਤੋਂ ਪਹਿਲਾਂ ਦਾ ਸਮਾਜ

5.4 ਜਨਮ ਤੋਂ ਪਹਿਲਾਂ

5.5 ਭਗਵਾਨ ਮਹਾਂਵੀਰ ਦਾ ਜਨਮ ਅਤੇ ਬਚਪਨ

5.6 ਵਰਧਮਾਨ ਤੋਂ ਮਹਾਂਵੀਰ ਬਣਨਾ

5.7 ਸਨਮਤਿ

5.8 ਹਾਥੀ ਨੂੰ ਵਸ ਵਿਚ ਕਰਨਾ

5.9 ਵਰਧਮਾਨ ਮਹਾਂਵੀਰ ਦੇ ਹੋਰ ਨਾਂ

5.10 ਵਿਦਿਆਰਥੀ ਦੇ ਰੂਪ ਵਿਚ

5.11 ਵਿਆਹ ਅਤੇ ਸੰਤਾਨ

5.12 ਵੈਰਾਗ

5.13 ਪ੍ਰਚਾਰ

5.14 ਭਗਵਾਨ ਮਹਾਂਵੀਰ ਦੀਆਂ ਸਿਖਿਆਵਾਂ

5.14.1 ਈਸ਼ਵਰ ਬਾਰੇ ਅਵਿਸ਼ਵਾਸ

5.14.2 ਮੁਕਤੀ (ਕੈਵਲਯ)

5.14.3 ਤਿੰਨ ਰਤਨ

5.14.4 ਨੌਂ ਸੱਚਾਈਆਂ

5.14.5 ਪੰਜ ਮਹਾਂਵਰਤ

5.14.6 ਆਤਮਾ ਦੀ ਹੋਂਦ ਵਿਚ ਵਿਸ਼ਵਾਸ

5.14.7 ਕਰਮ ਸਿਧਾਂਤ ਵਿਚ ਵਿਸ਼ਵਾਸ

5.14.8 ਪੁਨਰ ਜਨਮ ਵਿਚ ਵਿਸ਼ਵਾਸ

5.15 ਸਾਰ

5.16 ਪੜ੍ਹਣਯੋਗ ਪੁਸਤਕਾਂ

5.17 ਅਭਿਆਸ ਲਈ ਪ੍ਰਸ਼ਨ

5.0 ਉਦੇਸ਼- ਹੱਥਲੀ ਯੂਨਿਟ ਵਿਚ ਜੈਨ ਧਰਮ ਦੇ 24ਵੇਂ ਤੀਰਥੰਕਰ ਭਗਵਾਨ ਮਹਾਂਵੀਰ ਦੇ ਜੀਵਨ, ਸਿੱਖਿਆਵਾਂ ਦਾ ਵਰਣਨ ਕੀਤਾ ਗਿਆ ਹੈ ਤਾਂ ਜੋ ਵਿਦਿਆਰਥੀਆਂ ਨੂੰ ਜੈਨ ਧਰਮ ਦੇ ਅਖੀਰਲੇ ਅਤੇ ਮਹੱਤਵਪੂਰਨ ਪੈਗੰਬਰ ਬਾਰੇ ਜਾਣੂੰ ਕਰਵਾਇਆ ਜਾ ਸਕੇ।

5.1 ਜਾਣ-ਪਛਾਣ- ਭਾਰਤ ਇਕ ਧਰਮ ਪ੍ਰਧਾਨ ਦੇਸ਼ ਹੈ। ਇਥੇ ਧਰਮ ਦੀ ਵਿਆਖਿਆ ਅਨੇਕ ਰੂਪਾਂ ਵਿਚ ਹੋਈ ਹੈ। ਸਾਰੀਆਂ ਵਿਆਖਿਆਵਾਂ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਧਰਮ ਉਹ ਹੈ ਜੋ ਹਰ ਇਕ ਵਿਅਕਤੀ ਨੂੰ ਦੁੱਖ ਤੋਂ ਸੁਖ ਵੱਲ, ਦੁਰਗਤੀ ਤੋਂ ਸਦਗਤੀ ਵੱਲ, ਪਾਪ ਤੋਂ ਪੁੰਨ ਵੱਲ, ਪਤਨ ਤੋਂ ਉੱਥਾਨ ਵੱਲ, ਬੁਰਿਆਈਆਂ ਤੋਂ ਚੰਗਿਆਈਆਂ ਵੱਲ, ਵਿਕਾਰਾਂ ਤੋਂ ਨਿਰਵਿਕਾਰਤਾ ਵੱਲ ਲੈ ਜਾਂਦਾ ਹੈ। ਅਸਲ ਵਿਚ ਧਰਮ ਹੀ ਮਾਨਵ ਜੀਵਨ ਦਾ ਮੂਲ ਆਧਾਰ ਹੈ। ਵਿਸ਼ਵ ਦੇ ਪ੍ਰਚੱਲਿਤ ਧਰਮਾਂ ਵਿਚੋਂ ਜੈਨ ਧਰਮ ਦਾ ਵਿਸ਼ੇਸ਼ ਸਥਾਨ ਹੈ। ਜੈਨ ਧਰਮ "ਜਿਨ" ਸ਼ਬਦ ਤੋ ਬਣਿਆ ਹੈ, ਜਿਸ ਦਾ ਅਰਥ ਮਨ ਅਤੇ ਇੰਦਰੀਆਂ ਨੂੰ, ਰਾਗਦ੍ਵੇਸ਼, ਵਿਕਾਰਾਂ ਅਤੇ ਭਾਵਨਾਵਾਂ ਤੋਂ ਖੁਦ ਨੂੰ ਜਿਤਾਉਣ ਵਾਲਾ ਹੈ। ਇਹਨਾਂ ਜਿੱਤਣ ਵਾਲਿਆਂ ਦਾ ਮਾਰਗ ਹੀ ਜੈਨ ਧਰਮ ਹੈ। ਜੋ ਮਨੁੱਖ ਨੂੰ ਸੰਸਾਰਕ ਦੁੱਖਾਂ ਤੋਂ ਮੁਕਤ ਕਰਕੇ ਉੱਤਮ ਸੁੱਖ ਅਨੁਭਵ ਕਰਵਾਉਂਦਾ ਹੈ, ਜੋ ਸੰਸਾਰੀ ਜੀਵਾਂ ਦੀ ਚਤੁਰਗਤੀ ਦੇ ਦੁੱਖਾਂ ਤੋਂ ਰੱਖਿਆ ਕਰਦਾ ਹੈ, ਜੋ ਵਿਗਿਆਨਿਕ ਤੇ ਪ੍ਰਮਾਣਿਕ ਢੰਗ ਨਾਲ ਜੀਵਨ ਜਿਉਣ ਦਾ ਮਾਰਗ ਦੱਸਦਾ ਹੈ ਅਤੇ ਮੁਕਤੀ ਦੀ ਪ੍ਰਾਪਤੀ ਲਈ ਅਗੇ ਵਧਾਉਣ ਵਾਲਾ ਧਰਮ ਜੈਨ ਧਰਮ ਅਖਵਾਉਂਦਾ ਹੈ। ਜੈਨ ਧਰਮ ਨੂੰ ਨਿਗ੍ਰੰਥ ਧਰਮ, ਅਰਹਤ ਧਰਮ, ਵ੍ਰਾਤਯ ਧਰਮ ਅਤੇ ਅਹਿੰਸਾ ਧਰਮ ਵੀ ਕਿਹਾ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਜੈਨ ਧਰਮ ਉਹਨਾਂ ਹੀ ਪ੍ਰਾਚੀਨ ਹੈ ਜਿਨ੍ਹਾਂ ਪ੍ਰਕਿਰਤੀ ਅਤੇ ਮਾਨਵ। ਅਗਿਆਨਤਾ ਪੂਰਵਕ ਅੱਜ ਵੀ ਬਹੁਤ ਸਾਰੇ ਲੋਕ ਭਗਵਾਨ ਮਹਾਂਵੀਰ ਜਾਂ ਭਗਵਾਨ ਰਿਸ਼ਭਦੇਵ ਨੂੰ ਜੈਨ ਧਰਮ ਦਾ ਸੰਸਥਾਪਕ ਸਮਝਦੇ ਹਨ ਅਤੇ ਇਥੋਂ ਹੀ ਜੈਨ ਧਰਮ ਦਾ ਆਰੰਭ ਮੰਨਦੇ ਹਨ। ਜਦੋਂ ਕਿ ਅਸਲੀਅਤ ਇਹ ਹੈ ਕਿ ਇਹ ਸਾਰੇ ਮਹਾਂਪੁਰਖ ਜੋ ਤੀਰਥੰਕਰ ਅਖਵਾਉਂਦੇ ਹਨ , ਜੈਨ ਧਰਮ ਦੇ ਪ੍ਰਚਾਰਕ ਅਤੇ ਪ੍ਰਸਾਰਕ ਹਨ, ਪਰ ਸੰਸਥਾਪਕ ਕਦੇ ਨਹੀਂ ਬਣੇ। ਇਨ੍ਹਾਂ ਤੋਂ ਪਹਿਲਾਂ ਵੀ ਜੈਨ ਧਰਮ ਸੀ , ਵਰਤਮਾਨ ਵਿਚ ਵੀ ਹੈ ਅਤੇ ਭਵਿੱਖ ਵਿਚ ਵੀ ਰਹੇਗਾ। ਜੈਨ ਪਰੰਪਰਾ ਅਨੁਸਾਰ ਕਾਲ ਚੱਕਰ ਦਾ ਪ੍ਰਵਾਹ ਅਨਾਦਿ ਅਤੇ ਅਨੰਤ ਹੈ। ਜਿਸ ਤਰ੍ਹਾਂ ਰਾਤ ਬੀਤਣ ਉਪਰੰਤ ਦਿਨ ਨਿਕਲਦਾ ਹੈ, ਸਵੇਰ ਤੋਂ ਬਾਅਦ ਸ਼ਾਮ ਹੁੰਦੀ ਹੈ ਉਸੇ ਤਰ੍ਹਾਂ ਕਾਲਚੱਕ੍ਰ ਘੁੰਮਦਾ ਰਹਿੰਦਾ ਹੈ। ਇਸਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈਸ੍

1. ਉੱਤਸਰ ਪਿਣੀ ਕਾਲ
2. ਅਵਸਰ ਪਿਣੀ ਕਾਲ।

ਇਹਨਾਂ ਦੋਵਾਂ ਨੂੰ ਅੱਗੇ ਛੇ- ਛੇ ਭਾਗਾਂ ਵਿਚ ਵੰਡਿਆ ਗਿਆ ਹੈ-

1. ਉਤਸਰ ਪਿਣੀ ਕਾਲ

ੳ) ਦੁੱਖ ਹੀ ਦੁੱਖ

ਅ) ਦੁੱਖ

ੲ) ਦੁੱਖ ਦੇ ਨਾਲ ਸੁੱਖ

ਸ) ਸੁੱਖ ਦੇ ਨਾਲ ਦੁੱਖ

ਹ) ਸੁੱਖ

ਕ) ਸੁੱਖ ਹੀ ਸੁੱਖ

2. ਅਵਸਰ ਪਿਣੀ ਕਾਲ ੳ) ਸੁੱਖ ਹੀ ਸੁੱਖ

ਅ)ਸੁੱਖ

ੲ) ਸੁੱਖ ਦੇ ਨਾਲ ਦੁੱਖ

ਸ) ਦੁੱਖ ਦੇ ਨਾਲ ਦੁੱਖ

ਹ) ਦੁੱਖ

ਕ) ਦੁੱਖ ਹੀ ਦੁੱਖ

ਜਿਸ ਕਾਲ ਚੱਕਰ ਵਿਚ ਚੰਗੇ ਭਾਵ ਕ੍ਰਮਵਾਰ ਖ਼ਤਮ ਹੁੰਦੇ ਜਾਣ ਅਤੇ ਮੰਦੇ ਭਾਵ ਕ੍ਰਮਵਾਰ ਵੱਧਦੇ ਜਾਣ ਉਸਨੂੰ ਅਵਸਰ ਪਿਣੀ ਕਾਲ ਕਿਹਾ ਜਾਂਦਾ ਹੈ ਅਤੇ ਜਿਸ ਕਾਲ ਵਿਚ ਚੰਗੇ ਭਾਵ ਕ੍ਰਮਵਾਰ ਵੱਧਦੇ ਜਾਣ ਅਤੇ ਮੰਦੇ ਭਾਵ ਕ੍ਰਮਵਾਰ ਘਟਦੇ ਜਾਣ ਉਸਨੂੰ ਉਤਸਰ ਪਿਣੀ ਕਾਲ ਕਿਹਾ ਜਾਂਦਾ ਹੈ। ਉਤਸਰ ਪਿਣੀ ਕਾਲ ਵਿਚ ਸਾਰੇ ਪਾਸੇ ਸੁੱਖ ਹੀ ਸੁੱਖ ਸਨ। ਇਸ ਕਾਲ ਵਿਚ ਮਨੁੱਖ ਸੁਖੀ ਤਾਂ ਸੀ ਪਰ ਕਰਤੱਵ ਰਹਿਤ ਸੀ। ਇਸ ਕਾਲ ਨੂੰ "ਯੁਗਲਿਕ ਕਾਲ" ਕਿਹਾ ਜਾਂਦਾ ਸੀ। ਇਸ ਕਾਲ ਵਿਚ ਧਰਮ ਅਤੇ ਕਰਮ ਦੀ ਅਣਹੋਂਦ ਸੀ। ਇਸ ਕਾਲ ਦੇ ਲੋਕ ਨਿਸ਼ਚਿੰਤ ਸਨ ਅਤੇ ਸੁਭਾਅ ਤੋਂ ਸ਼ਾਂਤ ਪ੍ਰਕਿਰਤੀ ਦੇ ਸਨ। ਇਸ ਵਿਵਸਥਾ ਨੂੰ "ਭੋਗ ਭੂਮੀ" ਦੀ ਵਿਵਸਥਾ ਵੀ ਕਿਹਾ ਜਾਂਦਾ ਸੀ। ਹੌਲੀ-ਹੌਲੀ ਸਮਾਂ ਬਦਲਦਾ ਗਿਆ ਸੁਖ ਦੇ ਨਾਲ ਦੁੱਖ ਵੀ ਮਨੁੱਖੀ ਜੀਵਨ ਵਿਚ ਆਪਣੀ ਹੋਂਦ ਬਣਾਉਣ ਲੱਗਾ। ਅਰਥਾਤ ਕਰਮ ਭੂਮੀ ਦਾ ਆਰੰਭ ਹੋ ਗਿਆ। ਇੱਥੋਂ ਹੀ ਸੱਭਿਆਤਾਵਾਂ ਦਾ ਆਰੰਭ ਮੰਨਿਆ ਜਾ ਸਕਦਾ ਹੈ। ਇਤਿਹਾਸਕਾਰ ਇਸ ਨੂੰ ਪੂਰਵ ਅਤੇ ਉੱਤਰ ਪਾਸ਼ਾਣ ਯੁੱਗ ਕਹਿੰਦੇ ਹਨ। ਕਰਮਭੂਮੀ ਦਾ ਸੱਭਿਅਤਾ ਦੇ ਯੁੱਗ ਵਿਚ ਤਤਕਾਲੀਨ ਸਮੱਸਿਆਵਾਂ ਦੇ ਸਮਾਧਾਨ ਲਈ ਅਤੇ ਸਮਾਜ ਨੂੰ ਦੁਬਾਰਾ ਵਿਵਸਥਿਤ ਰੂਪ ਦੇਣ ਲਈ ਕਰਮ੍ਕਰਤੱਵ ਆਦਿ ਦੇ ਲਈ "ਕੁਲਕਰ" ਪਰੰਪਰਾ ਦਾ ਆਰੰਭ ਹੋਇਆ। ਇਹ "ਕੁਲਕਰਾਂ" ਦਾ ਜੈਨ ਪਰੰਪਰਾ ਵਿਚ ਉਹੀ ਸਥਾਨ ਹੈ ਜੋ ਵੈਦਿਕ ਪਰੰਪਰਾ ਵਿਚ ਮਨੂਆ ਦਾ।

ਜੈਨ ਪਰੰਪਰਾ ਅਨੁਸਾਰ ਅੰਤਿਮ ਕੁਲਕਰ ਨਾਭਿ ਰਾਜਾ ਸਨ। ਨਾਭੀਰਾਜਾ ਦੇ ਪੁੱਤਰ ਭਗਵਾਨ ਰਿਸ਼ਭਦੇਵ ਸਨ। ਇਸ ਤਰ੍ਹਾਂ ਭਗਵਾਨ ਰਿਸ਼ਭਦੇਵ ਇਸ ਕਾਲ ਦੇ ਮਾਨਵੀ ਸਮਾਜ ਦੇ ਪ੍ਰਥਮ ਧਰਮਨਾ ਇਕ ਤੇ ਕਾਰਜਕਰਤਾ ਬਣੇ। ਇਹਨਾਂ ਦੁਆਰਾ ਹੀ ਦੇਸ਼ ਵਿਚ ਵਿਧੀ ਪੂਰਵਕ ਸ੍ਰੁਤ ਧਰਮ ਅਤੇ ਚਰਿੱਤਰ ਧਰਮ ਦਾ ਵਿਕਾਸ ਹੋਇਆ। ਭਗਵਾਨ ਰਿਸ਼ਭਦੇਵ ਜੈਨ ਧਰਮ ਦੇ ਪਹਿਲੇ ਤੀਰਥੰਕਰ ਹਨ ਉਸ ਤੋਂ ਅਗਲੇ ਤੀਰਥੰਕਰਾਂ ਦਾ ਵੇਰਵਾ ਇਸ ਤਰ੍ਹਾਂ ਹੈ 2) ਅਜੀਤ ਨਾਥ 3) ਸੰਭਵ ਨਾਥ 4) ਅਭਿਨੰਦਨ 5) ਸੁਮਤੀ ਨਾਥ 6) ਪਦਮਪ੍ਰਭ 7) ਸੁਪਾਰਸ਼ਵ 8) ਚੰਦਰ ਪ੍ਰਭ 9) ਸੁਵਿਧੀ ਨਾਥ 10) ਸ਼ੀਤਲ ਨਾਥ 11) ਸੁਰਿਆਂਸ ਨਾਥ 12) ਵਾਸੂ ਪੂਜਯ 13) ਵਿਮਲ ਨਾਥ 14) ਅਨੰਤ ਨਾਥ 15) ਪਰਮ ਨਾਥ 16) ਸ਼ਾਂਤੀ ਨਾਥ 17) ਕੁੰਥੂ ਨਾਥ 18) ਅਰਹ ਨਥ 19) ਮੱਲੀ ਨਾਥ 20) ਮੁਨੀ ਸ਼ੁਵਰਤ 21) ਨਮਿ ਨਾਥ 22) ਨੇਮੀ ਨਾਥ 23) ਪਾਰਸ਼ਵ ਨਾਥ 24) ਵਰਧਮਾਨ

## 5.2 ਤੀਰਥੰਕਰ ਦਾ ਅਰਥ

ਜੈਨ ਧਰਮ ਵਿਚ "ਤੀਰਥੰਕਰ" ਉਸ ਮਹਾਂਪੁਰਖ ਨੂੰ ਕਿਹਾ ਜਾਂਦਾ ਹੈ, ਜਿਸਨੇ ਚਾਰ ਜੰਗਮ ਤੀਰਥਾਂ ਦੀ ਸਥਾਪਨਾ ਕੀਤੀ ਹੋਵੇ। ਇਹ ਤੀਰਥ ਸ਼ਬਦ ਦਾ ਅਰਥ ਹਿੰਦੂਆਂ ਦੀਆਂ ਇਸ਼ਨਾਨ ਸੰਬੰਧੀ ਪਵਿੱਤਰ ਥਾਵਾਂ( ਹਰਿਦੁਆਰ, ਕਾਸ਼ੀ, ਗਯਾ, ਪੁਸ਼ਕਰ, ਪ੍ਰਯਾਗ, ਨਾਸਿਕ ਹਨ ਆਦਿ ) ਤੋਂ ਵੱਖਰਾ ਹੈ। ਜੈਨ ਵਿਚਾਰਧਾਰਾ ਅਨੁਸਾਰ ਇਹ ਚਾਰ ਜੰਗਮ (ਤੁਰਦੇ੍ਫਿਰਦੇ) ਤੀਰਥ ਹਨਸ ਸ਼੍ਰਮਣ (ਸਾਧੂ), ਸ਼੍ਰਮਣੀ (ਸਾਧਵੀ), ਸ਼੍ਰਾਵਕ (ਗ੍ਰਹਿਸਥੀ ਪੁਰਸ਼), ਸ਼੍ਰਾਵਿਕਾ (ਗ੍ਰਹਿਸਥੀ ਇਸਤਰੀ) ਇਹ ਚਹੁੰ ਪ੍ਰਕਾਰ ਦੇ ਵਿਅਕਤੀਆਂ ਨੂੰ ਆਪਣੇ ਉਪਦੇਸ਼ਾਂ ਰਾਹੀਂ "ਅਹਿੰਸਾ"(ਜੀਵਾਂ ਉਤੇ ਦਇਆ) ਅਤੇ "ਅਪਰਿ ਗ੍ਰਿਹ" (ਤਿਆਗ) ਵੱਲ ਪ੍ਰੇਰ ਕੇ ਸਿਧਾ ਰਾਹ ਵਿਖਾਉਣ ਵਾਲੇ "ਮਹਾਂਪੁਰਖ" ਨੂੰ ਜੈਨ ਪਾਰਿਭਾਸ਼ਿਕ ਸ਼ਬਦਾਵਲੀ ਵਿਚ "ਤੀਰਥੰਕਰ" ਸੱਦਿਆ ਗਿਆ ਹੈ।

## 5.3 ਭਗਵਾਨ ਮਹਾਂਵੀਰ ਦੇ ਜਨਮ ਤੋਂ ਪਹਿਲਾਂ ਦਾ ਸਮਾਜ

ਅੱਜ ਤੋਂ ਲਗਭਗ 2500 ਸਾਲ ਪਹਿਲਾਂ ਦਾ ਪੁਰਾਤਨ ਭਾਰਤੀ ਸਮਾਜ ਦਾ ਆਧਾਰ ਪੁਰਾਨ ਅਤੇ ਵੇਦ ਆਧਾਰਿਤ ਯੱਗ ਸੀ। ਇਨ੍ਹਾਂ ਯੱਗਾਂ ਵਿਚ ਲੱਖਾਂ ਪਸ਼ੂਆਂ ਦੀਆਂ ਬਲੀਆਂ ਦਿੱਤੀਆਂ ਜਾਂਦੀਆਂ ਸਨ। ਇਹ ਸਮਾਜ ਵਰਣ ਵਿਵਸਥਾ ਦਾ ਧਾਰਨੀ ਸੀ। ਬ੍ਰਾਹਮਣ ਸਭ ਤੋਂ ਉਚੇਰਾ ਅਤੇ ਸ਼ੂਦ੍ਰ ਸਭ ਤੋਂ ਨੀਵਾਂ ਸਥਾਨ ਰੱਖਦਾ ਸੀ। ਇਸ ਤਰ੍ਹਾਂ ਇਨ੍ਹਾਂ ਦੀ ਹਾਲਤ ਵੀ ਨਿਘਾਰਤਾ ਵਾਲੀ ਹੀ ਸੀ। ਉਹਨਾਂ ਨੂੰ ਵੇਦ ਪੜ੍ਹਨ ਦਾ ਕੋਈ ਹੱਕ ਨਹੀਂ ਸੀ। ਇਸਤਰੀਆਂ ਨੂੰ ਸਿਰਫ ਭੋਗ ਵਿਲਾਸ ਦੀ ਸਮੱਗਰੀ ਹੀ ਸਮਝਿਆ ਜਾਂਦਾ ਸੀ। ਵੱਡੇ ਵੱਡੇ ਸ਼ਹਿਰਾਂ ਵਿਚ ਸ਼ੂਦਰਾਂ, ਦਾਸਾਂ, ਇਸਤਰੀਆਂ ਦੀਆਂ ਮੰਡੀਆਂ ਲਗਦੀਆਂ ਸਨ। ਪਸ਼ੂ ਅਤੇ ਇਸਤਰੀ ਇਕ ਹੀ ਸਮਾਨ ਸਨ। ਉਸ ਸਮੇਂ ਦਾ ਧਰਮ ਵੀ ਕਰਮਕਾਂਡਾਂ ਤੇ ਆਧਾਰਿਤ ਸੀ। ਧਰਮ ਦਾ ਮੂਲ਼ ਉਦੇਸ਼ ਕਿਧਰੇ ਗੁੰਮ ਚੁੱਕਾ ਸੀ। ਬ੍ਰਾਹਮਣ ਵਰਗ ਨੇ ਖੱਤਰੀਆਂ ਤੇ ਪ੍ਰਭਾਵ ਪਾ ਕੇ ਰਾਜਨੀਤਿਕ ਖੇਤਰ ਵੀ ਆਪਣੇ ਵਸ ਵਿਚ ਕੀਤਾ ਹੋਇਆ ਸੀ। ਉਸ ਸਮੇਂ ਦੋ ਤਰ੍ਹਾਂ ਦੀਆਂ ਰਾਜ ਪ੍ਰਣਾਲੀਆਂ ਸਨ। ਰਾਜਤੰਤਰ ਅਤੇ ਗਣਤੰਤਰ। ਅੰਗ, ਮਘਧ, ਵਤਸ਼, ਦਸਾਰਣ, ਅਵੰਤੀ, ਸਿੰਧੂ ਆਦਿ ਅਨੇਕਾਂ ਦੇਸ਼ਾਂ ਵਿਚ ਰਾਜਤੰਤਰ ਪ੍ਰਣਾਲੀ ਲਾਗੂ ਸੀ। ਕਾਂਸ਼ੀ, ਕੌਸ਼ਲ, ਵਿਦੇਹ ਆਦਿ ਅਨੇਕਾਂ ਦੇਸ਼ਾਂ ਵਿਚ ਗਣਤੰਤਰ ਪ੍ਰਣਾਲੀ ਲਾਗੂ ਸੀ। ਉਸ ਸਮੇਂ ਵਿਦੇਹ ਦੀ ਰਾਜਧਾਨੀ ਵੈਸ਼ਾਲੀ ਸੀ। ਇਥੋਂ ਦੇ ਚੁਣੇ ਮੁਖੀਏ ਦਾ ਨਾ ਚੇਟਕ ਸੀ। ਜੋ ਭਗਵਾਨ ਪਾਰਸ਼ਵਨਾਥ ਅਤੇ ਜੈਨ ਧਰਮ ਦਾ ਕੱਟੜ ਉਪਾਸਕ ਸੀ। ਮਹਾਰਾਜਾ ਚੇਟਕ ਦੀ ਸਭ ਤੋਂ ਛੋਟੀ ਭੈਣ ਤ੍ਰਿਸ਼ਲਾ ਸੀ ਜਿਸ ਦਾ ਵਿਆਹ ਕੁੰਡਗ੍ਰਾਮ ਦੇ ਰਾਜੇ ਸਿਧਾਰਥ ਨਾਲ ਹੋਇਆ ਜੋ ਲਿਛਵੀਆਂ ਦੀ ਗਿਆਤ ਨਾਓ ਦੀ ਜਾਤੀ ਦਾ ਮੁਖੀਆ ਸੀ। ਮਹਾਰਾਜਾ ਸਿਧਾਰਥ ਦੇ ਵੱਡੇ ਪੁੱਤਰ ਦਾ ਨਾਂ ਨੰਦੀਵਰਧਨ ਅਤੇ ਬੇਟੀ ਦਾ ਨਾਂ ਸੁਦਰਸ਼ਨਾ ਸੀ। ਖੱਤਰੀ ਕੁੰਡਗ੍ਰਾਮ ਵਿਚ ਇਹ ਰਾਜ ਪਰਿਵਾਰ ਇਕ ਆਦਰਸ਼ ਪਰਿਵਾਰ ਸੀ।

## 5.4 ਜਨਮ ਤੋਂ ਪਹਿਲਾਂ

ਜੈਨ ਧਰਮ ਵਿਚ ਮੰਨਿਆ ਜਾਂਦਾ ਹੈ ਕਿ ਤੀਰਥੰਕਰ ਨੂੰ ਜੰਮਣ ਵਾਲੀ ਔਰਤ ਨੂੰ ਗਰਭ ਅਵਸਥਾ ਵਿਚ 14 ਸੁਪਨੇ ਆਉਂਦੇ ਹਨ। ਦਿਗੰਬਰ ਇਹਨਾਂ ਦੀ ਸੰਖਿਆ 16 ਦੱਸਦੇ ਹਨ। ਇਸੇ ਤਰ੍ਹਾਂ ਭਗਵਾਨ ਮਹਾਂਵੀਰ ਦੇ ਜਨਮ ਤੋਂ ਪਹਿਲਾਂ ਉਹਨਾਂ ਦੀ ਮਾਤਾ ਨੇ 14ਸ਼ੁਭ ਸੁਪਨੇ ਦੇਖੇ, ਜੋ ਕਿ ਕਿਸੇ ਤੀਰਥੰਕਰ ਅਤੇ ਚੱਕਰਵਰਤੀ ਦੀ ਮਾਂ ਹੀ ਵੇਖਦੀ ਹੈ। ਇਹਨਾਂ 14 ਸ਼ੁਭ ਸੁਪਨਿਆਂ ਵਿਚ ਜਿਨਾਂ ਬਾਰੇ ਦੇਖਿਆ ਉਹ ਇਸ ਪ੍ਰਕਾਰ ਹਨ-

1) ਹਾਥੀ 2) ਬਲਦ 3) ਸ਼ੇਰ 4) ਲੱਛਮੀ

5) ਫੁੱਲਾਂ ਦਾ ਹਾਰ 6) ਚੰਦ 7) ਸੂਰਜ 8) ਧਵਜਾ(ਝੰਡਾ)

9) ਕਲਸ਼(ਘੜਾ) 10) ਪਦਮ ਸਰੋਵਰ 11) ਖੀਰ ਸਮੁੰਦਰ 12) ਦੇਵਤੇ ਦਾ ਵਿਮਾਨ
13) ਰਤਨਾਂ ਦਾ ਢੇਰ 14) ਬਿਨ੍ਹਾਂ ਧੂੰਏ ਦੇ ਅੱਗ

ਇਹਨਾਂ 14 ਸੁਪਨਿਆਂ ਨੂੰ ਦੇਖਣ ਦੇ ਫੌਰਨ ਬਾਅਦ, ਮਹਾਰਾਣੀ ਤ੍ਰਿਸ਼ਲਾ ਦੀ ਅੱਖ ਖੁੱਲ ਗਈ। ਉਸਨੇ ਆਪਣੇ ਵੇਖੇ ਸ਼ੁਭ ਸੁਪਨਿਆਂ ਦਾ ਜ਼ਿਕਰ ਮਹਾਰਾਜਾ ਸਿਧਾਰਥ ਕੋਲ ਕੀਤਾ। ਅਗਲੇ ਦਿਨ ਦਰਬਾਰ ਵਿਚ ਮਹਾਰਾਜਾ ਸਿਧਾਰਥ ਨੇ ਸੁਪਨੇ ਦਾ ਅਰਥ ਦੱਸਣ ਵਾਲੇ ਵਿਦਵਾਨਾਂ ਨੂੰ ਸੱਦਿਆ ਅਤੇ ਉਹਨਾਂ ਤੋਂ ਇਹਨਾਂ ਦਾ ਅਰਥ ਪੁੱਛਿਆ। ਉਹਨਾਂ ਨੇ ਦੱਸਿਆ ਕਿ ਬਾਲਕ ਚੱਕਰਵਰਤੀ ਬਣੇਗਾ ਅਤੇ ਇਹ ਸਾਰੇ ਸੰਸਾਰ ਵਿਚ ਆਪਣੇ ਗਿਆਨ ਰਾਹੀਂ ਜਾਣਿਆ ਜਾਵੇਗਾ। ਦਰਬਾਰ ਵਿਚ ਪਰਦੇ ਦੇ ਪਿੱਛੇ ਬੈਠੀ ਹੋਈ ਮਹਾਰਾਣੀ ਤ੍ਰਿਸ਼ਲਾ ਨੇ ਆਪਣੇ ਵੇਖੇ ਸੁਪਨਿਆਂ ਦਾ ਫਲ ਸੁਣਿਆ ਤਾਂ ਉਹ ਬਹੁਤ ਖੁਸ਼ ਹੋਈ।

**5.5 ਭਗਵਾਨ ਮਹਾਂਵੀਰ ਦਾ ਜਨਮ ਅਤੇ ਬਚਪਨ**

ਲਗਭਗ 9 ਮਹੀਨੇ 7 ½ ਦਿਨ ਪੂਰੇ ਹੋਣ ਤੇ ਭਗਵਾਨ ਮਹਾਂਵੀਰ ਦਾ ਜਨਮ 599ਈ. ਪੂ. ਨੂੰ ਹੋਇਆ। ਉਸ ਸਮੇਂ ਚੇਤਰ ਮਹੀਨੇ ਦੀ ਸ਼ੁਕਲਾ 13 ਸੀ। ਗਰਮੀ ਦੀ ਰੁੱਤ ਦਾ ਪਹਿਲਾ ਮਹੀਨਾ ਸੀ। ਉਸ ਸਮੇਂ ਜੋਤਿਸ਼ ਪੱਖੋਂ ਸਾਰੇ ਗ੍ਰਹਿ ਆਪਣੀ ਉੱਚ ਅਵਸਥਾ ਵਿਚ ਸਨ। ਉਤਰ ਫਾਲਗੁਣੀ ਨਾਂ ਦਾ ਨਛੱਤਰ ਸੀ। ਭਗਵਾਨ ਮਹਾਂਵੀਰ ਬਚਪਨ ਤੋਂ ਹੀ ਸੁਭਾਅ ਦੇ ਬਹੁਤ ਗੰਭੀਰ ਅਤੇ ਚਿੰਤਨਸ਼ੀਲ ਸਨ। ਉਹਨਾਂ ਬਚਪਨ ਦਾ ਨਾਂ ਵਰਧਮਾਨ ਰੱਖਿਆ ਗਿਆ। ਉਹ ਆਮ ਬੱਚਿਆਂ ਨਾਲ ਘੱਟ ਖੇਡਦੇ ਸਨ। ਇਸ ਕਰਕੇ ਜੈਨ ਗ੍ਰਥਾਂ ਵਿਚ ਉਹਨਾਂ ਦੇ ਬਚਪਨ ਦਾ ਜ਼ਿਕਰ ਬਹੁਤ ਘੱਟ ਮਿਲਦਾ ਹੈ। ਉਹਨਾਂ ਬਾਰੇ ਕੁਝ ਅੰਸ਼ ਸ਼ਵੇਤਾਂਬਰ ਅਤੇ ਦਿਗੰਬਰ ਗ੍ਰੰਥਾਂ ਵਿਚ ਮਿਲਦੇ ਹਨ, ਜਿਸ ਤੋਂ ਉਹਨਾਂ ਦੀ ਬਹਾਦਰੀ ਅਤੇ ਨਿਡਰਤਾ ਸਿੱਧ ਹੁੰਦੀ ਹੈ। ਬਚਪਨ ਵਿਚ ਹੀ ਪਿਛਲੇ ਜਨਮਾਂ ਦਾ ਗਿਆਨ ਹੋਣ ਕਾਰਨ ਉਹ ਵੱਡੇ-ਵੱਡੇ ਬਜ਼ੁਰਗਾਂ ਨੂੰ ਆਪਣੀ ਬੁੱਧੀ ਨਾਲ ਹੈਰਾਨ ਕਰ ਦਿੰਦੇ ਸਨ।

**5.6 ਵਰਧਮਾਨ ਤੋਂ ਮਹਾਂਵੀਰ ਬਣਨਾ**

ਭਗਵਾਨ ਮਹਾਂਵੀਰ ਦੇ ਬਚਪਨ ਦਾ ਨਾਂ ਵਰਧਮਾਨ ਸੀ। ਉਹਨਾਂ ਦਾ ਇਹ ਨਾਂ ਮਹਾਂਵੀਰ ਬਣਨ ਪਿੱਛੇ ਕਈ ਕਹਾਣੀਆਂ ਦਾ ਜ਼ਿਕਰ ਆਉਂਦਾ ਹੈ। ਇਕ ਵਾਰ ਬਾਲਕ ਵਰਧਮਾਨ ਜੰਗਲ ਵਿਚ ਆਪਣੇ ਸਾਥੀਆਂ ਨਾਲ ਖੇਡ ਰਹੇ ਸਨ, ਕਿ ਅਚਾਨਕ ਹੀ ਉਸ ਥਾਂ ਇਕ ਦੇਵਤਾ ਭਗਵਾਨ ਮਹਾਂਵੀਰ ਦੀ ਬਹਾਦਰ ਦੀ ਪ੍ਰੀ ਖਿਆ ਲੈਣ ਆਇਆ। ਉਸ ਨੇ ਵਿਸ਼ਾਲ ਸੱਪ ਦਾ ਰੂਪ ਧਾਰਨ ਕਰ ਲਿਆ। ਸਾਰੇ ਬੱਚੇ ਸੱਪ ਤੋਂ ਡਰ ਕੇ ਨੱਠ ਗਏ। ਪਰ ਵਰਧਮਾਨ ਨੇ ਬੜੇ ਆਰਾਮ ਨਾਲ ਸੱਪ ਨੂੰ ਫੜ ਕੇ ਜੰਗਲ ਵਿਚ ਛੱਡ ਦਿੱਤਾ। ਹੁਣ ਖੇਲ ਫਿਰ ਸ਼ੁਰੂ ਹੋ ਗਿਆ। ਉਸ ਦੇਵਤੇ ਨੇ ਇਸ ਬਾਰ ਬੱਚੇ ਦਾ ਰੂਪ ਬਣਾਇਆ ਅਤੇ ਉਹਨਾਂ ਵਿਚ ਜਾ ਕੇ ਖੇਡਣ ਲੱਗ ਪਿਆ। ਇਸ ਖੇਡ ਵਿਚ ਹਾਰਨ ਵਾਲਾ, ਜਿੱਤਣ ਵਾਲੇ ਨੂੰ ਆਪਣੀ ਪਿੱਠ ਤੇ ਚੁੱਕਦਾ ਸੀ। ਇਸ ਖੇਡ ਵਿਚ ਦੋ੍ਦੋ ਲੜਕੇ ਸ਼ਾਮਿਲ ਹੁੰਦੇ ਹਨ। ਇਹ ਦੇਵਤਾ ਬੱਚੇ ਦਾ ਰੂਪ ਧਾਰਨ ਕਰਕੇ ਬਾਲਕ ਵਰਧਮਾਨ ਵਾਲੀ ਟੋਲੀ ਵਿਚ ਸ਼ਾਮਿਲ ਹੋ ਕੇ ਖੇਡਣ ਲੱਗਾ। ਉਹ ਦੇਵਤਾ ਸੋਚ ਰਿਹਾ ਸੀ ਕਿ ਸੱਪ ਦਾ ਰੂਪ ਬਣਾਉਣ ਨਾਲ ਤਾਂ ਵਰਧਮਾਨ ਘਬਰਾਇਆ ਨਹੀਂ, ਇਸ ਵਾਰ ਮੈਂ ਜੋ ਦੇਵ ਨਾਟਕ ਕਰਾਂਗਾ ਉਹ ਜ਼ਰੂਰ ਘਬਰਾ ਜਾਵੇਗਾ। ਦੇਵਤਾ ਰੂਪੀ ਬਾਲਕ ਜਾਣ-ਬੁੱਝ ਕੇ ਵਰਧਮਾਨ ਤੋਂ ਹਾਰ ਗਿਆ। ਉਸਨੇ ਵਰਧਮਾਨ ਨੂੰ ਆਪਣੀ ਪਿੱਠ "ਤੇ ਬਿਠਾ ਲਿਆ। ਹੁਣ ਉਸ ਦੇਵਤੇ ਨੇ ਆਪਣਾ ਸਰੀਰ ਆਪਣੀ ਦੇਵ ਸ਼ਕਤੀ ਦੇ ਸਹਾਰੇ ਵਧਾਉਣਾ ਸ਼ੁਰੂ ਕੀਤਾ। ਕੁਝ ਚਿਰ ਪਿੱਛੋਂ ਉਹ ਦੇਵਤਾ ਵਿਸ਼ਾਲ ਡਰਾਉਣੀ ਸ਼ਕਲ ਧਾਰਨ ਕਰਕੇ ਅਕਾਸ਼ ਵੱਲ ਉੱਡਣ ਲੱਗਾ। ਸਾਰੇ ਬੱਚੇ ਉਸ

ਡਰਾਉਣੀ ਸ਼ਕਲ ਨੂੰ ਦੇਖ ਕੇ ਦੌੜ ਗਏ। ਵਰਧਮਾਨ ਨੇ ਆਪਣੇ ਗਿਆਨ ਰਾਹੀਂ ਦੇਵਤੇ ਦੀ ਇਸ ਚਾਲ ਨੂੰ ਸਮਝ ਲਿਆ। ਉਹਨਾਂ ਦੇਵਤੇ ਨੂੰ ਇਕ ਮੁੱਕਾ ਮਾਰਿਆ। ਦੇਵਤਾ ਝੱਟ ਆਪਣੇ ਅਸਲੀ ਰੂਪ ਵਿਚ ਆ ਗਿਆ। ਉਸ ਨੇ ਆਪਣੀ ਗਲਤੀ ਦੀ ਮੁਆਫ਼ੀ ਮੰਗੀ ਤੇ ਵਰਧਮਾਨ ਨੂੰ ਕਿਹਾ, ਹੇ ਵਰਧਮਾਨ! ਤੁਹਾਡੀ ਸਾਡੇ ਰਾਜੇ ਇੰਦਰ ਨੇ ਜਿੰਨ੍ਹੀ ਪ੍ਰਸੰਸਾ ਕੀਤੀ ਸੀ ਤੁਸੀਂ ਉਸ ਤੋਂ ਕਈ ਗੁਣਾਂ ਜ਼ਿਆਦਾ ਬਲਸ਼ਾਲੀ ਹੋ। ਤੁਸੀਂ ਵਰਧਮਾਨ ਨਹੀਂ ਮਹਾਂਵੀਰ (ਮਹਾਨ ਸ਼ਕਤੀਸ਼ਾਲੀ) ਹੋ"।

### 5.7 ਸਨਮਤਿ

ਇਕ ਵਾਰ ਸੰਜੇ ਤੇ ਵਿਜੈ ਨਾਂ ਦੇ ਦੋ ਮੁਨੀ ਇਕੱਠੇ ਯਾਤਰਾ ਕਰ ਰਹੇ ਸਨ ਕਿ ਉਹਨਾਂ ਦੇ ਮਨ ਵਿਚ ਅਚਾਨਕ ਕਿਸੇ ਸਿਧਾਂਤ ਬਾਰੇ ਸ਼ੰਕਾ ਪੈਦਾ ਹੋਈ। ਜਦ ਉਹ ਖੱਤਰੀ ਕੁੰਡਗ੍ਰਾਮ ਦੇ ਨਜ਼ਦੀਕ ਦੀ ਲੰਘ ਰਹੇ ਸਨ ਤਾਂ ਉਹਨਾਂ ਨੂੰ ਪਤਾ ਲੱਗਿਆ ਕਿ ਅੰਤਿਮ ਤੀਰਥੰਕਰ ਵਰਧਮਾਨ ਦਾ ਜਨਮ ਹੋਇਆ ਹੈ, ਕਿ ਉਹਨਾਂ ਦੇ ਦਰਸ਼ਨ ਕਰ ਚੱਲੀਏ। ਇਉਂ ਸੋਚ ਕੇ ਉਹ ਜਿਉਂ ਹੀ ਮਹਿਲਾਂ ਵਿਚ ਪਹੁੰਚੇ। ਰਾਜ ਮਹਿਲ ਵਿਚ ਪਹੁੰਚਦੇ ਸਾਰ ਹੀ ਉਹਨਾਂ ਦੀ ਸਾਰੀ ਸ਼ੰਕਾ ਦੂਰ ਹੋ ਗਈ। ਉਹਨਾਂ ਪੰਘੂੜੇ ਵਿਚ ਝੂਲਦੇ ਬਾਲਕ ਨੂੰ ਨਮਸਕਾਰ ਕੀਤਾ। ਉਹਨਾਂ ਦੋਹਾਂ ਮੁਨੀਆਂ ਨੇ ਇਸ ਬਾਲਕ ਨੂੰ “ਸਨਮਤਿ” ਨਾਂ ਨਾਲ ਪੁਕਾਰਿਆ ਜਿਸਦਾ ਅਰਥ ਹੈ “ਚੰਗੀ ਬੁੱਧੀ ਵਾਲਾ”।

### 5.8 ਹਾਥੀ ਨੂੰ ਵਸ ਵਿਚ ਕਰਨਾ

ਇਸ ਘਟਨਾ ਦਾ ਜ਼ਿਕਰ ਦਿਗੰਬਰ ਜੈਨ ਸਾਹਿਤ ਵਿਚ ਮਿਲਦਾ ਹੈ। ਇਕ ਵਾਰ ਮਹਾਰਾਜਾ ਸਿਧਾਰਥ ਦੇ ਹਾਥੀਖਾਨੇ ਦਾ ਹਾਥੀ ਪਾਗਲ ਹੋ ਕੇ ਵੈਸ਼ਾਲੀ ਸ਼ਹਿਰ ਦੀ ਤਬਾਹੀ ਕਰਨ ਲੱਗਾ। ਮਹਾਵਤ ਦੀ ਲੱਖ ਕੋਸ਼ਿਸ਼ ਕਰਨ ਤੇ ਵੀ ਹਾਥੀ ਕਾਬੂ ਨਹੀਂ ਆ ਰਿਹਾ ਸੀ। ਅਚਾਨਕ ਬਾਲਕ ਵਰਧਮਾਨ ਰਸਤੇ ਕੋਲੋਂ ਲੰਘੇ। ਉਹਨਾਂ ਹਾਥੀ ਨੂੰ ਬੜੇ ਪਿਆਰ ਨਾਲ ਪੁਚਕਾਰਿਆ। ਉਹ ਹਾਥੀ ਜੋ ਸਾਰੀ ਫੌਜ ਤੋਂ ਕਾਬੂ ਨਹੀਂ ਆ ਰਿਹਾ ਸੀ ਉਹ ਬਾਲਕ ਵਰਧਮਾਨ ਦੇ ਪਿਆਰ ਦੇ ਕਾਬੂ ਆ ਗਿਆ। ਉਪਰੋਕਤ ਘਟਨਾਵਾਂ ਤੋਂ ਇਲਾਵਾ ਹੋਰ ਵੀ ਬਹੁਤ ਘਟਨਾਵਾਂ ਦਾ ਜ਼ਿਕਰ ਜੈਨ ਧਰਮ ਗ੍ਰੰਥਾਂ ਵਿਚ ਆਉਂਦਾ ਹੈ। ਇਹਨਾਂ ਘਟਨਾਵਾਂ ਤੋਂ ਵਰਧਮਾਨ ਦੇ ਬਚਪਨ ਦਾ ਨਿਖੜਵਾਂ ਰੂਪ ਸਾਹਮਣੇ ਆਉਂਦਾ ਹੈ। ਉਹ ਬਹਾਦਰ ਅਤੇ ਬੁੱਧੀਮਤਾ ਦੀ ਜੀਵੰਤ ਮਿਸਾਲ ਸਨ। ਉਹ ਸੰਸਾਰ ਵਿਚ ਵਾਪਰਨ ਵਾਲੀ ਘਟਨਾ ਨੂੰ ਬੜੀ ਗੰਭੀਰਤਾ ਨਾਲ ਵਿਚਾਰਦੇ ਸਨ।

### 5.9 ਵਰਧਮਾਨ ਮਹਾਂਵੀਰ ਦੇ ਹੋਰ ਨਾਂ

ਸ਼ਵੇਤਾਂਬਰ ਜੈਨ ਗ੍ਰੰਥਾਂ ਵਿਚ ਉਪਰੋਕਤ ਨਾਵਾਂ ਤੋਂ ਛੁੱਟ ਇਹਨਾਂ ਦੇ ਕਈ ਹੋਰ ਨਾਂਵਾਂ ਦਾ ਜ਼ਿਕਰ ਮਿਲਦਾ ਹੈ।

1) ਕਸ਼ਯਪਸ੍ ਗਿਆਤ ਕੁਲ ਵਿਚ ਭਗਵਾਨ ਮਹਾਂਵੀਰ ਦਾ ਗੋਤ ਕਸ਼ਯਪ ਸੀ ਜਦ ਕਿ ਉਹਨਾਂ ਦੀ ਜਾਤੀ ਲਿਚਵੀ ਸੀ।

2) ਗਿਆਤ ਪੁੱਤਰ ਲਿਛਵੀਆਂ ਦੇ ਕੁਲ ਵਿਚ ਦੋ ਕੁਲ ਬਹੁਤ ਪ੍ਰਮੁੱਖ ਸਨ। ਗਿਆਤ ਅਤੇ ਸ਼ਾਕਯ( ਭਗਵਾਨ ਬੁੱਧ ਦਾ ਜਨਮ ਸ਼ਾਕਯ ਕੁਲ ਵਿਚ ਹੋਇਆ ਸੀ)

3) ਵਿਦੇਹਸ੍ ਭਗਵਾਨ ਮਹਾਂਵੀਰ ਦੇ ਜਨਮ ਦੇਸ਼ ਦਾ ਨਾਂ ਵਿਦੇਹ ਸੀ। ਇਹ ਇਲਾਕਾ ਗਮਗਾ ਅਤੇ ਗੰਡਕੀ ਨਦੀਆਂ ਦੇ ਨਾ ਲੱਗਦਾ ਸੀ। ਭਗਵਾਨ ਮਹਾਂਵੀਰ ਦੀ ਮਾਤਾ ਬੈਦੇਹੀ ਸੀ। ਇਸ ਕਾਰਨ ਬਹੁਤੇ ਲੋਕ ਉਹਨਾਂ ਨੂੰ ਵਿਦੇਹ ਆਖਦੇ ਹਨ।

4) ਵੈਸ਼ਾਲਿਕਸ੍ ਭਗਵਾਨ ਮਹਾਂਵੀਰ ਦਾ ਜਨਮ ਵੈਸ਼ਾਲੀ ਗਣਤੰਤਰ ਦੇ ਇਕ ਹਿੱਸੇ ਖਤਰੀ ਕੁੰਡਗ੍ਰਾਮ ਵਿਚ ਹੋਇਆ ਸੀ। ਇਸ ਪੱਖੋਂ ਉਹ ਵੈਸ਼ਾਲਿਕ ਆਖੇ ਜਾਂਦੇ ਸਨ।

**5.10 ਵਿਦਿਆਰਥੀ ਦੇ ਰੂਪ ਵਿਚ**

ਜਦ ਮਹਾਂਵੀਰ 7-8 ਸਾਲ ਦੇ ਹੋਏ ਤਾਂ ਉਹਨਾਂ ਦੇ ਮਾਤਾ੍ਪਿਤਾ ਨੇ ਬਾਲਕ ਨੂੰ ਉਚੀ ਸਿਖਿਆ ਲਈ ਪਾਠਸ਼ਾਲਾ ਵਿਚ ਦਾਖਿਲ ਕੀਤਾ ਗਿਆ। ਰਾਜਕੁਮਾਰ ਹੁਣ ਵਿਦਿਆਰਥੀ ਦੇ ਰੂਪ ਵਿਚ ਬੈਠੇ ਸਨ। ਉਸ ਸਮੇਂ ਇੰਦਰ ਦਾ ਸਿੰਘਾਸਣ ਡੋਲ ਗਿਆ। ਉਸਨੇ ਅਵਧੀ ਗਿਆਨ ਰਾਹੀਂ ਦੇਖਿਆ ਤਾਂ ਉਸਨੂੰ ਪਤਾ ਲੱਗਿਆ ਕਿ ਸੰਸਾਰ ਦੇ ਮਨੁੱਖ ਇਹ ਨਹੀਂ ਜਾਣਦੇ ਕਿ ਵਰਧਮਾਨ ਭਵਿੱਖ ਦਾ ਤੀਰਥੰਕਰ ਹੈ। ਉਸਨੂੰ ਇਸ ਤਰ੍ਹਾਂ ਦਾ ਗਿਆਨ ਦੇ ਕੇ ਉਹ ਤੀਰਥੰਕਰਾਂ ਦੀ ਮਹਾਨਤਾ ਘਟਾ ਰਹੇ ਹਨ"। ਇੰਦਰ ਨੇ ਉਸ ਸਮੇਂ ਬੁੱਢੇ ਬ੍ਰਾਹਮਣ ਦ ਰੂਪ ਧਾਰਣ ਕੀਤਾ। ਉਹ ਬਾਲਕ ਵਰਧਮਾਨ ਕੋਲ ਆ ਕੇ ਵਿਆਕਰਣ ਦੇ ਪ੍ਰਸ਼ਨ ਕਰਨ ਲੱਗਾ। ਇਹ ਪ੍ਰਸ਼ਨ ਅਜਿਹੇ ਸਨ ਜਿਨ੍ਹਾਂ ਦਾ ਉਤਰ ਵਰਧਮਾਨ ਦੀ ਪਾਠਸ਼ਾਲਾ ਦਾ ਕੋਈ ਵੀ ਅਧਿਆਪਕ ਨਹੀਂ ਜਾਣਦਾ ਸੀ। ਬਾਲਕ ਵਰਧਮਾਨ ਨੇ ਸਾਰੇ ਪ੍ਰਸ਼ਨਾਂ ਦੇ ਯੋਗ ਉੱਤਰ ਦਿੱਤੇ। ਇੰਦਰ ਦੇ ਇਸ ਪ੍ਰਸ਼ਨ ਉੱਤਰ ਤੋਂ ਹੀ ਜਿਨੇਂਦਰ ਵਿਆਕਰਣ" ਦੀ ਰਚਨਾ ਹੋਈ। ਇਹ ਬਾਲਕ ਵਰਧਮਾਨ ਦਾ ਪਹਿਲਾ ਦਿਨ ਸੀ। ਜਦ ਮੁੱਖ ਅਧਿਆਪਕ ਨੇ ਪਾਠਸ਼ਾਲਾ ਵਿਚ ਸਭ ਕੁਝ ਸੁਣਿਆ। ਉਸਨੂੰ ਬਾਲਕ ਵਰਧਮਾਨ ਦੀ ਅਨੋਖੀ ਬੁੱਧੀ ਤੇ ਹੈਰਾਨੀ ਹੋਈ। ਉਹ ਸੋਚਣ ਲੱਗਾ, ਁਇਹ ਕੋਈ ਸਾਧਾਰਣ ਬਾਲਕ ਨਹੀਂ। ਇਸ ਨੂੰ ਪੜ੍ਹਾਉਣਾ ਮੇਰੇ ਵਸ ਦਾ ਕੰਮ ਨਹੀਂ, ਮੈਂ ਮਹਾਰਾਜਾ ਸਿਧਾਰਥ ਨੂੰ ਇਸ ਬਾਲਕ ਦੀ ਬੁੱਧੀ ਬਾਰੇ ਅੱਜ ਹੀ ਦੱਸ ਕੇ ਆਵਾਂਗਾ"। ਮੁੱਖ ਅਧਿਅਪਕ ਨੇ ਉਸੇ ਦਿਨ ਰਾਜ ਸਭਾ ਵਿਚ ਜਾ ਕੇ ਬਾਲਕ ਵਰਧਮਾਨ ਦੀ ਅਲੌਕਿਕ ਬੁੱਧੀ ਦੀ ਚਰਚਾ ਕੀਤੀ ਅਤੇ ਹੱਥ ਜੋੜ ਕੇ ਕਿਹਾ ਇਸ ਪੜ੍ਹੇ ਹੋਏ ਬਾਲਕ ਨੂੰ ਨਵੇਂ ਸਿਰੇ ਤੋਂ ਪੜ੍ਹਾਉਣ ਦੀ ਕੋਈ ਜ਼ਰੂਰਤ ਨਹੀਂ। ਇਸ ਪ੍ਰਕਾਰ ਬਾਲਕ ਵਰਧਮਾਨ ਇਕ ਹੀ ਦਿਨ ਪਾਠਸ਼ਾਲਾ ਗਏ।

**5.11 ਵਿਆਹ ਅਤੇ ਸੰਤਾਨ**

ਵਰਧਮਾਨ ਹੁਣ ਬਚਪਨ ਗੁਜ਼ਾਰ ਕੇ ਜੁਆਨੀ ਵੱਲ ਪੈਰ ਧਰਨ ਲੱਗੇ। ਪਰ ਉਹ ਹਰ ਸਮਾਂ ਸੰਸਾਰ ਵਿਚ ਧਰਮ ਦੇ ਨਾਂ ਤੇ ਫੈਲ ਰਹੀ ਹਿੰਸਾ, ਪਾਪ, ਅਨਿਆਂ, ਛੂਆ-ਛੂਤ, ਦਾਸ ਪ੍ਰਥਾ ਅਤੇ ਜਾਤ-ਪਾਤ ਵਰਗੇ ਭੈੜੇ ਰਸਮਾਂ ਰਿਵਾਜਾਂ ਬਾਰੇ ਸੋਚਦੇ ਰਹਿੰਦੇ। ਵਰਧਮਾਨ ਮਹਾਂਵੀਰ ਸੰਸਾਰਿਕ ਕਾਮ-ਭੋਗਾਂ ਤੋਂ ਪਰ੍ਹੇ ਸਨ। ਉਹ ਇਨ੍ਹਾਂ ਵਿਚ ਫਸਣਾ ਵੀ ਨਹੀਂ ਸਨ ਚਾਹੁੰਦੇ। ਪਰ ਮਾਤਾ-ਪਿਤਾ ਦੇ ਪਿਆਰ ਅਗੇ ਉਨਾਂ ਨੂੰ ਸਤਿਕਾਰ ਵਜੋਂ ਝੁਕਣਾ ਪਿਆ। ਉਹਨਾਂ ਦਾ ਵਿਆਹ ਕਲਿੰਗ ਨਰੇਸ਼ ਸਮਰਸੇਨ ਦੀ ਪੁੱਤਰੀ ਯਸ਼ੋਧਾ ਨਾਲ ਹੋਇਆ। ਜਿਸ ਤੋਂ ਉਹਨਾਂ ਦੇ ਇਕ ਪੁੱਤਰੀ ਪ੍ਰਿਯਦਰਸ਼ਨਾ ਪੈਦਾ ਹੋਈ। ਜਿਸਦਾ ਵਿਆਹ ਉਹਨਾਂ ਨੇ ਆਪਣੇ ਭਾਣਜੇ ਜਮਾਲੀ ਨਾਲ ਕਰ ਦਿੱਤਾ।

**5.12 ਵੈਰਾਗ**

ਜਦੋਂ ਰਾਜਕੁਮਾਰ ਵਰਧਮਾਨ 28 ਸਾਲਾਂ ਦੇ ਹੋਏ। ਉਸ ਸਮੇਂ ਦੌਰਾਨ ਉਹਨਾਂ ਦੇ ਮਾਤਾ-ਪਿਤਾ ਦਾ ਦਿਹਾਂਤ ਹੋ ਗਿਆ। ਉਹਨਾਂ ਨੇ ਸੰਸਾਰ ਦੇ ਸੁੱਖਾਂ ਨੂੰ ਛੱਡਣ ਦਾ ਫੈਸਲਾ ਲੈ ਲਿਆ। ਉਹ ਸਾਧੂ ਬਣਨ ਲਈ ਤਿਆਰ ਹੋ ਗਏ। ਉਹਨਾ ਆਪਣੇ ਵੱਡੇ ਭਰਾ ਤੋਂ ਸਾਧੂ ਬਣਨ ਦੀ ਆਗਿਆ ਮੰਗੀ। ਕਿਉਂ ਕਿ ਰਾਜਾ ਨੰਦੀ ਵਰਧਨ ਪਹਿਲਾਂ ਹੀ ਮਾਤਾ੍ਪਿਤਾ ਦੇ ਵਿਛੋੜੇ ਤੋਂ ਦੁਖੀ ਸੀ, ਇਸ ਲਈ ਉਨ੍ਹਾਂ ਕਿਹਾ ਅਜੇ ਤਾਂ ਮਾਤਾ-ਪਿਤਾ ਦੇ ਵਿਛੋੜੇ ਦਾ ਦੁੱਖ ਮੇਰਾ ਤਾਜ਼ਾ ਹੈ ਅਤੇ ਉਪਰੋਂ ਤੂੰ ਘਰ ਬਾਰ ਛੱਡ ਕੇ ਸਾਧੂ ਬਣਨਾ ਚਾਹੁੰਦਾ ਹੈ। ਇਹ ਕਿਸ ਤਰ੍ਹਾਂ ਹੋ ਦਾ ਸਕਦਾ ਹੈ" ਮੈਂ ਮਾਂ-ਪਿਓ ਅਤੇ ਭਰਾ ਦਾ ਵਿਛੋੜਾ ਕਿਵੇਂ ਸਹਾਂਗਾ। ਵਰਧਮਾਨ ਨੇ ਉੱਤਰ ਵਿਚ ਹੱਥ ਕੇ ਜੋੜ ਆਪਣੇ ਭਰਾ ਨੂੰ ਕਿਹਾ ਇਸ ਦੁੱਖ ਦਾ ਕਾਰਨ

ਸੰਸਾਰ ਪ੍ਰਿ ਤੁਹਾਡਾ ਰਾਗ ਅਤੇ ਦਵੇਸ਼ ਹੈ। ਅਸਲ ਵਿਚ ਸੁਖ, ਦੁਖ, ਜਨਮ੍ਮਰਨ ਸਭ ਕਰਮ ਫਲ ਹਨ। ਮੈਂ ਸਾਧੂ ਤਾਂ ਜ਼ਰੁਰ ਬਣਾਂਗਾ, ਪਰ ਜਦ ਤੁਸੀਂ ਆਗਿਆ ਦੇਵੋਗੇ"। ਨੰਦੀਵਰਧਨ ਨੇ ਦੁਖੀ ਹਿਰਦੇ ਨਾਲ ਕਿਹਾ, ̈ਜੇ ਤੂੰ ਨਹੀਂ ਮੰਨਦਾ ਤਾਂ ਘੱਟੋ-ਘੱਟ ਮੇਰੇ ਹੁਕਮ ਅਨੁਸਾਰ 2 ਸਾਲ ਘਰ ਵਿਚ ਰਹਿ। ਇਸ ਤੋਂ ਬਾਅਦ ਮੈਂ ਤੇਰੇ ਸਾਧੂ ਜੀਵਨ ਦੇ ਮਾਰਗ ਵਿਚ ਕੋਈ ਰੁਕਾਵਟ ਨਹੀਂ ਬਣਾਂਗਾ"। ਇਸ ਤਰ੍ਹਾਂ ਦੋ ਸਾਲ ਭਗਵਾਨ ਮਹਾਂਵੀਰ ਲੋੜਵੰਦਾਂ ਨੂੰ ਸੋਨੇ ਦੀਆਂ ਮੋਹਰਾਂ ਦਾਨ ਦੇ ਕੇ ਮਦਦ ਕਰਦੇ। ਇਸ ਸਮੇਂ ਉਹਨਾਂ ਹਰ ਪ੍ਰਕਾਰ ਦਾ ਸ਼ਾਹੀ ਠਾਠ ਬਾਠ ਛੱਡ ਦਿੱਤਾ। ਇਹ ਸਮਾਂ ਉਹਨਾਂ ਆਤਮ ਸਾਧਨਾ, ਆਤਮ ਚਿੰਤਨ ਅਤੇ ਤਪੱਸਿਆ ਵਿਚ ਗੁਜ਼ਾਰਿਆ। 30ਵੇਂ ਸਾਲ ਵਿਚ ਉਹਨਾਂ ਨੇ ਮੱਘਰ ਦੇ ਚਾਨਣ ਪੱਖ ਦੀ ਦਸਵੀਂ ਨੂੰ ਦਿਨ ਦੇ ਚੌਥੇ ਪਹਿਰ ਸਮੇਂ ਸਾਧੂ ਜੀਵਨ ਦਾ ਰਾਹ ਗ੍ਰਹਿਣ ਕਰ ਲਿਆ। ਇਸ ਸਮੇਂ ਪੂਰਾ ਮਹਾਉਤਸਵ ਮਨਾਇਆ ਗਿਆ। ਸ਼ਹਿਰ ਤੋਂ ਬਾਹਰ ਗਿਆਤ ਖੰਡ ਨਾਂ ਦੇ ਬਾਗ ਵਿਚ ਅਸ਼ੋਕਾ ਦੇ ਦਰੱਖਤ ਹੇਠ ਭਗਵਾਨ ਮਹਾਂਵੀਰ ਦਾ ਜਲੂਸ ਰੁਕਿਆ। ਪਾਲਕੀ ਉਤਾਰੀ ਗਈ, ਮਹਾਵੀਰ ਉਤਰੇ। ਉਹਨਾਂ ਸਾਰੇ ਕੱਪੜੇ-ਗਹਿਣੇ ਉਤਾਰ ਦਿੱਤੇ। ਫਿਰ ਆਪਣੀ ਹੱਥੀਂ ਪੰਜ ਮੁਸ਼ਟੀ(ਪੰਜ ਵਾਰ ਵਿਚ ਸਾਰੇ ਵਾਲ ਪੁੱਟਣਾ) ਕੀਤਾ। ਇੰਦਰ ਨੇ ਉਸੇ ਸਮੇਂ ਆਪਣੀ ਦੇਵ ਪਰੰਪਰਾ ਅਨੁਸਾਰ ਦੇਵਦੂਸ਼ ਨਾਂ ਦਾ ਦੁੱਪਟਾ ਉਹਨਾਂ ਦੇ ਮੋਢੇ ਤੇ ਰੱਖ ਦਿੱਤਾ। ਜਦ ਮਹਾਂਵੀਰ ਇਕੱਲੇ ਹੋ ਗਏ ਤਾਂ ਉਹਨਾਂ ਸਭ ਤੋਂ ਪਹਿਲਾਂ ਸਿੱਧਾਂ ਨੂੰ ਨਮਸਕਾਰ ਕੀਤਾ ਅਤੇ ਪ੍ਰੀ ਗਿਆ ਕੀਤੀ ਕਿ ̈ਮੈਂ ਅੱਜ ਤੋਂ ਸਾਰੇ ਪਾਪਕਾਰੀ ਕੰਮ ਨੂੰ ਛੱਡਦਾ ਹਾਂ, ਜ਼ਿੰਦਗੀ ਭਰ ਮਨ, ਵਚਨ ਅਤੇ ਸਰੀਰ  ਰਾਹੀਂ ਪਾਪ ਕਰਮ ਨਾ ਕਰਾਂਗਾ, ਨ ਕਰਾਵਾਵਾਂਗਾ"। ਇਸ ਦੀ ਖਿਆ ਵਾਲੇ ਦਿਨ ਉਤਰਫਾਲਗੁਣੀ ਨਛੱਤਰ ਸੀ। ਚੰਦਰਮਾ ਦਾ ਯੋਗ ਸੀ। ਵਿਜ਼ੈ ਨਾਂ ਦਾ ਮਹੂਰਤ ਸੀ। ਸੁਵਰਤ ਨਾਂ ਦਾ ਦਿਨ ਸੀ। ਇਸ ਤਪੱਸਿਆ ਲਈ ਉਹਨਾਂ ਸਾਢੇ ਬਾਰਾਂ  ਸਾਲ ਦਾ ਸਮਾਂ ਲਗਾਇਆ। ਇੰਨੇ ਸਾਲ ਦੀ ਤਪੱਸਿਆ ਦਾ ਅਨੋਖਾ ਦਿਲ ਹਿਲਾਉਣ ਵਾਲਾ ਵਰਨਣ ਅਚਾਰਾਂਗ  ਸੁਤਰ ਵਿਚ ਮਿਲਦਾ ਹੈ। ਇਸ ਤਰ੍ਹਾਂ ਅਨੇਕਾਂ ਕਸ਼ਟ ਮੁਸੀਬਤਾਂ ਸਹਾਰਦੇ ਹੋਏ, ਧਿਆਨ ਨਾਲ ਆਤਮਾ ਨੂੰ ਨਿਰਮਲ ਕਰਦੇ ਹੋਏ ਸਾਢੇ ਬਾਰਾਂ ਸਾਲ ਬੀਤ ਗਏ। ਇਸ ਸਮੇਂ ਉਹਨਾਂ ਨੇ ਕਰੋਧ, ਮਾਨ, ਮਾਇਆ ਅਤੇ ਲੋਭ ਤੇ ਕਾਬੂ ਪਾ ਲਿਆ। ਇਸ ਤਪੱਸਿਆ ਦੌਰਾਨ ਉਹਨਾਂ ਨੇ 349 ਦਿਨ ਭੋਜਨ ਕੀਤਾ ਉਹ ਵੀ ਦਿਨ ਵਿਚ ਇਕ ਵਾਰ। ਇਸ ਪ੍ਰਕਾਰ ਮਧਿਅਮ ਦੇ ਬਾਗ਼ ਤੋਂ ਬਾਹਰ ਘੁੰਮਦੇ ਹੋਏ ਆਪ ਜੰਭੀਆ ਗ੍ਰਾਮ ਵਿਖੇ ਪਹੁੰਚੇ। ਉਥੇ ਰਿਜੂਵਾਲਿਕਾ ਨਦੀ ਦੇ ਕਿਨਾਰੇ ਸਾਲ ਦੇ ਦਰੱਖਤ ਹੇਠਾਂ, ਗੋਦੂਹੀਕਾ ਆਸਨ ਨਾਲ ਧਿਆਨ ਲਗਾਇਆ। ਆਤਮਾ ਪਵਿੱਤਰ ਤੋਂ ਪਵਿੱਤਰ ਹੁੰਦੀ ਸ਼ੁਕਲ ਧਿਆਨ ਵਲ ਵਧਣ ਲੱਗੀ। ਭਗਵਾਨ ਮਹਾਂਵੀਰ ਨੇ ਜਨਮ੍ਮਰਨ ਦੇ ਚੱਕਰ ਵਿਚ ਪਾਉਣ ਵਾਲੇ ਪਹਿਲੇ ਚਾਰ ਕਰਮਾ ਦਾ ਖਾਤਮਾ ਕਰ ਦਿੱਤਾ। ਉਹਨਾਂ ਨੂੰ ̈ਕੇਵਲ ਗਿਆਨ" ਪ੍ਰਾਪਤ ਹੋ ਗਿਆ। ਉਹ ਸਰਵੱਗ, ਸਰਵਦਰਸ਼ੀ, ਅਰਹਿੰਤ, ਕੇਵਲੀ ਅਤੇ ਭਗਵਾਨ ਬਣ ਗਏ। ਇਹ ਸ਼ੁਭ ਦਿਨ ਵੈਸਾਖ ਸ਼ੁਕਲਾ 10 ਦਾ ਚੌਥਾ ਪਹਿਰ, ਉਤਰ ਫਾਲਗੁਣੀ ਨਛੱਤਰ ਸੀ।

**5.13 ਪ੍ਰਾਰ**

ਇਸ ਉਪਰੰਤ ਉਹਨਾਂ ਆਪਣੇ ਜੀਵਨ ਦੇ 30 ਸਾਲ ਲੋਕਾਂ ਨੂੰ ਗਿਆਨ ਦੇ ਰਾਹ ਪਾਉਣ ਦਾ ਯਤਨ ਆਰੰਭਿਆ। ਇਸ ਸਮੇਂ ਦੌਰਾਨ ਉਹਨਾਂ ਦੇ ਗਿਆਰਾਂ ਗਣਧਰ ਬਣੇ। ਇੰਦਰਭੂਤੀ ਗੌਤਮੀ ਆਪਣੇ 500 ਚੇਲਿਆਂ ਨਾਲ ਉਹਨਾਂ ਦਾ ਪਹਿਲਾ ਸ਼ਿਸ਼ ਬਣਿਆ। ਇਸ ਤੋਂ ਇਲਾਵਾ ਅਗਨੀ ਭੂਤੀ ਜੋ ਇਕ ਬ੍ਰਾਹਮਣ ਸੀ, ਵਾਯੂਭੂਤੀ ਜੋ ਸਭ ਤੋਂ ਲੰਬੀ ਉਮਰ ਦਾ ਬ੍ਰਾਹਮਣ ਸੀ, ਮੰਡੀਕ ਸਵਾਮੀ, ਮੌਰੀਆਂ ਪੁੱਤਰ, ਵੇਦਾਂ ਦੇ ਪ੍ਰਰੱਸਿੱਧ ਬ੍ਰਾਹਮਣ ਵਿਦਵਾਨ ਅੰਕਪਿਤਸਵਾਮੀ, ਬ੍ਰਾਹਮਣ, ਅਚਲ ਭਗਤਾ, ਬ੍ਰਾਹਮਣ ਮੇਤਾਰਿਆ, ਬ੍ਰਾਹਮਣ ਪ੍ਰਭਾਸ, ਇਹ ਸਾਰੇ ਗਣਧਰ ਆਪਣੇ ਚੇਲਿਆਂ ਨਾਲ

ਭਗਵਾਨ ਮਹਾਂਵੀਰ ਦੇ ਚੇਲੇ ਬਣੇ। ਇਹ ਬੜੀ ਅਚੰਭੇ ਵਾਲੀ ਗੱਲ ਹੈ ਕਿ ਭਗਵਾਨ ਮਹਾਂਵੀਰ ਦੇ ਪਹਿਲੇ ਉਪਦੇਸ਼ ਤੋਂ ਬਾਅਦ ਉਹਨਾਂ ਦਾ ਕੋਈ ਚੇਲਾ ਨਹੀਂ ਬਣਿਆ ਸੀ। ਪਰੰਤੂ ਮੰਨਿਆ ਜਾਂਦਾ ਹੈ ਕਿ ਸਭ ਤੋਂ ਪਹਿਲਾਂ ਇੰਦਰਭੂਤੀ ਗੌਤਮੀ ਆਪਣੇ ਚੇਲਿਆ ਨਾਲ ਜਾ ਕੇ ਸੰਵਾਦ ਰਚਾਇਆ ਅਤੇ ਉਹਨਾਂ ਦੇ ਸਿਸ਼ ਬਣ ਗਏ। ਉਸ ਸਮੇਂ ਉਹਨਾਂ ਦੀ ਕੁਲ ਗਿਣਤੀ 4400 ਸੀ। ਉਹਨਾਂ ਦੇ ਜੀਵਨ ਕਾਲ ਵਿਚ ਹੀ ਜੈਨ ਧਰਮ ਵਿਚ ਦੀ ਖਿਆ ਲੈਣ ਵਾਲਿਆਂ ਦੀ ਗਿਣਤੀ 14000 ਅਤੇ ਸਾਧਵੀਆਂ ਦੀ ਗਿਣਤੀ 36000 ਹੋ ਗਈ ਸੀ। ਅਜਿਹੇ ਵੀ ਪ੍ਰਮਾਣ ਮਿਲਦੇ ਹਨ ਕਿ ਮਹਾਂਵੀਰ ਜੀ ਦੀ ਪੁੱਤਰੀ ਪ੍ਰਿਯਦਰਸ਼ਨਾ ਵੀ ਜੈਨ ਸਾਧਵੀ ਬਣ ਗਈ ਸੀ। ਮਹਾਂਵੀਰ ਜੀ ਨੇ 30 ਵਰ੍ਹਿਆਂ ਵਿਚ ਕਾਸ਼ੀ, ਕੌਸ਼ਲ, ਕਲਿੰਗ(ਉੜੀਸਾ), ਵਾਹਲੀਕ(ਬਲਖ੍ਬੁਖਾਰਾ), ਗਾਂਧਾਰ(ਕੰਧਾਰ), ਸਿੰਧੁ(ਅਜੋਕੇ ਪਾਕਿਸਤਾਨ ਦਾ ਸਿੰਧ ਪ੍ਰਾਂਤ), ਸੌਵੀਰ (ਸਿੰਧ ਦੇ ਨਾਲ ਲੱਗਦਾ ਇਲਾਕਾ) ਆਦਿ ਥਾਵਾਂ ਤੇ ਨੰਗੇ ਸਰੀਰ ਪੈਦਲ ਘੁੰਮ ਫਿਰ ਕੇ ਜੈਨ ਮਤ ਦਾ ਪ੍ਰਾਰ ਕੀਤਾ। ਹੁਣ ਭਗਵਾਨ ਮਹਾਂਵੀਰ 71 ਸਾਲ ਦੇ ਹੋ ਚੁੱਕੇ ਸਨ। ਉਹ ਪਹਿਲਾ ਦੀ ਤਰ੍ਹਾਂ ਹੀ ਲੋਕਾਂ ਨੂੰ ਉਪਦੇਸ਼ ਦੇ ਰਹੇ ਸਨ। ਜਿਸ ਸਮੇਂ ਭਗਵਾਨ ਮਹਾਂਵੀਰ ਦਾ ਨਿਰਵਾਣ ਹੋਣ ਲੱਗਾ ਤਾਂ ਦੇਵਤਿਆਂ ਦੇ ਰਾਜੇ ਸੁਕੇਦਰ ਨੇ ਭਗਵਾਨ ਮਹਾਂਵੀਰ ਪਾਸ ਪ੍ਰਾਰਥਨਾ ਕੀਤੀ,ਹੇ ਪ੍ਰਭੂ ਤੁਸੀਂ ਜਾਣਦੇ ਹੋ ਕਿ ਤੁਹਾਡਾ ਗਰਭ ਵਿਚ ਆਉਣਾ, ਜਨਮ, ਦੀ ਖਿਆ ਅਤੇ ਕੇਵਲ ਗਿਆਨ ਹੰਤੋਤਰਾ ਨਛੱਤਰ ਵਿਚ ਹੋਏ ਸਨ। ਇਸ ਸਮੇਂ ਆਪ ਦੀ ਕੁੰਡਲੀ ਵਿਚ ਭਸਮਕ ਨਾਂ ਦਾ ਭੈੜਾ ਗ੍ਰਹਿ ਬੈਠਾ ਹੈ, ਜਿਸ ਦੇ ਸਿੱਟੇ ਵਜੋਂ 2000 ਸਾਲ ਤੱਕ ਤੁਹਾਡੇ ਧਰਮ ਸੰਘ ਦੀ ਹਾਨੀ ਹੋਵੇਗੀ। ਜੇ ਤੁਸੀਂ ਕੁਝ ਪਲ ਲਈ ਆਪਣੇ ਸਵਾਸ ਵਧਾ ਲਵੋ ਤਾਂ ਸੰਕਟ ਟਲ ਜਾਵੇਗਾ"। ਭਗਵਾਨ ਮਹਾਂਵੀਰ ਨੇ ਇਸ ਦੇ ਉੱਤਰ ਵਿਚ ਕਿਹਾ ੱ ਭਾਵੇਂ ਕੇਵਲ ਗਿਆਨੀ ਅੱਠ ਕਰਮਾਂ ਦਾ ਨਾਸ਼ ਕਰ ਸਕਦਾ ਹੈ, ਪਰ ਉਹ ਆਪਣੀ ਮਰਜ਼ੀ ਨਾਲ ਇਕ ਸਾਹ ਵਧਾ ਜਾਂ ਘਟਾ ਨਹੀਂ ਸਕਦਾ। ਕਿਉਂ ਕਿ ਸਾਹ ਵੀ ਉਨ੍ਹੇ ਹੀ ਆਉਂਦੇ ਹਨ ਜਿਨ੍ਹੇ ਕਰਮਾਂ ਅਨੁਸਾਰ ਆਉਣੇ ਹਨ। ਇਸ ਤਰ੍ਹਾਂ ਜੋ ਜੋ ਕਸ਼ਟ ਇਸ ਗ੍ਰਹਿ ਦੇ ਸਿੱਟੇ ਵਜੋਂ ਆਉਣਾ ਹੈ ਆਵੇਗਾ ਹੀ"।

72 ਸਾਲ ਦੀ ਉਮਰ ਵਿਚ 527 ਈ.ਪੂ ਨੂੰ ਦੀਵਾਲੀ ਵਾਲੇ ਦਿਨ ਰਾਜਗ੍ਰਹਿ ਕੋਲ ਪਾਵਾਪੁਰੀ ਮਹਾਂਪਰਿ ਨਿਰਵਾਣ ਪ੍ਰਾਪਤ ਕੀਤਾ। ਜਿੱਥੇ ਆਪ ਜੀ ਦੀ ਯਾਦ ਵਿਚ ਆਪ ਦੇ ਵੱਡੇ ਭਰਾ ਨੰਦੀਵਰਧਨ ਨੇ ਜਲ ਮੰਦਿਰ ਬਣਵਾਇਆ।

**5.14 ਭਗਵਾਨ ਮਹਾਂਵੀਰ ਦੀਆਂ ਸਿਖਿਆਵਾਂ**

ਇਸ ਅਧਿਆਇ ਵਿਚ ਅਸੀਂ ਕੇਵਲ ਗਿਆਨ ਪ੍ਰਾਪਤ ਕਰਨ ਤੋਂ ਬਾਅਦ ਭਗਵਾਨ ਮਹਾਂਵੀਰ ਦੁਆਰਾ ਦੱਸੇ ਗਏ ਸਿਧਾਂਤਾਂ ਅਤੇ ਸਹੀ, ਗਲਤ ਕਰਮਾਂ ਦਾ ਨਿਖੇੜਾ ਕਰਦਿਆਂ ਮਰਿਯਾਦਾਵਾਂ, ਸਿਖਿਆਵਾਂ ਨਿਰਧਾਰਿਤ ਕੀਤੀਆਂ ਹਨ। ਇਹਨਾਂ ਦਾ ਸੰਕਲਨ ਵੱਲਭੀ ਵਾਚਨਾ ਵੇਲੇ ਕੀਤਾ ਗਿਆ ਹੈ। ਇਹਨਾਂ ਵਿਚ ਸਮੇਂ ਅਨੁਸਾਰ ਪਰਿਵਰਤਨ ਦੀਆਂ ਸੰਭਾਵਨਾਵਾਂ ਬਣਦੀਆਂ ਰਹੀਆਂ ਹਨ। ਇਹਨਾਂ ਦਾ ਵਿਸਥਾਰਪੂਰਵਕ ਵਰਨਣ ਇਸ ਪ੍ਰਕਾਰ ਹੈ।

**5.14.1 ਈਸ਼ਵਰ ਬਾਰੇ ਅਵਿਸ਼ਵਾਸ-**

ਜੈਨ ਧਰਮ ਈਸ਼ਵਰ ਦੀ ਹੋਂਦ ਤੋਂ ਬਿਲਕੁਲ ਇਨਕਾਰੀ ਹੈ। ਉਨ੍ਹਾਂ ਦੀ ਸਿੱਖਿਆ ਅਨੁਸਾਰ ਆਤਮਾ ਜਾਂ ਜੀਵ, ਪਵਿੱਤਰ ਜੀਵਨ ਅਪਨਾ ਕੇ ਲਗਾਤਾਰ ਜਨਮ ਧਾਰ ਕੇ ਆਪਣੇ ਕੁਕਰਮਾਂ ਤੋਂ ਛੁਟਕਾਰਾ ਪ੍ਰਾਪਤ ਕਰ ਸਕਦਾ ਹੈ। ਮਨੁੱਖ ਅੰਦਰ ਵਸਦਾ ਜੀਵ ਹੀ ਬ੍ਰਹਮ ਅਰਥਾਤ ਮਹਾਨ ਉੱਚ ਸ਼ਕਤੀ ਹੈ। ਇਸ ਤੋਂ ਬਿਨਾਂ ਮਨੁੱਖ ਦੀ ਕੋਈ ਹੋਂਦ ਨਹੀਂ

ਹੈ। ਡਾ. ਸ਼ਾਂਤੀ ਨਾਥ ਗੁਪਤਾ ਨੇ ਇਸ ਸੰਬੰਧੀ ਵਿਸਥਾਰ ਸਹਿਤ ਚਰਚਾ ਕੀਤੀ ਹੋਈ ਹੈ। ਉਹ ਲਿਖਦੇ ਹਨ ਕਿ ਜੈਨ ਮੱਤ ਵਾਲੇ ਦੇਵਤੇ ਜਾਂ ਈਸ਼ਵਰੀ ਸੱਤਾ ਨੂੰ ਪਰਵਾਨ ਨਹੀਂ ਕਰਦੇ। ਵਿਦਵਾਨਾਂ ਅਤੇ ਧਰਮ ਆਚਾਰੀਆਂ ਵਲੋਂ ਈਸ਼ਵਰੀ ਸੱਤਾ ਦੀ ਹੋਂਦ ਨੂੰ ਸਿੱਧ ਕਰਨ ਲਈ ਦੋ ਪ੍ਰਕਾਰ ਦੇ ਆਧਾਰ ਪਰਵਾਨੇ ਗਏ ਹਨ। ਪਹਿਲਾਂ ਕਾਰਨਤਾ ਅਤੇ ਦੂਸਰਾ ਅਨੁਭਵ। ਕਾਰਨਤਾਵਾਦ ਦੇ ਆਧਾਰ ਤੇ ਨਿਆਇ - ਦਰਸ਼ਨ ਪਰਮਾਤਮਾ ਦੀ ਹੋਂਦ ਨੂੰ ਸਿੱਧ ਕਰਨ ਦਾ ਯਤਨ ਕਰਦਾ ਹੈ। ਕੋਈ ਘਟਨਾ ਕਾਰਨ ਨਹੀਂ ਹੁੰਦੀ। ਕਾਰਨ ਕਾਰਜ ਦੇ ਸੰਬੰਧ ਵਿੱਚ ਅਸੀਂ ਇਸ ਵਿਸ਼ਵਾਸ ਤੇ ਚਲਦੇ ਹਾਂ ਕਿ ਹਰ ਕਾਰਜ ਦਾ ਕੋਈ ਕਾਰਨ ਹੁੰਦਾ ਹੈ ਅਤੇ ਕਾਰਨ ਕਾਰਜ ਸੰਬੰਧ ਸਥਾਈ ਹੈ। ਘੁਮਿਆਰ ਅਤੇ ਘੜੇ ਦੀ ਮਿਸਾਲ ਦਿੰਦਿਆਂ ਲਿਖਿਆ ਹੋਇਆ ਹੈ ਕਿ ਜਿਵੇਂ ਘੁਮਿਆਰ ਘੜੇ ਦਾ ਨਮਿਤ ਕਾਰਨ ਹੈ ਇਵੇਂ ਇਸ ਬ੍ਰਹਿਮੰਡ ਦੀ ਸਿਰਜਨਾ ਕਰਨ ਵਾਲੀ ਕੋਈ ਸ਼ਕਤੀ ਜ਼ਰੂਰ ਹੈ। ਜੇਕਰ ਅਣੂ ਅਨਾਦਿ ਅਤੇ ਨਿੱਤ ਹਨ , ਤਾਂ ਇਹ ਉਸ ਦਾ ਵਸਤੂਗਤ ਕਾਰਨ ਹਨ ਅਤੇ ਈਸ਼ਵਰ ਇਨ੍ਹਾਂ ਅਣੂਆਂ ਤੋਂ ਬ੍ਰਹਿਮੰਡ ਦੀ ਸਿਰਜਨਾ ਕਰਦਾ ਹੈ। ਇਨ੍ਹਾਂ ਦਲੀਲਾਂ ਦੇ ਵਿਰੁੱਧ ਜੈਨੀ ਹੇਠ ਲਿਖਿਆ ਤਰਕ ਪੇਸ਼ ਕਰਦੇ ਹਨ :

1. ਜੇਕਰ ਪਰਿਣਾਮ ਭਾਗਾਂ ਤੋਂ ਬਣਦਾ ਹੈ ਤਾਂ ਉਨ੍ਹਾਂ ਦਾ ਵਰਗ ਵਿਚਾਰ, ਪਰਿਣਾਮ ਹੋਵੇਗਾ। ਇਸ ਲਈ ਉਹ ਨਾਸ਼ਵਾਨ ਹੋਣਾ ਚਾਹੀਦਾ ਹੈ ਪਰ ਆਕਾਸ਼ ਨੂੰ ਨਿਆਇ ਸ਼ਾਸਤਰ ਭਾਗਹੀਣ ਅਤੇ ਅਵਿਨਾਸ਼ੀ ਮੰਨਦੇ ਹਨ।

2. ਜਗਤ ਨੂੰ ਪਰਿਣਾਮ ਕਿਵੇਂ ਮੰਨਿਆ ਜਾ ਸਕਦਾ ਹੈ ਕਿਉਂਕਿ ਅਣੂ ਨਾ ਹੋਣ ਵਾਲੀ ਵਸਤੂ ਦੇ ਵੀ ਕਾਰਨ ਹਨ। ਇਸ ਲਈ ਅਣੂ ਹੀ ਕਾਰਨ ਹਨ ਅਤੇ ਅਣੂ ਹੀ ਪਰਿਣਾਮ ਹਨ।

3. ਆਕਾਸ਼ ਨੂੰ ਕਿਵੇਂ ਬਣਾਇਆ ਜਾ ਸਕਦਾ ਹੈ ਕਿਉਂਕਿ ਇੱਕ ਵਿਅਕਤੀ ਜ਼ਮੀਨ ਖੋਦ ਕੇ ਸੋਚਦਾ ਹੈ ਕਿ ਉਸਨੇ ਆਕਾਸ਼ ਦੀ ਉਤਪਤੀ ਕੀਤੀ ਹੈ ਜਿਹੜੀ ਗੱਲ ਗ਼ਲਤ ਹੈ। ਆਕਾਸ਼ ਪਰਿਣਾਮ ਨਹੀਂ ਹੈ।

4. ਜੇਕਰ ਈਸ਼ਵਰ ਨੇ ਹਿਮੰਡ ਦੀ ਰਚਨਾ ਕੀਤੀ ਹੈ ਤਾਂ ਉਹ ਪਰਿਵਰਤਨਸ਼ੀਲ ਹੈ ਅਤੇ ਫਿਰ ਉਸਦਾ ਕਾਰਨ ਵੀ ਹੋਵੇਗਾ। ਇਵੇਂ ਇਸ ਦਲੀਲ ਵਿੱਚ ਅਨ - ਅਵਸਥਾ ਦਾ ਦੋਸ਼ ਹੈ।

5. ਜੈਨੀ ਕਰਦੇ ਹਨ ਕਿ ਜੇਕਰ ਬੁੱਧੀਮਾਨ ਮਨੁੱਖ ਦੀ ਅਨੁਰੂਪਤਾ ਦੇ ਆਧਾਰ ਤੇ ਈਸ਼ਵਰ ਨੂੰ ਬੁੱਧੀਮਾਨ ਸਿੱਧ ਕੀਤਾ ਜਾਂਦਾ ਹੈ ਤਾਂ ਈਸ਼ਵਰ ਮਨੁੱਖ ਦੀਆਂ ਸਾਰੀਆਂ ਅਪੂਰਣਤਾਵਾਂ ਦਾ ਸ਼ਿਕਾਰ ਵੀ ਹੋਵੇਗਾ।

ਈਸ਼ਵਰੀ ਹੋਂਦ ਦਾ ਦੂਜਾ ਆਧਾਰ ਅਨੁਭਵ ਹੈ। ਇਸ ਸੰਬੰਧੀ ਜੈਨ ਮੱਤ ਦੀ ਧਾਰਨਾ ਹੈ ਕਿ ਈਸ਼ਵਰੀ ਹੋਂਦ ਅਨੁਭਵ ਦਾ ਪਰਿਣਾਮ ਨਹੀਂ , ਸਗੋਂ ਈਸ਼ਵਰ ਸੰਬੰਧੀ ਸੋਚ ਹੀ ਅਜਿਹੇ ਵਿਸ਼ਵਾਸ ਦੀ ਉਪਜ ਹੈ। ਇਸ ਸੰਬੰਧ ਵਿੱਚ ਜੈਨੀ ਹੇਠ ਲਿਖੇ ਅਨੁਸਾਰ ਤਰਕ ਕਰਦੇ ਹਨ :

1. ਈਸ਼ਵਰ ਸਰੀਰ ਤੋਂ ਬਿਨਾਂ ਜਗਤ ਦੀ ਸਿਰਜਨਾ ਨਹੀਂ ਕਰ ਸਕਦਾ ਕਿਉਂਕਿ ਰਚਨਾ ਇੱਕ ਕਾਰਵਾਈ ਹੈ ਇਸ ਲਈ ਗਤੀ ਦੀ ਲੋੜ ਹੈ ਅਤੇ ਗਤੀ ਸਰੀਰ ਤੋਂ ਬਿਨਾਂ ਸੰਭਵ ਨਹੀਂ। ਇਹ ਸਰੀਰ ਦ੍ਰਿਸ਼ਟਮਾਨ ਹੋਣਾ ਚਾਹੀਦਾ ਹੈ ਪਰ ਅਸੀਂ ਇਸ ਦੇ ਵਿਰੁੱਧ ਹਾਂ ਕਿ ਘਾਹ, ਬੇਲ ਅਤੇ ਬੂਟੇ ਬਿਨਾਂ ਸਰੀਰ ਤੋਂ ਪੈਦਾ ਹੋ ਰਹੇ ਹਨ। ਜੇਕਰ ਇਹ ਈਸ਼ਵਰੀ ਸੱਤਾ ਨੇ ਰਚੇ ਹਨ ਤਾਂ ਇਹ ਦਲੀਲ ਗੋਲਮੋਲ ਹੈ।

2. ਜੇਕਰ ਈਸ਼ਵਰ ਦਾ ਸਰੀਰ ਅਦ੍ਰਿਸ਼ਟਮਾਨ ਹੈ ਤਾਂ ਅਦ੍ਰਿਸ਼ਟਮਾਨ ਘੁਮਿਆਰ ਘੜੇ ਕਿਵੇਂ ਨਹੀਂ ਬਣਾ ਸਕਦਾ? ਰਚਨਾ ਲਈ ਗਿਆਨ ਅਤੇ ਸੰਕਲਪ ਦੀ ਲੋੜ ਹੈ ਪਰ ਇਹ ਸਰੀਰ ਤੋਂ ਬਿਨਾਂ ਕਿਵੇਂ ਅਸਤਿਤਵ ਹਿਣ ਕਰ ਸਕਦੇ ਹਨ?

3. ਜੇਕਰ ਈਸ਼ਵਰ ਜਗਤ ਦੀ ਰਚਨਾ ਆਪਣੀ ਹੀ ਮਰਜ਼ੀ ਨਾਲ ਕਰਦਾ ਹੈ ਤਾਂ ਸ੍ਰਿਸ਼ਟੀ ਅੰਦਰ ਕਿਰਤਿਕ ਨਿਯਮ ਕਿਵੇਂ ਹੋ ਸਕਦੇ ਹਨ? ਜੇਕਰ ਉਹ ਨਿਯਮਾਂ ਅਨੁਸਾਰ ਕਰਦਾ ਹੈ ਤਾਂ ਫਿਰ ਉਹ ਸੁਤੰਤਰ ਕਿਵੇਂ ਹੋਇਆ ? ਜੇਕਰ ਉਹ ਦਇਆ ਭਾਵ ਨਾਲ ਸ੍ਰਿਸ਼ਟੀ ਸਿਰਜਦਾ ਹੈ। ਤਾਂ ਜੀਵਨ ਵਿੱਚ ਪ੍ਰਸੰਨਤਾ ਹੀ ਪ੍ਰਸੰਨਤਾ ਹੁੰਦੀ ਪਰ ਅਜਿਹਾ ਨਹੀਂ ਹੈ।

4. ਜੇਕਰ ਈਸ਼ਵਰ ਬ੍ਰਹਿਮੰਡ ਦਾ ਸਿਰਜਕ ਹੈ ਤਾਂ ਉਸਨੂੰ ਪਦਾਰਥ ਜਾਂ ਸੰਦ ਦੀ ਆਵਸ਼ਕਤਾ ਹੁੰਦੀ ਹੋਏਗੀ, ਪਰ ਜੇਕਰ ਬਿਨਾਂ ਸੰਦ ਤੋਂ ਸਿਰਜਨਾ ਕਰਦਾ ਹੈ ਤਾਂ ਇਹ ਸਾਡੇ ਅਨੁਭਵ ਦੇ ਵਿਰੁੱਧ ਹੈ।

5. ਅਸਤਿਤਵ ਨੂੰ ਕਦੀ ਵੀ ਸਿੱਧ ਨਹੀਂ ਕੀਤਾ ਜਾ ਸਕਦਾ। ਇਸ ਲਈ ਦਲੀਲ ਅੰਦਰ ਅੰਤਰਵਿਰੋਧ ਪੈਦਾ ਹੋ ਜਾਂਦੇ ਹਨ। ਜੇਕਰ ਈਸ਼ਵਰ ਇੱਕ ਹੈ ਤਾਂ ਉਹ ਅਨੇਕ ਵੀ ਹੋ ਸਕਦਾ ਹੈ। ਜੇ ਉਹ ਗੁਣਾਂ ਵਾਲਾ ਹੈ ਤਾਂ ਗੁਣਾਂ ਤੋਂ ਰਹਿਤ ਵੀ ਹੋ ਸਕਦਾ ਹੈ। ਇਸ ਲਈ ਜੈਨੀ ਵਿਸ਼ਵਾਸ ਹੈ ਕਿ ਅਜਿਹੇ ਵਿਚਾਰ ਨੂੰ ਛੱਡ ਦੇਣਾ ਚਾਹੀਦਾ ਹੈ। ਇਸ ਨਾਲ ਧਰਮ ਸ਼ਾਸਤਰੀ ਦ੍ਰਿਸ਼ਟੀ ਤੋਂ ਇਹ ਤੱਥ ਸਾਹਮਣੇ ਆ ਜਾਂਦਾ ਹੈ ਕਿ ਜੈਨੀ ਉਸੇ ਸੱਚਾਈ ਵਿੱਚ ਵਿਸ਼ਵਾਸ ਕਰਦੇ ਹਨ ਜਿਹੜੀ ਤਰਕ ਦੇ ਘੇਰੇ ਵਿੱਚ ਗ੍ਰਹਿਣ ਕੀਤੀ ਜਾ ਸਕਦੀ ਹੈ। ਇਸ ਨਾਲ ਜੈਨੀ ਆਮ ਲੋਕਾਂ ਵਿੱਚ ਹਿੰਦੂ ਧਰਮ ਦੇ ਬਦਲ ਵਜੋਂ ਪਰਵਾਨ ਹੋ ਗਏ।

ਜੈਨ ਧਰਮ ਦਾ ਨਿਸ਼ਚਾ ਪਰਮਾਤਮਾ ਪ੍ਰਤਿ ਨਾਸਤਿਕਤਾ ਵਾਲਾ ਹੈ।ਉਹ ਅਹਿੰਸਾ ਅਤੇ ਸੱਚ ਤੇ ਜ਼ੋਰ ਦਿੰਦੇ ਹਨ, ਪਰ ਸਮਾਂ ਪਾ ਕੇ ਹਿੰਦੂ ਧਰਮ ਨੇ ਜੈਨ ਧਰਮ ਨੂੰ ਆਪਣੇ ਪੇਟੇ ਪਾ ਲਿਆ। ਮੂਲ ਪਰਿਵਰਤਕ ਰਿਸ਼ਭ ਦੇਵ ਨੂੰ ਚੌਵੀ ਅਵਤਾਰਾਂ ਵਿਚ ਸ਼ਾਮਲ ਕਰ ਲਿਆ ਗਿਆ ਅਤੇ ਇਸ ਨੂੰ ਹਿੰਦੂ ਧਰਮ ਦਾ ਪੱਕਾ ਸਾਥੀ ਬਣਾ ਦਿੱਤਾ।

**ਮੁਕਤੀ (ਕੈਵਲਯ)-**

ਜੈਨ ਧਰਮ ਅਨੁਸਾਰ ਮੁਕਤੀ ( ਕੈਵਲਯ ) ਪ੍ਰਾਪਤੀ ਹੀ ਮਨੁੱਖੀ ਜੀਵਨ ਦਾ ਪਰਮ ਉਦੇਸ਼ ਹੈ । ਇਸਦੇ ਲਈ ਤਪ , ਅਹਿੰਸਾ , ਸਦਾਚਾਰ , ਵਿਸ਼ਵਾਸ ਅਤੇ ਕਰਮ ਨੂੰ ਪਰਮੁੱਖਤਾ ਪਰਦਾਨ ਕੀਤੀ ਗਈ ਹੈ । ਆਤਮਾ ਨੂੰ ਕਰਮਾਂ ਦੇ ਬੰਧਨ ਤੋਂ ਛੁਟਕਾਰਾ ਦੁਆਉਣਾ ਹੀ ਮੋਕਸ਼ ਹੈ। ਕਰਮ ਚੱਕਰ ਖਤਮ ਹੁੰਦੇ ਹੀ ਜੀਵ ਨੂੰ ਮੁਕਤੀ ਮਿਲ ਜਾਂਦੀ ਹੈ। ਜੀਵ ਨੂੰ ਪਰਮ ਆਨੰਦ ਤੇ ਖੁਸ਼ੀ ਮਹਿਸੂਸ ਹੁੰਦੀ ਹੈ। ਆਤਮਾ ਸੁੰਤਤਰ ਹੋ ਕੇ ਸਿੱਧੀ ਕਸ਼ੇਤਰ ਗ੍ਰਹਿ ਤੇ ਪਹੁੰਚ ਜਾਂਦੀ ਹੈ ਜੋ ਸੰਸਾਰ ਦੀ ਚੋਈ ਉੱਪਰ ਸਥਿਤ ਹੈ। ਜੈਨ ਧਰਮ ਅਨੁਸਾਰ ਕੇਵਲ ਮਨੁੱਖੀ ਜਨਮ ਵਿਚ ਹੀ ਮੋਕਸ਼ ਸੰਭਵ ਹੈ ਅਤੇ ਉਹ ਵੀ ਤਿੰਨ ਰਤਨਾਂ ਦੇ ਸਿਧਾਂਤ ਦੀ ਪਾਲਣਾ ਕਰਨ ਤੇ। ਸਾਧਾਰਨ ਮਨੁੱਖ ਅਤੇ ਤਪੱਸਵੀਆਂ ਲਈ ਵਖੋ ਵੱਖਰਾ ਵਿਧਾਨ ਹੈ । ਜੈਨ ਧਰਮ ਦਾ ਮੂਲ ਆਧਾਰ ਇਸਦੇ ਤਿੰਨ ਰਤਨਾਂ (ਕ੍ਰਿਤਨ ) ਦੇ ਸਿਧਾਂਤ ਨੂੰ ਪਰਵਾਨਿਆ ਜਾ ਸਕਦਾ ਹੈ । ਇਹੋ ਕੈਵਲ ਪ੍ਰਾਪਤੀ ਵਿੱਚ ਪੂਰੀ ਤਰ੍ਹਾਂ ਸਹਾਇਕ ਹੋ ਸਕਦਾ ਹੈ । ਤਿੰਨ ਰਤਨ ਇਹ ਹਨ : ( ੳ ) ਸਹੀ ਵਿਸ਼ਵਾਸ ( ਅ ) ਸਹੀ ਗਿਆਨ (ੲ) ਸਹੀ ਚਰਿੱਤਰ ਅਥਵਾ ਸੱਚਾ ਆਚਾਰ ।

**5.14.2 ਤਿੰਨ ਰਤਨ-**

ਜੈਨ ਧਰਮ ਕਰਮਾਂ ਦੇ ਬੰਧਨ ਤੋਂ ਮੁਕਤੀ ਪ੍ਰਾਪਤ ਕਰਨ ਲਈ ਤਿੰਨ ਰਤਨਾਂ ਦੀ ਪਾਲਣਾ ਤੇ ਜ਼ੋਰ ਦਿੰਦਾ ਹੈ। ਇਹ ਤਿੰਨ ਰਤਨ ਹਨ- ਸਹੀ ਵਿਸ਼ਵਾਸ, ਸਹੀ ਗਿਆਨ ਤੇ ਸਹੀ ਚਰਿੱਤਰ। ਜੈਨ ਧਰਮ ਅਨੁਸਾਰ ਅਗਿਆਨਤਾ ਦੇ ਕਾਰਣ ਮਨੁੱਖ ਸੰਸਾਰਿਕ ਵਿਸ਼ਿਆਂ ਵਿਚ ਫਸ ਜਾਂਦਾ ਹੈ, ਪਰ ਗਿਆਨ ਦੇ ਚਾਨਣ ਨਾਲ ਵਿਭੋਰ ਹੋ ਕੇ ਮਨੁੱਖ ਗਲਤ ਰਾਹ ਤੇ ਨਹੀਂ ਜਾ ਸਕਦਾ। ਇਸ ਲਈ ਸਹੀ ਵਿਸ਼ਵਾਸ ਦੀ ਪ੍ਰਾਪਤੀ ਜ਼ਰੂਰੀ ਹੈ। ਸਹੀ ਵਿਸ਼ਵਾਸ ਇਹ ਮੰਗ ਕਰਦਾ ਹੈ ਕਿ ਜੈਨੀ, ਜੈਨ ਤੀਰਥੰਕਰਾਂ ਨੂੰ ਸੱਚਾ ਦੇਵਤਾ ਮੰਨਣ, ਜੈਨ ਗ੍ਰੰਥਾਂ ਨੂੰ ਸੱਚੇ ਗ੍ਰੰਥ ਮੰਨਣ ਅਤੇ ਜੈਨ ਮੁਨੀਆਂ ਨੂੰ ਸੱਚਾ ਮੁਨੀ ਮੰਨਣ। ਸਹੀ ਵਿਸ਼ਵਾਸ ਸਾਡੇ ਲਈ ਖੁਸ਼ਹਾਲੀ ਦਾ ਕਾਰਣ ਬਣਦਾ ਹੈ। ਸਹੀ ਗਿਆਨ ਤੋਂ ਸਾਨੂੰ ਚੀਜ਼ਾਂ ਦੇ ਸੁਭਾਅ ਦਾ ਪਤਾ ਲੱਗਦਾ ਹੈ। ਅਸੀਂ ਵਿਸ਼ਾਵਸ ਨਾਲ ਆਪਣੇ ਕਰਮ ਮਾਰਗ ਤੇ ਚਲ ਸਕਦੇ ਹਾਂ। ਚੱਚੇ ਗਿਆਨ ਦੀ ਪ੍ਰਾਪਤੀ

ਜੈਨ ਗ੍ਰੰਥਾਂ ਦੇ ਅਧਿਐਨ ਅਤੇ ਚਿੰਤਨ ਨਾਲ ਹੁੰਦੀ ਹੈ। ਇਸ ਨਾਲ ਪਾਪਾਂ ਦਾ ਨਾਸ਼ ਹੁੰਦਾ ਹੈ ਅਤੇ ਵਿਅਕਤੀ ਮੋਕਸ਼ ਪ੍ਰਾਪਤ ਕਰਦਾ ਹੈ।

ਇਸਦੀ ਵਿਆਖਿਆ ਕਰਦਿਆਂ ਹੋਇਆਂ ਡਾ . ਰਾਧਾ ਕ੍ਰਿਸ਼ਨਨ ਲਿਖਦੇ ਹਨ : " ਤੱਤਵਾਂ ਵਿੱਚ ਜਾਂ ਸੱਚੀ ਹੋਂਦ ਵਿੱਚ ਵਿਸ਼ਵਾਸ ਰੱਖਣਾ ਹੀ ਸਹੀ ਧਰਮ ਹੈ , ਸ਼ੱਕ ਜਾਂ ਭੁੱਲ ਤੋਂ ਰਹਿਤ ਯਥਾਰਥ ਸਰੂਪ ਦਾ ਗਿਆਨ ਹੀ ਸਹੀ ਗਿਆਨ ਹੈ। ਬਾਹਰੀ ਜਗਤ ਦੇ ਪਦਾਰਥਾਂ ਪ੍ਰਤੀ ਇੱਛਾ ਜਾਂ ਅਣ - ਇੱਛਾ ਤੋਂ ਬਗੈਰ ਨਿਰਲੇਪਤਾ ਦਾ ਰਵੱਈਆ ਹੀ ਆਚਰਣ ਹੈ।

**5.14.3 ਨੌਂ ਸੱਚਾਈਆਂ-**

ਜੈਨ ਧਰਮ ਅਨੁਸਾਰ ਸੱਚ ਗਿਆਨ ਦੀ ਪ੍ਰਾਪਤੀ ਲਈ ਨੌਂ ਸੱਚਾਈਆਂ ਦਾ ਗਿਆਨ ਹੋਣਾ ਜ਼ਰੂਰੀ ਹੈ । ਨੌਂ ਸੱਚਾਈਆਂ ਇਹ ਹਨ : 1. ਜੀਵ 2. ਅਜੀਵ 3. ਪੁੰਨ 4 , ਪਾਪ 5. ਅਵ 6. ਸੰਵਰ 7. ਬੰਧ 8. ਨਿਰਜਰ 9. ਮੋਕਸ਼ । ਦਿਗੰਬਰ ਫ਼ਿਰਕੇ ਅਨੁਸਾਰ ਸੱਤ ਸੱਚਾਈਆਂ ਹਨ । ਉਹ ਪਾਪ ਅਤੇ ਪੁੰਨ ਨੂੰ ਵੱਖਰਾ ਨਹੀਂ ਗਿਣਦੇ ਸਗੋਂ ਇਨ੍ਹਾਂ ਨੂੰ ਆ ਅਤੇ ਬੰਧ ਵਿੱਚ ਹੀ ਸੰਮਿਲਤ ਪਰਵਾਨ ਕਰਦੇ ਹਨ । ਡਾ . ਹਰਬੰਸ ਸਿੰਘ , ਐਲ , ਐਮ . ਜੋਸ਼ੀ  ਅਨੁਸਾਰ ਤਤੂਰਥ - ਸੂਤਰ ਅਨੁਸਾਰ ਕੇਵਲ ਸੱਤ ਸੱਚਾਈਆਂ ਹੀ ਹਨ । ਬਾਕੀ ਧਰਮਾਂ ਨਾਲੋਂ ਜੈਨੀਆਂ ਦੇ ਸਦਾਚਾਰਿਕ ਨਿਯਮ ਬਹੁਤ ਕਠੋਰ ਹਨ । ਨੈਤਿਕ ਨਿਯਮਾਵਲੀ ਦੀ ਪਰਧਾਨ ਸੁਰ ' ਅਹਿੰਸਾ ਹੈ ।

**5.14.4 ਪੰਜ ਮਹਾਂਵਰਤ-**

ਡਾ . ਸ਼ਾਂਤੀ ਨਾਥ ਗੁਪਤਾ ਅਨੁਸਾਰ  ਸੱਚ ਆਚਾਰ ਲਈ ਪੰਜ ਪ੍ਰਕਾਰ ਦਾ ਸੁੱਚਾ ਵਿਹਾਰ ਅਤੇ ਪੰਜ ਪ੍ਰਕਾਰ ਦਾ ਵਰਤ ਧਾਰਨ ਕਰਨਾ ਅਤਿ ਲਾਜ਼ਮੀ ਦਰਸਾਇਆ ਗਿਆ ਹੈ :

1. ਅਹਿੰਸਾ : ਅਹਿੰਸਾ ਤੋਂ ਭਾਵ ਕੇਵਲ ਦੂਜਿਆਂ ਨੂੰ ਨਾ ਮਾਰਨਾ ਹੀ ਨਹੀਂ ਸਗੋਂ ਸਾਰੇ ਪ੍ਰਾਣੀਆਂ ਵਾਸਤੇ ਦਇਆ - ਭਾਵ ਰੱਖਣਾ ਹੈ । ਇਸਦੀ ਵਿਸਥਾਰ ਸਹਿਤ ਵਿਆਖਿਆ ਅੱਗੇ ਜਾ ਕੇ ਦਿੱਤੀ ਜਾ ਰਹੀ ਹੈ ।

2. ਸੱਤ : ਸੱਚ ਬੋਲਣਾ , ਲੋਕਾਂ ਨੂੰ ਦਾਨ ਦੇਣਾ ਅਤੇ ਮਿੱਠਤ ਨਾਲ ਬਚਨ ਕਰਨੇ ।

3. ਬ੍ਰਹਮਚਰਜ਼ : ਮਨ , ਬਚਨ ਅਤੇ ਕਰਮਾਂ ਦੀ ਪਵਿੱਤਰਤਾ ਧਾਰਨ ਕਰਨੀ ।

4. ਅਸਤੇਯ : ਠੀਕ ਵਿਹਾਰ ਭਾਵ ਚੋਰੀ ਠੱਗੀ ਆਦਿ ਤੋਂ ਪਰਹੇਜ਼ ਕਰਨਾ ।

5. ਅਪਰਿਗ੍ਰਿਹ : ਸੰਸਾਰੀ ਇੱਛਾਵਾਂ ਦਾ ਪੂਰਨ ਤੌਰ ਤੇ ਤਿਆਗ। ਭਾਵ ਕਿਸੇ ਵੀ ਚੀਜ਼ ਨੂੰ ਆਪਣੇ ਕਬਜ਼ੇ ਵਿੱਚ ਨਾ ਰੱਖਣਾ। ਇਥੋਂ ਤੱਕ ਕਿ ਤਨ ਦੇ ਕੱਪੜਿਆਂ ਤੱਕ ਦਾ ਵੀ ਤਿਆਗ ਕਰ ਦੇਣਾ।

ਜੈਨ ਧਰਮ ਵਿੱਚ ਇਨ੍ਹਾਂ ਪੰਜ ਪ੍ਰਕਾਰ ਦੇ ਵਰਤਾਂ ਵਿਚੋਂ ਅਹਿੰਸਾ ਨੂੰ ਪਹਿਲ ਪ੍ਰਾਪਤ ਹੋ ਗਈ। ਹੌਲੀ ਹੌਲੀ ਅਹਿੰਸਾ ਦੇ ਅਰਥ ਗੁਆਚਦੇ ਗਏ ਅਤੇ ਅਹਿੰਸਾ ਦੀ ਸੰਭਾਵਨਾ ਤਿਆਗੀ ਲਈ ਹੀ ਸੰਭਵ ਹੋ ਗਈ। ਇਸ ਦ੍ਰਿਸ਼ਟੀ ਤੋਂ ਅਹਿੰਸਾ ਜੈਨ ਧਰਮ ਦਾ ਪ੍ਰਮੁੱਖ ਸਿਧਾਂਤ ਮੰਨੀ ਗਈ ਹੈ। ਜੈਨ ਮੱਤ ਦੇ ਅਹਿੰਸਾ ਦੇ ਇਸ ਕਰੜੇ ਵਿਧਾਨ ਨੇ ਮਨੁੱਖੀ ਸਮਾਜ ਨੂੰ ਇੱਕ ਤਰ੍ਹਾਂ ਨਿਸਲ ਬਣਾ ਦਿੱਤਾ। ਇਤਨੇ ਕਠੋਰ ਰੂਪ ਵਿੱਚ ਅਹਿੰਸਾ ਦੀ ਪਾਲਣਾ ਮਨੁੱਖੀ ਜੀਵਨ ਵਿੱਚ ਸੰਭਵ ਹੀ ਨਹੀਂ ਹੋ ਸਕਦੀ। ਜੀਵਨ ਦੀ ਤੋਰ ਅਜਿਹੇ ਕਰਮਾਂ ਨਾਲ ਅਵੱਸ਼ ਰੁਕ ਜਾਏਗੀ। ਡਾ . ਰਾਧਾ ਕ੍ਰਿਸ਼ਨਨ ਇਸ ਬਾਰੇ ਟਿੱਪਣੀ ਕਰਦੇ ਹੋਏ ਲਿਖਦੇ ਹਨ : " ਜੈਨ ਮੱਤ ਦਾ ਵਿਸ਼ੇਸ਼ ਸਰੂਪ ਹੈ ਅਹਿੰਸਾ , ਅਰਥਾਤ ਹਰੇਕ ਲਈ ਸਤਿਕਾਰ ਅਤੇ ਸਭ ਜਾਨਦਾਰ ਚੀਜ਼ਾਂ ਦਾ ਤਿਆਗ। ਉਕਤ ਨਿਯਮਾਂ ਦਾ ਅਤਿਅੰਤ ਕੱਟੜਤਾ ਨਾਲ ਪਾਲਣਾ ਕਰਨ ਕਰਕੇ ਜੈਨੀਆਂ ਵਿੱਚ ਕੁਝ ਇਹੋ ਜਿਹੀਆਂ ਵਿਧੀਆਂ ਪ੍ਰਚਲਿਤ ਹੋ ਗਈਆਂ ਜਿਨ੍ਹਾਂ ਦਾ ਕੁਝ ਬੇਰਹਿਮ ਸ਼ਾਗਿਰਦਾਂ ਨੇ ਮਜ਼ਾਕ ਹੀ ਬਣਾ ਦਿੱਤਾ। ਕਿਤੇ ਕਿਸੇ ਜੀਵ ਦੀ ਹੱਤਿਆ ਨਾ ਹੋ ਜਾਏ , ਇਸ ਵਿਚਾਰ ਨਾਲ ਕੁਝ ਜੈਨੀ ਚੱਲਣ ਤੋਂ ਪਹਿਲਾਂ ਰਸਤੇ ਵਿੱਚ ਝਾੜੂ ਦਿੰਦੇ ਹਨ , ਮੂੰਹ ਤੇ ਪੱਟੀ ਬੰਨ੍ਹਕੇ ਚਲਦੇ ਹਨ ਤਾਂ ਕਿ ਕੋਈ ਜੰਤੂ ਸਾਹ ਦੇ ਰਸਤੇ ਅੰਦਰ ਨਾ ਚਲਾ ਜਾਵੇ , ਪਾਣੀ ਨੂੰ ਛਾਣ ਕੇ ਪੀਂਦੇ ਹਨ ਅਤੇ ਸ਼ਹਿਦ ਦਾ ਵੀ ਤਿਆਗ ਕਰਦੇ ਹਨ। ਇਹ ਸੱਚ ਹੈ ਕਿ ਸ਼ਾਬਦਿਕ ਅਰਥਾਂ ਵਿੱਚ " ਅਹਿੰਸਾ ਦਾ ਪਾਲਣ ਨਹੀਂ ਹੋ ਸਕਦਾ। " ਮਹਾਂਭਾਰਤ ਵਿੱਚ ਕਿਹਾ ਗਿਆ ਹੈ ਕਿ " ਇਹ ਸੰਸਾਰ ਇਹੋ ਜਿਹੇ ਜੰਤੂਆਂ ਨਾਲ ਭਰਿਆ ਪਿਆ ਹੈ ਜੋ ਅੱਖਾਂ ਨਾਲ ਨਹੀਂ ਦੇਖੇ ਜਾ ਸਕਦੇ , ਸਗੋਂ ਤਰਕ ਰਾਹੀਂ ਹੀ ਉਨ੍ਹਾਂ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਜਦੋਂ ਅਸੀਂ ਆਪਣੀਆਂ ਪਲਕਾਂ ਨੂੰ ਝਮਕਦੇ ਹਾਂ ਤਾਂ ਉਨ੍ਹਾਂ ਦੇ ਅੰਗ ਟੁੱਟ ਕੇ ਡਿੱਗ ਪੈਂਦੇ ਹਨ। ਡਾ . ਰਾਧਾ ਕ੍ਰਿਸ਼ਨਨ ਨੇ ਆਪਣੀ ਪੁਸਤਕ ਵਿਚ, ਭਾਗਵਤ ਪੁਰਾਣ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ , 'ਜੀਵਨ ' ਹੋਰ ਜੀਵਨ ਦਾ ਪ੍ਰਾਣ ਹੈ। ਜਦੋਂ ਇਨ੍ਹਾਂ ਸਾਧਾਰਨ ਤੱਥਾਂ ਨੂੰ ਭੁਲਾ ਦਿੱਤਾ ਜਾਵੇ ਤਾਂ ਜੀਵਨ ਲਗਭਗ ਅਸੰਭਵ ਹੀ ਹੋ ਜਾਂਦਾ ਹੈ। ਇੱਕ ਕੱਟੜ ਜੈਨੀ ਦੇ ਵਿਹਾਰ ਵਿੱਚ ਇਸ ਪ੍ਰਕਾਰ ਦਾ ਵਿਕ੍ਰਿਤ ਡਰ ਜਾਂ ਖੌਫ਼ ਸਦਾ ਵਿਆਪਤ ਰਹਿੰਦਾ ਹੈ ਕਿ ਕਿਤੇ ਕਿਸੇ ਵੀ ਰੂਪ ਵਿੱਚ ਅਚਾਨਕ ਕਿਸੇ ਜੀਵ ਨੂੰ ਕੋਈ ਸੱਟ - ਫੁੱਟ ਨਾ ਲਗ ਜਾਏ। ਸਪੱਸ਼ਟ ਹੋਇਆ ਕਿ ਹਿੰਦੂ ਧਰਮ ਦੇ ਸਥਾਪਿਤ ਵਿਦਵਾਨਾਂ ਨੇ ਪਰਵਾਨ ਕਰ ਲਿਆ ਕਿ ਜੈਨ ਧਰਮ ਸ਼ਾਸਤਰ ਵਿੱਚ

ਪ੍ਰਾਪਤ ਆਦੇਸ਼ਾਂ ਦੀ ਪਾਲਣਾ ਸੰਭਵ ਹੀ ਨਹੀਂ ਹੈ। ਇਸ ਤਰ੍ਹਾਂ ਜੈਨ ਧਰਮ ਸ਼ਾਸਤਰ ਨੂੰ ਹਿੰਦੂ ਪਰਿਪੇਖ ਵਿੱਚ ਇਨਕਲਾਬੀ ਪਰਵਾਨ ਕਰਨ ਦੇ ਬਾਵਜੂਦ , ਇਹ ਪਰਵਾਨ ਹੋਣ ਤੋਂ ਪਹਿਲਾਂ ਹੀ ਫੇਲ੍ਹ ਹੋ ਗਿਆ ।

**5.14.5 ਆਤਮਾ ਦੀ ਹੋਂਦ ਵਿਚ ਵਿਸ਼ਵਾਸ-**

ਜੈਨ ਧਰਮ ਵਿਚ ਆਤਮਾ ਦੀ ਹੋਂਦ ਨੂੰ ਸਵੀਕਾਰ ਕੀਤਾ ਗਿਆ ਹੈ। ਇਸ ਅਨੁਸਾਰ ਆਤਮਾ ਅਮਰ ਹੈ ਤੇ ਸ਼ਕਤੀਸ਼ਾਲੀ ਹੈ, ਪ੍ਰੰਤੂ ਬੁਰੇ ਕਰਮਾਂ ਨਾਲ ਇਸ ਦੀ ਸ਼ਕਤੀ ਘੱਟ ਜਾਂਦੀ ਹੈ। ਆਤਮਾ ਸਰੀਰ ਅੰਦਰ ਰਹਿ ਕੇ ਸਰੀਰ ਤੋਂ ਵੱਖਰੀ ਹੁੰਦੀ ਹੈ। ਜੈਨੀਆਂ ਅਨੁਸਾਰ, ਆਤਮਾ ਸਿਰਫ ਮਨੁੱਖਾਂ ਤੇ ਪਸ਼ੂ ਪੰਛੀਆਂ ਅੰਦਰ ਹੀ ਨਹੀਂ, ਸਗੋਂ ਦਰੱਖਤਾਂ, ਪੌਦਿਆਂ, ਹਵਾ, ਅੱਗ, ਪੱਥਰਾਂ ਆਦਿ ਵਿਚ ਵੀ ਮੌਜੂਦ ਹੁੰਦੀ ਹੈ।

**5.14.6 ਕਰਮ ਦੇ ਸਿਧਾਂਤ ਵਿਚ ਵਿਸ਼ਵਾਸ-**

ਜੈਨ ਧਰਮ ਵਿਚ ਕਰਮ ਨੂੰ ਬਹੁਤ ਮਹੱਤਵਪੂਰਨ ਸਥਾਨ ਦਿੱਤਾ ਗਿਆ ਹੈ। ਉਹ ਤਾਂ, ਸਾਰਾ ਚੱਕਰ ਹੀ ਕਰਮਾਂ ਦਾ ਮੰਨਦੇ ਹਨ। ਉਨ੍ਹਾਂ ਅਨੁਸਾਰ ਕਰਮ ਆਤਮਾ ਨੂੰ ਘੇਰ ਲੈਂਦੇ ਹਨ। ਉਹ ਆਤਮਾ ਵਿਚ ਜਮਾਂ ਹੁੰਦੇ ਰਹਿੰਦੇ ਹਨ। ਹਰ ਜਨਮ ਵਿਚ ਇਹਨਾਂ ਕਰਮਾਂ ਵਿਚ ਵਾਧਾ ਹੁੰਦਾ ਰਹਿੰਦਾ ਹੈ। ਇਸ ਲਈ ਆਤਮਾ ਨੂੰ ਕਰਮਾਂ ਤੋਂ ਮੁਕਤ ਕਰਨਾ ਚਾਹੀਦਾ ਹੈ, ਅਜਿਹਾ ਤਾਂ ਹੀ ਹੋ ਸਕਦਾ ਹੈ ਜੇਕਰ ਆਤਮਾ ਨੂੰ ਨਵੇਂ ਕਰਮਾਂ ਤੋਂ ਬਚਾਇਆ ਜਾਵੇ, ਇਸ ਦਸ਼ਾ ਵਿਚ ਮੋਕਸ਼ ਪ੍ਰਾਪਤੀ ਤਦ ਹੀ ਸੰਭਵ ਹੋ ਸਕਦੀ ਹੈ, ਨਹੀਂ ਦਾ ਮਨੁੱਖ ਜਨਮ-ਮਰਨ ਦੇ ਚੱਕਰਾਂ ਵਿਚ ਫਸਿਆ ਰਹਿੰਦਾ ਹੈ।

**5.14.7 ਪੁਨਰ ਜਨਮ ਵਿਚ ਵਿਸ਼ਵਾਸ-**

ਜੈਨ ਧਰਮ ਪੁਨਰ ਜਨਮ ਵਿਚ ਵਿਸ਼ਵਾਸ ਰੱਖਦਾ ਹੈ। ਅਸਲ ਵਿਚ ਕਰਮ ਅਤੇ ਪੁਨਰ ਜਨਮ ਨਾਲ-ਨਾਲ ਚਲਦੇ ਹਨ। ਪੁਨਰ ਜਨਮ ਦਾ ਸਿਧਾਂਤ ਅਨੇਕਾਂ ਸਮੱਸਿਆਵਾਂ ਦਾ ਹੱਲ ਕਰਦਾ ਹੈ। ਅਸੀਂ ਵੇਖਦੇ ਹਾਂ ਕਿ ਸੰਸਾਰ ਵਿਚ ਕੁਝ ਲੋਕ ਅਮੀਰ ਪਰਿਵਾਰਾਂ ਵਿਚ ਜਨਮ ਲੈਂਦੇ ਹਨ, ਕੁਝ ਗਰੀਬ ਪਰਿਵਾਰ ਵਿਚ। ਕੁਝ ਵਿਅਕਤੀ 20 ਸਾਲ ਦੀ ਉਮਰ ਵਿਚ ਮਰ ਜਾਂਦੇ ਹਨ, ਤਾਂ ਕੁਝ 100 ਸਾਲ ਤਕ ਜੀਊਂਦੇ ਰਹਿੰਦੇ ਹਨ। ਇਸ ਤੋਂ ਸਪਸ਼ਟ ਹੈ ਕਿ ਚੰਗੇ ਕਰਮ ਚੰਗੇ ਜਨਮ ਦਾ ਕਾਰਣ ਬਣਦੇ ਹਨ। ਬੁਰੇ ਕਰਮ ਬੁਰੇ ਜਨਮ ਨੂੰ ਹੋਂਦ ਵਿਚ ਲਿਆਉਂਦੇ ਹਨ। ਕਰਮਾਂ ਦੇ ਪ੍ਰਭਾਵ ਤੋਂ ਬਚਣ ਦਾ ਕੋਈ ਉਪਾਅ ਨਹੀਂ ਹੈ। ਇਸ ਲਈ ਚੰਗਾ ਕਰਮ ਪ੍ਰਾਪਤ ਕਰਨ ਲਈ ਮਨੁੱਖ ਨੂੰ ਨੇਕ ਕਰਮ ਕਰਨੇ ਚਾਹੀਦੇ ਹਨ। ਚੰਗਾ ਜਨਮ ਮਨੁੱਖ ਨੂੰ ਮੋਕਸ਼ ਦੇ ਨੇੜੇ ਲੈ ਜਾਂਦਾ ਹੈ।

ਇਸ ਤਰ੍ਹਾਂ ਅਸੀਂ ਕਿਹ ਸਕਦੇ ਹਾਂ ਕਿ ਜੈਨ ਧਰਮ ਦੀਆਂ ਸਿੱਖਿਆਵਾਂ ਬਹੁਤ ਹੀ ਮਹੱਤਵਪੂਰਨ ਹਨ। ਮਹਾਂਵੀਰ ਨੂੰ ਪਰਮਾਤਮਾ ਦੀ ਹੋਂਦ ਤੇ ਵਿਸ਼ਵਾਸ ਨਹੀਂ ਸੀ। ਉਹਨਾਂ ਦਾ ਵਿਚਾਰ ਸੀ ਕਿ ਮਨੁੱਖ ਦੀ ਆਤਮਾ ਵਿਚ ਜੋ ਕੁਝ ਮਹਾਨ ਹੈ ਅਤੇ ਜੋ ਸ਼ਕਤੀ ਤੇ ਨੈਤਿਕਤਾ ਹੈ, ਉਹੀ ਪਰਮਾਤਮਾ ਹੈ। ਯੱਗਾਂ ਤੇ ਮੰਤਰਾਂ ਦੇ ਵਿਧੀ-ਵਿਧਾਨ ਤਾਂ ਕੇਵਲ ਸਮਾਂ ਨਸ਼ਟ ਕਰਨ ਵਾਲੇ ਹਨ। ਨੈਤਿਕ ਚਰਿੱਤਰ ਲਈ ਸਹੀ ਗਿਆਨ, ਸਹੀ ਦਰਸ਼ਨ ਅਤੇ ਸਹੀ ਚਰਿੱਤਰ ਦਾ ਹੋਣਾ ਜ਼ਰੂਰੀ ਹੈ, ਇਹਨਾਂ ਨੂੰ ਤਿੰਨ ਰਤਨ ਕਿਹਾ ਗਿਆ ਹੈ। ਉਹਨਾਂ ਨੇ ਕਿਹਾ ਸੀ ਕਿ ਸੱਚ ਨੂੰ ਪ੍ਰਾਪਤ ਕਰਨ ਲਈ ਸਰੀਰ ਨੂੰ ਹਰ ਤਰ੍ਹਾਂ ਦੇ ਕਸ਼ਟ ਦੇਣੇ ਜ਼ਰੂਰੀ ਹਨ। ਸਹਿਜੇ-ਸਹਿਜੇ ਭੋਜਨ ਨੂੰ ਘੱਟ ਕਰਕੇ ਮੌਤ ਨੂੰ ਗਲੇ ਲਗਾਉਣਾ ਚਾਹੀਦਾ ਹੈ। ਉਹਨਾਂ ਨੇ ਵਿਆਹ ਦੇ ਨਿਖੇਧ ਤੇ ਬ੍ਰਹਮਚਰਯ ਤੇ ਜ਼ੋਰ ਦਿੱਤਾ। ਉਹਨਾਂ ਨੇ ਆਪਣੇ ਪੈਰੋਕਾਰਾਂ ਨੂੰ ਵਸਤਰ ਨਾ ਧਾਰਨ ਲਈ ਕਿਹਾ। ਉਹਨਾਂ ਨੇ ਅਹਿੰਸਾ ਉੱਪਰ ਬਹੁਤ ਜ਼ੋਰ ਦਿੱਤਾ। ਜੋ ਵਿਅਕਤੀ ਜੈਨ ਧਰਮ ਦੀਆਂ ਸਿੱਖਿਆਵਾਂ ਉੱਪਰ ਅਮਲ ਕਰੇਗਾ, ਉਹ ਮੁਕਤੀ ਪ੍ਰਾਪਤ ਕਰ ਲਵੇਗਾ।

**5.15 ਸਾਰ**

ਉਕਤ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਜੈਨ ਧਰਮ ਦੀ ਸਿਖਿਆਵਾਂ ਜੀਵਨ ਦਾ ਮੂਲ ਆਧਾਰ ਹਨ। ਇਹ ਕੇਵਲ ਜੈਨ ਧਰਮ ਨੂੰ ਮੰਨਣ ਵਾਲਿਆਂ ਭਾਵ ਜੈਨੀਆਂ ਨੂੰ ਹੀ ਜੀਵਨ ਦੇ ਹਰਕੇ ਪੜਾਅ ਦੇ ਦਿਸ਼ਾ ਨਿਰਦੇਸ਼ ਨਹੀਂ ਦਿੰਦੀਆਂ ਸਗੋਂ ਹਰੇਕ ਧਰਮ ਵਿਚ ਇਨ੍ਹਾਂ ਦਾ ਯੋਗਦਾਨ ਦੇਖਿਆ ਜਾ ਸਕਦਾ ਹੈ। ਜੈਨ ਧਰਮ ਵਿਚ ਮਨੁੱਖੀ ਸਮਾਨਤਾ ਦੀ ਗੱਲ ਕਰਦੇ ਹੋਏ ਇਸਤਰੀਆਂ ਨੂੰ ਵੀ ਪੁਰਖਾਂ ਦੇ ਬਰਾਬਰ ਦਾ ਦਰਜਾ ਦਿੱਤਾ ਗਿਆ ਹੈ। ਸਭ ਤੋਂ ਵੱਡੀ ਸਿਖਿਆ ਅਹਿੰਸਾ ਦੇ ਵਰਤ ਦੀ ਪਾਲਣਾ ਹੈ ਜਿਸ ਰਾਹੀਂ ਮਨੁੱਖ ਅੰਦਰ ਅਜਿਹੇ ਸਦਗੁਣਾਂ ਦਾ ਵਿਕਾਸ ਹੋ ਜਾਂਦਾ ਹੈ ਕਿ ਉਹ ਕਰਮਾਂ ਦੇ ਵਾਸਤਵਿਕ ਸਰੂਪ ਨੂੰ ਸਮਝ ਵਿਅਕਤੀਗਤ ਭਾਵਨਾ ਤੋਂ ਉਪਰ ਉਠ ਕੇ ਸਮਸ਼ਟੀ ਦੀ ਭਾਵਨਾ ਨਾਲ ਓਤ ਪ੍ਰੋਤ ਹੋ ਕੇ ਆਪ ਤਾਂ ਚੰਗੇ ਕਰਮ ਕਰਦਾ ਹੀ ਹੈ ਦੂਜਿਆਂ ਨੂੰ ਇਹੀ ਸਿਖਿਆ ਦਿੰਦਾ ਹੈ। ਜੈਨ ਧਰਮ ਵਿਚ ਮੋਕਸ਼ ਪ੍ਰਾਪਤੀ ਦਾ ਅਧਿਕਾਰ ਹਰੇਕ ਜਾਤੀ ਦੇ ਵਿਅਕਤੀ ਨੂੰ ਦਿੱਤਾ ਗਿਆ ਹੈ। ਜਾਤੀ ਆਧਾਰਿਤ ਵੰਡ ਦਾ ਨਿਖੇਧੀ ਕਰਨ ਵਾਲਾ ਜੈਨ ਧਰਮ ਆਪਣੀ ਇਕ ਸੁੰਤਤਰ ਹੋਂਦ ਰੱਖਦਾ ਹੋਇਆ ਸਮਾਜ ਨੂੰ ਪੰਜ ਮਹਾਵਰਤਾਂ ਅਤੇ ਬਾਰ੍ਹਾਂ ਅਣੂਵਰਤਾਂ ਦੀ ਪਾਲਣਾ ਲਈ ਨਿਰੰਤਰ ਪ੍ਰੇਰਿਤ ਕਰਦਾ ਹੈ।

**5.16 ਪੜ੍ਹਣਯੋਗ ਪੁਸਤਕਾਂ**


- ਸਰਬਜਿੰਦਰ ਸਿੰਘ (ਡਾ.), *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ,* ਭਾਗ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
- ਹਰਪਾਲ ਸਿੰਘ ਪੰਨੂੰ, (ਡਾ.),*ਭਾਰਤ ਦੇ ਪੁਰਾਤਨ ਧਰਮ - ਇਕ ਸੰਖੇਪ ਸਰਵੇਖਣ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ , ਪਟਿਆਲਾ 2000

➢ ਪਰਮਵੀਰ ਸਿੰਘ, (ਡਾ.), ਪ੍ਰਦੁਮਨ ਸ਼ਾਹ ਸਿੰਘ (ਡਾ.), ਭਾਰਤ ਦੇ ਪ੍ਰਮੁਖ ਧਰਮ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2016

➢ Bhagat Singh Hira, Semitic Religious Thought and Sikhism, National Book Shop, Delhi, 1992

➢ Gurbachan Singh Talib, An Advanced Book of Religious Studies, Punjabi University Patiala, 1974

➢ S. Stevenson, The Heart of Jainism, Oxford University Press, 1915

**5.17 ਅਭਿਆਸ ਲਈ ਪ੍ਰਸ਼ਨ**

ਵੱਡੇ ਪ੍ਰਸ਼ਨ

1. ਭਗਵਾਨ ਮਹਾਂਵੀਰ ਜੀ ਦੇ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋ?
2. ਜੈਨ ਧਰਮ ਦੇ ਆਰੰਭ ਬਾਰੇ ਤੁਸੀਂ ਕੀ ਜਾਣਦੇ ਹੋ?
3. ਜੈਨ ਧਰਮ ਦੇ ਵਿਕਾਸ ਵਿਚ ਮਹਾਂਵੀਰ ਜੀ ਨੇ ਕੀ ਯੋਗਦਾਨ ਪਾਇਆ?

ਛੋਟੇ ਪ੍ਰਸ਼ਨ

1. ਮਹਾਂਵੀਰ ਸੁਆਮੀ ਦੀਆਂ ਨੈਤਿਕ ਸਿੱਖਿਆਵਾਂ ਦਾ ਵਰਣਨ ਕਰੋ।
2. ਅਪਰਗ੍ਰਿਹ ਮਹਾਂਵਰਤ ਬਾਰੇ ਤੁਸੀਂ ਕੀ ਜਾਣਦੇ ਹੋ
3. ਪੰਜ ਮਹਾਂਵਰਤਾਂ ਦੀ ਵਿਵਸਥਾ ਕਿੰਨਾਂ ਲਈ ਕੀਤੀ ਗਈ ਹੈ?

## Section –B

# ਯੂਨਿਟ-6 ਮਹਾਤਮਾ ਬੁੱਧ ਗਿਆਨ ਦਾ ਪ੍ਰਕਾਸ਼

6.0 ਉਦੇਸ਼

- 6.1 ਜਾਣ-ਪਛਾਣ
- 6.2 ਜਨਮ
- 6.3 ਨਾਮਕਰਣ
- 6.4 ਬਚਪਨ
- 6.5 ਸਿੱਖਿਆ
- 6.6 ਗ੍ਰਹਿਸਥ ਜੀਵਨ
- 6.7 ਪੁੱਤਰ ਦਾ ਜਨਮ ਅਤੇ ਗ੍ਰਹਿ ਤਿਆਗ
- 6.8 ਗਿਆਨ ਦੀ ਖੋਜ ਅਤੇ ਪ੍ਰਾਪਤੀ
- 6.9 ਪਹਿਲਾ ਉਪਦੇਸ (ਧਰਮ ਚੱਕਰ ਪ੍ਰਵਰਤਨ)
- 6.10 ਮਹਾਂਪਰਿਨਿਰਵਾਣ
- 6.11 ਸਿੱਖਿਆਵਾਂ
- 6.12 ਚਾਰ ਮਹਾਨ ਸੱਚਾਈਆਂ
- 6.13 ਅਸ਼ਟਾਂਗ ਮਾਰਗ
- 6.14 ਸਾਰ
- 6.15 ਪੜ੍ਹਣਯੋਗ ਪੁਸਤਕਾਂ
- 6.16 ਅਭਿਆਸ ਲਈ ਪ੍ਰਸ਼ਨ

6.0 ਉਦੇਸ਼- ਪ੍ਰਸਤੁਤ ਯੂਨਿਟ ਦਾ ਉਦੇਸ਼ ਭਾਰਤੀ ਭੂ-ਖੰਡ ਦੀ ਧਰਤੀ ਤੇ ਜਨਮੇ ਬੁੱਧ ਧਰਮ ਦੇ ਪੈਗੰਬਰ ਅਤੇ ਬਾਨੀ ਮਹਾਤਮਾ ਬੁੱਧ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ।

6.1 ਜਾਣ-ਪਛਾਣ ਬੁੱਧ ਧਰਮ ਭਾਰਤੀ ਸ਼੍ਰਮਣਿਕ ਪਰੰਪਰਾ ਦਾ ਭਾਰਤੀ ਮੂਲ ਦਾ ਧਰਮ ਹੈ ਜਿਸ ਦੇ ਮੋਢੀ ਮਹਾਤਮਾ ਬੁੱਧ ਸਨ। ਇਸ ਧਰਮ ਨੂੰ ਅਵੈਦਿਕ ਧਰਮ ਅਤੇ ਨਾਸਤਿਕ ਧਰਮ ਵੀ ਕਿਹਾ ਜਾਂਦਾ ਹੈ ਕਿਉਂਕਿ ਬੁੱਧ ਧਰਮ ਦੇ ਪੈਰੋਕਾਰ ਵੇਦਾਂ ਨੂੰ ਦੈਵੀ ਇਲਹਾਮ ਨਹੀਂ ਮੰਨਦੇ ਅਤੇ ਨਾ ਹੀ ਉਹ ਕਿਸੇ ਅਜਿਹੀ ਪਰਮ-ਸੱਤਾ ਵਿਚ ਵਿਸ਼ਵਾਸ ਰੱਖਦੇ

ਹਨ, ਜਿਹੜੀ ਇਸ ਵਿਅਕਤ ਸੰਸਾਰ ਦੀ ਰਚਨਹਾਰ ਅਤੇ ਪਾਲਨਹਾਰ ਹੋਵੇ। ਉਹ ਮਹਾਤਮਾ ਬੁੱਧ ਨੂੰ ਵੀ ਆਪਣੇ ਧਰਮ ਦਾ ਬਾਨੀ, ਇਕ ਗਿਆਨਵਾਨ ਪੁਰਖ ਅਤੇ ਨਿਰਬਾਣ-ਯੋਗ ਇਕ ਸਤਿਕਾਰਤ ਵਿਅਕਤੀ ਦੇ ਤੌਰ ਤੇ ਮੰਨਦੇ ਹਨ।

6.2 ਜਨਮ

ਬੁੱਧ ਪੂਰਵ ਅਤੇ ਬੁੱਧ ਕਾਲੀਨ ਭਾਰਤ ਜੰਬੂਦੀਪ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਜੰਬੂਦੀਪ ਅਨੇਕਾਂ ਹੀ ਛੋਟੇ ੍ਵੱਡੇ ਰਾਜਾ ਅਤੇ ਰਿਆਸਤਾਂ ਵਿਚ ਵੰਡਿਆ ਹੋਇਆ ਸੀ। ਇਹਨਾਂ ਰਾਜਾਂ ਵਿੱਚੋਂ ਕੁਝ ਵਿਚ ਰਾਜਤੰਤਰ ਅਤੇ ਕੁਝ ਵਿਚ ਗਣਤੰਤਰ ਸੀ। ਇਨ੍ਹਾਂ ਹੀ ਰਾਜਾਂ੍ਰਿਆਸਤਾਂ ਵਿੱਚੋਂ ਇਕ ਰਾਜ ਸੀ ਕਪਿਲਵਸਤੂ, ਜੋ ਨੇਪਾਲ ਦੀ ਕਾਪਤ ਨਦੀ ਦੇ ਕੰਢੇ ਵਸਿਆ ਸੀ। ਇਸ ਰਿਆਸਤ ਤੇ ਸਾਕਯਵੰਸ਼ੀ ਰਾਜਾ ਸ਼ੁਧੋਦਨ ਰਾਜ ਕਰ ਰਹੇ ਸਨ। ਉਨ੍ਹਾਂ ਦੀ ਰਾਣੀ ਦਾ ਨਾਮ ਮਹਾਂਮਾਇਆ ਦੇਵੀ ਸੀ। ਆਨੰਦ ਮਾਣਦੇ ਹੋਏ, ਜੀਵਨ ਬਤੀਤ ਕਰ ਰਹੇ ਸਨ। ਮਹਾਂਮਾਇਆ ਦੇਵੀ ਨੇ ਗਰਭ ਧਾਰਣ ਕਰਨ ਉਪਰੰਤ ਨੌਵੇਂ ਮਹੀਨੇ ਵਿਚ ਬੱਚੇ ਨੂੰ ਜਨਮ ਦੇਣ ਲਈ ਆਪਣੇ ਪੇਕੇ ਜਾਣ ਦੀ ਇੱਛਾ ਸ਼ੁਧੋਦਨ ਪਾਸ ਪ੍ਰਗਟਾਈ। ਸ਼ੁਧੋਦਨ ਨੇ ਉਨ੍ਹਾਂ ਦੀ ਇੱਛਾ ਦਾ ਆਦਰ ਕਰਦੇ ਹੋਏ ਉਨ੍ਹਾਂ ਦੇ ਪੇਕੇ ਜਾਣ ਦਾ ਪ੍ਰਬੰਧ ਕਰਵਾਇਆ ਪਰੰਤੂ ਰਸਤੇ ਵਿਚ ਹੀ ਮਹਾਂਮਾਇਆ ਦੇਵੀ ਨੂੰ ਤਿੱਖਾ ਦਰਦ ਆਰੰਭ ਹੋ ਗਿਆ ਅਤੇ ਉਥੇ ਹੀ ਉਸਨੇ ਲੁੰਬਨੀ ਨਾਮ ਦੇ ਜੰਗਲ ਵਿਚ ਵੈਸਾਖ ਦੀ ਪੂਰਨਮਾਸੀ ਨੂੰ ਵਿਲੱਖਣ ਬਾਲਕ ਨੂੰ ਜਨਮ ਦਿੱਤਾ। ਕਪਿਲਵਸਤੂ ਵਿਚ ਰਾਜ ਕੁਮਾਰ ਦੇ ਜਨਮ ਦੀਆਂ ਹਾਲੇ ਖੁਸ਼ੀਆਂ ਮਨਾਈਆਂ ਜਾ ਰਹੀਆਂ ਸਨ ਕਿ ਬੱਚੇ ਦੇ ਜਨਮ ਦੇ ਸੱਤਵੇਂ ਦਿਨ ਹੀ ਮਹਾਂਮਾਇਆ ਦੇਵੀ ਦਾ ਕਿਸੇ ਬਿਮਾਰੀ ਵਸ ਦੇਹਾਂਤ ਹੋ ਗਿਆ। ਮਹਾਂਮਾਇਆ ਦੇਵੀ ਦੀ ਮੌਤ ਉਪਰੰਤ ਉਸਦੀ ਭੈਣ ਮਹਾਂ ਪਰਜਾਪਤੀ ਗੋਤਮੀ ਨੇ ਬੱਚੇ ਦੇ ਪਾਲਣਾ ਪੋਸ਼ਣ ਦੀ ਜ਼ਿੰਮੇਵਾਰੀ ਲੈ ਲਈ। ਉਸਦਾ ਵਿਆਹ ਵੀ ਸ਼ੁਧੋਦਨ ਨਾਲ ਹੀ ਹੋਇਆ ਸੀ ਤੇ ਉਸਨੇ ਆਪਣੇ ਨਵ੍ਹੇਜਾਤ ਬਾਲਕ ਨੰਦ ਨੂੰ ਕਿਸੇ ਦਾਈ ਦੀ ਦੇਖ੍ਰੇਖ ਹੇਠ ਛੱਡ ਦਿੱਤਾ। ਰਾਜ ਕੁਮਾਰ ਦੇ ਜਨਮ ਦੀ ਖ਼ਬਰ ਸੁਣ ਕੇ ਆਸਿਤ ਨਾਮ ਦੇ ਪ੍ਰਸਿੱਧ ਜੋਤਸ਼ੀ ਜਿਸ ਦੇ ਰਾਜੇ ਨਾਲ ਬਹੁਤ ਗੂੜ੍ਹੇ ਸੰਬੰਧ ਸਨ, ਖ਼ੁਸ਼ ਹੋ ਕੇ ਰਾਜ ਦਰਬਾਰ ਵਿਚ ਪਹੁੰਚੇ। ਬੱਚੇ ਨੂੰ ਦੇਖਣ ਉਪਰੰਤ ਆਸਿਤ ਜੋਤਸ਼ੀ ਪਹਿਲਾਂ ਤਾਂ ਖੁਸ਼ ਹੋਏ ਪਰੰਤੂ ਫਿਰ ਉਦਾਸ ਹੋ ਗਏ। ਰਾਜਾ ਸ਼ੁਧੋਦਨ ਦੁਆਰਾ ਇਸ ਦਾ ਕਾਰਨ ਪੁੱਛੇ ਜਾਣ ਤੇ ਉਹਨਾਂ ਨੇ ਦੱਸਿਆ ਕਿ ਅੱਗੇ ਚੱਲ ਕੇ ਇਹ ਬੱਚਾ ਬੁੱਧ (ਗਿਆਨੀ) ਬਣੇਗਾ, ਇਸ ਕਾਰਨ ਉਹਨਾਂ ਨੂੰ ਖ਼ੁਸ਼ੀ ਹੋਈ ਪਰੰਤੂ ਜਿਸ ਸਮੇਂ ਤਕ ਉਹ ਬੁੱਧ ਬਣੇਗਾ ਅਸੀ ਜਿੰਦਾ ਨਹੀਂ ਹੋਵਾਂਗੇ, ਇਹ ਜਾਣ ਕੇ ਦੁੱਖ ਹੋਇਆ।

6.3 ਨਾਮਕਰਣ

ਜਨਮ ਦੇ ਪੰਜਵੇਂ ਦਿਨ ਬੱਚੇ ਦਾ ਨਾਮ ਸਿਧਾਰਥ (ਸਿੱਧਾਰਥ ਮਨੋਕਾਮਨਾਵਾਂ ਦਾ ਪੂਰਾ ਹੋਣਾ) ਰੱਖਿਆ ਗਿਆ। ਉਹਨਾਂ ਦਾ ਗੋਤਰ ਦਾ ਨਾਂ ਗੋਤਮ ਅਤੇ ਕੁਲ ਦਾ ਨਾਂ ਸ਼ਾਕਿਆ ਸੀ। ਪ੍ਰਾਚੀਨ ਭਾਰਤੀ ਪਰੰਪਰਾ ਅਨੁਸਾਰ ਨਾਮਕਰਣ-ਸਮਾਗਮ ਤੇ ਕਈ ਬ੍ਰਾਹਮਣਾਂ ਪੰਡਿਤਾਂ ਨੂੰ ਬੁਲਾਇਆ ਗਿਆ। ਉਹਨਾਂ ਵਿੱਚੋਂ ਅੱਠ ਪੰਡਿਤ ਜੋਤਸ਼ੀ ਸਨ। ਬੱਚੇ ਦੀ ਵਿਲੱਖਣਤਾ ਨੂੰ ਵੇਖ ਕੇ ਉਨ੍ਹਾਂ ਵਿੱਚੋਂ ਸੱਤ ਨੇ ਦੋ-ਦੋ ਭਵਿੱਖਬਾਣੀਆਂ ਕੀਤੀਆਂ ਕਿ ਜੇਕਰ ਉਹ ਗ੍ਰਹਿਸਥ ਰਿਹਾ ਤਾਂ ਇਕ ਚੱਕਰਵਰਤੀ ਰਾਜਾ ਬਣੇਗਾ ਅਤੇ ਜੇਕਰ ਉਸਨੇ ਗ੍ਰਹਿ ਤਿਆਗ ਦਿੱਤਾ ਤਾਂ ਬੁੱਧ ਬਣੇਗਾ। ਪਰੰਤੂ ਉਨ੍ਹਾਂ ਵਿੱਚੋਂ

ਕੌਂਡਨਯ ਜੋ ਉਮਰ ਵਿਚ ਉਨ੍ਹਾਂ ਸਭ ਤੋਂ ਛੋਟਾ ਸੀ, ਨੇ ਵਿਸ਼ਵਾਸ ਨਾਲ ਦੱਸਿਆ ਕਿ ਇਹ ਬੱਚਾ ਗ੍ਰਹਿ ਤਿਆਗ ਕਰਕੇ ਬੁੱਧ ਹੀ ਬਣੇਗਾ।

6.4 ਬਚਪਨ

ਉਂਝ ਤਾਂ ਬਾਲਕ ਸਿਧਾਰਥ ਜਨਮ ਤੋਂ ਹੀ ਵਿਲੱਖਣ ਸੀ। ਪਰੰਤੂ ਉਹਨਾਂ ਦੇ ਬਚਪਨ ਦੀ ਇਕ ਘਟਨਾ ਜੋ ਹਲ੍ਕਰਸ਼ਣ (ਫ਼ਸਲ ਬੀਜਣ ਦੇ ਆਰੰਭ ਸਮੇਂ ਰਾਜਾ ਦੁਆਰਾ ਆਪ ਖੇਤ ਦੀ ਜੁਤਾਈ ਦਾ ਸਮਾਰੋਹ) ਸਮਾਗਮ ਦੇ ਸਮੇਂ ਵਾਪਰੀ, ਜ਼ਿਕਰਯੋਗ ਹੈ। ਪਰੰਪਰਾ ਦੇ ਅਨੁਸਾਰ ਕਪਿਲਵਸਤੂ ਵਿਚ ਹਰ ਸਾਲ ਫ਼ਸਲਾਂ ਦੀ ਬੀਜਾਈ ਰੁੱਤ ਆਰੰਭ ਹੋਣ ਤੇ ਹਲ੍ ਕਰਸ਼ਣ ਸਮਾਰੋਹ ਕਰਵਾਇਆ ਜਾਂਦਾ ਸੀ, ਜਿਸ ਵਿਚ ਰਾਜਾ ਵੀ ਭਾਗ ਲੈਂਦੇ ਸਨ ਅਤੇ ਖੁਦ ਹਲ ਚਲਾਉਂਦੇ ਸਨ ਤੇ ਇਸ ਸਮੇਂ ਤੇ ਸਾਰੀ ਪਰਜਾ ਇਕੱਠੀ ਹੁੰਦੀ ਸੀ। ਜਦੋਂ ਬਾਲਕ ਸਿਧਾਰਥ ਬਹੁਤ ਛੋਟੇ ਸਨ, ਉਸ ਸਮੇਂ ਇਸ ਸਮਾਰੋਹ ਦਾ ਆਯੋਜਨ ਹੋ ਰਿਹਾ ਸੀ। ਇਸ ਸਮਾਰੋਹ ਤੇ ਸਿਧਾਰਥ ਨੂੰ ਵੀ ਲਿਜਾਇਆ ਗਿਆ। ਜਦੋਂ ਸਮਾਗਮ ਆਪਣੇ ਸਿਖ਼ਰ ਤੇ ਸੀ ਉਸ ਸਮੇਂ ਤੋਂ ਸਿਧਾਰਥ ਦੀ ਦੇਖ੍ਰੇਖ ਕਰ ਰਹੀਆਂ ਦਾਸੀਆਂ ਤੁਰੰਤ ਹੀ ਸਿਧਾਰਥ ਨੂੰ ਇਕ ਦਰੱਖ਼ਤ ਦੀ ਛਾਂ ਹੇਠਾਂ ਛੱਡ ਸਮਾਗਮ ਵਿਚ ਚਲੀਆਂ ਗਈਆਂ। ਜਦੋਂ ਸਾਮ ਨੂੰ ਸਮਾਗਮ ਸਮਾਪਤ ਹੋਇਆ ਤਾਂ ਦਾਸੀਆਂ ਤੁਰੰਤ ਹੀ ਸਿਧਾਰਥ ਵੱਲ ਦੌੜੀਆਂ। ਉਨ੍ਹਾਂ ਨੇ ਵੇਖਿਆ ਕਿ ਬਾਲਕ ਸਿਧਾਰਥ ਆਸਣ ਲਗਾ ਕੇ ਧਿਆਨ ਧਰ ਕੇ ਬੈਠੇ ਹਨ ਅਤੇ ਦਰੱਖ਼ਤ ਦੀ ਛਾਂ ਵੀ ਸਥਿਰ ਹੈ। ਰਾਜੇ ਨੂੰ ਜਦੋ ਇਸ ਗੱਲ ਦੀ ਸੂਚਨਾ ਮਿਲੀ ਤਾਂ ਉਹ ਵੀ ਉਥੇ ਪਹੁੰਚੇ ਅਤੇ ਬਾਲਕ ਨੂੰ ਇਸ ਅਵਸਥਾ ਵਿਚ ਦੇਖ ਕੇ ਸਤਿਕਾਰ ਨਾਲ ਉਨ੍ਹਾਂ ਦਾ ਸਿਰ ਝੁਕ ਗਿਆ।

6.5 ਸਿੱਖਿਆ

ਭਾਵੇਂ ਬਾਲਕ ਸਿਧਾਰਥ ਦੀ ਸਿੱਖਿਆ ਦੇ ਵਿਸ਼ੇ ਬਾਰੇ ਕੋਈ ਵਿਸ਼ੇਸ਼ ਜਾਣਕਾਰੀ ਨਹੀਂ ਮਿਲਦੀ, ਪਰੰਤੂ ਫਿਰ ਵੀ ਰਾਜਕੁਲ ਵਿਚ ਪੈਦਾ ਹੋਣ ਦੇ ਕਾਰਨ ਇਹ ਸੁਭਾਵਿਕ ਹੈ ਕਿ ਉਨ੍ਹਾਂ ਨੂੰ ਹਰ ਪ੍ਰਕਾਰ ਦੀ ਸਿੱਖਿਆ ਮਿਲੀ ਹੋਵੇਗੀ। ਕਿਹਾ ਜਾਂਦਾ ਹੈ ਕਿ ਉਹ ਸ਼ਾਸਤਰ ਅਤੇ ਸ਼ਸਤਰ ਵਿੱਦਿਆ ਵਿਚ ਨਿਪੁੰਨ ਸਨ।

6.6 ਗ੍ਰਹਿਸਥ ਜੀਵਨ

ਸ਼ੁਰੂ ਤੋਂ ਹੀ ਰਾਜਾ ਸ਼ੁਧੋਦਨ ਸਿਧਾਰਥ ਦੇ ਭਵਿੱਖ ਪ੍ਰਤੀ ਕਾਫ਼ੀ ਚਿੰਤਤ ਸਨ। ਉਹਨਾਂ ਨੂੰ ਹਰ ਪਲ ਜੋਤਸ਼ੀਆਂ ਦੀਆਂ ਆਖੀਆਂ ਗੱਲਾਂ ਦੀ ਗੂੰਜ ਸੁਣਾਈ ਦਿੰਦੀ ਸੀ। ਉਹ ਹਰ ਹਾਲਤ ਵਿਚ ਸਿਧਾਰਥ ਨੂੰ ਭਵਿੱਖ ਦੇ ਰਾਜਾ ਦੇ ਰੂਪ ਵਿਚ ਦੇਖਣਾ ਚਾਹੁੰਦੇ ਸਨ। ਇਸ ਲਈ ਮੁੱਢ ਤੋਂ ਹੀ ਉਹਨਾਂ ਦੀ ਸੁਖ੍ਸੁਵਿਧਾ ਦਾ ਪੂਰਾ ਖਿਆਲ ਰੱਖਿਆ ਗਿਆ। ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦੇ ਲਈ ਮੌਸਮ ਦੇ ਅਨੁਕੂਲ ਤਿੰਨ ਮਹਿਲ ਬਣਵਾਏ ਗਏ ਸਨ। ਇਹਨਾਂ ਮਹਿਲਾਂ ਦੇ ਵਿਚ ਇਸਤਰੀ ਦਾਸੀਆਂ ਹਰ ਸਮੇਂ ਉਨ੍ਹਾਂ ਦੀ ਸੇਵਾ ਲਈ ਤਿਆਰ ਖੜੀਆਂ ਰਹਿੰਦੀਆਂ ਸਨ। ਇਸ ਸਮੇਂ ਹੀ ਉਨ੍ਹਾਂ ਦਾ ਵਿਆਹ 16 ਸਾਲ ਦੀ ਉਮਰ ਵਿਚ ਉਨ੍ਹਾਂ ਦੀ ਹਮ ਉਮਰ ਯਸ਼ੋਧਰਾ ਜੋ ਦੰਡਪਾਨੀ ਦੀ ਪੁੱਤਰੀ ਅਤੇ ਰਿਸ਼ਤੇ ਵਿਚ ਸਿਧਾਰਥ ਦੀ ਮਮੇਰੀ ਭੈਣ ਲੱਗਦੀ ਸੀ, ਨਾਲ ਕਰ ਦਿੱਤਾ ਗਿਆ। ਇਸ ਤਰ੍ਹਾਂ ਸੰਸਾਰਕ ਦੁੱਖਾਂ ਤੋਂ ਦੂਰ ਤੇ ਅਣਜਾਣ, ਸਿਧਾਰਥ ਖੁਸ਼ੀ ਨਾਲ ਵਿਵਾਹਿਕ ਜੀਵਨ ਦਾ ਆਨੰਦ ਮਾਣਦੇ ਹੋਏ ਜੀਵਨ ਬਤੀਤ ਕਰਨ ਲੱਗੇ।

6.7 ਪੁੱਤਰ ਦਾ ਜਨਮ ਅਤੇ ਗ੍ਰਹਿ ਤਿਆਗ

ਤੇਰਾਂ ਸਾਲ ਦੇ ਵਿਵਾਹਿਕ ਜੀਵਨ ਵਿਚ ਹਾਲਾਂਕਿ ਸਿਧਾਰਥ ਨੂੰ ਕਿਸੇ ਤਰ੍ਹਾਂ ਦੀਆਂ ਕਠਿਨਾਈਆਂ ਦਾ ਸਾਹਮਣਾ ਨਹੀਂ ਕਰਨਾ ਪਿਆ, ਪਰੰਤੂ ਫਿਰ ਵੀ ਉਨ੍ਹਾਂ ਦਾ ਮਨ ਇਸ ਸੰਸਾਰਕ ਜੀਵਨ ਵਿਚ ਨਹੀਂ ਲੱਗਿਆ। ਇਕ ਦਿਨ ਉਹਨਾਂ ਨੇ ਆਪਣੇ ਸਾਰਥੀ ਚੰਨ ਨੂੰ ਬਗੀਚੇ ਵਿਚ ਜਾਣ ਦੀ ਇੱਛਾ ਪ੍ਰਗਟ ਕੀਤੀ। ਰਸਤੇ ਵਿਚ ਉਨ੍ਹਾਂ ਨੂੰ ਇਕ੍ ਇਕ ਕਰਕੇ ਚਾਰ

ਦ੍ਰਿਸ਼ ਦਿਖਾਈ ਦਿੱਤੇ। ਇਹ ਸਨ ੍ ਇਕ ਬਹੁਤ ਹੀ ਬੁੱਢਾ ਵਿਅਕਤੀ, ਇਕ ਰੋਗੀ ਵਿਅਕਤੀ, ਇਕ ਮ੍ਰਿਤਕ ਦੇਹ ਨੂੰ ਲੈ ਕੇ ਜਾਂਦੇ ਲੋਕ ਅਤੇ ਇਕ ਸੰਨਿਆਸੀ ਜੋ ਬਹੁਤ ਹੀ ਪ੍ਰਸੰਨ ਮੁਦਰਾ ਵਿਚ ਤੇਜ਼੍ਕਦਮ ਚੱਲ ਰਿਹਾ ਸੀ। ਕਿਉਂ ਕਿ ਇਹ ਸਾਰਾ ਕੁਝ ਸਿਧਾਰਥ ਨੇ ਪਹਿਲੀ ਵਾਰ ਦੇਖਿਆ ਸੀ ਇਸ ਲਈ ਉਸ ਨੇ ਚੰਨ ਤੋਂ ਇਨ੍ਹਾਂ ਬਾਰੇ ਪੁੱਛਿਆ। ਜੀਵਨ ਦੀ ਵਾਸਤਵਿਕਤਾ ਨੂੰ ਪਹਿਲੇ ਤਿੰਨ ਦ੍ਰਿਸ਼ਾਂ ਦੁਆਰਾ ਅਨੁਭਵ ਕਰਕੇ ਸਿਧਾਰਥ ਨੂੰ ਇਹ ਵਿਸ਼ਵਾਸ ਹੋ ਗਿਆ ਕਿ ਇਹ ਸੰਸਾਰਿਕ ਸੁੱਖ ਥੋੜ ਚਿਰੇ ਹਨ ਅਤੇ ਜੀਵਨ ਦੁੱਖਾਂ ਦਾ ਪੁੰਜ ਹੈ। ਚੌਥੇ ਦ੍ਰਿਸ਼ ਨੇ ਉਨ੍ਹਾਂ ਨੂੰ ਅਹਿਸਾਸ ਕਰਵਾਇਆ ਕਿ ਮੁਕਤੀ ਦਾ ਮਾਰਗ ਗ੍ਰਹਿ ਤਿਆਗ ਕਰਕੇ ਹੀ ਮਿਲ ਸਕਦਾ ਹੈ। ਸਿਧਾਰਥ ਦਾ ਮਨ ਹਾਲੇ ਇਨ੍ਹਾਂ ਸਭ ਗੱਲਾਂ ਵਿਚ ਹੀ ਉਲਝਿਆ ਹੋਇਆ ਸੀ ਕਿ ਉਨ੍ਹਾਂ ਨੂੰ ਪੁੱਤਰ ਦੀ ਪ੍ਰਾਪਤੀ ਦੀ ਸੂਚਨਾ ਮਿਲੀ। ਇਹ ਜਾਣ ਕੇ ਕਿ ਉਹਨਾਂ ਨੂੰ ਪੁੱਤਰ ਰਤਨ ਦੀ ਪ੍ਰਾਪਤੀ ਹੋਈ ਹੈ, ਖ਼ੁਸ਼ ਹੋਣ ਦੀ ਬਜਾਇ ਉਹਨਾਂ ਦੇ ਮੂੰਹ ਤੇ ਇਹੋ ਵਾਕ ਨਿਕਲਿਆ ਕਿ ਰਾਹੁ (ਬੰਧਨ) ਪੈਦਾ ਹੋਇਆ ਹੈ ਅਤੇ ਇਸ ਅਨੁਸਾਰ ਹੀ ਰਾਜਾ ਸ਼ੁਧੋਦਨ ਨੇ ਬੱਚੇ ਦਾ ਨਾਮ ਰਾਹੁਲ ਰੱਖ ਦਿੱਤਾ। ਸਿਧਾਰਥ ਦਾ ਦੁਖੀ ਮਨ ਇਨ੍ਹਾਂ ਗੱਲਾਂ ਵਿਚ ਰਮਣ ਵਾਲਾ ਨਹੀਂ ਸੀ। ਉਨ੍ਹਾਂ ਨੇ ਨਿਸਚਾ ਕੀਤਾ ਕਿ ਦੁੱਖਾਂ ਤੋਂ ਮੁਕਤੀ ਦਾ ਉਪਾਅ ਲੱਭਣ ਲਈ ਗ੍ਰਹਿ ਤਿਆਗ ਕਰਨਾ ਹੈ। ਇੱਕ ਦਿਨ ਅੱਧੀ ਰਾਤ ਨੂੰ ਉਨ੍ਹਾਂ ਆਪਣੇ ਸਾਰਥੀ ਚੰਨ ਨੂੰ ਰਥ ਤਿਆਰ ਕਰਨ ਲਈ ਕਿਹਾ ਅਤੇ ਖੁਦ ਯਸ਼ੋਧਰਾ ਦੇ ਕਮਰੇ ਵੱਲ ਚੱਲ ਪਏ। ਉਨ੍ਹਾਂ ਦਾ ਮਨ ਗ੍ਰਹਿ ਤਿਆਗ ਤੋਂ ਪਹਿਲਾਂ ਪੁੱਤਰ ਨੂੰ ਦੇਖਣ ਵਿਚ ਸੀ। ਪਰੰਤੂ ਯਸ਼ੋਧਰਾ ਜਾਗ ਨਾ ਜਾਵੇ, ਇਸ ਡਰ ਕਾਰਨ ਉਹ ਦਰਵਾਜ਼ੇ ਤੋਂ ਹੀ ਦੋਹਾਂ ਨੂੰ ਸੁੱਤੇ ਹੋਇਆਂ ਵੇਖ ਕੇ ਵਾਪਸ ਆ ਗਏ ਉਹ ਉਸ ਸਮੇਂ ਹੀ ਗ੍ਰਹਿ ਤਿਆਗ ਕਰਕੇ ਗਿਆਨ ਦੀ ਖੋਜ ਲਈ ਚੱਲ ਪਏ।

6.8 ਗਿਆਨ ਦੀ ਖੋਜ ਅਤੇ ਪ੍ਰਾਪਤੀ

ਜਿਸ ਸਮੇਂ ਸਿਧਾਰਥ ਨੇ ਗ੍ਰਹਿ ਤਿਆਗ ਕੀਤਾ ਉਸ ਸਮੇਂ ਉਸਦੀ ਉਮਰ 29 ਸਾਲ ਦੀ ਸੀ। ਸਾਰੀਆਂ ਸੰਸਾਰਿਕ ਸੁੱਖ੍ਸੁਵਿਧਾਵਾਂ ਦਾ ਆਦੀ ਰਾਜ ਕੁਮਾਰ ਸਿਧਾਰਥ ਹੁਣ ਇਕ ਸੰਨਿਆਸੀ ਬਣ ਚੁੱਕਿਆ ਸੀ। ਉਸਨੇ ਅਨੋਮਾ ਨਦੀ ਤੇ ਪਹੁੰਚ ਕੇ ਆਪਣਾ ਸਾਰਾ ਰਾਜਸੀ ਲਿਬਾਸ ਉਤਾਰ ਕੇ ਚੰਨ ਨੂੰ ਸੌਂਪ ਦਿੱਤਾ ਅਤੇ ਉਸਨੂੰ ਵਾਪਸ ਜਾਣ ਨੂੰ ਕਿਹਾ। ਆਪ ਗਿਆਨ ਦੀ ਖੋਜ ਵਿਚ ਇੱਧਰ੍ਉੱਧਰ ਘੁੰਮਦੇ ਰਹੇ। ਸਭ ਤੋਂ ਪਹਿਲਾਂ ਉਨ੍ਹਾਂ ਦੀ ਮੁਲਾਕਾਤ ਰਾਜਗ੍ਰਹਿ ਵਿਚ ਅਲਾਰ ਕਲਾਮ ਨਾਲ ਹੋਈ, ਜੋ ਉਸੇ ਸਮੇਂ ਦੇ ਪ੍ਰਸਿੱਧ ਆਚਾਰੀਆ ਵਿੱਚੋਂ ਇਕ ਸਨ। ਸਿਧਾਰਥ ਨੇ ਕੁਝ ਦਿਨ ਉਹਨਾਂ ਦੇ ਨਾਲ ਰਹਿ ਕੇ ਸਾਧਨਾ ਕਰਨੀ ਸਿੱਖੀ। ਪਰੰਤੂ ਉਸ ਤੋਂ ਉਹ ਸੰਤੁਸ਼ਟ ਨਾ ਹੋਏ ਅਤੇ ਫਿਰ ਕਿਸੇ ਹੋਰ ਬਿਹਤਰ ਆਚਾਰੀਆ ਦੀ ਖੋਜ ਵਿਚ ਭਟਕਦੇ (ਘੁੰਮਦੇ) ਰਹੇ। ਛੇਤੀ ਹੀ ਉਨ੍ਹਾਂ ਦੀ ਮੁਲਾਕਾਤ ਇਕ ਹੋਰ ਆਚਾਰੀਆ ਉਦੱਕ ਰਾਜ ਪੁੱਤਰ ਨਾਲ ਹੋਈ। ਉਨ੍ਹਾਂ ਤੋਂ ਵੀ ਉਨ੍ਹਾਂ ਨੇ ਉਸ ਅਵਸਥਾ ਤਕ ਪਹੁੰਚਣਾ ਸਿੱਖਿਆ, ਜਿਸ ਨੂੰ ਉਹ ਹੁਣ ਤਕ ਜਾਣ ਨਹੀਂ ਸਕੇ ਸਨ। ਪਰੰਤੂ ਇੱਥੇ ਵੀ ਉਨ੍ਹਾਂ ਨੂੰ ਨਿਰਾਸ਼ਾ ਹੀ ਹੱਥ ਲੱਗੀ ਅਤੇ ਉਹ ਉਨ੍ਹਾਂ ਦਾ ਸਾਥ ਛੱਡ ਕੇ ਉਰੁਵੇਲਾ (ਵਰਤਮਾਨ ਬੋਧਗਯਾ) ਵੱਲ ਚੱਲ ਪਏ। ਤਤਕਾਲੀ ਮਗਧ ਰਾਜ ਵਿਚ ਸਥਿਤ ਉਰੁਵੇਲਾ ਜੋ ਨਿਰੰਜਨਾ (ਵਰਤਮਾਨ ਫਲਗੂ) ਨਦੀ ਦੇ ਕੰਢੇ ਸਥਿਤ ਸੀ, ਧਿਆਨ ਕਰਨ ਲਈ ਉਨ੍ਹਾਂ ਨੂੰ ਢੁਕਵਾਂ ਸਥਾਨ ਲੱਗਿਆ। ਅੰਤ ਉਨਾਂ ਨੇ ਉੱਥੇ ਹੀ ਰਹਿ ਕੇ ਗਿਆਨ ਪ੍ਰਾਪਤੀ ਕਰਨ ਦਾ ਨਿਸ਼ਚਾ ਕੀਤਾ।

ਸਿਧਾਰਥ ਦੇ ਨਾਲ ਹੀ ਮੁਕਤੀ ਦੀ ਭਾਲ ਵਿਚ ਹੋਰ ਪੰਜ ਸੰਨਿਆਸੀ ਵੀ ਉਨ੍ਹਾਂ ਦੇ ਨਾਲ ਰਲ ਗਏ, ਜਿਨ੍ਹਾਂ ਵਿੱਚੋਂ ਇਕ ਕੌਂਡਨਯ ਸੀ, ਜਿਸ ਨੇ ਉਨ੍ਹਾਂ ਦੇ ਬੁੱਧ ਬਣਨ ਦੀ ਭਾਵਿਖਬਾਣੀ ਕੀਤੀ ਸੀ। ਇਹਨਾਂ ਸਭ ਨਾਲ ਮਿਲ ਕੇ ਸਿਧਾਰਥ ਨੇ ਕਠਿਨ ਸਾਧਨਾ ਆਰੰਭ ਕਰ ਦਿੱਤੀ। ਇੱਥੇ ਤੱਕ ਕਿ ਪੂਰਨ ਰੂਪ ਵਿਚ ਅੰਨ ਤਿਆਗ ਕਰ ਦਿੱਤਾ। ਉਹ ਇੰਨੇ ਕਮਜ਼ੋਰ

ਹੋ ਗਏ ਕਿ ਜਿਉਣਾ ਮੁਸ਼ਕਿਲ ਹੋ ਗਿਆ। ਫਿਰ ਵੀ ਗਿਆਨ ਦੀ ਪ੍ਰਾਪਤੀ ਨਹੀਂ ਹੋਈ। ਸਿਧਾਰਥ ਨੂੰ ਹੁਣ ਤਕ ਦੇ ਅਨੁਭਵਾਂ ਤੋਂ ਇਹ ਵਿਸਵਾਸ ਹੋ ਗਿਆ ਸੀ ਕਿ ਨਾ ਹੀ ਸੰਸਾਰਿਕ ਸੁੱਖਾਂ ਵਿਚ ਲੀਨ ਹੋ ਕੇ ਅਤੇ ਨਾ ਹੀ ਕਠੋਰ ਤਪੱਸਿਆ ਨਾਲ ਸੰਸਾਰਿਕ ਦੁੱਖਾਂ ਤੋਂ ਮੁਕਤੀ ਪਾਈ ਜਾ ਸਕਦੀ ਹੈ। ਉਨ੍ਹਾਂ ਨੇ ਸਭ ਪ੍ਰਕਾਰ ਦੀਆਂ ਕਠੋਰ ਤਪੱਸਿਆਵਾਂ ਦਾ ਤਿਆਗ ਕਰਕੇ ਮੱਧਮਾਰਗ ਅਪਨਾਉਣ ਦਾ ਨਿਸ਼ਚਾ ਕੀਤਾ। ਉਨ੍ਹਾਂ ਨੇ ਆਪਣੇ ਸਰੀਰ ਨੂੰ ਜੀਵਤ ਰੱਖਣ ਲਈ ਥੋੜ੍ਹਾਥੋੜ੍ਹਾ ਖਾਣਾ ਆਰੰਭ ਕਰ ਦਿੱਤਾ। ਉਨ੍ਹਾਂ ਦੇ ਇਸ ਕਾਰਜ ਨੂੰ ਵੇਖ ਕੇ ਕਿ ਸਿਧਾਰਥ ਹੁਣ ਪੱਥਭ੍ਰਸ਼ਟ ਹੋ ਗਏ ਹਨ, ਉਨ੍ਹਾਂ ਦੇ ਪੰਜ ਸੰਨਿਆਸੀ ਸਾਥੀ ਵੀ ਸਾਥ ਛੱਡ ਕੇ ਉਥੋਂ ਚੱਲੇ ਗਏ।

ਇਕ ਦਿਨ ਸਵੇਰੇ ਜਦੋਂ ਸਿਧਾਰਥ ਦਰੱਖ਼ਤ ਦੇ ਹੇਠਾਂ ਬੈਠੇ ਸਨ, ਉਸ ਸਮੇਂ ਸੈਨਾਨੀ ਗ੍ਰਾਮ ਨਿਵਾਸੀ ਸੁਜਾਤਾ ਨਾਮ ਦੀ ਔਰਤ ਨੇ ਉਨ੍ਹਾਂ ਨੂੰ ਸੰਨਿਆਸੀ ਜਾਣ ਕੇ ਖੀਰ ਖਾਣ ਲਈ ਦਿੱਤੀ। ਖੀਰ ਖਾਣ ਤੋਂ ਬਾਅਦ ਸ਼ਾਮ ਤੱਕ ਉੱਥੇ ਹੀ ਸਾਧਨਾ ਕੀਤੀ। ਸ਼ਾਮ ਹੋਣ ਤੇ ਸਿਧਾਰਥ ਉਸ ਵੱਡੇ ਪਿੱਪਲ ਦੇ ਦਰੱਖ਼ਤ ਵੱਲ ਤੁਰ ਪਏ, ਜਿਸ ਦੀ ਛਾਂ ਹੇਠਾਂ ਉਨ੍ਹਾਂ ਨੂੰ ਗਿਆਨ ਦੀ ਪ੍ਰਾਪਤੀ ਹੋਈ। ਰਸਤੇ ਵਿਚ ਉਨ੍ਹਾਂ ਨੂੰ ਸੋਤਥੀਯ ਨਾਮ ਦਾ ਇਕ ਘਸਿਆਰਾ ਮਿਲਿਆ। ਉਸ ਤੋਂ ਘਾਹ ਗ੍ਰਹਿਣ ਕਰਕੇ ਪਿੱਪਲ (ਬੋਧੀ ਬ੍ਰਿਛ) ਦੇ ਹੇਠਾਂ ਆਸਣ ਬਣਾ ਕੇ ਇਸ ਸੰਕਲਪ ਦੇ ਨਾਲ ਬੈਠ ਗਏ ਕਿ ਹੁਣ ਜਦੋਂ ਤਕ ਗਿਆਨ ਦੀ ਪ੍ਰਾਪਤ ਨਹੀਂ ਹੁੰਦੀ, ਉਦੋਂ ਤਕ ਉਹ ਉਥੋਂ ਉਠਣਗੇ ਨਹੀਂ। ਹੌਲੀ੍ਹੌਲੀ ਸਿਧਾਰਥ ਧਿਆਨ ਦੀਆਂ ਭਿੰਨ੍ਭਿੰਨ ਅਵਸਥਾਵਾਂ ਪਾਰ ਕਰਕੇ ਉਸ ਅਵਸਥਾ ਵਿਚ ਪਹੁੰਚ ਗਏ, ਜਿਥੋਂ ਉਹ ਹੁਣ ਤਕ ਹੋਏ ਸਾਰੇ ਪੂਰਬ ਜਨਮਾਂ ਨੂੰ ਜਾਣਨ ਲਈ ਸਫ਼ਲ ਹੋਏ। ਉਸ ਸਮੇਂ ਉਨ੍ਹਾਂ ਨੂੰ ਦਿਵ੍ਯਿਆਨ ਦੀ ਪ੍ਰਾਪਤੀ ਹੋਈ, ਜਿਸ ਨਾਲ ਉਹਨਾਂ ਨੇ ਸਾਰੇ ਲੋਕਾਂ ਦੇ ਜੀਵਨ ਦੇ ਦੁੱਖਾਂ ਦੇ ਕਾਰਨ ਨੂੰ ਜਾਣਿਆ। ਇਸ ਪ੍ਰਕਾਰ ਉਨ੍ਹਾਂ ਨੂੰ ਵੈਸਾਖ ਦੀ ਪੂਰਨਮਾਸ਼ੀ ਦੇ ਦਿਨ 35 ਸਾਲ ਦੀ ਉਮਰ ਵਿਚ ਸੱਚੇ ਗਿਆਨ ਦੀ ਪ੍ਰਾਪਤੀ ਹੋਈ ਅਤੇ ਉਹ ਸਿਧਾਰਥ ਤੋਂ ਬੁੱਧ (ਜਾਨਣ ਵਾਲਾ, ਗਿਆਨੀ) ਬਣ ਗਏ। ਗਿਆਨ ਪ੍ਰਾਪਤੀ ਦੇ ਬਾਅਦ ਸੱਤ ਹਫ਼ਤੇ ਉਨ੍ਹਾਂ ਨੇ ਉਸੇ ਬੋਧੀ ਬ੍ਰਿਛ ਦੇ ਨੇੜ੍ਹੇਤੇੜੇ ਹੀ ਧਿਆਨ੍ਹਸ ਰਹਿੰਦੇ ਹੋਏ ਵਿਮੁਕਤੀ ਸੁੱਖ ਦਾ ਆਨੰਦ ਮਾਣਿਆ। ਇਸੇ ਦੌਰਾਨ ਉਨ੍ਹਾਂ ਦੀ ਮੁਲਾਕਾਤ ਉਥੋਂ ਲੰਘਣ ਵਾਲੇ ਦੋ ਉੜੀਸਾ ਦੇ ਵਪਾਰੀਆਂ (ਤਿਪੱਸੂ ਤੇ ਭੱਲਿਕ, ਵਪਾਰੀ) ਨਾਲ ਹੋਈ। ਉਨ੍ਹਾਂ ਵਪਾਰੀਆਂ ਤੋਂ ਬੁੱਧ ਨੇ ਦਹੀਂ ਅਤੇ ਗੁੜ ਗ੍ਰਹਿਣ ਕੀਤਾ ਅਤੇ ਉਨ੍ਹਾਂ ਦੋਵੇਂ ਵਪਾਰੀਆਂ ਨੂੰ ਆਪਣੇ ਪਹਿਲੇ ਸ਼ਿਸ਼ ਬਣਾਇਆ ।

6.9 ਪਹਿਲਾ ਉਪਦੇਸ (ਧਰਮ ਚੱਕਰ ਪ੍ਰਵਰਤਨ)

ਸ਼ੁਰੂ ਵਿਚ ਬੁੱਧ ਨੂੰ ਇਹ ਦੁਵਿਧਾ ਸੀ ਕਿ ਆਪਣੇ ਗਿਆਨ ਦਾ ਉਪਦੇਸ਼ ਲੋਕਾਂ ਨੂੰ ਕਰਾਂ ਜਾਂ ਨਾ ਕਰਾਂ। ਪਰੰਤੂ ਛੇਤੀ ਹੀ ਉਨ੍ਹਾਂ ਉਪਦੇਸ਼ ਕਰਨ ਦਾ ਵਿਚਾਰ ਬਣਾਇਆ। ਇਸ ਉਪਰੰਤ ਉਹਨਾਂ ਨੇ ਮਨ ਵਿਚ ਆਪਣੇ ਪਹਿਲੇ ਆਚਾਰੀਆ ਅਲਾਰ ਕਲਾਮ ਅਤੇ ਉਦੱਕ ਰਾਮਪੁੱਤਰ ਨੂੰ ਉਪਦੇਸ਼ ਕਰਨ ਦਾ ਨਿਸ਼ਚਾ ਕੀਤਾ, ਕਿਉਂ ਕਿ ਉਹ ਦੋਵੇਂ ਹੀ ਉਹਨਾਂ ਦੇ ਧਰਮ ਨੂੰ ਆਸਾਨੀ ਨਾਲ ਅਪਣਾ ਸਕਦੇ ਸਨ। ਪਰ ਉਹ ਦੋਵੇਂ ਹੁਣ ਜੀ ਵਿਤ ਨਹੀਂ ਸਨ। ਇਸ ਕਰਕੇ ਉਨ੍ਹਾਂ ਨੇ ਆਪਣੇ ਉਨ੍ਹਾਂ ਪੰਜ ਸਾਥੀਆਂ ਨੂੰ ਉਪਦੇਸ਼ ਦੇਣ ਦਾ ਨਿਰਣਾ ਕੀਤਾ, ਜੋ ਉਨ੍ਹਾਂ ਦਾ ਸਾਥ ਛੱਡ ਕੇ ਚੱਲੇ ਗਏ ਸਨ।

ਬੁੱਧ ਉਰੁਵੇਲਾ ਤੋਂ ਚਲ ਕੇ ਰਿਸ਼ੀਪਤਨ ਮਿਰਗਵਾਦ (ਵਰਤਮਾਨ ਸਾਰਨਾਥ) ਪਹੁੰਚੇ। ਉੱਥੇ ਪਹੁੰਚ ਕੇ ਉਨ੍ਹਾਂ ਨੇ ਪੰਜ ਸੰਨਿਆਸੀਆਂ ਨੂੰ ਆਪਣਾ ਪਹਿਲਾ ਉਪਦੇਸ ਦਿੱਤਾ ਜੋ ਬੁੱਧ ਧਰਮ ਵਿਚ ਧਰਮ ਚੱਕਰ ਪ੍ਰਵਰਤਨ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਧਰਮ ਉਪਦੇਸ ਦੇ ਬਾਅਦ ਉਨ੍ਹਾਂ ਪੰਜਾਂ ਨੇ ਨਿਰਵਾਣ ਪ੍ਰਾਪਤ ਕੀਤਾ। ਬੁੱਧ ਨੇ ਸਾਰਨਾਥ (ਬਨਾਰਸੀ) ਵਿਚ ਰਹਿੰਦੇ ਹੋਏ ਪ੍ਰਸਿੱਧ ਸੇਠ ਪੁੱਤਰ ਯਸ਼ ਅਤੇ ਉਸਦੇ ਚਾਰ ਹੋਰ ਮਿੱਤਰਾਂ ਨੂੰ ਪ੍ਰਭਾਵਿਤ ਕਰਕੇ ਧਰਮ

ਵਿਚ ਸ਼ਾਮਿਲ ਕੀਤਾ। ਇਨ੍ਹਾਂ ਸਾਰੇ ਸੱਠ ਅਰਹਤ ਭਿਖਸ਼ੂਆਂ ਨੂੰ ਇਕੱਠੇ ਕਰਕੇ ਉਨ੍ਹਾਂ ਨੂੰ ਭਿੰਨ੍ਭਿੰਨ ਦਿਸ਼ਾਵਾਂ ਵਿਚ ਧਰਮ ਪ੍ਰਚਾਰ ਲਈ ਭੇਜ ਕੇ ਆਪ ਵੀ ਮਗਧ ਰਾਜ ਵੱਲ ਚੱਲ ਪਏ।

ਵਾਪਸ ਉਰਵੇਲਾ ਪਹੁੰਚ ਕੇ ਬੁੱਧ ਨੇ ਅਗਨੀਪੂਜਕ ਕਾਸ਼ਯਪ ਬ੍ਰਾਹਮਣ ਭਰਾਵਾਂ ਨੂੰ ਉਨ੍ਹਾਂ ਦੇ ਇਕ ਹਜ਼ਾਰ ਅਨੁਆਈਆਂ ਸਮੇਤ ਆਪਣੇ ਧਰਮ ਵਿਚ ਸ਼ਾਮਿਲ ਕੀਤਾ। ਉਸ ਸਮੇਂ ਉਹ ਰਾਜਗ੍ਰਹਿ ਆ ਕੇ ਮਗਧ ਦੇ ਰਾਜਾ ਬਿੰਬੀਸਾਰ ਨੂੰ ਮਿਲੇ ਅਤੇ ਉਸ ਨੂੰ ਵੀ ਆਪਣੇ ਧਰਮ ਵਿਚ ਸ਼ਾਮਿਲ ਕਰ ਲਿਆ। ਬਿੰਬੀਸਾਰ ਨੇ ਰਾਜਗ੍ਰਹਿ ਸਥਿਤ ਵੇਣੁਵੰਨ ਬੁੱਧ ਨੂੰ ਦਾਨ ਵਜੋਂ ਦਿੱਤਾ ਤੇ ਉਨ੍ਹਾਂ ਨੇ ਇਸ ਨੂੰ ਸਵੀਕਾਰ ਕੀਤਾ। ਰਾਜ ਗ੍ਰਹਿ ਵਿਚ ਹੀ ਬੁੱਧ ਦੇ ਵਖਿਆਣ ਉਪਤਿਸਯ, ਕੋਲਿਕ, ਸਾਰਿਪੁੱਤਰ ਤੇ ਮੋਦਗਲਯਾਨ ਨਾਲ ਹੋਏ ਜੋ ਅੱਗੇ ਚੱਲ ਕੇ ਬੁੱਧ ਦੇ ਪ੍ਰਧਾਨ ਸ਼ਿਸ਼ਾਂ ਵਜੋਂੇ ਪ੍ਰਸਿੱਧ ਹੋਏ। ਜਦੋਂ ਰਾਜਾ ਬੁੱਧ ਬਣ ਗਿਆ ਹੈ ਅਤੇ ਰਾਜਗ੍ਰਹਿ ਵਿਚ ਰਹਿ ਰਿਹਾ ਹੈ ਤਾਂ ਉਨ੍ਹਾਂ ਨੇ ਸਿਧਾਰਥ ਦੇ ਬਚਪਨ ਦੇ ਇਕ ਮਿੱਤਰ ਕਾਲੁਦਾਇਨ ਨੂੰ ਉਨ੍ਹਾਂ ਨੂੰ ਬੁਲਾਉਣ ਲਈ ਭੇਜਿਆ। ਰਾਜਾ ਸ਼ੁਧੋਦਨ ਦੇ ਸੱਦੇ ਤੇ ਬੁੱਧ ਕਪਿਲਵਸਤੂ ਆਏ। ਉੱਥੇ ਆਪਣੇ ਪਿਤਾ ਸਮੇਤ ਬਹੁਤ ਸਾਰੇ ਲੋਕਾਂ ਨੂੰ ਧਰਮ ਉਪਦੇਸ ਦਿੱਤਾ। ਕਈ ਸ਼ਾਕਯਵੰਸੀ ਰਾਜ ਕੁਮਾਰ ਉਨ੍ਹਾਂ ਦੇ ਸ਼ਿਸ਼ ਬਣੇ। ਉਹ ਯਸ਼ੋਧਰਾ ਨੂੰ ਵੀ ਮਿਲਣ ਉਨ੍ਹਾਂ ਦੇ ਮਹਿਲ ਗਏ। ਯਸ਼ੋਧਰਾ ਨੇ ਆਪਣੇ ਸੱਤ ਸਾਲ ਦੇ ਪੁੱਤਰ ਨੂੰ ਉਨ੍ਹਾਂ ਨੂੰ ਸੌਂਪ ਦਿੱਤਾ। ਬੁੱਧ ਧਰਮ ਦੇ ਇਤਿਹਾਸ ਵਿਚ ਰਾਹੁਲ ਪਹਿਲਾ ਭਿਖਸ਼ੂ ਬਣਿਆ। ਇਸ ਤੋਂ ਬਾਅਦ ਉਨ੍ਹਾਂ ਨੇ ਪੂਰੇ ਜੰਬੂਦੀਪ ਵਿਚ ਘੁੰਮ ਕੇ ਆਪਣਾ ਧਰਮ ਪ੍ਰਚਾਰ ਜਾਰੀ ਰੱਖਿਆ।

ਕੁਝ ਸਾਲਾਂ ਬਾਅਦ ਆਪਣੇ ਪਿਤਾ ਸ਼ੁਧੋਦਨ ਦੀ ਬਿਮਾਰੀ ਦੀ ਖ਼ਬਰ ਸੁਣ ਕੇ ਦੁਬਾਰਾ ਕਪਿਲਵਸਤੂ ਆਏ ਅਤੇ ਪਿਤਾ ਨਾਲ ਮੁਲਾਕਾਤ ਕੀਤੀ। ਇਸ ਤੇ ਕੁਝ ਦਿਨ ਬਾਅਦ ਰਾਜਾ ਸ਼ੁਧੋਦਨ ਦੀ ਮੌਤ ਹੋ ਗਈ। ਉਨ੍ਹਾਂ ਦੀ ਮੌਤ ਤੋਂ ਦੁਖੀ ਹੋ ਕੇ ਮਹਾਪਰਜਾਪਤੀ ਗੋਤਮੀ ਨੇ ਕਈ ਸ਼ਾਕਯ ਇਸਤਰੀਆਂ ਨੂੰ ਨਾਲ ਸੰਘ ਵਿਚ ਸ਼ਾਮਿਲ ਹੋਣ ਦੀ ਇੱਛਾ ਪ੍ਰਗਟ ਕੀਤੀ । ਪਰੰਤੂ ਬੁੱਧ ਨੇ ਇਸਤਰੀਆਂ ਨੂੰ ਸੰਘ ਵਿਚ ਸ਼ਾਮਿਲ ਹੋਣ ਤੋਂ ਮਨਾ ਕਰ ਦਿੱਤਾ। ਉਹਨਾਂ ਦਾ ਮੰਨਣਾ ਸੀ ਕਿ ਜੇਕਰ ਇਸਤਰੀਆਂ ਨੂੰ ਸੰਘ ਵਿਚ ਸ਼ਾਮਿਲ ਕਰ ਲਿਆ ਤਾਂ ਹਜ਼ਾਰਾਂ ਸਾਲਾਂ ਤਕ ਚੱਲਣ ਵਾਲਾ ਧਰਮ ਪੰਜ ਸੌ ਸਾਲ ਤਕ ਵੀ ਨਹੀਂ ਚੱਲ ਸਕੇਗਾ। ਪ੍ਰੰਤੂ ਇਕ ਵਾਰ ਜਦੋਂ ਬੁੱਧ ਵੈਸ਼ਾਲੀ ਸਥਿਤ ਮਹਾਂਵਨ ਮਹਾਂ ਵਿਚਾਰ ਵਿਚ ਨਿਵਾਸ ਕਰ ਰਹੇ ਸਨ, ਉਸ ਸਮੇਂ ਮਹਾਂਪਰਜਾਪਤੀ ਗੋਤਮੀ ਉੱਥੇ 500 ਸ਼ਾਕਯ ਇਸਤਰੀਆਂ ਦੇ ਨਾਲ ਪਹੁੰਚ ਗਈ ਤੇ ਬੁੱਧ ਅੱਗੇ ਸੰਘ ਵਿਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ। ਬੁੱਧ ਦੇ ਇਕ ਵਾਰ ਹੋਰ ਮਨਾਂ ਕਰਨ ਤੇ ਉਹ ਆਨੰਦ ਕੋਲ ਚਲੀ ਗਈ। ਫਿਰ ਆਨੰਦ ਦੇ ਕਹਿਣ ਤੇ ਬੁੱਧ ਨੇ ਇਸਤਰੀਆਂ ਨੂੰ ਸੰਘ ਵਿਚ ਸ਼ਾਮਿਲ ਕਰ ਲਿਆ।

ਆਨੰਦ ਬੁੱਧ ਦੇ ਚਚੇਰੇ ਭਰਾ ਸਨ ਅਤੇ ਉਨ੍ਹਾਂ ਦੇ ਸਭ ਤੇ ਪਿਆਰੇ ਸ਼ਿਸ਼ਾਂ ਵਿੱਚੋਂ ਸਨ ਇਸ ਤੇ ਇਲਾਵਾ ਉਨ੍ਹਾਂ ਦਾ ਇਕ ਹੋਰ ਸ਼ਿਸ਼ ਅਤੇ ਰਿਸ਼ਤੇ ਵਿਚ ਭਰਾ ਦੇਵਦੱਤ ਸੀ। ਉਹ ਬੁੱਧ ਨਾਲ ਈਰਖਾ ਕਰਦਾ ਸੀ। ਪਹਿਲਾਂ ਤਾਂ ਉਸ ਨੇ ਇਕ ਅਲੱਗ ਸੰਘ ਬਣਾਉਣ ਦੀ ਕੋਸ਼ਿਸ਼ ਕੀਤੀ ਅਤੇ ਜਦੋਂ ਇਸ ਵਿਚ ਸਫ਼ਲ ਨਾ ਹੋਇਆ ਤਾਂ ਅੱਗੇ ਚੱਲ ਕੇ ਉਸ ਨੇ ਬੁੱਧ ਦੀ ਜਾਨ ਲੈਣ ਦੀ ਕੋਸ਼ਿਸ਼ ਵੀ ਕੀਤੀ। ਅੰਤ ਉਹ ਆਪਣੇ ਉਦੇਸ਼ ਵਿਚ ਅਸਫ਼ਲ ਹੋਇਆ ਅਤੇ ਮ੍ਰਿਤਕ੍ਲੋਕ ਨੂੰ ਪ੍ਰਾਪਤ ਹੋਇਆ।

ਇਸ ਪ੍ਰਕਾਰ ਬੁੱਧ ਅਨੁਕੂਲ ਅਤੇ ਪ੍ਰਤੀਕੂਲ ਦੋਨੋਂ ਹੀ ਸਥਿਤੀਆਂ ਦੇ ਰੁਬਰੂ ਹੁੰਦੇ ਹੋਏ 45 ਸਾਲਾਂ ਦੇ ਲੰਬੇ ਸਮੇਂ ਤੱਕ ਵੱਖ੍ਵੱਖ ਦਿਸ਼ਾਵਾਂ ਅਤੇ ਵੱਖ-ਵੱਖ ਲੋਕਾਂ ਦੇ ਵਿਚ ਆਪਣਾ ਧਰਮ ਪ੍ਰਚਾਰ ਕਰਦੇ ਰਹੇ। ਜ਼ਿਆਦਾਤਰ ਉਨ੍ਹਾਂ ਦਾ ਕਾਰਜ ਖੇਤਰ ਤਤਕਾਲੀ ਮਗਧਰਾਜ ਦੇ ਆਲੇ-ਦੁਆਲੇ ਹੀ ਰਿਹਾ। ਇਸ ਨਾਲ ਹੀ ਉਨ੍ਹਾਂ ਦੇ ਮਿਸ਼ਨ ਵਿਚ ਉਪਾਸਕ੍ਉਪਾਸਕਾਵਾਂ ਅਤੇ ਗ੍ਰਹਿਸਥੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਨ੍ਹਾਂ ਵਿੱਚੋਂ ਪ੍ਰਮੁਖ ਅਨਾਥਪਿੰਡਿਕ ਸਨ,

ਜਿਨ੍ਹਾਂ ਨੇ ਬੁੱਧ ਨੂੰ ਸਰਾਵਸਤੀ ਸਥਿਤ ਜੇਤਬਨ ਮਹਾਂਵਿਹਾਰ ਦਾਨ ਵਿਚ ਦਿੱਤਾ। ਬੁੱਧ ਉਸ ਸਮੇਂ ਦੀ ਪ੍ਰਸਿੱਧ ਵੇਸ਼ਵਾ ਅਮਰਪਾਲੀ ਦੇ ਸੱਦੇ ਤੇ ਉਸਦੇ ਘਰ ਗਏ ਅਤੇ ਉਸ ਨੂੰ ਆਪਣੀ ਸ਼ਿਸ਼ ਬਣਾਇਆ। ਇਸੇ ਤਰ੍ਹਾਂ ਅੰਗੁਲੀਮਾਲ ਨਾਮਕ ਪ੍ਰਸਿੱਧ ਅਤੇ ਖੂੰਖਾਰ ਡਾਕੂ ਵੀ ਉਨ੍ਹਾਂ ਤੇ ਪ੍ਰਭਾਵਿਤ ਹੋ ਕੇ, ਸਭ ਕੁਝ ਛੱਡ ਕੇ , ਸੰਘ ਵਿਚ ਸ਼ਾਮਿਲ ਹੋ ਨਿਰਵਾਣ ਨੂੰ ਪ੍ਰਾਪਤ ਹੋਇਆ।

6.10 ਮਹਾਂਪਰਿਨਿਰਵਾਣ

ਹੁਣ ਬੁੱਧ ਦੀ ਉਮਰ 8+ ਸਾਲ ਦੀ ਸੀ ਤੇ ਕਾਫ਼ੀ ਬੁੱਢੇ ਹੋ ਚੁੱਕੇ ਸਨ। ਹੁਣ ਉਨ੍ਹਾਂ ਨੇ ਇਹ ਅਨੁਭਵ ਕੀਤਾ ਕਿ ਇਸ ਸੰਸਾਰਿਕ ਸਰੀਰ ਨੂੰ ਛੱਡਣ ਦਾ ਸਮਾਂ ਆ ਗਿਆ ਹੈ। ਉਸ ਸਮੇਂ ਉਨ੍ਹਾਂ ਨੇ ਆਨੰਦ ਨੂੰ ਦੱਸਿਆ ਕਿ ਅੱਜ ਤੇ ਤਿੰਨ ਮਹੀਨੇ ਬਾਅਦ ਕੁਸ਼ੀ ਨਗਰ ਵਿਚ ਉਹ ਮਹਾਂਪਰਿ ਨਿਰਵਾਣ ਨੂੰ ਪ੍ਰਾਪਤ ਹੋਣਗੇ। ਇਸ ਲਈ ਸਾਨੂੰ ਕੁਸ਼ੀ ਨਗਰ ਪਹੁੰਚਣਾ ਚਾਹੀਦਾ ਹੈ। ਉਹ ਭਿਖਸ਼ੂ ਸੰਘ ਦੇ ਨਾਲ ਰਾਜ ਗ੍ਰਹਿ ਤੋਂ ਪਾਟਲੀ ਪੁੱਤਰ ਅਤੇ ਵੈਸ਼ਾਲੀ ਹੁੰਦੇ ਹੋਏ ਪਾਵਾ੍ਨਗਰ ਪਹੁੰਚੇ। ਰਸਤੇ ਵਿਚ ਉਨ੍ਹਾਂ ਨੇ ਕਈ ਮਹੱਤਵਪੂਰਨ ਉਪਦੇਸ਼ ਵੀ ਦਿੱਤੇ। ਪਾਵਾ ਨਗਰ ਪਹੁੰਚਣ ਤੇ ਚੁੰਦ ਨਾਮੀ ਲੁਹਾਰ ਦੇ ਸੱਦੇ ਤੇ ਉਸ ਦੇ ਘਰ ਗਏ। ਉੱਥੇ ਚੁੰਦ ਨੇ ਉਨ੍ਹਾਂ ਨੂੰ ਜੋ ਭੋਜਨ ਕਰਵਾਇਆ ਉਸ ਨੂੰ ਖਾ ਕੇ ਉਹਨਾਂ ਨੂੰ ਦਸਤ ਦੀ ਬਿਮਾਰੀ ਲੱਗ ਗਈ। ਬਿਮਾਰੀ ਦੇ ਕਾਰਨ ਉਹ ਕਾਫ਼ੀ ਕਮਜ਼ੋਰ ਹੋ ਗਏ ਸਨ, ਪ੍ਰੰਤੂ ਫਿਰ ਵੀ ਉਨ੍ਹਾਂ ਨੇ ਸਫ਼ਰ ਜਾਰੀ ਰੱਖਿਆ। ਕੁਸ਼ੀ ਨਗਰ ਸਥਿਤ ਸ਼ਾਲਵੰਨ ਪਹੁੰਚਣ ਤੇ ਬੁੱਧ ਨੇ ਅਨੰਦ ਨੂੰ ਦੋ ਸੰਘਣੇ ਸਾਲ ਦੇ ਦਰੱਖਤਾਂ ਦੇ ਵਿਚ ਬਿਸਤਰਾ ਵਿਛਾਉਣ ਲਈ ਕਿਹਾ। ਬਿਸਤਰੇ ਤੇ ਲੇਟ ਕੇ ਕੁਝ ਦੇਰ ਆਰਾਮ ਕੀਤਾ। ਬੁੱਧ ਦੇ ਅੰਤ ਨੂੰ ਨੇੜੇ ਆਉਂਦਾ ਜਾਣ ਕੇ ਸਾਰੇ ਭਿਖਸ਼ੂ ਬਹੁਤ ਦੁਖੀ ਸਨ। ਪਰ ਆਨੰਦ ਦੇ ਦੁੱਖ ਦੀ ਕੋਈ ਸੀਮਾ ਨਹੀਂ ਸੀ। ਬੁੱਧ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਭਿਖਸ਼ੂ, ਸੰਘ ਨੂੰ ਇਕੱਠਾ ਕਰਕੇ ਧਰਮ ਉਪਦੇਸ਼ ਦਿੱਤਾ ਅਤੇ ਦੱਸਿਆ ਕਿ ਸਾਰੇ ਸੰਸਾਰਿਕ ਧਰਮ ਨਾਸ਼ਵਾਨ ਹਨ। ਇਸ ਲਈ ਸਾਰਿਆਂ ਨੂੰ ਇਨ੍ਹਾਂ ਤੋਂ ਮੁਕਤੀ ਦੇ ਲਈ ਯਤਨ ਕਰਨਾ ਚਾਹੀਦਾ ਹੈ। ਇਹੀ ਬੁੱਧ ਦਾ ਆਖਰੀ ਬਚਨ ਸੀ। ਇਸ ਤੋਂ ਬਾਅਦ ਉਸੇ ਰਾਤ (ਵੈਸਾਖੀ ਦੀ ਪੂਰਨਮਾਸ਼ੀ) ਦੇ ਹੀ ਅੰਤਮ ਪਹਿਰ ਨੂੰ ਬੁੱਧ ਨੇ ਆਪਣਾ ਸਰੀਰ ਤਿਆਗ ਦਿੱਤਾ।

ਗਿਆਨ ਪ੍ਰਾਪਤੀ ਉਪਰੰਤ ਬੁੱਧ ਨੇ ਸੰਗਦਿਆਂ- ਸੰਗਦਿਆਂ ਧਰਮ ਉਪਦੇਸ ਦਾ ਮਨ ਬਣਾਇਆ। ਉਹਨਾਂ ਨੇ ਸਭ ਤੋਂ ਪਹਿਲਾਂ ਸਾਰਨਾਥ ਵਿਖੇ ਪੰਜ ਚੇਲਿਆਂ ਨੂੰ ਜੋ ਉਪਦੇਸ ਦਿੱਤਾ, ਉਹ ਬੁੱਧ ਧਰਮ ਦੇ ਇਤਿਹਾਸ ਵਿਚ ਧਰਮ ਚੱਕਰ ਪਰਵਰਤਨ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਧਰਮ ਚੱਕਰ ਪਰਵਰਤਨ ਦਾ ਅਰਥ ਹੈ ਧਰਮ ਰੂਪੀ ਚੱਕਰ ਨੂੰ ਚਲਾਉਣਾ। ਆਪਣੇ ਪਹਿਲੇ ਉਪਦੇਸ਼ ਦੁਆਰਾ ਹੀ ਬੁੱਧ ਨੇ ਬੁੱਧ ਧਰਮ ਦੀ ਨੀਂਹ ਰੱਖੀ। ਇਸ ਪਹਿਲੇ ਉਪਦੇਸ਼ ਵਿਚ ਬੁੱਧ ਨੇ ਜੋ ਉਪਦੇਸ਼ ਦਿੱਤੇ, ਉਹ ਇਸ ਪ੍ਰਕਾਰ ਹਨਸ

6.12 ਸਿੱਖਿਆਵਾਂ

ਭਗਵਾਨ ਬੁੱਧ ਨੇ ਆਪਣੇ ਪਹਿਲੇ ਧਰਮ ਉਪਦੇਸ਼, ਜੋ ਬੁੱਧ ਧਰਮ ਦੇ ਇਤਿਹਾਸ ਵਿਚ ਧਰਮ ਚੱਕਰ ਪਰਵਰਤਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਆਪਣੇ ਪੰਜ ਪੂਰਵ ਸਹਿਯੋਗੀਆਂ ਨੂੰ ਇਸੀਪਤਨ ਮਿਰਗਵਾਦ (ਮੌਜੂਦਾ ਸਾਰਨਾਥ) ਵਿਚ ਦਿੱਤਾ ਸੀ। ਚਾਰ ਆਰੀਆ ਸੱਚ ਬੁੱਧ ਦੁਆਰਾ ਉਪਦੇਸ਼ਿਤ ਉਹਨਾਂ ਦੇ ਮੂਲ ਉਪਦੇਸ਼ਾਂ ਵਿਚੋਂ ਇਕ ਹੈ। ਇਹਨਾਂ ਆਰੀਆ ਸੱਚਾਈਆਂ ਦੇ ਵਿਸਤ੍ਰਿਤ ਵਿਵੇਚਨ ਤੋਂ ਪਹਿਲਾਂ ਪਾਲੀ ਤ੍ਰਿਪੀਟਕ ਵਿਚ ਉਪਲੱਬਧ ਉਹਨਾਂ ਅੰਸ਼ਾਂ ਨੂੰ ਪੰਜਾਬੀ ਅਨੁਵਾਦ ਦੇ ਨਾਲ ਪੇਸ਼ ਕਰਨਾ ਉਚਿਤ ਹੋਵੇਗਾ, ਜਿਹਨਾਂ ਵਿਚ ਆਰੀਆ ਸੱਚਾਈਆਂ ਦੀ ਵਿਆਖਿਆ ਕੀਤੀ ਗਈ ਹੈ।

**6.12.1 ਚਾਰ ਮਹਾਨ ਸੱਚਾਈਆਂ**

ਬੁੱਧ ਧਰਮ ਸੰਦੇਹਵਾਦੀ ਅਤੇ ਵਾਦ - ਵਿਵਾਦ ਵਾਲੀ ਵਿਚਾਰਧਾਰਾ ਤੋਂ ਕਿਨਾਰਾ ਕਰਕੇ ਕੇਵਲ ਮਨੁੱਖੀ ਜੀਵਨ ਦਾ ਇੱਕ ਸੱਚਾ ਰਸਤਾ ਦਰਸਾਉਣਾ ਚਾਹੁੰਦਾ ਸੀ । ਇਸ ਸੰਦਰਭ ਵਿੱਚ ਮਹਾਤਮਾ ਬੁੱਧ ਨੇ ਲੋਕਾਂ ਨੂੰ ਚਾਰ ਮਹਾਨ ਸੱਚਾਈਆਂ ਨੂੰ ਗ੍ਰਹਿਣ ਕਰਨ ਲਈ ਕਿਹਾ । ਚਾਰ ਸੱਚਾਈਆਂ ਸੰਬੰਧੀ ਗਿਆਨ ਬੁੱਧਮਤ ਦੀ ਵੱਖਰੀ ਦੇਣ ਹੈ , ਜਿਹੜਾ ਬੁੱਧ ਨੂੰ ਬੋਧੀ - ਬ੍ਰਿਛ ਦੇ ਹੇਠ ਨਾਜ਼ਲ ਹੋਇਆ ਸੀ । ਇਨ੍ਹਾਂ ਨੂੰ 'ਆਰੀਆ ਸੱਤ' ਵੀ ਕਿਹਾ ਜਾਂਦਾ ਹੈ । ਧਮਪਦ ਦੇ 273 ਵੇਂ ਸਲੋਕ ਵਿੱਚ ਇਨ੍ਹਾਂ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੋਇਆ ਹੈ ਕਿ ਮਾਰਗਾਂ ਵਿਚਕਾਰ ਅਸ਼ਟਾਂਗ ਮਾਰਗ ਸ਼੍ਰੇਸ਼ਟ ਹੈ, ਸੱਚ ਵਿਚੋਂ ਚਾਰ ਆਰਯ ਸਤਯ ਸ਼੍ਰੇਸਟ ਹਨ, ਅਵਸਥਾਵਾਂ ਵਿਚੋਂ ਵਿਰਾਗ ਦੀ ਅਵਸਥਾ ਸ਼੍ਰੇਸ਼ਟ ਹੈ , ਮਨੁੱਖਾਂ ਵਿਚੋਂ ਗਿਆਨ - ਨੇਤਰ ( ਬੁੱਧ) ਸ਼੍ਰੇਸ਼ਠ ਹਨ । ਇਨ੍ਹਾਂ ਚਾਰ ਸੱਚਾਈਆਂ ਵਿਚੋਂ ਪਹਿਲੀ ਸੱਚਾਈ ਜੀਵਨ ਵਿੱਚ ਦੁੱਖ ਦੀ ਮੌਜੂਦਗੀ ਹੈ ਅਤੇ ਇਸ ਸੱਚਾਈ ਨੂੰ ਬੁੱਧ ਨੇ ਖੁਦ ਅਨੁਭਵ ਕੀਤਾ । ਇਸ ਮੱਤ ਦੀ ਵਿਆਖਿਆ ਕਰਦੇ ਹੋਏ ਬੁੱਧ ਨੇ ਕਿਹਾ , " ਜੰਮਣਾ ਦੁੱਖ ਹੈ , ਬੁਢਾਪਾ ਦੁੱਖ ਹੈ , ਮੌਤ ਦੁੱਖ ਹੈ .... ਨਾ ਪਸੰਦ ਚੀਜ਼ਾਂ ਨਾਲ ਜੁੜੇ ਰਹਿਣਾ ਤੇ ਮਨ ਪਸੰਦ ਚੀਜ਼ਾਂ ਦਾ ਖੁਸ ਜਾਣਾ - ਇਹ ਵੀ ਦੁੱਖ ਹੈ । ਜੋ ਚਾਹੋ ਉਹ ਨਾ ਪ੍ਰਾਪਤ ਹੋਣਾ ਵੀ ਦੁੱਖ ਹੈ । ਨਾ ਚੰਗੇ ਲਗਣ ਵਾਲੇ ਮਨੁੱਖਾਂ ਨੂੰ ਮਿਲਣਾ ਵੀ ਦੁੱਖ ਹੈ ਅਤੇ ਪਿਆਰੇ ਲੋਕਾਂ ਤੋਂ ਵਿਛੜਨਾ ਵੀ ਦੁੱਖ ਹੈ । ਸੰਖੇਪ ਵਿੱਚ ਪੰਜੇ ਉਪਾਦਾਨ ਸਕੰਧ ਦੁੱਖ ਹਨ। "ਬੁੱਧ ਧਰਮ ਸ਼ਾਸਤਰ ਦੀ ਸਮੱਸਿਆ ਕਿਉਂਕਿ ਜੀਵਨ ਦਾ ਦੁੱਖ ਹੈ ਇਸ ਲਈ ਇਸ ਨੂੰ ਦੂਰ ਕਰਨ ਲਈ ਕੋਈ ਦੁੱਖਾਂ ਨੂੰ ਦੂਰ ਕਰਨ ਵਾਲਾ ਮਾਰਗ ਹੋਣਾ ਚਾਹੀਦਾ ਸੀ । ਇਹ ਸਮੱਸਿਆ ਕਿਉਂਕਿ ਅਮਲੀ ਅਤੇ ਨੈਤਿਕ ਹੈ ਇਸ ਲਈ ਇਸ ਅਗਿਆਨ ਭਰੇ ਮਾਰਗ ਦਾ ਹੱਲ ਵੀ ਕੋਈ ਕਠਿਨ ਮਾਰਗ ਹੀ ਹੋ ਸਕਦਾ ਸੀ । ਇਸ ਸਭ ਕੁਝ ਦੇ ਲਈ ਬੁੱਧ ਨੇ ਅਸ਼ਟਾਂਗ ਮਾਰਗ ਪ੍ਰਸਤੁਤ ਕੀਤਾ ਹੈ । ਇਸ ਅਸ਼ਟਾਂਗ ਮਾਰਗ ਨੂੰ ਚਾਰਵਾਕੀਆਂ ਦੀ ' ਖਾਓ ਪੀਓ ਤੇ ਐਸ਼ ਕਰੋ ' ਅਤੇ ਯੋਗੀਆਂ ਦੀ ਹਠ ਸਾਧਨਾ ਦੇ ਵਿਚਕਾਰ ਦਾ ਰਸਤਾ ( ਮੱਧ ਮਾਰਗ ) ਆਖਿਆ ਜਾ ਸਕਦਾ ਹੈ । ਮਨੁੱਖੀ ਇੱਛਾਵਾਂ ਨੂੰ ਬਿਨਾਂ ਵਿਚਾਰ ਤੋਂ ਪੂਰਤੀ ਲਈ ਉਤਸ਼ਾਹਿਤ ਕਰਨਾ ਯੋਗ ਨਹੀਂ। ਇਨ੍ਹਾਂ ਇੱਛਾਵਾਂ ਦੀ ਪੂਰਤੀ ਨਾਲ ਅਸਥਾਈ ਸੁੱਖ ਦੀ ਪ੍ਰਾਪਤੀ ਹੈ। ਇੱਛਾਵਾਂ ਨੂੰ ਭੋਗਣ ਨਾਲ ਇਹ ਘਟਦੀਆਂ ਨਹੀਂ ਸਗੋਂ ਵਧਦੀਆਂ ਹਨ ਜਿਵੇਂ ਬਲਦੀ ਅਗਨੀ ਉਤੇ ਤੇਲ ਪਾਉਣ ਨਾਲ ਅਗਨੀ ਪ੍ਰਚੰਡ ਹੁੰਦੀ ਹੈ। ਇਵੇਂ ਹੀ ਕਠੋਰ ਤਪ ਨਾਲ ਵੀ ਮਨੁੱਖ ਨੂੰ ਸਰੀਰਕ ਅਤੇ ਮਾਨਸਿਕ ਕਸ਼ਟਾਂ ਦਾ ਸਾਹਮਦਾ ਕਰਨਾ ਪੈਂਦਾ ਹੈ। ਕਠੋਰ ਤਪ ਰਾਹੀਂ ਮਨੁੱਖ ਆਪਣੀਆਂ ਇੱਛਾਵਾਂ ਨੂੰ ਦਬਾਉਣ ਦਾ ਯਤਨ ਕਰਦਾ ਹੈ ਪ੍ਰੰਤੂ ਇੱਛਾਵਾਂ ਕਦੀ ਸਮਾਪਤ ਨਹੀਂ ਹੁੰਦੀਆਂ। ਇਵੇਂ ਇਹ ਦੋਵੇਂ ਮਾਰਗ ਮਨੁੱਖੀ ਜੀਵਨ ਦੇ ਅਨੁਕੂਲ ਨਹੀਂ ਸਗੋਂ ਬੁੱਧ ਕਹਿੰਦਾ ਹੈ ਕਿ ਮਨੁੱਖ ਨੂੰ ਆਤਮ-ਸੰਜਮ ਵਾਲਾ ਮੱਧ-ਮਾਰਗ ਅਪਣਾਉਣਾ ਚਾਹੀਦਾ ਹੈ।

### 6.12.2 ਅਸ਼ਟਾਂਗ ਮਾਰਗ

ਇਸਦਾ ਜ਼ਿਕਰ 'ਧਮਪਦ' ਦੇ ਚੌਦਵੇਂ ਵਗ ਦੇ 191 ਵੇਂ ਸਲੋਕ ਵਿਚ ਆਉਂਦਾ ਹੈ, ਦੁਕਖੰ ਦੁਕਖਸਮੁੱਪਜਦੰ , ਦੁਕਖੱਸ ਚ ਅਤਿੱਕਮੰ। ਅਰਿਯੰ ਚਟਠੰਗਿਕੰ ਮੱਗੰ , ਦੁਕਖੂਪਸਮਗਾਮਿਨੰ।

ਜਿਸਦਾ ਭਾਵ ਹੈ ਇਸ ਸੰਸਾਰ ਵਿਚ ਦੁੱਖ ਹੈ, ਦੁੱਖ ਦੀ ਉਤਪਤੀ ਤੇ ਦੁੱਖ ਦਾ ਨਾਸ਼ ਹੈ ਅਤੇ 'ਅਸ਼ਟਾਂਗ ਮਾਰਗ' ਜੋ ਕਿ ਦੁੱਖ ਨੂੰ ਨਸ਼ਟ ਕਰਦਾ ਹੈ, ਸ੍ਰੇਸ਼ਟ ਹੈ।

ਕਠੋਰ ਤਪ ਇਸਦੇ ਅੱਠ ਹਿੱਸੇ ਇਸ ਪ੍ਰਕਾਰ ਹਨ :

1. ਸਮਿਅਕ ਦ੍ਰਿਸ਼ਟੀ (Right views) : ਇਸਨੂੰ ਸੱਚਾ ਗਿਆਨ ਵੀ ਕਹਿ ਸਕਦੇ ਹਾਂ। ਇਸਦੇ ਅੰਤਰਗਤ ਚਾਰ ਸੱਚਾਈਆਂ ਦਾ ਗਿਆਨ ਆਉਂਦਾ ਹੈ।

2. ਸਮਿਅਕ ਸੰਕਲਪ (Right aspiration) : ਤਿਆਗ , ਅਦਵੈਸ਼ ਅਤੇ ਅਹਿੰਸਾ ਦੀ ਭਾਵਨਾ ਹੀ ਠੀਕ ਸੰਕਲਪ ਹੈ।

3. ਸਮਿਅਕ ਵਚਨ (Rights speech) : ਝੂਠ ਨਾ ਬੋਲਣਾ , ਚੁਗਲੀ ਨਾ ਕਰਨਾ , ਗਾਲ੍ਹਾਂ ਨਾ ਕਢਣੀਆਂ , ਬੇਹੂਦਾ ਗੱਪਾਂ ਨਾ ਮਾਰਨਾ ਠੀਕ ਬਾਣੀ ਵਿੱਚ ਆਉਂਦੇ ਹਨ।

4. ਸਮਿਅਕ ਕਰਮ (Right action) : ਇਸ ਵਿੱਚ ਅਹਿੰਸਾ , ਦੂਸਰੇ ਦਾ ਮਾਲ ਬਿਨਾਂ ਆਗਿਆ ਨਾ ਲਿਜਾਣਾ , ਵਿਭਚਾਰ ਤੋਂ ਬਚਣਾ ਅਤੇ ਨਸ਼ੀਲੇ ਪਦਾਰਥਾਂ ਦਾ ਸੇਵਨ ਨਾ ਕਰਨਾ ਹੈ।

5. ਸਮਿਅਕ ਜੀਵਿਕਾ (Right Living) : ਜੀਵਨ ਨਿਰਬਾਹ ਲਈ ਮਨੁੱਖ ਨੇ ਕੋਈ ਨਾ ਕੋਈ ਕਿਰਤ ਕਰਨੀ ਹੀ ਹੁੰਦੀ ਹੈ। ਆਪਣੀ ਕਿਰਤ ਨੂੰ ਸਦਾ ਸੁੱਚਾ ਤੇ ਈਮਾਨਦਾਰ ਬਣਾਉਣਾ ਹੀ ਠੀਕ ਜੀਵਿਕਾ ਹੈ।

6. ਸਮਿਅਕ ਉਦਯੋਗ (Right exertion) : ਇਸਨੂੰ ਠੀਕ ਵਿਆਯਾਮ ਵੀ ਆਖਦੇ ਹਨ। ਭਾਵ ਮਨੁੱਖ ਨੂੰ ਸਦਾ ਪਾਪ ਵਿੱਚ ਪਰਵਿਰਤ ਕਰਨ ਵਾਲੀਆਂ ਸਥਿਤੀਆਂ ਨੂੰ ਉਤਪੰਨ ਹੋਣ ਤੋਂ ਰੋਕਣਾ ਚਾਹੀਦਾ ਹੈ। ਚੰਗੇ ਵਿਚਾਰਾਂ ਉਤੇ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ।

7. ਸਮਿਅਕ ਸਿਤੀ ( Right recollection ) : ਮਨੁੱਖਾ ਸਿਮਰਤੀ ਵਿਚਾਰਾਂ ਦਾ ਖ਼ਜ਼ਾਨਾ ਹੈ ਸੋ ਕਰ ਮਨੁੱਖ ਦੀ ਸਿਮਰਤੀ ਸ਼ੁੱਧ ਹੋਏਗੀ ਤਾਂ ਸਦ ਵਿਚਾਰ ਤੇ ਸਦ ਵਿਹਾਰ ਆਪਣੇ ਆਪ ਉਪਜਦੇ ਹਨ।

8. ਸਮਿਅਕ ਸਮਾਧੀ ( Right meditation ) : ਸਮਾਧੀ ਵਿੱਚ ਚਾਰ ਮੰਜ਼ਲਾਂ ਹਨ ਜਿਸ ਵਿੱਚ ਮਨੁੱਖ ਧਿਆਨ ਤੋਂ ਸ਼ੁਰੂ ਹੋ ਕੇ ਨਿਰਵਾਣ ਦੀ ਅਵਸਥਾ ਤੱਕ ਜਾਂਦਾ ਹੈ। ਨਿਰਵਾਣ ਪ੍ਰਾਪਤੀ ਹੀ ਮਨੁੱਖ ਦੇ ਜੀਵ ਦਾ ਪਰਮ ਆਦਰਸ਼ ਹੈ। ਇਉਂ ਇਨ੍ਹਾਂ ਉਪਦੇਸ਼ਾਂ ਰਾਹੀਂ ਮਹਾਤਮਾ ਬੁੱਧ ਨੇ ਆਤਮ - ਸੰਜਮ ਅਤੇ ਆਤਮ - ਬਲ ਤੇ ਜ਼ੋਰ ਦਿੱਤਾ ਹੋਇਆ ਹੈ। ਐਲ.ਐਮ ਜੋਸ਼ੀ ਨੇ ਲਿਖਿਆ ਹੈ ਕਿ , ਤਤ੍ਵ ਸੰਗ੍ਰਹਿ ਪੰਜਿਕਾ ਵਿੱਚ ਬੁੱਧ ਨੇ ਇਨ੍ਹਾਂ ਉਪਦੇਸ਼ਾਂ ਦੇ ਸਮਰਥਨ ਵਿੱਚ ਕਿਹਾ ਕਿ ਸੋਨੇ ਨੂੰ ਤਾਪਕੇ ਫਿਰ ਕਸੌਟੀ ਤੇ ਪਰਖਿਆ ਜਾਂਦਾ ਹੈ। ਇਸੇ ਤਰ੍ਹਾਂ ਹੈ ਭਿਖਸ਼ੂਓ ! ਮੇਰੇ ਵਚਨਾਂ ਨੂੰ ਵੀ ਕੇਵਲ ਮੇਰੇ ਗੌਰਵ ਖਾਤਰ ਗ੍ਰਹਿਣ ਨ ਕਰੋ , ਸਗੋਂ ਇਨ੍ਹਾਂ ਨੂੰ ਅਜਮਾਓ ਤੇ ਫਿਰ ਪਰਵਾਨ ਕਰੋ। ਇਹ ਸਿੱਖਿਆ ਨੂੰ ਜੀਵਨ ਦੇ ਨੇੜੇ ਲੈ ਜਾਣਾ ਹੈ।

ਇਹ ਸਿੱਖਿਆ ਧਰਮ ਦੇ ਵਿਵਹਾਰਕ ਰੂਪ ਨੂੰ ਸਾਡੇ ਸਾਹਮਣੇ ਉਘਾੜਦੀ ਹੈ। ਇਸੇ ਲਈ ਇਹ ਮਾਰਗ ਉਨ੍ਹਾਂ ਸਭਨਾਂ ਜਨ ਸਾਧਾਰਨ ਮਨੁੱਖਾਂ ਨੂੰ ਸੌਖਾ , ਸੁੰਦਰ ਤੇ ਉੱਤਮ ਜਾਪਿਆ ਜਿਹੜੇ ਕਰਮ - ਕਾਂਡਾਂ ਤੋਂ ਅੱਕੇ ਹੋਏ ਸਨ , ਜਿਹੜੇ ਯੁੱਗਾਂ ਵਿੱਚ ਹੋਣ ਵਾਲੀ ਪਸ਼ੂ - ਹਿੰਸਾ ਤੋਂ ਘ੍ਰਿਣਾ ਕਰਦੇ ਸਨ , ਉਪਨਿਸ਼ਦਾਂ ਦਾ ਗਿਆਨ ਜਿਨ੍ਹਾਂ ਦੀ ਬੌਧਿਕ ਚੇਤਨਾ ਨਾਲ ਇਕਸੁਰ ਨਹੀਂ ਸੀ ਹੁੰਦਾ , ਜਿਹੜੇ ਇਸ ਗੱਲ ਨੂੰ ਗਹਿਰੀਆਂ ਘ੍ਰਿਣਾਂ ਦੀਆਂ ਨਜ਼ਰਾਂ ਨਾਲ ਵੇਖਦੇ ਸਨ ਕਿ ਧਰਮ - ਕਰਮ ਅਤੇ ਵੇਦ ਉਪਨਿਸ਼ਦ ਪੜ੍ਹਨ ਤੇ ਸੁਣਨ ਦਾ ਅਧਿਕਾਰ ਕੇਵਲ ਬ੍ਰਾਹਮਣਾਂ ਨੂੰ ਹੀ ਹੈ। ਸਮਾਜ ਦਾ ਜਿਹੜਾ ਹਿੱਸਾ ਬ੍ਰਾਹਮਣਾਂ ਤੋਂ ਜਿੰਨਾ ਜ਼ਿਆਦਾ ਦੂਰ ਸੀ , ਉਹ ਬੁੱਧ ਧਰਮ ਵੱਲ ਉੱਨੇ ਹੀ ਪਿਆਰ ਨਾਲ ਖਿਚਿਆ ਗਿਆ। ਬੁੱਧ ਧਰਮ ਦੀ ਮਕਬੂਲੀਅਤ ਨੇ ਹਿੰਦੂ ਚਿੰਤਕਾਂ ਅਤੇ ਧਾਰਮਿਕ ਆਗੂਆਂ ਨੂੰ ਇਨ੍ਹਾਂ ਚਿੰਤਿਤ ਕਰ ਦਿੱਤਾ ਕਿ ਉਹ ਬੁੱਧ ਧਰਮ ਵਿਰੁੱਧ ਦੁਸ਼ਮਣਾਂ ਵਾਂਗ ਡਟ ਗਏ। ਨਤੀਜੇ ਵਜੋਂ ਬੁੱਧ ਧਰਮ ਆਪਣੀ ਧਰਤੀ ਤੋਂ ਉਖੜ ਗਿਆ ਅਤੇ ਭਾਰਤ ਬਾਹਰ ਅੱਜ ਤੱਕ ਵੀ ਜ਼ਿੰਦਾ ਹੈ। ਸਿੱਟਾ ਇਹ ਹੋਇਆ ਕਿ ਬੁੱਤ ਪ੍ਰਤੀਆਂ ਦੇ ਵਿਰੋਧੀ ਬੁੱਧ ਦੀਆਂ ਮੂਰਤੀਆਂ ਥਾਂ - ਥਾਂ ਪ੍ਰਾਪਤ ਹਨ। ਬੁੱਧ ਨੇ ਕਿਹਾ ਸੀ ਕਿ ਇਸ ਮਾਰਗ ਦਾ ਧਾਰਨੀ ਹੋਇਆ ਮਨੁੱਖ ਨਿਰਵਾਣ ਦੇ ਮਾਰਗ ਦਾ ਪਾਂਧੀ ਬਣ ਜਾਏਗਾ। ਦੁੱਖ ਦੀ ਸਮੱਸਿਆ ਤੋਂ ਸ਼ੁਰੂ ਕਰਕੇ ਮਹਾਤਮਾ ਬੁੱਧ ਨਿਰਵਾਣ ਦੇ ਵਿਚਾਰ ਤੇ ਪਹੁੰਚਦਾ ਹੈ। ਬੁੱਧ ਧਰਮ ਸ਼ਾਸਤਰ ਅਨੁਸਾਰ ਨਿਰਵਾਣ - ਪ੍ਰਾਪਤੀ ਹੀ ਮਨੁੱਖ ਦੇ ਜੀਵਨ ਦਾ ਪਰਮ - ਆਦਰਸ਼ ਹੈ ਅਤੇ ਅੰਤਿਮ ਲੱਖਸ਼ ਹੈ। ਡਾ. ਹਰਿੰਦਰ ਸਿੰਘ ਮਹਿਬੂਬ ਲਿਖਦੇ ਹਨ ਕਿ , ਲੰਕਾਵਤਾਰ ਸੂਤ ' ਵਿੱਚ ਨਿਰਵਾਣ ਬਾਰੇ ਦੱਸਿਆ ਹੈ ਕਿ " ਨਿਰਵਾਣ ਉਥੇ ਹੈ , ਜਿਥੇ ਬੋਧੀ - ਸੱਤਵ ਦੇ ਸਭੇ ਪੜਾਅ ਇੱਕ ਦੂਜੇ ਪਿਛੋਂ ਸਰ ਹੋ ਜਾਂਦੇ ਹਨ , ਜਿਥੇ ਬੁੱਧਾਂ ਦੀ ਜੀਵਨ - ਦਾਤੀ ਸ਼ਕਤੀ ਬੋਧੀ - ਸੱਤਵਾਂ ਨੂੰ ਸਮਾਧੀਆਂ ਦੇ ਆਨੰਦ ਵਿੱਚ ਸਹਾਰਾ ਦਿੰਦੀ ਹੈ , ਜਿਥੇ ਸ਼ੈ ਦੇ ਸਾਰੇ

ਵਿਚਾਰਾਂ ਨੂੰ ਮਾਨਵ ਜਾਤੀ ਦਾ ਰਹਿਮ ਚੀਰ ਕੇ ਲੰਘ ਜਾਂਦਾ ਹੈ , ਜਿੱਥੇ ਕਿ ਤਥਾਗਤ ਦੀ ਮੰਜ਼ਿਲ ਆਪਣੇ ਅੰਤਮ - ਰੂਪ ਵਿੱਚ ਛੋਹ ਲਈ ਜਾਂਦੀ ਹੈ । " ਡਾ . ਐਲ . ਐਮ . ਜੋਸ਼ੀ ਲਿਖਦੇ ਹਨ : " ਨਿਰਵਾਣ ਬੁੱਧ ਦਰਸ਼ਨ ਤੇ ਧਰਮ ਦਾ ਹਿਰਦੈ ਹੈ । ਨਿਰਵਾਣ ਮੋਖਸ਼ ਹੈ । ਜਨਮ ਤੇ ਮੌਤ ਦੇ ਬੰਧਨ ਤੋਂ ਛੁਟਕਾਰਾ ਹੀ ਮੋਖ ਜਾਂ ਨਿਰਵਾਣ ਕਿਹਾ ਜਾਂਦਾ ਹੈ । ਇਸੇ ਨੂੰ ਬੁੱਧ ਜਾਂ ਪ੍ਰਕਾਸ਼ ਜਾਂ ਵਿਦਿਆ ਕਹਿੰਦੇ ਹਨ । ਨਿਰਵਾਣ ਸਰਵਸ਼੍ਰੇਸ਼ਠ ਹੈ , ਇਥੇ ਸਾਰੇ ਦੁੱਖ, ਮੋਹ - ਮਾਇਆ, ਦ੍ਵੈਸ਼, ਵਾਸ਼ਨਾ ਖਤਮ ਹੋ ਜਾਂਦੇ ਹਨ । ਨਿਰਵਾਣ ਖਾਲਸ ਅਮਨ ਹੈ । ਇਸੇ ਲਈ ' ਸਾਂਤੀਨਿਰਵਾਣੀ ਕਿਹਾ ਜਾਂਦਾ ਹੈ । ਨਿਰਵਾਣ ਸ਼ਾਂਤੀ ਹੈ । ਨਿਰਵਾਣ ਸੁਖ ਹੈ, ਆਨੰਦ ਹੈ , ਪਰਮ ਸੁਖ ਹੈ ( " ਨਿਬਾਨ ਪਰਮ ਸੁਖਮ ) ਦੁੱਖ ਦਾ ਹਰ ਪਾਸਿਉਂ ਅੰਤ ਹੀ ਨਿਰਵਾਣ ਹੈ । ਸੰਸਾਰ ਦੁੱਖਾਂ ਭਰਿਆ ਹੈ । ਇਸ ਦੁੱਖਮਈ ਜਨਮ - ਮਰਨ ਨੂੰ ਰੋਕ ਦੇਣਾ ਹੀ ' ਨਿਰਵਾਣ ਹੈ , ਇਸੇ ਲਈ ਨਿਰਵਾਣ ਨੂੰ 'ਨਿਰੋਧ' ਕਿਹਾ ਜਾਂਦਾ ਹੈ । ਇਉਂ ਪ੍ਰਵਾਨ ਕੀਤਾ ਜਾ ਸਕਦਾ ਹੈ ਕਿ ਮਹਾਤਮਾ ਬੁੱਧ ਵਲੋਂ ਦਰਸਾਈਆਂ ਉੱਤਮ ਨੈਤਿਕ ਕਦਰਾਂ ਕੀਮਤਾਂ ਦੇ ਬਾਵਜੂਦ ਭਾਰਤੀ ਜਨ - ਜੀਵਨ ਖੜੋਤ ਦਾ ਸ਼ਿਕਾਰ ਰਿਹਾ । ਮਹਾਤਮਾ ਬੁੱਧ ਦੀ ਮੌਤ ਦੇ ਪੰਜ ਕੁ ਸੌ ਸਾਲ ਬਾਅਦ ਹੀ ਬੁੱਧ ਧਰਮ ਦੇ ਅੰਦਰੋਂ ਮਹਾਂਯਾਨ ਸੰਪਰਦਾਇ ਦਾ ਵਿਕਾਸ ਹੋਇਆ ਅਤੇ ਬੁੱਧ ਅਨੁਯਾਈਆਂ ਨੇ ਉਹ ਸਾਰੇ ਕਰਮਕਾਂਡ ਕਰਨੇ ਆਰੰਭ ਦਿੱਤੇ, ਜਿਸ ਤੋਂ ਮਹਾਤਮਾ ਬੁੱਧ ਨੇ ਉਨ੍ਹਾਂ ਨੂੰ ਵਿਵਰਜਿਤ ਕੀਤਾ ਸੀ । ਰਾਮਧਾਰੀ ਸਿੰਘ ਦਿਨਕਰ ਲਿਖਦੇ ਹਨ ਕਿ , " ਉਹ ਸੰਪਰਦਾਇ ਬੁੱਧ ਘੱਟ ਅਤੇ ਹਿੰਦੂ ਅਧਿਕ ਹੋ ਗਿਆ । ਬੁੱਧ ਈਸ਼ਵਰ ਦੇ ਵਿਸ਼ੇ ਵਿੱਚ ਮੋਨ ਰਹੇ , ਮਹਾਂਯਾਨ ਸੰਪਰਦਾਇ ਨੇ ਖੁਦ ਬੁੱਧ ਨੂੰ ਹੀ ਈਸ਼ਵਰ ਬਣਾ ਦਿੱਤਾ । ਬੁੱਧ ਨੇ ਦੇਵੀ- ਦੇਵਤਿਆਂ ਦੀ ਪੂਜਾ ਦੀ ਮਨਾਹੀ ਕੀਤੀ ਸੀ , ਮਹਾਂਯਾਨ ਸੰਪਰਦਾਇ ਨੇ ਬੁੱਧ ਧਰਮ ਦੇ ਅੰਦਰ ਦੇਵੀ - ਦੇਵਤਿਆਂ ਦੀ ਪੂਰੀ ਸੈਨਾ ਖੜ੍ਹੀ ਕਰ ਦਿੱਤੀ । ਬੁੱਧ ਦੇ ਉਪਦੇਸ਼ ਤਤਕਾਲੀਨ ਲੋਕ ਭਾਸ਼ਾ ਵਿੱਚ ਦਿੱਤੇ ਗਏ ਸਨ , ਮਹਾਂਯਾਨ ਦੇ ਚਿੰਤਕਾਂ ਨੇ ਆਪਣਾ ਸਾਰਾ ਸਾਹਿਤ ਸੰਸਕ੍ਰਿਤ ਵਿੱਚ ਲਿਖਣਾ ਆਰੰਭ ਕੀਤਾ । ਨਿਸ਼ਕਰਸ਼ ਵਜੋਂ ਇਉਂ ਕਿਹਾ ਜਾ ਸਕਦਾ ਹੈ ਕਿ ਬੁੱਧ ਧਰਮ ਕਰਕੇ ਵਕਤੀ ਪ੍ਰਭਾਵ ਅਵੱਸ਼ ਪੈਦਾ ਹੋਏ ਪ੍ਰੰਤੂ ਅਖੀਰ ਵਿੱਚ ਬੁੱਧ ਮੱਤ ਦੇ ਪ੍ਰਭਾਵ ਨਾਲ ਸਮਾਜਿਕ ਜੀਵਨ ਦਾ ਸਹਿਜ ਅਤੇ ਸੰਤੁਲਿਤ ਗੁਆਚ ਗਿਆ । ਜਨ ਸਾਧਾਰਨ ਘਰ - ਬਾਰ ਛੱਡ ਕੇ ਸੰਨਿਆਸੀ ਹੋਣ ਵੱਲ ਰੁਚਿਤ ਹੋ ਗਏ ਅਤੇ ਸਾਰਾ ਦੇਸ਼ ਮੰਦਿਰਾਂ ਅਤੇ ਬੋਧੀ ਮੱਠਾਂ ਨਾਲ ਭਰ ਗਿਆ । ਗ੍ਰਹਿਸਥ ਜੀਵਨ ਅਤੇ ਕਿਰਤ ਦੀ ਉਤਮਤਾ ਨੂੰ ਤਿਲਾਂਜਲੀ ਦੇ ਦਿੱਤੀ ਗਈ । ਭਿਕਸ਼ੂਣੀ ਪ੍ਰਥਾ ਨਾਲ ਸਮਾਜਿਕ ਪ੍ਰਦੂਸ਼ਣ ਵਿੱਚ ਵਾਧਾ ਹੋਇਆ । ਇਸੇ ਕਰਕੇ ਬੁੱਧ ਧਰਮ ਨੂੰ ਭਾਰਤੀ ਸਮਾਜ ਵਿੱਚ ਯੋਗ ਅਤੇ ਸਤਿਕਾਰਯੋਗ ਸਥਾਨ ਪ੍ਰਾਪਤ ਨਹੀਂ ਹੋ ਸਕਿਆ ਅਤੇ ਹਿੰਦੂ ਧਰਮ ਦੀ ਈਰਖਾ ਨੇ ਬੁੱਧ ਧਰਮ ਨੂੰ ਭਾਰਤ

ਤੋਂ ਬਾਹਰ ਧੱਕ ਦਿੱਤਾ। ਫਿਰ ਵੀ ਬੁੱਧ ਧਰਮ ਆਪਣੇ ਸਮੇਂ ਧਰਮ ਵਲੋਂ ਹੀ ਵਲੂੰਧਰੇ ਹੋਏ ਸਮਾਜ ਦੇ ਲੋਕਾਂ ਲਈ ਮਸੀਹਾ ਬਣਕੇ ਆਇਆ। ਇਸ ਪ੍ਰਸੰਗ ਵਿੱਚ ਸ . ਹਰਿੰਦਰ ਸਿੰਘ ਮਹਿਬੂਬ ਦੀ ਇਹ ਟਿੱਪਣੀ ਵਾਚਣਯੋਗ ਹੈ, " ਬੁੱਧ ਧਰਮ ਜ਼ਿੰਦਗੀ ਦੇ ਅਨੇਕ ਖੇਤਰਾਂ ਨੂੰ ਡੰਗਦੀ ਹਿੰਸਕ ਵੀਰਾਨੀ ਵਿੱਚ ਮਾਂ - ਸ਼ਾਂਤੀ ਲੈ ਕੇ ਉਤਰਿਆ ਅਤੇ ਮਨੁੱਖੀ ਚੇਤਨਾ ਦੇ ਟੁੱਟੇ ਨਜ਼ਾਮ ਨੂੰ ਸਾਬਤ ਕਰਨ ਵਿੱਚ ਮਦਦਗਾਰ ਬਣਿਆ।

ਉਪਰੋਕਤ ਤੱਥਾਂ ਤੋਂ ਸਪਸ਼ਟ ਹੈ ਕਿ ਮਹਾਤਮਾ ਬੁੱਧ ਨੇ ਇਕ ਨੈਤਿਕ ਧਰਮ ਦਾ ਪ੍ਰਚਾਰ ਕੀਤਾ ਜਿਸ ਵਿਚ ਈਸ਼ਵਰ ਦਾ ਕੋਈ ਸਥਾਨ ਨਹੀਂ। ਉਨ੍ਹਾਂ ਅਨੁਸਾਰ ਸਤਿ ਮਾਰਗ ਉੱਤੇ ਚਲ ਕੇ ਮਨੁੱਖ ਇਸ ਜੀਵਨ ਵਿਚ ਆਪਣੇ ਯਤਨ ਨਾਲ ਦੁੱਖਾਂ ਤੋਂ ਨਿਵ੍ਰਿਤੀ ਪ੍ਰਾਪਤ ਕਰ ਸਕਦਾ ਹੈ। ਮੋਕਸ਼ ਲਈ ਕਿਸੇ ਦੂਜੇ ਦੀ ਸਹਾਇਤਾ ਦੀ ਲੋੜ ਨਹੀਂ, ਇਹ ਮਨੁੱਖ ਦੇ ਆਪਣੇ ਦ੍ਰਿੜ ਸੰਕਲਪ, ਅੰਦਰੂਨੀ ਯਤਨ ਅਤੇ ਸਾਧਨਾ ਉੱਤੇ ਨਿਰਭਰ ਕਰਦਾ ਹੈ। ਇਹੀ ਬੁੱਧ ਦਾ ਮੱਧ ਮਾਰਗ ਹੈ। ਇਸ ਧਰਮ ਦੇ ਤਿੰਨ ਨਾ ਤਿਆਗੇ ਜਾ ਸਕਣ ਵਾਲੇ ਅੰਗ ਹਨ- ਸ਼ੀਲ, ਸਮਾਧੀ ਅਤੇ ਪ੍ਰਗਿਆ। ਇਨ੍ਹਾਂ ਨੂੰ ਤ੍ਰਿਰਤਨ ਵੀ ਕਿਹਾ ਜਾਂਦਾ ਹੈ। ਸ਼ੁੱਧ ਅਤੇ ਸ਼ਾਂਤ ਚਿੱਤ ਸਮਾਧੀ ਲਈ ਉਪਯੋਗੀ ਚਿੱਤ ਵਿਚ ਸ਼ੁੱਧਤਾ ਅਤੇ ਸ਼ਾਂਤੀਸ਼ੀਲ Right Conduct ) ਦੁਆਰਾ ਪੈਦਾ ਹੁੰਦੀਆਂ ਹਨ। ਸ਼ਾਂਤ ਚਿੱਤ ਨਾਲ ਸਥਿਰ ਆਸਨ ਉੱਤੇ ਬੈਠ ਕੇ ਸੁਆਸਾਂ ਉੱਤੇ ਨਿਯੰਤਰਣ ਕਰਨਾ ਸਮਾਧੀ ( Meditation) ਹੈ ਅਤੇ ਇਹ ਸਮਾਧੀ ਦਾ ਸਿਖਰ ਪ੍ਰਗਿਆ (Right Knowledge) ਦਾ ਹੋਣਾ ਹੈ ਜਿਸ ਦੇ ਫਲਸਰੂਪ ਨਿਰਵਾਣ ਜਾਂ ਦੁੱਖ ਤੋਂ ਨਿਵ੍ਰਿਤੀ ਮਿਲਦੀ ਹੈ। ਨਿਰਵਾਣ ਦਾ ਅਰਥ ਹੈ ਜੀਵਨ ਰੂਪੀ ਜੁਆਲਾ ਦਾ ਜਾਣਾ। ਇਹ ਬੁਝਣਾ ਦੇਹਾਂਤ ਨਾਲ ਸੰਬੰਧਿਤ ਨਹੀਂ, ਮ੍ਰਿਤੂ ਤੋਂ ਬਾਅਦ ਵੀ ਜਨਮ ਹੁੰਦਾ ਹੈ ਅਤੇ ਇਹ ਕ੍ਰਮ ਉਦੋਂ ਤਕ ਚਲਦਾ ਰਹਿੰਦਾ ਹੈ ਜਦੋਂ ਤਕ ਗਿਆਨ ਪ੍ਰਾਪਤ ਨਹੀਂ ਹੁੰਦਾ। ਗਿਆਨ ਦੀ ਪ੍ਰਾਪਤੀ ਚਾਰ ਸੱਚਾਈਆਂ ਨੂੰ ਸਾਖਿਆਤ ਕਰਨਾ ਹੈ ਇਸ ਲਈ ਅਸ਼ਟਾਂਗ ਮਾਰਗ ਉੱਤੇ ਚਲਣਾ ਜ਼ਰੂਰੀ ਹੈ।

ਮਹਾਤਮਾ ਬੁੱਧ ਤੋਂ ਬਾਅਦ ਉਹਨਾਂ ਦੇ ਪੈਰੋਕਾਰਾਂ ਵਿਚ ਅਨੇਕਾਂ ਤਰ੍ਹਾਂ ਦੇ ਮੱਤ-ਭੇਦ ਪੈਦਾ ਹੋ ਗਏ ਅਤੇ ਬੁੱਧ ਦੇ ਉਪਦੇਸ਼ਾਂ ਦੀ ਵਿਆਖਿਆ ਵੱਖ-ਵੱਖ ਢੰਗਾਂ ਨਾਲ ਹੋਣ ਲੱਗੀ। ਇਹ ਦੋ ਸ਼ਾਖਾਵਾਂ ਸਨ ਇਕ ਮਹਾਯਾਨ ਜੋ ਨਵੇਂ ਸ਼ਾਖਾ ਵਾਲੇ ਸਨ ਅਤੇ ਦੂਜੇ ਹੀਨਯਾਨ ਜੋ ਪੁਰਾਣੇ ਵਿਚਾਰਾਂ ਵਾਲੇ ਸਨ। ਮਾਹਯਾਨ ਵਾਲਿਆਂ ਨੇ ਬੁੱਧ ਦੇ ਉਪਦੇਸ਼ਾਂ ਦੀ ਸੰਸਕ੍ਰਿਤ ਭਾਸ਼ਾ ਵਿਚ ਵਿਆਖਿਆ ਕੀਤੀ ਅਤੇ ਹੀਨਯਾਨੀਆਂ ਨੇ ਪਾਲੀ ਭਾਸ਼ਾ ਵਿਚ ਬੁੱਧ ਦੇ ਵਿਚਾਰਾਂ ਦਾ ਪ੍ਰਚਾਰ ਕੀਤਾ। ਇਹਨਾਂ ਦੋਵਾਂ ਸ਼ਾਖਾਵਾਂ ਦੀਆਂ ਅੱਗੋਂ ਦੋ ਦੋ ਹੋਰ ਸੰਪ੍ਰਦਾਵਾਂ ਬਣ ਗਈਆ। ਵੈਭਾਸ਼ਿਕ ਅਤੇ ਸੌਤ੍ਰਾਂਤਿਮ ਹੀਨਯਾਨ

ਦੀਆਂ ਅਤੇ ਯੋਗਾਚਾਰ ਤੇ ਮਾਧਮਿਕ ਮਹਾਯਾਨ ਦੀਆਂ ਸੰਪ੍ਰਦਾਵਾਂ ਸਨ। ਭਾਵੇਂ ਇਹਨਾਂ ਸ਼ਾਖਾਵਾਂ ਨੇ ਵੱਖ-ਵੱਖ ਰੂਪ ਅਪਣਾ ਲਏ ਹਨ ਪਰ ਇਹ ਸਾਰੇ ਹੀ ਮਹਾਤਮਾ ਬੁੱਧ ਦੇ ਮੂਲ ਸਿਧਾਂਤਾਂ ਦੁਆਲੇ ਹੀ ਘੁੰਮਦੇ ਹਨ।

## 6.13 ਸਾਰ

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਬੁੱਧ ਧਰਮ ਬਾਹਰੀ ਭੇਖ ਅਤੇ ਰਸਮਾਂ-ਰਿਵਾਜਾਂ ਵਿਚ ਵਿਸ਼ਵਾਸ ਨਹੀਂ ਕਰਦਾ। ਇਹ ਸਭ ਮਨੁੱਖ ਦੀ ਆਤਮਿਕ ਪ੍ਰਗਤੀ ਵਿਚ ਕੋਈ ਯੋਗਦਾਨ ਨਹੀਂ ਪਾਉਂਦੇ। ਬੁੱਧ ਧਰਮ ਇਕ ਤਰ੍ਹਾਂ ਦੀ ਜੀਵਨ-ਜਾਚ ਹੈ ਜੋ ਆਪਣੇ ਸਮੇਂ ਦੇ ਬ੍ਰਾਹਮਣਵਾਦ ਦੇ ਵਿਰੋਧ ਵਿਚੋਂ ਪੈਦਾ ਹੋਈ ਅਤੇ ਛੇਤੀ ਹੀ ਇਸ ਧਰਮ ਅਤੇ ਇਸ ਦੇ ਪੈਰੋਕਾਰਾਂ ਨੂੰ ਆਪਣੇ ਮੂਲ ਦੇਸ ਭਾਰਤ ਤੋਂ ਬਾਹਰ ਜਾਣਾ ਪਿਆ। ਅੱਜ ਬੁੱਧ ਧਰਮ ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚੋਂ ਇਕ ਹੈ। ਇਸ ਦੇ ਪੈਰੋਕਾਰ ਦੁਨੀਆ ਦੇ ਹਰ ਮੁਲਕ ਵਿਚ ਮਿਲ ਜਾਂਦੇ ਹਨ ਪਰ ਇਸਦੇ ਆਪਣੇ ਮੂਲ ਦੇਸ ਭਾਰਤ ਵਿਚ ਬਹੁਤ ਘੱਟ ਸੰਖਿਆ ਵਿਚ ਪੈਰੋਕਾਰ ਹਨ।

## 6.14 ਪੜ੍ਹਣਯੋਗ ਪੁਸਤਕਾਂ


- ਅਰਵਿੰਦ ਰਿਤੁਰਾਜ (ਡਾ.), *ਬੁੱਧ ਧਰਮ ਦੀ ਰੂਪ ਰੇਖਾ*, ਗਰੇਸ਼ੀਅਸ ਬੁਕਸ, ਪਟਿਆਲਾ, 2015
- ਸਰਬਜਿੰਦਰ ਸਿੰਘ (ਡਾ.), *ਵਿਸ਼ਵ ਧਰਮ ਬਾਨੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਕ,* ਭਾਗ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
- ਕਰਮ ਤੇਜ ਸਿੰਘ ਸਰਾਓ (ਪ੍ਰੋ.), ਪ੍ਰਾਚੀਨ ਭਾਰਤੀ ਬੁੱਧ ਧਰਮ:ਉਦਭਵ, ਸੁਭਾਅ ਅਤੇ ਪਤਨ, ਪਬਲੀਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007
- ਹਰਪਾਲ ਸਿੰਘ ਪੰਨੂੰ, (ਡਾ.),*ਭਾਰਤ ਦੇ ਪੁਰਾਤਨ ਧਰਮ - ਇਕ ਸੰਖੇਪ ਸਰਵੇਖਣ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ , ਪਟਿਆਲਾ 2000
- ਪਰਮਵੀਰ ਸਿੰਘ, (ਡਾ.), ਪ੍ਰਦੁਮਨ ਸ਼ਾਹ ਸਿੰਘ (ਡਾ.), ਭਾਰਤ ਦੇ ਪ੍ਰਮੁਖ ਧਰਮ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2016
- A.K. Warder, Indian Budhism, Motilal Publishers, Delhi, 2004
- Bhagat Singh Hira, Semitic Religious Thought and Sikhism, National Book Shop, Delhi, 1992

- Gurbachan Singh Talib, An Advanced Book of Religious Studies, Punjabi University Patiala, 1974
- G.C. Pande, Studies in the Origin of Buddhism, Motillal Publishers, Delhi, 1999
- P.V. Bapat, 2500 years of Buddhism, Motilal Banarsidass, 2012
- R.R. Diwakar , Bhagwan Buddha, Bharatiya Vidya Bhavan, Bombay, 1960
- Sir Charles Eliot, Hinduism and Buddhism, Germany, 2018
- Agustin Paniker, Jainsim History, Society, Philosophy and Practice, Motilal Banarsidass, 2017
- S. Radhakrishnan, 2500 years of Buddhism, Publication Division, Delhi, 1956

## 6.15 ਅਭਿਆਸ ਲਈ ਪ੍ਰਸ਼ਨ

### ਵੱਡੇ ਪ੍ਰਸ਼ਨ

1. ਮਹਾਤਮਾ ਬੁੱਧ ਦੇ ਜਨਮ ਅਤੇ ਮਾਤਾ ਪਿਤਾ ਬਾਰੇ ਤੁਸੀਂ ਕੀ ਜਾਣਦੇ ਹੋ
2. ਮਹਾਤਾਮਾ ਬੁੱਧ ਦੇ ਜੀਵਨ ਦੇ ਚਾਰ ਮਹਾਂ-ਦ੍ਰਿਸ਼ਾਂ ਅਤੇ ਮਹਾਨ ਤਿਆਗ ਦਾ ਵਰਣਨ ਕਰੋ।
3. ਮਹਾਤਮਾ ਬੁੱਧ ਦੀ ਗਿਆਨ ਪ੍ਰਾਪਤੀ ਦਾ ਵਰਣਨ ਕਰੋ।

### ਛੋਟੇ ਪ੍ਰਸ਼ਨ

1. ਚਾਰ ਮਹਾਨ ਸੱਚਾਈਆਂ
2. ਅਸ਼ਟਾਂਗ ਮਾਰਗ

## 7. ਪੈਗੰਬਰ ਜ਼ਰਤੁਸਤ: ਜੀਵਨ ਬਿਰਤਾਂਤ ਅਤੇ ਸਿੱਖਿਆਵਾਂ


7.0 ਉਦੇਸ਼

7.1 ਜਾਣ-ਪਛਾਣ

7.2 ਜਨਮ ਅਤੇ ਜੀਵਨ ਕਾਲ

7.3 ਇਲਹਾਮ ਦੀ ਪ੍ਰਾਪਤੀ

7.4 ਜ਼ਰਤੁਸਤ ਮਤ

7.5 ਅਧਿਆਤਮਿਕ ਵਿਚਾਰਧਾਰਾ

7.5.1 ਅਹੁਰਮਜ਼ਦ

7.5.2 ਆਸ਼ਾ

7.5.3 ਵੋਹੂਮਾਨੋ

7.5.4 ਕਸ਼ਥ੍ਰ-ਵੈਰਯਾ

7.5.5 ਸਪੈਂਤਾ ਅਰਮੈਤੀ

7.5.6 ਹੌਰਵਤਤ

7.5.7 ਅਮੇਰਤੱਤ

7.5.8 ਸ੍ਰਓਸ਼

7.6 ਧਾਰਮਿਕ ਵਿਚਾਰਧਾਰਾ ਅਤੇ ਕਰਮਾਚਾਰ

7.7 ਸਾਰ

7.8 ਪੜ੍ਹਣਯੋਗ ਪੁਸਤਕਾਂ

7.9 ਅਭਿਆਸ ਲਈ ਪ੍ਰਸ਼ਨ


### 7.0 ਉਦੇਸ਼-

ਪ੍ਰਸੁਤਤ ਯੂਨਿਟ ਜ਼ਰਤੁਸਤ ਧਰਮ ਦੇ ਧਰਮ ਬਾਨੀ ਪੈਗੰਬਰ ਜ਼ਰਤੁਸਤ ਬਾਰੇ ਵੇਰਵਾ ਪ੍ਰਦਾਨ ਕਰਦੀ ਹੈ। ਜੋ ਕਿ ਸੰਸਾਰ ਦੇ ਪੁਰਾਤਨ ਧਰਮਾਂ ਦੀ ਲੜੀ ਵਿਚੋਂ ਇਕ ਹੈ।

7.1 ਜਾਣ-ਪਛਾਣ

ਜ਼ਰਤੁਸਤ (Zara thustra) ਜਿਸ ਨੂੰ ਪੱਛਮੀ ਅਤੇ ਯੂਨਾਨੀ ਵਿਦਵਾਨ ਜ਼ੋਰਾਸਟਰ (Zoroastr) ਕਹਿੰਦੇ ਹਨ, ਪੈਗ਼ੰਬਰ ਅਜ਼ਮਤ ਵਾਲਾ ਫ਼ਾਰਸ (ਈਰਾਨ) ਦਾ ਮਹਾਤਮਾ ਸੀ, ਜਿਸ ਨੇ ਈਰਾਨ ਦੀ ਬਹੁਦੇਵ ਪਰੰਪਰਾ (Polothism) ਤੋਂ ਹੱਟ ਕੇ ਇਕ ਈਸ਼ਵਰਵਾਦ (Monothism) ਦੀ ਨਿਵੇਕਲੀ ਵਿਚਾਰਧਾਰਾ ਨੂੰ ਸਥਾਪਤ ਕੀਤਾ ਜੋ ਜ਼ਰਤੁਸਤੀ ਮੱਤ (Zoroastrianism) ਵੱਜੋਂ ਜਾਣੀ ਗਈ। ਕਿਸੇ ਸਮੇਂ ਈਰਾਨ ਨੂੰ ਫ਼ਾਰਸ ਕਿਹਾ ਜਾਂਦਾ ਸੀ ਅਤੇ ਇਥੋਂ ਦੇ ਲੋਕ ਫ਼ਾਰਸੀ ਅਖਵਾਉਂਦੇ ਸਨ। ਜ਼ਰਤਸਤ ਦੇ ਮੱਤ (ਵਿਚਾਰਧਾਰਾ) ਨੂੰ ਇਨ੍ਹਾਂ ਲੋਕਾਂ ਨੇ ਅਪਣਾ ਲਿਆ। ਯੂਨਾਨ ਦੇ ਵਿਦਵਾਨਾਂ ਨੇ ਫ਼ਾਰਸ ਨੂੰ ਪਾਰਸ ਅਤੇ ਇਥੋਂ ਦੇ ਲੋਕਾਂ ਨੂੰ ਪਾਰਸੀ ਕਹਿਣਾ ਸ਼ੁਰੂ ਕਰ ਦਿੱਤਾ। ਇਹ ਸ਼ਬਦ ਹੌਲੀ ਹੌਲੀ ਧਰਮ ਦੇ ਅਰਥਾਂ ਵਿੱਚ ਇਵੇਂ ਹੀ ਵਰਤਿਆ ਜਾਣ ਲੱਗਾ ਜਿਵੇਂ ਹਿੰਦੋਸਤਾਨ ਦੇ ਲੋਕ ਹਿੰਦੂ ਅਖਵਾਉਂਦੇ ਹਨ। ਅਸਲ ਵਿੱਚ ਪਾਰਸੀ ਧਰਮ ਦਾ ਨਾਮ ਜ਼ਰਤੁਸਤੀ ਮੱਤ ਹੀ ਹੈ ਜੋ ਪੈਗ਼ੰਬਰ ਜ਼ਰਤੁਸਤ ਦੇ ਨਾਮ ਤੋਂ ਪਿਆ ਹੈ, ਪਰ ਜਦ ਇਹ ਲੋਕ ਈਰਾਨ (ਪਾਰਸ) ਨੂੰ ਛੱਡ ਕੇ ਭਾਰਤ ਆਏ ਤਾਂ ਇਨ੍ਹਾਂ ਦੀ ਧਾਰਮਿਕ ਪਛਾਣ ਪਾਰਸੀ ਰੂਪ ਵਿੱਚ ਹੋਈ ਅਤੇ ਪਾਰਸੀ ਸੰਸਾਰ ਦਾ ਇੱਕ ਮੱਹਤਵਪੂਰਨ ਧਰਮ ਬਣ ਗਿਆ। ਇਸ ਵੇਲੇ ਦੁਨੀਆਂ ਵਿੱਚ ਦੋ ਲੱਖ ਤੋਂ ਵਧੇਰੇ ਪਾਰਸੀ ਲੋਕ ਹਨ, ਜਿਹਨਾਂ ਵਿੱਚੋਂ ਡੇਢ ਲੱਖ ਦੇ ਕਰੀਬ ਭਾਰਤ ਵਿੱਚ ਵੱਸਦੇ ਹਨ। ਇਸ ਤੋਂ ਪਹਿਲਾਂ ਕਿ ਜ਼ਰਤੁਸਤੀ ਮੱਤ ਬਾਰੇ ਵਿਚਾਰ ਕੀਤੀ ਜਾਵੇ, ਸਾਨੂੰ ਇਸ ਦੇ ਪੈਗ਼ੰਬਰ ਜ਼ਰਤੁਸਤ ਬਾਰੇ ਜਾਣ ਲੈਣਾ ਜ਼ਰੂਰੀ ਹੈ।

7.2 ਜਨਮ ਅਤੇ ਜੀਵਨ ਕਾਲ

ਪੈਗ਼ੰਬਰ ਜ਼ਰਤਸਤ ਦਾ ਜਨਮ ਈਰਾਨ ਦੇ ਕਸਬੇ ਰਾਏ (Rai) ਜਾਂ ਰਾਹੇ ਨੇੜੇ ਤੇਹਰਾਤ ਵਿੱਚ ਹੋਇਆ। ਆਪ ਦਾ ਪੂਰਾ ਨਾਮ ਜ਼ਰਤੁਸਤ ਸਪਿਤਮਾ (Zarathushtra Spitaman) ਸੀ। ਸਪਿਤਮਾ ਉਨ੍ਹਾਂ ਦੇ ਵੰਸ਼ ਦਾ ਨਾਮ ਸੀ ਜਿਸਦਾ ਸ਼ਬਦਿਕ ਅਰਥ 'ਸਫ਼ੇਦ ਹੈ। ਕਈ ਵਿਦਵਾਨਾਂ ਨੇ ਇਸ ਦੇ ਅਰਥ 'ਜੋਤਿ ਮਈ' ਕੀਤੇ ਹਨ। ਇਹ ਸਾਰੇ ਸ਼ਬਦ ਜ਼ਰਤੁਸਤ ਦੀ ਪਵਿੱਤਰਤਾ ਅਤੇ ਰੂਹਾਨੀਅਤ ਦੇ ਸੰਕੇਤ ਦਿੰਦੇ ਹਨ। ਆਪ ਦੇ ਪਿਤਾ ਦਾ ਨਾਮ ਪੋਰੂਸ਼ਾਸਪ (Pourushaspa) ਅਤੇ ਮਾਤਾ ਦਾ ਨਾਮ ਦੁਘਦੈਵ (Dughdhova) ਸੀ। ਦੁਘਦੇਵਾ ਦੇ ਸ਼ਬਦੀ ਅਰਥ ਭਾਵੇਂ ਗਵਾਲਣ (Milkmaid) ਹੈ ਪਰ ਉਹ ਸਾਹੀ ਘਰਾਣੇ ਨਾਲ ਸੰਬੰਧ ਰੱਖਦੀ ਸੀ।

ਆਪ ਦੇ ਜਨਮ ਬਾਰੇ ਕਈ ਮਿੱਥਾਂ ਅਤੇ ਦੰਦ ਕਥਾਵਾਂ ਪ੍ਰਚਲਤ ਹਨ। ਕਿਹਾ ਜਾਂਦਾ ਹੈ ਕਿ ਜ਼ਰਤੁਸਤ ਦੇ ਜਨਮ ਤੋਂ ਕੁੱਝ ਚਿਰ ਪਹਿਲਾਂ ਇਹ ਭਵਿੱਖ ਬਾਣੀ ਹੋ ਗਈ ਸੀ ਕਿ ਇਹ ਬੱਚਾ ਪ੍ਰਚਲਿਤ ਬਹੁਦੇਵ ਪੂਜਾ ਅਤੇ ਅਨੈਤਿਕਤਾ ਦੀਆਂ ਸ਼ਕਤੀਆਂ ਦਾ ਨਾਸ਼ ਕਰੇਗਾ। ਇਹ ਵੀ ਕਿਹਾ ਜਾਂਦਾ ਹੈ ਕਿ ਪਰੰਪਰਾਗਤ ਸੋਚ ਵਾਲੇ ਪਿਤਾ ਪੌਰੂਸ਼ਾਸਪ ਨੇ ਬੁੱਤ-ਪੂਜਕ ਪਰੋਹਿਤਾਂ ਨਾਲ ਮਿਲ ਕੇ ਜ਼ਰਤੁਸਤ ਨੂੰ ਜੰਮਦੇ ਹੀ ਮਾਰਨ ਦੀ ਸਾਜਿਸ਼ ਰਚ ਲਈ ਸੀ ਪਰ ਮਾਂ ਨੂੰ ਇਸ ਦੀ ਭਿਣਕ ਪੈ ਗਈ ਅਤੇ ਉਹ ਸੁਚੇਤ ਹੋ ਗਈ। ਉਸ ਨੇ ਬਾਲਪਨ ਵਿੱਚ ਜ਼ਰਤੁਸਤ ਦੀ ਪੂਰੀ ਰੱਖਿਆ ਕੀਤੀ। ਇਸ ਕਰਾਮਾਤ ਦਾ ਜ਼ਿਕਰ ਵੀ ਈਰਾਨੀ ਕਥਾਵਾਂ ਵਿੱਚੋਂ ਮਿਲਦਾ ਹੈ ਕਿ ਆਪਣੇ ਜਨਮ ਸਮੇਂ ਜ਼ਰਤੁਸਤ ਹੱਸਿਆ ਸੀ ਅਤੇ

ਉਸ ਦੀ ਮਾਂ ਦਾ ਘਰ ਰੱਬੀ ਨੂਰ ਨਾਲ ਭਰ ਗਿਆ ਸੀ। ਅਸਲ ਵਿੱਚ ਇਹ ਸਾਰੀਆਂ ਦੰਦ-ਕਥਾਵਾਂ ਜ਼ਰਤੁਸਤ ਦੇ ਰੂਹਾਨੀ ਪ੍ਰਭਾਵਾਂ ਨੂੰ ਪ੍ਰਤੀਕ ਮਈ ਰੂਪ ਵਿੱਚ ਬਿਆਨ ਕਰਦੀਆਂ ਹਨ ਕਿਉਂਕਿ ਜ਼ਰਤੁਸਤ ਦੀ ਰੂਹਾਨੀ ਵਿਚਾਰਧਾਰਾ ਨੇ ਪਰੰਪਰਾਗਤ ਰੂਪ ਵਿੱਚ ਲੋਕ ਮਾਨਸਿਕਤਾ ਅੰਦਰ ਅਸੁਰ, ਅਨਹੇਤ, ਮਿਥਰ ਤੇ ਹੋਮ ਆਦਿ ਦੇਵਤਿਆਂ ਦੇ ਵਿਸ਼ਵਾਸ ਨੂੰ ਉਖਾੜ ਦਿਤਾ ਸੀ। ਆਪ ਨੇ ਜਿਸ ਦੈਵੀ ਸੰਦੇਸ਼ ਨੂੰ ਮਾਨਵਤਾ ਤੱਕ ਪਹੁੰਚਾਇਆ, ਉਹ ਪ੍ਰਕਿਰਤਿਕ ਨਿਯਮਾਂ ਦੇ ਅਨੁਕੂਲ ਸੀ । ਬੱਚੇ ਦੇ ਹਾਸੇ ਅਤੇ ਘਰ ਦਾ ਨੂਰ ਨਾਲ ਭਰ ਜਾਣਾ ਇਸ ਗੱਲ ਦਾ ਸੰਕੇਤ ਹੈ ਕਿ ਉਸਦੀ ਪਰੰਪਰਾਵਾਦੀ ਰੂੜੀ ਖ਼ਿਆਲਾਂ ਉੱਪਰ ਜਿੱਤ ਹੋਵੇਗੀ ਅਤੇ ਉਹ ਪਵਿੱਤਰ ਰੂਹਾਨੀ ਸੰਦੇਸ਼ ਫੈਲਾਉਣ ਵਿੱਚ ਕਾਮਯਾਬ ਹੋਵੇਗਾ ।

ਜਿਥੋਂ ਤਕ ਆਪ ਦੇ ਜੀਵਨ-ਕਾਲ ਤੇ ਜਨਮ ਮਿਤੀ ਦਾ ਸੰਬੰਧ ਹੈ ਇਸ ਬਾਰੇ ਵਿਦਵਾਨਾਂ ਦੀਆਂ ਰਾਵਾਂ 100 A.D. ਤੋਂ ਲੈ ਕੇ 6800 B.C. ਤਕ ਵੱਖਰਤਾ ਰੱਖਦੀਆਂ ਹਨ। ਸ਼ਾਸ਼ਨੀਆ ਦੇ ਪਰੋਹਿਤ ਕਹਿੰਦੇ ਹਨ ਕਿ ਜ਼ਰਤੁਸ਼ਤ ਸਾਈਰਸ (Cyrus) ਦੇ ਰਾਜ ਤੋਂ 100 ਸਾਲ ਪਹਿਲਾਂ ਹੋਏ ਹਨ ਜਦ ਕਿ ਯੂਨਾਨੀ ਇਤਿਹਾਸਕਾਰ ਆਪ ਦਾ ਸਮਾਂ ਇਸ ਤੋਂ ਵੀ ਪਿੱਛੋਂ ਲੈ ਜਾਂਦੇ ਹਨ । ਬਾਈਬਲ ਵਿਚੋਂ ਜ਼ਰਤੁਸਤਰੀ ਵਿਚਾਰਾਂ ਨੂੰ ਲੱਭਣ ਵਾਲੇ ਜੇਮਜ਼ ਡਾਰਮੈਸਟਰ (James Darmester) ਵਰਗੇ ਪੱਛਮੀ ਵਿਦਵਾਨ ਇਹ ਵੀ ਕਹਿ ਦਿੰਦੇ ਹਨ ਕਿ ਈਸਾ ਦੇ ਸਮੇਂ ਜ਼ਰਤਸਤ ਜੀਵਤ ਸੀ ਜੋ ਕਦਾਚਿਤ ਮੰਨਣ ਯੋਗ ਨਹੀਂ ਹੈ । ਐਨਕਿਉਟਿਲ-ਦੁ-ਪੈਰਨ (Anquetil du Perron), ਹੈਰਿਜ ਫੀਲਡ (Herz Feld), ਹਿਨਿੰਗ ਤੇ ਵੈਸਟ (Henning and West) ਵਿਦਵਾਨ ਜ਼ਰਤੁਸਤ ਦਾ ਸਮਾਂ 6 ਵੀਂ ਤੋਂ 7 ਵੀਂ ਸਦੀ B.C. ਮੰਨਦੇ ਹਨ। ਵਾਈਡਨਗਰਿੰਨ (Widengren) 900 B.C. ਤਕ ਲੈ ਨਾਂਰੇ ਤਠ । ਭਾਤ. ਸੀ. ਜੀਠਠ (R.C. Zaehner) ਭਾਥ ਰਾਨੀਹਰੁ-ਵਾਲ 628-551 B.C. ਨਿਰਧਾਰਿਤ ਕਰਦੇ ਹਨ । ਇਸ ਦਾ ਪੱਕਾ ਆਧਾਰ ਪਹਿਲਵੀ ਇਤਿਹਾਸਕ ਪੁਸਤਕ ਬੁੰਦਾਹਿਸ਼ਨ (The Bundahishn) ਹੈ ਜਿਸ ਵਿੱਚ ਸਿਕੰਦਰ ਮਹਾਨ ਦੇ ਈਰਾਨ ਉੱਤੇ ਹੋਏ ਹਮਲੇ ਦਾ ਜ਼ਿਕਰ ਹੈ ਅਤੇ ਇਹ ਵੀ ਲਿਖਿਆ ਹੈ ਕਿ ਜ਼ਰਤੁਸਤ ਇਸ ਹਮਲੇ ਤੋਂ 250 ਸਾਲ ਪਹਿਲਾਂ ਹੋਇਆ ਹੈ। ਸਿਕੰਦਰ ਦਾ ਹਮਲਾ 330 ਪੂ. ਈ. ਵਿੱਚ ਹੋਇਆ ਇਸ ਹਿਸਾਬ ਨਾਲ ਜ਼ਰਤੁਸਤ ਦਾ ਸਮਾਂ 588 ਪੂ. ਈ. ਬਣਦਾ ਹੈ। " ਡੰਕਨ ਗਰੀਲੀਸ (Duncan Greelees) ਵੀ ਆਪਣੀ ਪੁਸਤਕ ਗਾਸਪਲ ਆਫ ਜ਼ਰਦਸਤਰਾ (The Gospel of Zarathustra) ਵਿੱਚ ਇਹੀ ਸਮਾਂ ਨਿਰਧਾਰਿਤ ਕਰਦਾ ਹੈ । ਪਾਰਸੀ ਰਵਾਇਤਾਂ ਅਨੁਸਾਰ ਜ਼ਰਤੂਸਤ ਨੇ 40 ਸਾਲ ਦੀ ਉਮਰ ਵਿੱਚ ਬਾਦਸ਼ਾਹ ਵਿਸਤਾਸਪ (Vishtasap) ਨੂੰ ਆਪਣੇ ਮੱਤ ਵਿੱਚ ਸ਼ਾਮਿਲ ਕੀਤਾ ਸੀ ਤੇ ਆਪ ਨੇ 77 ਸਾਲ ਦੀ ਉਮਰ ਭੋਗੀ ਸੀ । ਇਸ ਹਿਸਾਬ ਨਾਲ ਆਪ ਦਾ ਸਮਾਂ 628-551 ਪੂ. ਈ. ਹੀ ਬਣਦਾ ਹੈ। ਬਚਪਨ ਤੋਂ ਹੀ ਪੈਗ਼ੰਬਰ ਜ਼ਰਤਸਤ ਧਾਰਮਿਕ ਰੁਚੀਆਂ ਵਾਲੇ ਸਨ ਅਤੇ ਲੋੜਵੰਦਾਂ ਨਾਲ ਮਿਹਰਬਾਨੀ ਭਰਿਆ ਵਿਵਹਾਰ ਕਰਦੇ ਸਨ । ਆਪ ਉਹਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਆਪਣੇ ਪਾਸ ਜੋ ਕੁਝ ਵੀ ਹੁੰਦਾ ਸੀ, ਦਾਨ ਵਜੋਂ ਦੇ ਦਿੰਦੇ ਸਨ । ਮਾਨਵ ਭਲਾਈ ਦੀ ਇਸ ਰੁਚੀ ਤੋਂ ਸਾਰੇ ਹੈਰਾਨ ਹੁੰਦੇ ਸਨ।

ਵਿੱਦਿਆ ਪ੍ਰਾਪਤੀ ਲਈ ਜ਼ਰਤੁਸਤ ਨੂੰ ਇਕ ਵਿਦਵਾਨ ਤੇ ਨੇਕ ਪੁਰਸ਼ ਪਾਸ ਭੇਜਿਆ ਗਿਆ। ਭਾਰਤ ਮਤ ਦਰਪਣ ਦਾ ਕਰਤਾ ਇਹ ਵੀ ਅਨੁਮਾਨ ਲਾਉਂਦਾ ਹੈ ਕਿ ਸ਼ਾਇਦ ਵਿੱਦਿਆ ਪ੍ਰਾਪਤੀ ਲਈ ਜ਼ਰਤੁਸਤ ਭਾਰਤ ਵਿੱਚ ਆਇਆ ਹੋਵੇ ਕਿਉਂਕਿ 'ਜਿੰਦ-ਅਵੇਸਤਾ' ਵਿੱਚ ਵੇਦਾਂ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ। 15 ਸਾਲ ਦੀ ਉਮਰ ਵਿਚ ਆਪ ਨੂੰ ਪਵਿੱਤਰ ਚੰਗਾ (Sudreh) ਅਤੇ ਧੋਤੀ (Kusti) ਪਹਿਨਾ ਕੇ ਵੱਡੇ-ਵਡੇਰਿਆਂ ਦੇ ਧਰਮ ਵਿਚ ਪਰਵੇਸ਼ ਕਰਵਾਇਆ ਗਿਆ। ਇਹ ਦੋਵੇਂ ਵਸਤਾਂ ਪਾਰਸੀਆਂ ਦੇ ਦੀਖਿਆ ਸੰਸਕਾਰ ਸਮੇਂ ਅੱਜ ਕੱਲ੍ਹ ਵੀ ਪਹਿਨਾਈਆਂ ਜਾਂਦੀਆਂ ਹਨ।

ਪੈਗ਼ੰਬਰ ਜ਼ਰਤੁਸਤ ਨੇ ਗ੍ਰਹਿਸਥੀ ਜੀਵਨ ਜੀਵਿਆ। ਅਵੇਸਤਾ ਵਿਚ ਜ਼ਿਕਰ ਆਉਂਦਾ ਹੈ ਕਿ ਆਪ ਦੀ ਪਤਨੀ ਦਾ ਨਾਮ ਹਵੇਵੀ / ਵੇਵੀ (Hvovi) ਸੀ ਜੋ ਸਾਸਟਰ ਦੀ ਲੜਕੀ ਸੀ। ਕੁਝ ਵਿਦਵਾਨ ਇਸ ਨੂੰ ਵਹੋਗਵਾ ਲਿਖਦੇ ਹਨ ਜੋ ਇਕ ਰੀਤਰ ਦਾ ਨਾਮ ਹੈ ਤੇ ਜਿਸਦੇ ਸ਼ਬਦੀ ਅਰਥ 'ਉੱਤਮ ਪਸ਼ੂ ਵਾਲਾ' ਹਨ। ਆਪ ਦੇ ਤਿੰਨ ਲੜਕੇ ਅਤੇ ਤਿੰਨ ਲੜਕੀਆਂ ਸਨ। ਆਪ ਪਰਿਵਾਰਕ ਜੀਵਨ ਵਿੱਚ ਰਹਿੰਦੇ ਹੋਏ ਬਹੁਤ ਹੀ ਸਾਦਾ ਜੀਵਨ ਬਤੀਤ ਕਰਦੇ ਸਨ। ਕਿਰਤ- ਕਮਾਈ ਅਤੇ ਘਰੇਲੂ ਸਾਦਾ ਵਸਤੂਆਂ ਨਾਲ ਗੁਜ਼ਾਰਾ ਕਰਦੇ ਸਨ।

7.3 ਇਲਹਾਮ ਦੀ ਪ੍ਰਾਪਤੀ-

20 ਸਾਲ ਦੀ ਉਮਰ ਵਿਚ ਜਰਤੁਸਤ ਰੂਹਾਨੀ ਖੋਜ ਲਈ ਆਪਣੇ ਮਾਤਾ-ਪਿਤਾ, ਪਤਨੀ ਤੇ ਪਰਿਵਾਰ ਨੂੰ ਛੱਡ ਕੇ ਪਹਾੜਾਂ ਵੱਲ ਚਲੇ ਗਏ। ਆਪ ਦਾ ਮਹਾਤਮਾ ਬੁੱਧ ਵਾਂਗ ਅਨੇਕਾਂ ਧਾਰਮਿਕ ਲੋਕਾਂ ਨਾਲ ਵਿਚਾਰ-ਵਿਟਾਂਦਰਾ ਹੋਇਆ ਪਰ ਇਹ ਸਾਰੇ ਆਪ ਨੂੰ ਪਰੰਪਰਾਗਤ ਸਾਧਨਾ ਵੱਲ ਤੋਰ ਰਹੇ ਸਨ। ਅਖੀਰ ਆਪ ਰੂਹਾਨੀ ਅਨੁਭਵ ਪ੍ਰਾਪਤ ਕਰਨ ਲਈ ਪਹਾੜ ਦੀ ਇਕ ਗੁਫਾ ਵਿਚ ਮੋਨ ਸਾਧ ਕੇ ਬੈਠ ਗਏ। 10 ਸਾਲ ਆਪ ਇਥੇ ਇਕੱਲੇ ਇਕਾਂਤ ਵਿਚ ਰਹੇ। ਅਖੀਰ ਇਕ ਗੁਲਾਬੀ ਸਵੇਰ ਨੂੰ ਆਪ ਨੂੰ ਅਨੁਭਵ ਹੋਇਆ ਤੇ ਆਪ ਨੇ ਆਪਣੇ ਆਪ ਨੂੰ ਬਦਲਿਆ ਹੋਇਆ ਮਹਿਸੂਸ ਕੀਤਾ। ਜਰਮਨ ਫ਼ਿਲਾਸਫ ਨਿਤਸੇ (Nietzsche) ਆਪਣੀ ਵਿਸ਼ਵ-ਪ੍ਰਸਿੱਧ ਪੁਸਤਕ 'ਜ਼ਰਦਸਤਰਾ ਨੇ ਕਿਹਾ' (Thus Spoke Zarathastra) ਦੇ ਪਹਿਲੇ ਖੰਡ ਵਿਚ ਲਿਖਦਾ ਹੈ।

ਕਿ ਆਪ ਨੇ ਅਨੁਭਵ ਪ੍ਰਾਪਤ ਕਰਦੇ ਸਾਰ ਸੂਰਜ ਨੂੰ ਸੰਬੋਧਨ ਹੁੰਦੇ ਕਿਹਾ –

"ਹੇ ਮਹਾਨ ਸਿਤਾਰੇ ! ਸੋਚੋ ਜੇਕਰ ਇਹ ਸੰਸਾਰ ਨਾ ਹੁੰਦਾ,

ਤਾਂ ਤੂੰ ਕਿਸ ਨੂੰ ਰੋਸਨ ਕਰਦਾ ?

ਕੀ ਫਿਰ ਵੀ ਤੂੰ ਏਨਾ ਹੀ ਖੁਸ਼ ਹੁੰਦਾ ?

ਮੇਰੇ ਅੰਦਰਲੀ ਗਿਰਜ ਤੇ ਮਨ ਦੇ ਸੱਪ ਲਈ ਨਹੀ, ਤਾਂ ਫਿਰ ਤੂੰ ਦਸ ਵਰ੍ਹੇ ਮੇਰੀ ਗੁਫਾ ਵਿਚ ਝਾਤੀ ਮਾਰਕੇ, ਹਰ ਰੋਜ਼ ਕਿਸ ਨੂੰ ਝਾਕਦਾ ਰਿਹਾ ਹੈ। ਹੁਣ ਮੈਂ ਆਪਣੇ ਬੋਝ ਨੂੰ ਚੁੱਕਦਾ ਚੁੱਕਦਾ ਥੱਕ ਗਿਆ ਹਾਂ। ਜਿਸ ਤਰ੍ਹਾਂ ਤੂੰ ਹਰ ਸ਼ਾਮ ਨੂੰ ਹਨ੍ਹੇਰੇ ਵਿਚ ਗਵਾਚ ਜਾਂਦਾ ਹੈ, ਉਸੀ ਤਰ੍ਹਾਂ ਮੈਂ ਭੀ ਅਤਲ ਵਿਚ ਸਮਾਅ ਜਾਣਾ ਚਾਹੁੰਦਾ ਹਾਂ। ਓਹ ਨਿਸੰਗ ਦ੍ਰਿਸ਼ਟ !

ਮੈਨੂੰ ਅਸ਼ੀਰਵਾਦ ਦੇ, ਕਿ ਇਹ ਪਿਆਲਾ ਛਲਕਣ ਤੋਂ ਪਹਿਲਾਂ ਚਮਕ ਦੇ ਜਾਵੇ। ਅਸੀਸ ਦਿਓ ਕਿ ਇਹ ਪਿਆਲਾ ਹੁਣ ਭਰ ਗਿਆ ਹੈ, ਤੇ ਜ਼ਰਤੁਸਤਰਾ ਫਿਰ ਆਦਮੀ ਬਣ ਰਿਹਾ ਹੈ।"

ਇਸ ਅਨੁਭਵ ਬਾਰੇ ਜ਼ਰਤਸਤਰੀ ਪਰੰਪਰਾ ਵਿੱਚ ਇਕ ਦੰਦ-ਕਥਾ ਪ੍ਰਚਲਿਤ ਹੈ ਕਿ ਸਾਧਨਾ ਦੇ ਦੌਰਾਨ ਇਕ ਦਿਨ ਜ਼ਰਤੁਸਤ ਦੇ ਸਾਹਮਣੇ ਮਨੁੱਖ ਨਾਲੋਂ ਨੌ ਗੁਣਾ ਵੱਧ ਵੱਡੇ ਆਕਾਰ ਦੀ ਇਕ ਸ਼ਕਲ ਪ੍ਰਗਟ ਹੋਈ। ਇਹ ਸ਼ਕਲ ਵੋਹੂਮਨੋ (Vohu Manah, Vo-hoo-ma- nu) ਦੀ ਸੀ ਜੋ ਨੇਕੀ ਦਾ ਇਕ ਮਹਾਨ ਦੇਵਤਾ ਸੀ । ਕੁਝ ਇਕ ਪ੍ਰਸ਼ਨਾਂ ਉਪਰੰਤ ਜਰਤਸਤ ਦਾ ਭੌਤਿਕ ਸਰੀਰ ਉਥੇ ਹੀ ਪਿਆ ਰਿਹਾ ਅਤੇ ਉਸ ਦੀ ਪਵਿੱਤਰ ਆਤਮਾ ਪਰਮ ਸਿਆਣਪ ਵਾਲੇ ਪਰਮਾਤਮਾ ਅਹੁਰਮਜ਼ਦਾ (Ahuramazda, a-hoor-u-mazda) ਦੀ ਹਜੂਰੀ ਵਿਚ ਪਹੁੰਚ ਗਈ।

ਅਹੁਰਮਜ਼ਦਾ ਦਾ ਦਰਬਾਰ ਲੱਗਾ ਹੋਇਆ ਸੀ, ਕਈ ਫਰਿਸ਼ਤੇ ਇਥੇ ਝੁਰਮਟ ਪਾਈ ਖੜ੍ਹੇ ਸਨ। ਇਥੇ ਅਹੁਰਮਜ਼ਦ ਨੇ ਜ਼ਰਤੂਸਤ ਨੂੰ ਧਰਮ ਦੇ ਸਿਧਾਂਤਾਂ ਅਤੇ ਕਰਤੱਵ ਤੋਂ ਜਾਣੂ ਕਰਵਾਇਆ। ਦੈਵੀ ਸੰਦੇਸ਼ ਦਿਤਾ ਗਿਆ ਕਿ ਇਹਨਾਂ ਸਿਧਾਂਤਾਂ ਨੂੰ ਲੋਕਾਈ ਵਿਚ ਪਰਚਾਰਿਆ ਜਾਵੇ । ਇਸ ਘਟਨਾ ਤੋਂ ਪਿੱਛੋਂ ਜ਼ਰਤੁਸਤ ਪੈਗ਼ੰਬਰੀ ਜਲਾਲ ਨਾਲ ਮਾਲੋਮਾਲ ਹੋ ਕੇ ਦੈਵੀ ਸੰਦੇਸ਼ ਨੂੰ ਪਰਚਾਰਨ ਲਈ ਪਹਾੜ ਤੋਂ ਹੇਠਾ ਉੱਤਰ ਆਉਂਦੇ ਹਨ । ਵਾਪਸ ਮੁੜਦੇ ਸਮੇਂ ਆਪ ਨੂੰ ਜੰਗਲ ਵਿਚ ਇਕ ਬੁੱਢਾ ਵਿਅਕਤੀ ਮਿਲਦਾ ਹੈ ਜੋ ਜ਼ਰਤੁਸਤ ਨੂੰ ਕਹਿੰਦਾ ਹੈ -

"ਤੂੰ ਉਹ ਜ਼ਰਤੁਸਤਰਾ ਨਹੀਂ ਜੋ ਕਈ ਵਰ੍ਹੇ ਪਹਿਲਾਂ ਇਥੋਂ ਦੀ ਗੁਜਰਿਆ ਸੀ ।
ਤੂੰ ਹੁਣ ਬਦਲ ਗਿਆ ਹੈ,
ਤੂੰ ਹੁਣ ਜਾਗ ਗਿਆ ਹੈ -
ਇਥੇ ਸੁੱਤੇ ਹੋਏ ਲੋਕਾਂ ਵਿਚ ਹੁਣ ਤੂੰ ਕੀ ਕਰੇਂਗਾ? ਜ਼ਰਤੂਸਤਰਾ ਨੇ ਕਿਹਾ -
ਮੈਨੂੰ ਆਦਮੀ ਜਾਤ ਨਾਲ ਪਿਆਰ ਹੈ,
ਮੈਂ ਆਦਮੀਆਂ ਲਈ ਇਕ ਭੇਟ ਲਿਆਇਆ ਹਾਂ।""

ਪੈਗ਼ੰਬਰ ਜ਼ਰਤੂਸਤ ਨੇ ਇਸ ਪਿੱਛੋਂ ਆਪਣੇ ਦੈਵੀ ਧਰਮ ਦਾ ਪਰਚਾਰ ਆਰੰਭ ਕਰ ਦਿਤਾ। ਉਹਨਾਂ ਨੇ ਆਪਣੀ ਸਾਰੀ ਉਮਰ ਕਦੇ ਵੀ ਆਪਣੇ ਆਪ ਨੂੰ ਪੈਗ਼ੰਬਰ ਨਾ ਅਖਵਾਇਆ, ਸਗੋਂ ਸਧਾਰਨ ਮਨੁੱਖ ਦੀ ਹੈਸੀਅਤ ਵਿਚ ਪਰਚਾਰ ਕਰਦੇ ਰਹੇ । ਇਸ ਪਰਚਾਰ ਵਿਚ ਉਨ੍ਹਾਂ ਨੂੰ ਕਈ ਮੁਸ਼ਕਲਾਂ ਆਈਆਂ। ਉਸ ਦਾ ਹਾਸਾ-ਮਖੌਲ ਉਡਾਇਆ ਗਿਆ ਅਤੇ ਉਨ੍ਹਾਂ ਨੂੰ ਤਸੀਹੇ ਵੀ ਦਿਤੇ ਗਏ ਪਰ ਆਪ ਆਪਣੇ ਮਿਸ਼ਨ ਤੇ ਅਡੋਲ ਤੁਰੇ ਰਹੇ । ਗਾਥਾ ਵਿਚ ਆਪ ਖੁਦ ਕਹਿੰਦੇ ਹਨ - "ਹੇ ਅਹੁਰਮਜ਼ਦ । ਤੂੰ ਸਰਬੋਚ ਹੈਂ।

ਵਾਹੁਮਾਨੋ ਰਾਹੀਂ ਤੇਰੇ ਪਵਿੱਤਰ ਸ਼ਬਦਾਂ ਨੂੰ ਜਦ ਮੈਂ ਸੁਣਿਆ-

ਤਾਂ ਮੈਨੂੰ ਉਹਨਾਂ ਦਾ ਰੱਹਸ ਸਮਝ ਆਇਆ। ਮੈਂ ਅਨੁਭਵ ਕਰ ਰਿਹਾ ਹਾਂ ਕਿ ਮਨੁੱਖ ਜਾਤੀ ਤਕ ਤੇਰਾ ਸੰਦੇਸ਼ ਪਹੁੰਚਾਣ ਵਿਚ ਕਠਿਨਾਈ ਪੇਸ਼ ਆਵੇਗੀ, ਭਾਵੇਂ ਤੂੰ ਕਿਹਾ ਹੈ ਕਿ ਮੇਰੇ ਲਈ ਇਹ ਸਰਵ ਸਰੇਸਠ ਕੰਮ ਹੈ।"

ਇਸੇ ਤਰ੍ਹਾਂ ਯਾਸ਼ਨਾ ਵਿੱਚ ਆਪ ਕਹਿੰਦੇ ਹਨ- 'ਸੱਚ ਦੇ ਪਰਚਾਰ ਤੋਂ ਮੈਂ ਤਦ ਤਕ ਨਹੀਂ ਹਟਾਂਗਾ, ਜਦ ਤਕ ਮੇਰੇ ਵਿੱਚ ਸ਼ਕਤੀ ਹੈ।' ਆਪਣੇ ਧਰਮ ਪਰਚਾਰ ਨੂੰ ਸਪਸਟ ਕਰਦੇ ਆਪ ਕਹਿੰਦੇ ਹਨ- 'ਇਹ ਉਪਦੇਸ਼ ਕਿਸੇ ਇਕ ਜਾਤੀ, ਕਿਸੇ ਇਕ ਦੇਸ਼ ਦੀ ਸੰਮਤੀ ਨਹੀਂ ਹੈ। ਇਹ ਤਾਂ ਵਿਸ਼ਵ ਦਾ ਹੈ। ਇਸ ਉੱਪਰ ਵਿਸ਼ਵ ਦਾ ਹੀ ਅਧਿਕਾਰ ਹੈ। ਧਰਮ ਦਾ ਆਦਰਸ਼ ਜੀਵਨ ਦੇ ਪਵਿੱਤਰ ਉਦੇਸ਼ਾਂ ਅਤੇ ਨਿਯਮਾਂ ਨੂੰ ਲੋਕਾਂ ਤੀਕ ਪਹੁੰਚਾਣਾ ਹੈ। ਲੋਕ ਆਪ ਅਨੰਦਮਈ ਹੋ ਕੇ ਦੂਜਿਆਂ ਨੂੰ ਵੀ ਅਨੰਦਮਈ ਕਰਨ ਦਾ ਯਤਨ ਕਰਨ।'

ਪਹਿਲੇ ਇਲਹਾਮ ਤੋਂ ਬਾਅਦ 10 ਸਾਲ ਤਕ ਆਪ ਨੂੰ ਅਨੁਭੂਤੀਆਂ ਹੁੰਦੀਆਂ ਰਹੀਆਂ। 10 ਸਾਲਾਂ ਪਿੱਛੋਂ ਪਹਿਲੀ ਵਾਰ ਆਪ ਨੇ 'ਮੈਦੀ ਨਿਮੋਨਹਾ' ਨਾਂ ਦੇ ਵਿਅਕਤੀ ਨੂੰ ਆਪਣਾ ਚੇਲਾ ਬਣਾਇਆ ਜੋ ਰਿਸ਼ਤੇਦਾਰੀ ਵਿੱਚ ਆਪ ਦਾ ਭਰਾ ਲੱਗਦਾ ਸੀ। ਇਸ ਸਮੇਂ ਆਪ ਨੂੰ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਸ ਸੰਬੰਧੀ ਜ਼ਰਤੁਸਤ ਕਈ ਵਾਰ ਅਹੁਰਮਜ਼ਦ ਨਾਲ ਸਲਾਹ ਮਸ਼ਵਰਾ ਕਰਦਾ ਰਿਹਾ। ਇਹਨਾਂ ਇਲਹਾਮੀ ਮਸ਼ਵਰਿਆਂ ਅਤੇ ਆਪ ਦੀ ਦ੍ਰਿੜਤਾ ਕਰਕੇ ਆਪ ਲੋਕਾਂ ਦੀ ਵਿਰੋਧਤਾ ਦੇ ਬਾਵਜੂਦ ਵੀ ਪਰਚਾਰ ਦੇ ਰਾਹ ਤੇ ਕਾਇਮ ਰਹੇ। ਆਪ ਨੇ ਕਈ ਰੋਗੀਆਂ ਨੂੰ ਵੀ ਠੀਕ ਕੀਤਾ। ਇਹਨਾਂ ਸਾਰੇ ਵਿਰੋਧਾਂ ਦਾ ਵਿਸਥਾਰ ਵਰਨਣ ਸਾਨੂੰ ਨੀਤਸੇ ਦੀ ਪੁਸਤਕ 'ਜ਼ਰਤਸਤਰਾ ਨੇ ਕਿਹਾ' ਵਿਚੋਂ ਮਿਲਦਾ ਹੈ।

10 ਸਾਲ ਦੀ ਉਮਰ ਤਕ ਆਪ ਨੂੰ ਸੰਘਰਸ਼ ਮਈ ਜੀਵਨ ਵਿਚੋਂ ਗੁਜ਼ਰਨਾ ਪਿਆ। ਆਪ ਨੇ ਪਹਿਲਾਂ ਉਪਦੇਸ਼ ਤਰ ਦੀ ਰਾਜ ਸਭਾ ਵਿਚ ਦਿਤਾ। ਆਪਣੇ ਨਿਵਾਸ ਸਥਾਨ ਤੋਂ ਆਪ ਤੁਰੂ ਆ ਪਹੁੰਚਣ ਲਈ ਰਸਤੇ ਵਿਚ ਕੁਮਿਸ ਵਿਚ ਠਹਿਰੇ। ਇਥੇ ਇਕ ਪਰਸੀਅਨ ਨੇ ਆਪ ਨੂੰ ਆਪਣੇ ਘਰ ਠਹਿਰਾਣ ਤੋਂ ਇਨਕਾਰ ਕਰ ਦਿਤਾ। ਆਪ ਦੇ ਉਪਦੇਸ਼ ਕਰਕੇ ਪਰੰਪਰਾਗਤ ਉਸਿਸ਼ ਵੰਸੀ ਲੋਕ ਆਪ ਨੂੰ ਮਾਰ ਦੇਣ ਤੇ ਉਤਰ ਆਏ ਪਰ ਤੁਰੂ ਦੀ ਮਦਦ ਨਾਲ ਬਚਾਓ ਹੋ ਗਿਆ।

ਜ਼ਰਤੁਸਤ ਦੇ ਪਰਚਾਰ ਦਾ ਖੇਤਰ ਪੇਂਡੂ, ਖੇਤਾਂ ਵਿਚ ਕੰਮ ਕਰਨ ਵਾਲੇ ਅਤੇ ਪਸ਼ੂ ਚਾਰਣ ਵਾਲੇ ਲੋਕ ਸਨ। ਆਪ ਲੋਕਾਂ ਨੂੰ ਸਮਾਜਿਕ ਕੁਰੀਤੀਆਂ ਤੋਂ ਮੁਕਤੀ ਦਵਾਉਣਾ ਚਾਹੁੰਦੇ ਸਨ ਪਰ ਇਹ ਮੂੜ ਲੋਕ ਆਪ ਦੀ ਗੱਲ ਸੁਣਣ ਲਈ ਤਿਆਰ ਨਹੀਂ ਸਨ। ਅਖ਼ੀਰ ਹੌਲੀ ਹੌਲੀ ਲੋਕ ਆਪ ਦੇ ਵਿਚਾਰਾਂ ਦੀ ਹਾਮੀ ਭਰਨ ਲੱਗ ਪਏ। ਜਰਤਸਤ ਨੂੰ ਆਪਣੇ ਮਿਸ਼ਨ ਵਿਚ ਉਦੋਂ ਸਫਲਤਾ ਮਿਲੀ ਜਦ ਆਪ ਨੇ ਈਰਾਨ ਦੇ ਬਾਦਸ਼ਾਹ ਵਿਸਤਸਪ (Vishtasap), ਉਸ ਦੇ ਪੁੱਤਰ ਤੇ ਪਤਨੀ ਨੂੰ ਜ਼ਰਤੁਸਤ ਧਰਮ ਦੇ ਪੈਰੋਕਾਰ ਬਣਾ ਲਿਆ। ਇਹ ਵੀ ਇਕ ਰਹੱਸਮਈ ਘਟਨਾ ਹੈ। ਰਾਜੇ ਵਿਸ਼ਤਸਪ ਦਾ ਦਰਬਾਰ ਲਾਲਚੀ ਪੂਜਾਰੀਆਂ ਨਾਲ ਭਰਿਆ ਪਿਆ ਸੀ ਜਿਨ੍ਹਾਂ ਨੂੰ ਮੈਜਈ (Magi, ma-ji) ਕਿਹਾ ਜਾਂਦਾ ਸੀ। ਇਹ ਪਸ਼ੂਆਂ ਦੀ ਬਲੀ ਤੇ ਕਰਮਕਾਂਡਾਂ ਵਿਚ ਵਿਸ਼ਵਾਸ ਰੱਖਦੇ ਸਨ। ਇਨ੍ਹਾਂ ਨੇ ਜ਼ਰਤਸਤ ਤੇ ਉਸ ਦੇ ਮੌਤ ਬਾਰੇ ਰਾਜੇ ਪਾਸ ਭੰਡੀ-ਪਰਚਾਰ ਕੀਤਾ ਤੇ ਰਾਜੇ ਨੇ ਚਰਸਤ ਨੂੰ ਕੈਦ ਕਰ ਲਿਆ। ਇਸ ਕੈਦ ਦੌਰਾਨ ਜ਼ਰਤ਼ਸਤ ਨੇ ਇਕ ਅਜਿਹਾ ਕੌਤਕ ਵਿਖਾਇਆ ਜਿਸ ਨਾਲ ਚਰਤ਼ਸਤ ਨੂੰ ਕੈਦ ਤੋਂ ਛੁਟਕਾਰਾ ਹੀ ਨਹੀਂ ਮਿਲਿਆ, ਸਗੋਂ ਰਾਜਾ ਤੇ ਉਸ ਦਾ ਪਰਿਵਾਰ ਜ਼ਰਤੁਸਤ ਮੌਤ ਦਾ ਅਨੁਆਈ ਬਣ ਗਿਆ। ਕੇਤਕ ਇਹ ਸੀ ਕਿ ਰਾਜੇ ਦਾ ਇਕ ਬਹੁਤ ਹੀ ਪਿਆਰਾ ਘੋੜਾ

ਕਿਸੇ ਬੀਮਾਰੀ ਦਾ ਸ਼ਿਕਾਰ ਹੋ ਕੇ ਲੱਤਾਂ ਤੋਂ ਹੀਣਾ ਹੋ ਗਿਆ। ਜ਼ਰਤਸਤ ਨੇ ਰਾਜੇ ਨੂੰ ਕਿਹਾ ਕਿ ਜੇਕਰ ਤੂੰ ਮੇਰੀਆਂ ਚਾਰ ਸ਼ਰਤਾਂ ਮੰਨ ਜਾਵੇਂ ਤਾਂ ਮੈਂ ਇਹ ਘੋੜਾ ਠੀਕ ਕਰ ਦੇਵਾਂਗਾ। ਘੋੜਾ ਤੰਦਰੁਸਤ ਹੋ ਗਿਆ ਤੇ ਇਹਨਾਂ ਸ਼ਰਤਾਂ ਅਧੀਨ ਰਾਜਾ, ਉਸ ਦੀ ਪਤਨੀ, ਉਸ ਦਾ ਪੁੱਤਰ ਜਰਤੁਸਤ ਮੱਤ ਦੇ ਧਾਰਨੀ ਹੋ ਗਏ ਤੇ ਸਾਜਸ਼ ਰਚਣ ਵਾਲੇ ਪੁਜਾਰੀਆਂ ਨੂੰ ਸਜਾ ਦਿਤੀ ਗਈ।" ਰਾਜੇ ਦੀ ਸਰਪ੍ਰਸਤੀ ਮਿਲਣ ਪਿੱਛੋਂ ਜ਼ਰਤੁਸਤੀ ਮੱਤ ਤੇਜੀ ਨਾਲ ਫੈਲਣ ਲੱਗਾ। ਪਰੰਪਰਾਗਤ ਮੈਜਈ ਵੀ ਇਸ ਮੱਤ ਵਿਚ ਆ ਗਏ ਅਤੇ ਉਨ੍ਹਾਂ ਰਾਹੀਂ ਇਹ ਮੱਤ ਦੂਰ-ਦੂਰ ਤਕ ਫੈਲਣ ਲੱਗਾ। ਬਾਦਸ਼ਾਹ ਵਿਸ਼ਤਸਪ ਦਾ ਭਰਾ ਜ਼ੈਨ (Zain) ਅਤੇ ਉਸ ਦਾ ਭਤੀਜਾ ਅਸਫੈਦਯਾਰ (Isfandyair) ਵੀ ਜ਼ਰਤੁਸਤ ਦੇ ਪੈਰੋਕਾਰ ਬਣ ਗਏ । ਅਗਲੇ ਵੀਹ ਸਾਲਾਂ ਵਿਚ ਜ਼ਰਤੁਸਤ ਮੱਤ ਸਾਰੇ ਈਰਾਨ ਵਿਚ ਫੈਲ ਗਿਆ। ਇਸ ਪਿੱਛੋਂ ਯੂਨਾਨ ਤੇ ਰੋਮ ਵਿਚ ਵੀ ਇਹ ਧਰਮ ਫੈਲਣਾ ਸ਼ੁਰੂ ਹੋ ਗਿਆ। ਪੈਗ਼ੰਬਰ ਜ਼ਰਤੁਸਤ ਇਕ ਦਿਨ ਅਗਨੀ-ਮੰਦਰ ਵਿਚ ਪ੍ਰਾਰਥਨਾ ਕਰ ਰਹੇ ਸਨ ਕਿ ਇਕ ਤੁਰਾਨੀ ਨੇ ਆਪ ਉੱਪਰ ਕਾਤਲਾਨਾ ਹਮਲਾ ਕਰ ਦਿਤਾ ਤੇ ਆਪ ਦਾ ਦੇਹਾਂਤ ਹੋ ਗਿਆ। ਇਸ ਸਮੇਂ ਆਪ ਦੀ ਉਮਰ 77 ਸਾਲ ਦੀ ਸੀ ।

7.4 ਜ਼ਰਤੁਸਤ ਮੱਤ

ਜਰਤੁਸਤ ਨੇ ਨਾ ਆਪਣੇ ਆਪ ਨੂੰ ਪੈਗੰਬਰ ਅਖਵਾਇਆ ਅਤੇ ਨਾ ਹੀ ਕਿਸੇ ਧਰਮ ਦੀ ਸਥਾਪਨਾ ਕੀਤੀ। ਉਨ੍ਹਾਂ ਦੀ ਵਿਚਾਰਧਾਰਾ ਜ਼ਰਤੁਸਤਰੀ ਮੱਤ ਅਖਵਾਉਂਦੀ ਹੈ। ਇਸ ਵਿਚਾਰਧਾਰਾ ਨੂੰ ਅਸੀਂ ਦੋ ਹਿੱਸਿਆਂ ਵਿਚ ਵੰਡ ਕੇ ਨਿਹਾਰ ਸਕਦੇ ਹਾਂ । ਇਕ ਇਸ ਦਾ ਸਿਧਾਂਤਗਤ ਪੱਖ ਹੈ ਅਤੇ ਦੂਜਾ ਸੰਸਥਾਗਤ ਜਿਹਨਾਂ ਨੂੰ ਅਸੀਂ ਅਧਿਆਤਮਿਕ ਤੇ ਧਰਮਿਕ ਪੱਖ ਵੀ ਕਹਿ ਸਕਦੇ ਹਾਂ।

7.5 ਅਧਿਆਤਮਿਕ ਵਿਚਾਰਧਾਰਾ

ਚਰਤੁਸਤ ਮੱਤ ਦੀ ਵਿਚਾਰਧਾਰਾ ਅਤੇ ਸਿਖਿਆਵਾਂ ਇਨ੍ਹਾਂ ਦੇ ਧਰਮ ਗ੍ਰੰਥ 'ਅਵੇਸਤਾ' ਵਿਚ ਦਰਜ ਹਨ। ਅਵੇਸਤਾ ਇਕ ਕਿਸਮ ਹਿੰਦੂਆਂ ਦੇ ਵੇਦਾਂ ਵਰਗੀ ਰਚਨਾ ਹੈ ਜਿਸ ਦੇ ਤਿੰਨ ਭਾਗ ਹਨ। ਇਸ ਦੇ ਇਕ ਭਾਗ ਨੂੰ ਗਾਥਾ (Gathas) ਕਿਹਾ ਜਾਂਦਾ ਹੈ ਜਿਸ ਦਾ ਸ਼ਬਦੀ ਅਰਥ 'ਗੀਤ' (Songs of Hymns) ਹੈ। ਇਸ ਵਿਚ ਕੁਲ 17 ਗੀਤ ਹਨ। ਜਿਹਨਾਂ ਵਿਚੋਂ ਪੈਗ਼ੰਬਰ ਜ਼ਰਤੁਸਤ ਦਾ ਰੂਹਾਨੀ ਸੰਦੇਸ਼ ਬਹੁਤ ਹੀ ਸੂਤਰਮਈ ਸ਼ਬਦਾਵਲੀ ਵਿੱਚ ਦਰਜ ਹੈ। ਸਿਧਾਂਤਕ ਪੱਖੋਂ ਇਹ ਕੇਂਦਰੀ ਗ੍ਰੰਥ ਹੈ। ਇਥੇ ਇਸ ਮੱਤ ਦੀ ਰੂਹਾਨੀ ਤਾਲੀਮ ਨੂੰ ਸਿਧਾਂਤਕ ਰੂਪ ਵਿੱਚ ਵਿਚਾਰਨ ਦਾ ਯਤਨ ਕੀਤਾ ਜਾ ਰਿਹਾ ਹੈ।

ਪੈਗ਼ੰਬਰ ਜ਼ਰਤੂਸਤ ਨੇ ਇਕ ਈਸ਼ਵਰਵਾਦ (Monothism) ਦੇ ਸਿਧਾਂਤ ਦਾ ਪ੍ਰਤਿਪਾਦਨ ਕੀਤਾ ਹੈ। ਉਨ੍ਹਾਂ ਦਾ ਮੱਤ ਵੈਦਿਕ ਆਰੀਆਈ ਬਹੁਦੇਵ ਪੂਜਾ ਦੇ ਵਿਰੁਧ ਸੀ । ਜਰਸਤ ਨੇ ਈਸਵਰ ਨੂੰ 'ਅਹੁਰਮਜ਼ਦ' (Ahura Mazda) ਦੇ ਨਾਮ ਨਾਲ ਸੰਬੋਧਨ ਕੀਤਾ ਹੈ । ਡਾ. ਮਨਮੋਹਨ ਸਿੰਘ ਅਨੁਸਾਰ ਅਹੁਰ ਵਾਸਤਵ ਵਿਚ ਅਸੁਰ ਸ਼ਬਦ ਹੈ ਜਿਸ ਦਾ ਅਰਥ ਹੈ ਚੇਤਨ- ਜਗਤ। ਮਜ਼ਦ ਦਾ ਅਰਥ ਹੈ ਜੜ੍ਹ-ਜਗਤ। ਇਵੇਂ ਅਹਰਮਜ਼ਦ ਚੇਤਨ ਅਤੇ ਜੜ੍ਹ ਦੇਵਾਂ ਦਾ ਸੁਆਮੀ

ਹੈ। ਚੇਤਨ-ਜਗਤ ਵਿਚ ਪ੍ਰਾਣੀ ਜਾਂ ਜੀਵ-ਜਗਤ ਹੈ ਅਤੇ ਜੜ੍ਹ ਪ੍ਰਕਿਰਤੀ ਹੈ। ਇਵੇਂ ਇਸ ਨਾਮ ਵਿਚ ਦੇਵਾਂ ਸ਼ਕਤੀਆਂ ਦਾ ਸਮਨਵੈ ਹੋਇਆ ਹੈ । ਜਰਤੁਸਤ ਦਾ ਅਧਿਆਤਮਿਕ ਤਤਵ ਗਿਆਨ 6 ਪ੍ਰਮੁਖ ਸਿਧਾਂਤਾਂ ਉੱਪਰ ਆਧਾਰਿਤ ਹੈ । ਇਨ੍ਹਾਂ ਨੂੰ 'ਅਹੁਰਮਜਦ' ਦੀਆਂ 6 ਸਥਿਤੀਆਂ ਜਾਂ ਰੂਪ ਕਿਹਾ ਜਾ ਸਕਦਾ ਹੈ । ਗਾਥਾ ਵਿਚ ਇਸ ਲਈ ਅਮੇਸ਼ਾ ਸਪੈਂਤਾ (Amesha Spentas, u-me-shu-spin-tas) ਸ਼ਬਦ ਵਰਤਿਆ ਗਿਆ ਹੈ।

ਉਪਰੋਕਤ 6 ਅਮਰ ਸਥਿਤੀਆਂ ਨੂੰ ਦੋ ਪੱਖਾਂ, ਪਿਤਰ (ਪੁਰਸ) ਅਤੇ ਮਾਤ (ਪ੍ਰਕਿਰਤੀ) ਵਿਚ ਵੰਡਿਆ ਗਿਆ ਹੈ । ਸਰਿਸ਼ਟੀ ਅਤੇ ਆਤਮਾ ਮਾਤ ਪੱਖ ਹੈ ਅਤੇ ਸਰਿਸ਼ਟੀ ਨੂੰ ਰਚਨ ਵਾਲੇ ਸਰਿਸਟੀ ਕਰਤਾ ਨੂੰ ਪਿਤਰ ਪੱਖ ਕਿਹਾ ਗਿਆ ਹੈ। ਜ਼ਰਤਸਤ ਮੱਤ ਦਾ ਸੰਪੂਰਨ ਢਾਂਚਾ ਇਸੇ ਆਧਾਰ ਤੇ ਉਸਰਦਾ ਹੈ । ਪਿਤਰ ਪੱਖ (ਪੁਰਸ) ਵਿਚ ਆਸ਼ਾ (Asha), ਵੈਹੂਮਾਨੇ (Vohumanah) ਅਤੇ ਕਸ਼ਥ੍ਰ-ਵੈਯਾ (Khshathra Vairya) ਆਉਂਦੇ ਹਨ। ਮਾਤ ਪੱਖ (ਪ੍ਰਕਿਰਤੀ) ਵਿਚ ਸਪੈਂਤਾ ਅਰਮੈਤੀ (Spenta Armaiti), ਹੌਰਵਤਤ (Hourvatat) ਅਮੇਰਤੱਤ (Ameretat) ਆਉਂਦੇ ਹਨ। ਸੱਤਵਾਂ ਮੁਖ ਤੱਤ ਅਹਰਮਜਦ ਹੈ ਜੋ ਦੋਹਾਂ ਦੇ ਵਿਚਕਾਰ ਹੈ । ਜਰਤੁਸਤ ਮੱਤ ਦੀ ਅਧਿਆਤਮਕ ਜਾਂ ਰੂਹਾਨੀ ਵਿਚਾਰਧਾਰਾ ਨੂੰ ਸਮਝਣ ਲਈ ਇਹਨਾਂ ਸੱਤ ਤੱਤਾਂ ਨੂੰ ਸਮਝਣ ਦੀ ਲੋੜ ਹੈ।

### 7.5.1 ਅਹੁਰਮਜ਼ਦ (Ahura Mazad)

ਜ਼ਰਤੁਸਤ ਮੱਤ ਦਾ ਕੇਂਦਰੀ ਬਿੰਦੂ ਅਹਰਮਜ਼ਦ ਹੈ ਜੋ ਪਰਮਾਤਮਾ ਲਈ ਵਰਤਿਆ ਗਿਆ ਸ਼ਬਦ ਹੈ। ਜ਼ਰਤੁਸਤ ਵਿਸ਼ਵ ਦਾ ਉਹ ਪਹਿਲਾ ਪੈਗ਼ੰਬਰ ਹੈ ਜਿਸ ਨੇ ਇਕ-ਈਸ਼ਵਰਵਾਦ ਦੀ ਗੱਲ ਕੀਤੀ ਹੈ। ਇਵੇਂ ਅਹਰਮਜਦ ਇਕ ਹੈ, ਉਹ ਸਰਵ-ਉੱਚ ਹੈ, ਸਰਬਸ਼ਕਤੀਮਾਨ ਅਤੇ ਹਰ ਥਾਂ ਹਾਜ਼ਰ-ਨਾਜ਼ਰ ਹੈ। ਵਿਸ਼ਵ ਵਿਚ ਕੋਈ ਕਣ ਵੀ ਅਜਿਹਾ ਨਹੀਂ ਜਿਥੇ ਉਸਦੀ ਹੋਂਦ ਨਾ ਹੋਵੇ । ਉਹ ਸਭ ਵਿਚ ਇਕੋ ਜਿਹਾ ਪਹੁੰਚਦਾ ਹੈ। ਗਾਥਾ ਵਿਚ ਜ਼ਰਤਸਤ ਦੇ ਪ੍ਰਵਚਨ ਉਸ ਬਾਰੇ ਸਪਸ਼ਟ ਕਰਦੇ ਹਨ- 'ਉਹੀ ਜਿਸ ਦਾ ਨਾਂ ਅਹੁਰਮਜ਼ਦ ਹੈ, ਮੈਂ ਆਪਣੇ ਕਰਮਾ ਦੁਆਰਾ ਕੇਵਲ ਉਸੇ ਦੀ ਪੂਜਾ ਕਰਦਾ ਹਾਂ|' (ਗਾਥਾ 10.45)

'ਮੈਂ ਕੇਵਲ ਤੈਨੂੰ ਹੀ ਸਰਵ ਸਰੇਸ਼ਠ ਸਮਝਦਾ ਹਾਂ ਅਤੇ ਬਾਕੀ ਸਭ ਹਸਤੀਆਂ ਨੂੰ ਆਪਣੇ ਮਨ ਤੋਂ ਹਟਾ ਦਿੰਦਾ ਹਾਂ ।' (ਗਾਥਾ 11.44)

'ਤੈਨੂੰ ਇਕ ਨੂੰ ਛੱਡ ਕੇ ਮੈਂ ਕਿਸੇ ਹੋਰ ਨੂੰ ਅਪਣਾ ਸਰਪ੍ਰਸਤ ਤੇ ਸੁਰਖਿਅਕ ਨਹੀਂ ਮੰਨਦਾ ਗਂ|' (ਗਾਸ਼ਾ 1.29 3 7.34)

ਅਹੁਰਮਜ਼ਦ ਸਰਬ ਗਿਆਤਾ ਹੈ, ਇਸੇ ਕਰਕੇ ਸਾਰੇ ਵਿਸਵ ਦਾ ਉਹ ਸਿਰਜਣਹਾਰ ਹੈ। ਆਪਣੀ ਸਤਾ ਕਾਰਨ ਸਭ ਜੀਵਾਂ ਦਾ ਭਗਵਾਨ ਹੈ। ਗਾਥਾ ਵਿਚ ਉਸ ਨੂੰ ਸਰਬ ਸ਼ਕਤੀਮਾਨ, ਦਿਆਲੂ, ਨੇਕ, ਸਿਆਣਾ, ਸੂਰਜ ਵਾਂਗ ਰੋਸ਼ਨ ਦਰਸਾਇਆ ਗਿਆ ਹੈ। ਉਹ ਪੂਰਨ ਸੁਧ ਮਨ ਦਾ ਸੁਆਮੀ ਹੈ। ਆਪਣੀ ਸੰਪੂਰਨਤਾ ਅਤੇ ਅਮਰਤਵ ਕਰਕੇ ਸਦਾ ਕਾਇਮ ਹੈ। ਉਸ ਨੂੰ Ecological God ਵੀ ਕਿਹਾ ਗਿਆ ਹੈ, ਜੋ ਆਪਣੀ ਸਿਰਜੀ ਕਾਇਨਾਤ ਦੀ ਪਾਲਣਾ, ਰਖਿਆ ਤੇ

ਪ੍ਰਫੁਲਤਾ ਕਰਦਾ ਹੈ। ਅਹੁਰਮਜ਼ਦ ਦੀ ਮਹਿਮਾ ਜੋ ਗਾਥਾ ਵਿਚ ਬਿਆਨ ਕੀਤੀ ਗਈ ਹੈ। ਉਸ ਦੇ ਕੁਝ ਅੰਸ਼ ਇਥੇ ਡੰਕਨ ਗਰੀਲੀਸ ਦੀ ਪੁਸਤਕ 'ਗਾਸਪਲ ਆਫ ਚਰੜਸਤਰਾ' ਵਿਚੋਂ ਦਿੱਤੇ ਜਾ ਰਹੇ ਹਨ -

(1) He is a God of free Choice (Songs 3.2, 4.9 and 11)

(2) He is Creator of All (Song 9.7)

3) He Promotes the unconquerable dominion (Song 1.3) (

(4) He is a God who Knows best (Song 2.4 & 5.7) and is the 'Knowing' and who fashions righteousness to look after the promoter and the settle (Song 2.6)

(5) He grants happiness to all and speaks words of knowledge to Zarathushtra to guide all to choose right (Song 4.3)

(6) He increases dominion through good mind (Song 4.6) (7) He is the first and the last, the patron of good mind and the lord of life's actions (Song 4.8)

8) He watches all (Song 4.13)

(9) He grants wholeness, immortality, abundance of righteousness to those who are his friends in mind and action (Sing 4.21 & 6.9)

10) He is most powerful and listens (Song 6.11)

(11) He rises within us, grants, courage, good gifts of prayer, full vigor and felicity (Song 6.12)

(12) He is wide watching, reveals the strength of His sovereignty & the blessings of good mind (Song 6.13)

(13) He is the creator of intelligence (Song 15.6)

(14) He gives much good to those who succeed for the sake of their conviction (Song 16.6)

(15) He was the first one who came into the House of Song. (Song 16.15)

7.5.2 ਆਸ਼ਾ-

ਆਸ਼ਾ ਬ੍ਰਹਿਮੰਡ ਵਿਚਲੀ ਤਰਤੀਬ ਨੂੰ ਨਿਯਮਤ ਕਰਨ ਦਾ ਨਾਮ ਹੈ। ਇਸ ਦਾ ਸ਼ਾਬਦਿਕ ਅਰਥ ਸਤਿ ਹੈ। ਇਹ ਭਗਵਤ ਗੀਤਾ ਦੀ ਪ੍ਰਾਪਤੀ ਦਾ ਗਿਆਨ-ਮਾਰਗ ਹੈ। ਅਸਲ ਵਿਚ ਇਹ ਆਰੀਆਈ ਸੰਕਲਪ ਹੈ ਜੋ ਵੈਦਿਕ 'ਰਿਤ' ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਇਵੇਂ 'ਰਿਤ' ਅਤੇ 'ਸਤਿ' ਹੀ ਆਸ਼ਾ ਹੈ। ਦੂਜੇ ਸ਼ਬਦਾਂ ਵਿਚ ਆਸ਼ਾ ਸਤਿ-ਮਾਰਗ ਹੈ। ਰਿਤ ਦੇ ਕਾਰਨ ਹੀ ਵਿਸ਼ਵ ਚਲਦਾ ਹੈ ਅਤੇ ਸਤਿ ਦੇ ਕਾਰਨ ਵਿਸ਼ਵ ਸਥਿਰ ਹੈ। ਗਾਥਾ ਅਨੁਸਾਰ ਆਸ਼ਾ-ਯੁਕਤ

ਵਿਅਕਤੀ ਹੀ ਅਹੁਰਮਜ਼ਦ ਦੀ ਨੇੜਤਾ ਪ੍ਰਾਪਤ ਕਰ ਸਕਦਾ ਹੈ। " ਆਸ਼ਾ ਦਾ ਵਿਰੋਧੀ ਸ਼ਬਦ ਦਜ ਹੈ ਜਿਸਦਾ ਅਰਥ ਮਿਥਿਆ ਜਾ ਪਾਖੰਡ ਹੈ। ਇਸ ਨੂੰ ਅਸਤਿ ਕਿਹਾ ਜਾਂਦਾ ਹੈ । ਭੌਤਿਕ, ਨੈਤਿਕ ਤੇ ਰੂਹਾਨੀ ਸੰਸਾਰ ਉੱਪਰ ਜੋ ਨਾ ਬਦਲਣ ਵਾਲੇ ਨਿਯਮ ਲਾਗੂ ਹੁੰਦੇ ਹਨ, ਉਹ ਆਸ਼ਾ ਹਨ। ਗੁਰਮਤਿ ਚਿੰਤਨ ਵਿਚ ਇਸ ਨੂੰ 'ਹੁਕਮਿ' ਕਿਹਾ ਗਿਆ ਹੈ। ਇਹਨਾਂ ਨਿਯਮਾਂ ਦੀ ਉਲਘਣਾ ਕਰਨ ਵਾਲਾ ਸਜਾ ਦਾ ਭਾਗੀ ਹੁੰਦਾ ਹੈ। ਆਸ਼ਾ ਦਾ ਬਾਹਰਮੁਖੀ ਚਿੰਨ੍ਹ ਅੱਗ ਹੈ। ਅਗਨੀ ਨੂੰ ਸਭ ਤੋਂ ਪਵਿੱਤਰ ਅਤੇ ਸ਼ੁਧ ਤੱਤ ਮੰਨਿਆ ਜਾਂਦਾ ਹੈ । ਰੌਸ਼ਨ ਅਗਨੀ ਇਸ ਅਮੇਸਸਪੈਂਟ ਨਾਲ ਸੰਬੰਧਿਤ ਕੀਤੀ ਜਾਂਦੀ ਹੈ।

### 7.5.3 ਵੋਹੂਮਾਨੋ (Vohumanah)

ਵੋਹੂਮਾਨੋ ਦਾ ਅਰਥ ਸਰੇਸ਼ਠ ਮਨ ਅਥਵਾ ਮਨਸਾ ਹੈ । ਸ਼ੁਧ ਮਨਸਾ ਰਾਹੀਂ ਦੈਵੀ ਮਨ ਨਾਲ ਮਿਲਾਪ ਹੋ ਸਕਦਾ ਹੈ । ਵੋਹੂਮਾਨੋ ਭਗਤੀ ਮਾਰਗ ਦਾ ਪ੍ਰਤੀਕ ਹੈ। ਅਹੁਰਮਜ਼ਦ ਦੀ ਪ੍ਰਾਪਤੀ ਸ਼ਰਧਾ-ਭਗਤੀ ਦੁਆਰਾ ਹੀ ਸੰਭਵ ਹੈ। ਇਹ ਵੋਹੂਮਾਨੋ ਹੀ ਸੀ ਜਿਸਨੇ ਚਰਤੁਸਤ ਨੂੰ ਸਦੀਵੀ ਗਿਆਨ ਦਾ ਚਾਨਣ ਕਰਵਾਇਆ ਅਤੇ ਅਹੁਰਮਜ਼ਦ ਦੇ ਪ੍ਰਕਾਸ਼ ਨੂੰ ਉਸ ਤਕ ਪਹੁੰਚਾਣ ਲਈ ਵਿਚੋਲੇ ਦਾ ਕੰਮ ਨਿਭਾਇਆ ਸੀ । ਇਹ 'ਮਨ ਤੂ ਜੋਤਿ ਸਰੂਪ ਹੈ ਆਪਣਾ ਮੂਲ ਪਛਾਣੁ' ਵਰਗੀ ਸਾਧਨਾ ਹੈ ਜਦ ਇਕ ਮਨ ਪਦਾਰਥਕ ਬਿਰਤੀ ਤਿਆਗ ਕੇ ਉਨਮਨ ਬਣ ਜਾਂਦਾ ਹੈ ਤਾਂ ਤ੍ਰੈਲੋਕੀ ਦੀ ਸੋਝੀ ਹੋ ਜਾਂਦੀ ਹੈ । ਪਰਮਾਤਮਾ ਦੀ ਇੱਛਾ ਦਾ ਗਿਆਨ 'ਵਹੂਮਾਨੋ' ਨਾਲ ਹੁੰਦਾ ਹੈ ਤੇ ਇਸਦਾ ਵਿਰੋਧੀ ਪੱਖ 'ਅਕੋਮਾਨਹ' ਹੈ।5

### 7.5.4 ਕਸ਼ਥ-ਵੈਰਯਾ (Khshathra-Vairya)

ਕਸ਼ਥ-ਵੈਯਾ ਕਰਮ-ਮਾਰਗ ਹੈ। ਇਹ ਪਰਮਾਤਮਾ ਦੀ ਰਚਨਾ ਅਥਵਾ ਸਿਰਸ਼ਟੀ-ਸ਼ਿਕਤੀ (The good Dominion of Choice) ਕੈ । ਪਰਮਾਤਮਾ ਦੀ ਪ੍ਰਾਪਤੀ ਨਿਸ਼ਕਾਮ ਕਰਮ ਨਾਲ ਹੁੰਦੀ ਹੈ। ਇਵੇਂ ਕਸ਼ਥ-ਵੈਰਯਾ ਨਿਸ਼ਕਾਮ ਕਰਮ ਦਾ ਤੱਤ-ਗਿਆਨ ਹੈ। ਕੁਝ ਵਿਦਵਾਨ ਇਸ ਨੂੰ ਪਰਮਾਤਮਾ ਦੀ ਇੱਛਾ ਅਨੁਸਾਰ ਸਵਰਗ ਦੀ ਬਾਦਸ਼ਾਹਤ ਦਾ ਅਮੇਸ਼-ਸਪੈਂਟ (Immortal Holy Ones) ਕਹਿੰਦੇ ਹਨ। ਇਹ ਬ੍ਰਹਿਮੰਡ ਪਰਮਾਤਮਾ ਦੀ ਬਾਦਸ਼ਾਹਤ ਜਾਂ ਸਤਾ ਦੇ ਵਿਖਾਵੇ ਲਈ ਹੈ। ਪਰਮਾਤਮਾ ਦੀ ਇੱਛਾ ਇਸ ਸੰਸਾਰ ਤੇ ਰਾਜ ਕਰਦੀ ਹੈ । ਇਸ ਲਈ ਜਦੋਂ ਸਹੀ ਮਾਰਗ ਤੇ ਚਲ ਕੇ ਭਗਤ ਦੀ ਇੱਛਾ ਪਰਮਾਤਮਾ ਦੇ ਅਧੀਨ ਹੋ ਜਾਂਦੀ ਹੈ ਤਾਂ ਇਹ ਪਰਮਾਤਮਾ ਦੀ ਇੱਛਾ ਵਾਂਗ ਹੀ ਸਕਤੀਸ਼ਾਲੀ ਹੋ ਜਾਂਦੀ ਹੈ। ਇਵੇਂ ਮਨ ਅਤੇ ਇੱਛਾ ਤੇ ਕਾਬੂ ਪਾ ਲੈਣਾ ਬ੍ਰਹਿਮੰਡ ਨੂੰ ਜਿੱਤ ਲੈਣ ਦੇ ਤੁਲ ਹੈ।

### 7.5.5 ਸਪੈਂਤਾ ਅਰਮੇਤੀ (Spenta Aramaiti)

ਇਹ ਮਾਤ ਪੱਖ ਦਾ ਸੱਭ ਤੋਂ ਪਹਿਲਾ ਤੱਤ ਹੈ। ਸਪੈਂਤਾ ਅਰਮੈਤੀ ਦਾ ਅਰਥ ਹੈ ਵਿਸ਼ਵਾਸ । ਕੁਝ ਵਿਦਵਾਨਾਂ ਨੇ ਇਸ ਸੰਕਲਪ ਨੂੰ ਵਿਸ਼ਵਾਸ ਜਾਂ ਸ਼ਰਧਾ ਕਿਹਾ ਹੈ ਅਤੇ ਕੁਝ ਨੇ ਠੀਕ ਸੋਚ । ਕੁਝ ਦਇਆ ਭਾਵਨਾ ਅਤੇ ਕੁਝ ਭਗਤੀ ਦੇ

ਅਰਥ ਵੀ ਕਰਦੇ ਹਨ। ਕੁਝ ਵੀ ਹੋਵੇ ਮਾਨਵ ਨੂੰ ਸਤਿ ਮਾਰਗ ਵਲ ਲਿਜਾਣ ਦਾ ਇਹ ਮਾਰਗ ਹੈ।" ਇਸੇ ਕਰਕੇ ਕਹਿੰਦੇ ਹਨ ਕਿ ਸ਼ਰਧਾ ਅਤੇ ਵਿਸ਼ਵਾਸ ਤੋਂ ਵਿਹੀਨ ਹੋ ਕੇ ਧਰਮ ਦਾ ਪ੍ਰਯੋਜਨ ਹੀ ਵਿਅਰਥ ਹੋ ਨਿਬੜਦਾ ਹੈ।

7.5.6 ਹੌਰਵਤਤ (Hourvatat)

ਇਸ ਦਾ ਅਰਥ ਪੂਰਨਤਾ ਹੈ । ਪਰਮਾਤਮਾ ਪੂਰਨ ਹੈ ਅਤੇ ਪੂਰਨਤਾ ਉਸ ਦਾ ਇਕ ਗੁਣ ਹੈ । ਪੂਰਨਤਾ ਸ਼ੁਧ ਵਿਵੇਕ ਦੁਆਰਾ ਪ੍ਰਾਪਤ ਹੁੰਦੀ ਹੈ । ਸ਼ੁਧ ਮਨਸਾ ਦਾ ਵਿਵੇਕ ਅਤੇ ਆਤਮਾ ਨਾਲ ਅਤਿ ਡੂੰਘਾ ਸੰਬੰਧ ਹੈ । ਇਹਨਾਂ ਦੁਆਰਾ ਹੀ ਪੂਰਨਤਾ ਦੀ ਪ੍ਰਾਪਤੀ ਹੋ ਸਕਦੀ ਹੈ। ਪੂਰੇ ਵਿਚ ਅਭੇਦ ਹੋ ਕੇ ਪੂਰਨਤਾ ਪ੍ਰਾਪਤ ਕਰਨਾ ਹੀ ਮਾਨਵ ਜੀਵਨ ਦਾ ਉਦੇਸ਼ ਹੈ।" ਇਹ ਸੂਫ਼ੀਆਂ ਦੇ ਸਿਧਾਂਤ 'ਫਿਨਾਹ-ਫਿਲਾਹ' ਵਾਂਗ ਹੈ । ਸ਼ੁਭ ਕਰਮਾਂ ਰਾਹੀਂ ਪੂਰਨਤਾ ਪ੍ਰਾਪਤ ਹੁੰਦੀ ਹੈ। ਜ਼ਰਤੁਸਤੀ ਮਨੌਤ ਅਨੁਸਾਰ ਮੌਤ ਤੋਂ ਤਿੰਨ ਦਿਨ ਤਕ ਆਤਮਾਂ ਆਪਣੇ ਘਰ ਦੁਆਲੇ ਚੱਕਰ ਲਾਉਂਦੀ ਰਹਿੰਦੀ ਹੈ ਅਤੇ ਫਿਰ ਦੈਵੀ-ਨਿਰਣੈ (Judgment) ਪਿੱਛੋਂ ਪੂਰਨ ਆਤਮਾ ਚਉਥੇ ਦਿਨ ਅਦਿੱਖ ਸੰਸਾਰ ਨਾਲ ਜੁੜਨ ਵਾਲੇ ਪੁਲ ਤੇ ਪਹੁੰਚਦੀ ਹੈ। ਇਸ ਪੁਲ ਨੂੰ ਚਿਨਵਤ ਪੁਲ (Chinvet Bridge) ਕਿਹਾ ਜਾਂਦਾ ਹੈ । ਪਾਪੀ ਆਤਮਾਵਾਂ ਇਸ ਪੁਲ ਦੇ ਉਸਤਰੇ ਵਰਗੀ ਧਾਰ ਨਾਲ ਕੱਟੀਆਂ ਜਾਂਦੀਆਂ ਹਨ ਤੇ ਹੇਠਾਂ ਨਰਕ ਵਿਚ ਡਿੱਗ ਪੈਂਦੀਆਂ ਹਨ। ਪੁੰਨ ਤੇ ਪੂਰਨ ਆਤਮਾ ਸਵਰਗ ਵਿਚ ਜਾਂਦੀ ਹੈ, ਜਿਥੇ ਹੋਰ ਰੂਹਾਂ ਉਸਨੂੰ ਉਡੀਕ ਰਹੀਆਂ ਹੁੰਦੀਆਂ ਹਨ । ਇਸ ਸਵਰਗ ਨੂੰ ਗੀਤਾਂ ਦਾ ਘਰ (The House of Songs), ਸਦੀਵੀ ਰੌਸ਼ਨੀ ਦਾ ਘਰ ਅਤੇ ਵੋਹੂਮਾਨੋ ਦਾ ਪਿਆਰਾ ਨਿਵਾਸ ਕਹਿੰਦੇ ਹਨ ।

7.5.7 ਅਮੇਰਤੱਤ(Ameretat)

ਅਮੇਰਤੱਤ ਤੋਂ ਭਾਵ ਅੰਮ੍ਰਿਤ-ਤਵ ਭਾਵ ਅਮਰ ਹੋ ਜਾਣਾ।" ਮੌਤ ਤੋਂ ਪਾਰ ਹੋ ਜਾਣਾ ਜਾਂ ਜਨਮ ਮਰਨ ਦੇ ਚੱਕਰ ਵਿੱਚੋਂ ਨਿਕਲ ਜਾਣਾ। ਕਈ ਵਾਰ ਹੋਰਵਤਤ ਤੇ ਅਮੇਰਤੱਤਾ ਦੇ ਪਦਾਂ ਨੂੰ ਇੱਕਠਿਆਂ ਹੀ ਵਰਤ ਲਿਆ ਜਾਂਦਾ ਹੈ ਕਿਉਂਕਿ ਜੋ ਪੂਰਨਤਾ ਨੂੰ ਪ੍ਰਾਪਤ ਕਰਦਾ ਹੈ, ਉਹੀ ਅਮਰ ਹੁੰਦਾ ਹੈ। ਗਾਥਾ ਵਿਚ ਇਹਨਾਂ ਦੋਹਾਂ ਨੂੰ ਪਰਮਾਤਮਾ ਦੀ ਬਖਸ਼ਿਸ ਪ੍ਰਵਾਨਿਆ ਗਿਆ ਹੈ । ਜਿਵੇਂ -

(8) Zarathushtra's massage leads to wholeness and Immortality.

(Song 4.6)

(ਅ) He who is a friend of God wise is grented wholeness and immortality (Song 4.21)

(ੲ) Haurvatat and Ameretat are granted by God. (Song 6.8)

(ਸ) Those who hear the divine message shall have wholeness and immortality. (Song 10.5)

7.5.8 ਸ੍ਰਓਸ਼ (Sraosha)

ਉਪਰੋਕਤ 6 ਤੱਤ ਆਪਣੇ ਅਧਿਆਤਮਿਕ ਵਿਕਾਸ ਰਾਹੀਂ ਸਤਵੇਂ ਤੱਤ ਅਹੁਰਮਜ਼ਦ ਵਿਚ ਅਭੇਦ ਹੁੰਦੇ ਹਨ। ਇਥੇ ਜ਼ਰਤਸਤ ਨੇ ਇਕ ਹੋਰ ਸੂਖਮ ਅਧਿਆਤਮਿਕ ਸ਼ਕਤੀ ਦਾ ਜ਼ਿਕਰ ਕੀਤਾ ਹੈ ਜਿਸ ਨੂੰ ਓਸ਼ ਜਾਂ ਸਰੋਸ਼ ਕਿਹਾ ਹੈ। ਸਿੱਖ ਧਰਮ ਵਿਚ ਇਸ ਨੂੰ 'ਸ਼ਬਦ-ਗੁਰੂ' ਕਿਹਾ ਗਿਆ ਹੈ। ਇਹ 'ਸ' ਧਾਤੂ ਤੋਂ ਨਿਕਲਿਆ ਹੋਣ ਕਰਕੇ ਇਸਦੀ ਇਕ ਪਾਸੇ ਸੰਸਕ੍ਰਿਤ ਦੇ ਸ਼ਬਦ 'ਸ਼ਰੁਤੀ" ਨਾਲ ਸਮਾਨਤਾ ਵੇਖੀ ਜਾਂਦੀ ਹੈ, ਦੂਜੇ ਪਾਸੇ ਇਹ ਸ਼ਬਦ (Word) ਜਾਂ ਲੋਗੋਸ (Logos) ਦਾ ਸਮਾਨ-ਅਰਥੀ ਹੈ।

ਇਵੇਂ ਸਰੋਸ਼ ਦਾ ਅਰਥ "ਸੁਣਨਾ" ਹੈ। ਇਹ ਅੰਤਰਧੁਨੀ ਜਾਂ ਅਧਿਆਤਮਿਕ ਸ਼ਕਤੀ ਹੈ। ਇਸ ਦੀ ਪ੍ਰਾਪਤੀ ਪੂਰਨਤਾ ਪ੍ਰਾਪਤ ਕਰਨ ਵਾਲੇ ਜਗਿਆਸੂ ਨੂੰ ਹੁੰਦੀ ਹੈ । ਸੰਦੇਸ਼ਵਾਹਕ ਸਰੋਸ਼ਾ ਦਾ ਸਾਕਾਰ ਰੂਪ ਹੈ। ਜ਼ਰਤੁਸਤ ਲਈ ਸੰਦੇਸ਼ਵਾਹਕ ਵੋਹਮਾਨੋ ਸੀ ਪਰ ਪਾਰਸੀਆਂ ਲਈ ਜ਼ਰਤੁਸਤ ਸੀ ਕਿਉਂਕਿ ਇਹ ਅਹੁਰਮਜ਼ਦ ਤੇ ਉਸਦੇ ਪੈਰੋਕਾਰਾਂ ਵਿਚ ਕਰਮ ਕਰਦਾ ਸੀ । ਸਰੋਸਾ ਨਿਰਣੈ-ਪੁਲ (Chinvat Peretu) ਪਾਰ ਕਰਨ ਵਿਚ ਸਹਾਇਕ ਹੁੰਦਾ ਹੈ ਜੋ ਉੱਚ ਅਤੇ ਨਿਮਨ ਮਨਸਾ ਦੇ ਵਿਚਕਾਰ ਹੈ। ਇਹ ਸਰੋਸ਼ ਹੀ ਸਵਰਗੀ ਸ਼ਾਤੀ (Better Existence) ਦਵਾਉਣ ਲਈ ਸਹਾਇਕ ਸਿੱਧ ਹੁੰਦਾ ਹੈ । ਯਾਸ਼ਨਾ ਵਿਚ ਆਉਂਦਾ ਹੈ ਕਿ ਸਰੋਸ਼ ਸਰਿਸ਼ਟੀ ਦੇ ਆਦਿ ਸੀ ਅਤੇ ਇਹੋ ਮਹਾਨ ਦੈਵੀ ਸੁਘੜ ਸ਼ਬਦ ਹੈ ਜਿਸ ਤੋਂ ਸ਼ਰਿਸ਼ਟੀ ਦੀ ਰਚਨਾ ਹੋਈ ਹੈ । ਸਰੋਸ਼ ਜੋ ਧਰਤੀ, ਅੱਗਨੀ ਬਨਸਪਤੀ ਅਤੇ ਇਨਸਾਨ ਤੋਂ ਪਹਿਲਾਂ ਇਲਾਹੀ ਹੁਕਮ ਦਾ ਪ੍ਰਤੱਖ ਰੂਪ ਸੀ । ਇਕ ਪਾਸੇ ਇਹ ਰਚਨਾ ਕਰਦਾ ਹੈ ਤੇ ਦੂਜੇ ਪਾਸੇ ਭਾਣੇ ਦਾ ਪਵਿੱਤਰ ਸਬਕ ਸਿਖਾਉਂਦਾ ਹੈ ।" ਪੈਗ਼ੰਬਰ ਜ਼ਰਤੁਸਤ ਆਪਣੀ ਇਕ ਪ੍ਰਾਰਥਨਾ ਵਿਚ ਕਹਿੰਦੇ ਹਨ -

"ਹੇ ਮਜਦਾ ਜਿਨ੍ਹਾਂ ਨੂੰ ਤੂੰ ਪਿਆਰ ਕਰਦਾ ਹੈ, ਸਰੋਸ਼ ਉਨ੍ਹਾਂ ਕੋਲ ਜਾਏ ।"ਅ ਮੌਤ ਤੋਂ ਬਾਅਦ ਜ਼ਰਤੁਸਤਰੀ ਮੱਤ ਦੇ ਅਨੁਆਈ ਸਰੋਸ਼ ਸੰਬੰਧੀ ਕੁਝ ਕਿਰਿਆ ਕਰਦੇ ਹਨ ਕਿਉਂਕਿ ਉਨ੍ਹਾਂ ਦੀ ਇਹ ਮਨੌਤ ਹੈ ਕਿ ਇਸ ਦੀ ਹੋਂਦ ਭੌਤਿਕ ਅਤੇ ਮਾਨਸਿਕ ਦੋਹਾਂ ਹੀ ਸਥਾਨਾਂ ਵਿਚ ਵਿਦਮਾਨ ਹੈ ।" ਜ਼ਰਤਸਤਰੀ ਮੱਤ ਅਨੁਸਾਰ ਸਦਗੁਣੀ ਜੀਵਨ ਮਾਰਗ ਉੱਪਰ ਚਲਦਾ ਹੋਇਆ ਵਿਅਕਤੀ ਹੋਰਵਤਤ ਅਤੇ ਅਮੇਰਤੱਤ ਨੂੰ ਪ੍ਰਾਪਤ ਕਰਕੇ ਗਰੇਦਮਾਨ ਅਥਵਾ ਸਵਰਗ ਵਿਚ ਜਾਂਦਾ ਹੈ ਜਿਸ ਨੂੰ 'ਵੰਧੁਸਾਵੇਯਨਾ ਮਾਨਵੇ' ਵੀ ਕਹਿੰਦੇ ਹਨ । ਇਸ ਦਾ ਅਰਥ ਹੈ ਚਤਨ ਤਭ ਭਤੇ ਭਠਸਾ ਰੇ ਸਾਠ (The House A Good Mind, House of Song Where God dwells) ਤੇ ਜਾਣਾ। ਇਹੀ ਮਾਨਵ ਦਾ ਪਰਮ ਉਦੇਸ਼ ਹੈ।

7.6 ਧਾਰਮਿਕ ਵਿਚਾਰਧਾਰਾ ਤੇ ਕਰਮਾਚਾਰ

ਦੁਨੀਆਂ ਦਾ ਹਰ ਮਜ਼ਹਬ ਮੁੱਢਲੇ ਰੂਪ ਵਿਚ ਰੂਹਾਨੀਅਤ ਦੇ ਉਚੇਰੇ ਅਨੁਭਵ ਵਿਚੋਂ ਉਜਾਗਰ ਹੋਇਆ ਹੈ ਪਰ ਸਮਾਂ ਪੈਣ ਪਿੱਛੋਂ ਇਸ ਦੀ ਅਧਿਆਤਮਿਕ ਵਿਚਾਰਧਾਰਾ ਉੱਪਰ ਬਾਹਰਮੁਖੀ ਵਿਸ਼ਵਾਸ, ਰਸਮਾਂ ਤੇ ਕਰਮਾਚਾਰ ਤੇ ਵਰਤਾਰੇ ਭਾਰੂ ਹੋ ਜਾਂਦੇ ਹਨ । ਇਹੀ ਕਾਰਨ ਹੈ ਕਿ ਧਰਮ ਦਾ ਮੁਹਾਂਦਰਾ ਰੂਹਾਨੀ ਸਰੋਕਾਰਾਂ ਨਾਲੋਂ ਸਮਾਜਿਕ ਵਰਤਾਰਾ ਵਧੇਰੇ ਲੱਗਦਾ ਹੈ । ਧਰਮ ਦੀ ਅੰਤਰਮੁਖਤਾ ਇਲਹਾਮ ਦੀ ਰੂਹਾਨੀਅਤ ਨਾਲ ਸ਼ਰਸ਼ਾਰ ਹੋਣ ਕਰਕੇ ਬੌਧਿਕ ਸੀਮਾਵਾਂ ਤੋਂ

ਪਰੇ-ਪਰੇਰੇ ਹੁੰਦੀ ਹੈ। ਆਮ ਲੋਕਾਂ ਦੀ ਸਮਝ ਵਿਚ ਧਰਮ ਦਾ ਕਰਮਾਚਾਰ ਵਰਤਾਰਾ ਹੀ ਪੈਂਦਾ ਅਤੇ ਇਸ ਪਿੱਛੇ ਲੁਕੀ ਰੂਹਾਨੀਅਤ ਤੋਂ ਉਹ ਵਿਰਵੇ ਰਹਿ ਜਾਂਦੇ ਹਨ । ਸਿੱਖ ਮੁਹਾਵਰੇ ਵਿਚ ਇਸ ਅੰਤਰ ਨੂੰ ਪਰਿਭਾਸ਼ਤ ਕਰਨਾ ਹੋਵੇ ਤਾਂ ਅਧਿਆਤਮਿਕਤਾ ਕਿਹਾ ਜਾਂਦਾ ਹੈ, ਥਾਣਾ (Form) ਹੈ ।

ਜ਼ਰਤੂਸਤ ਮੱਤ ਦੀ ਅਧਿਆਤਮਿਕ ਵਿਚਾਰਧਾਰਾ ਜਿਸ ਨੂੰ ਸਿਧਾਂਤਕ ਪੱਖ ਵੀ ਕਿਹਾ ਗਿਆ, ਅਸੀਂ ਉੱਪਰ ਵਿਚਾਰ ਚੁੱਕੇ ਹਾਂ । ਇੱਥੇ ਇਸ ਮੌਤ ਦੇ ਧਾਰਮਿਕ ਪੱਖ ਨੂੰ ਬਿਆਨ ਕੀਤਾ ਜਾ ਰਿਹਾ ਹੈ । ਧਾਰਮਿਕ ਤੌਰ ਤੇ ਜ਼ਰਤਸਤਰੀ ਮੱਤ ਨੇਕੀ ਅਤੇ ਬਦੀ ਦੀ ਧਾਰਨਾ ਉੱਪਰ ਵਿਕਾਸ ਕਰਦਾ ਹੈ। ਪੈਗ਼ੰਬਰ ਜ਼ਰਤੁਸਤ ਸਮਝਦੇ ਸਨ ਕਿ ਇਸ ਸੰਸਾਰ ਉੱਪਰ ਪ੍ਰਭਤਾ ਲਈ ਪਾਪ ਤੇ ਪੁੰਨ ਦੀਆਂ ਸ਼ਕਤੀਆਂ ਵਿਚ ਨਿਰੰਤਰ ਸੰਘਰਸ਼ ਹੁੰਦਾ ਰਹਿੰਦਾ ਹੈ। ਅਹੁਰਮਜ਼ਦ ਸਿਆਣਪ ਦੀ ਆਤਮਾ, ਪ੍ਰਕਾਸ਼ ਦਾ ਦੇਵਤਾ, ਸ਼ੁਧ ਵਿਚਾਰ, ਸ਼ੁਧ ਕਰਮ ਸ਼ੁਧ ਧਰਮ, ਦਇਆਵਾਨ ਸ਼ਾਸ਼ਨ ਅਤੇ ਅਮਰਪਦ ਦਾ ਪ੍ਰਤਿਨਿਧ ਹੈ। ਇਸ ਸਤਿ-ਮਾਰਗ ਦੇ ਮਾਨਵੀ ਵਰਤਾਰੇ ਨੂੰ ਸਪੈਂਤਾ-ਮੈਨੀਉ (Spenta Mainyu) ਕਿਹਾ ਗਿਆ ਹੈ। ਇਸ ਦੇ ਉਲਟ ਅਨ੍ਰਿਤ ਦਾ ਦੈਂਤ, ਪਾਪ, ਮਲ ਤੇ ਤਮਸ ਦੀ ਆਤਮਾ ਜਿਸ ਨੂੰ ਐਂਗਰਾ-ਮੈਨੀਉ (Angra-Mainyu) ਕਿਹਾ ਜਾਂਦਾ ਹੈ ।

ਉਪਰੋਕਤ ਇਹਨਾਂ ਦੋਹਾਂ ਵਰਤਾਰਿਆਂ ਨੂੰ ਨੇਕ ਅਤੇ ਬਦ ਰੂਹ ਵੀ ਕਹਿ ਸਕਦੇ ਹਾਂ। ਇਸ ਸੰਘਰਸ਼ ਦਾ ਸੰਬੰਧ ਕੇਵਲ ਮਨੁੱਖ ਦੇ ਜੀਵਨ ਨਾਲ ਹੀ ਨਹੀਂ। ਸਗੋਂ ਹਰ ਇਕ ਵਸਤ ਨਾਲ ਹੈ । ਢਾਹੂ ਸ਼ਕਤੀਆਂ ਉਸਾਰੂ ਸ਼ਕਤੀਆਂ ਦਾ ਸਦਾ ਵਿਰੋਧ ਕਰਦੀਆਂ ਹਨ। ਝੱਖੜ ਤੇ ਹੜ੍ਹ ਫ਼ਸਲਾਂ ਤਬਾਹ ਕਰ ਦੇਂਦੇ ਹਨ, ਘਾਹ ਤੇ ਨਦੀਨ ਅੰਨ ਨੂੰ ਮਾਰ ਦਿੰਦੇ ਹਨ, ਜ਼ਹਿਰੀ ਸੱਪ ਵਡਮੁੱਲੇ ਬਲਦਾਂ ਨੂੰ ਡੱਸ ਜਾਂਦੇ ਹਨ। ਮਨੁੱਖ ਨੇ ਇਹਨਾਂ ਦੋਹਾਂ ਸ਼ਕਤੀਆਂ ਵਿੱਚੋਂ ਇਕ ਨੂੰ ਚੁਣਨਾ ਹੈ। ਜੇ ਉਹ ਅਹੁਰਮਜ਼ਦ ਦਾ ਪੱਖ ਚੁਣਦਾ ਹੈ ਤਾਂ ਉਸ ਨੂੰ ਮਜਦਾ ਦੇ ਧਰਮ ਦੇ ਵਰਤਾਰੇ ਲਈ ਸੰਘਰਸ਼ ਕਰਨਾ ਪਵੇਗਾ । ਪ੍ਰਮਾਣ ਰੂਪ ਨਿਆਇ ਦਾ ਹੈ, ਦਇਆ ਦਾ ਨਹੀਂ। ਸ਼ਤਰੂ (ਬਦੀ) ਤਾਕਤਾਂ ਉੱਪਰ ਦਇਆ ਕਰਨੀ ਯੋਗ ਨਹੀਂ, ਪਰ ਨੇਕੀ ਲਈ ਵੱਡੀ ਕੁਰਬਾਨੀ ਕਰਨੀ ਵੀ ਯੋਗ ਹੈ। ਨੇਕੀ ਦੇ ਇਸ ਵਰਤਾਰੇ ਲਈ ਜਿਹੜਾ ਧਾਰਮਿਕ ਜੀਵਨ ਜ਼ਰਤੁਸਤੀ ਮੱਤ ਨੇ ਧਾਰਨ ਕੀਤਾ, ਮਗਰੋਂ ਜਾਕੇ ਉਸ ਵਿਚ ਕਈ ਤਰ੍ਹਾਂ ਦੇ ਕਰਮਾਚਾਰ ਆ ਗਏ ਜੋ ਧਾਰਮਿਕ ਰੀਤਾਂ ਬਣ ਕੇ ਰਹਿ ਗਏ।

ਇਹ ਕਰਮਾਚਾਰ ਇਸ ਪ੍ਰਕਾਰ ਹਨ -

ਜ਼ਰਤਸਤਰੀ ਮੱਤ ਵਿਚ ਅੱਗਨੀ ਨੂੰ ਅਹੁਰਮਜ਼ਦ ਦਾ ਪ੍ਰਤੀਕ ਮੰਨਿਆ ਗਿਆ ਹੈ । ਕੁਝ /ਲੋਕ ਇਵੇਂ ਸਮਝਦੇ ਹਨ ਕਿ ਪਾਰਸੀ ਅੱਗਨੀ ਦੇ ਪੂਜਾਰੀ ਹਨ ਜੋ ਇਕ ਗਲਤ ਧਾਰਨਾ ਹੈ। ਜ਼ਰਤੂਸਤੀਆਂ ਦੇ ਧਰਮ ਅਸਥਾਨ ਨੂੰ 'ਦਾਰਿ-ਮਿਹਰ' ਭਾਵ ਬਖਸ਼ਿਸ਼ ਦਾ ਦਰ (ਦਰਵਾਜ਼ਾ) ਕਿਹਾ ਜਾਂਦਾ ਹੈ । ਭਾਰਤ ਦੇ ਪਾਰਸੀ ਇਸ ਨੂੰ ਅਗਿਆਰੀ (Agiaris) ਕਹਿੰਦੇ ਹਨ। ਇਸ ਵਿਚ ਕੋਈ ਮੂਰਤੀ ਨਹੀਂ ਹੁੰਦੀ ਕਿਉਂਕਿ ਜ਼ਰਤੁਸਤੀ ਮੱਤ ਮੂਰਤੀ ਜਾਂ ਬੁੱਤ ਪੂਜਾ ਦੇ ਵਿਰੁੱਧ ਹੈ।

ਦਾਰਿ-ਮਿਹਰ ਵਿਚ ਜੋ ਅੱਗਨੀ ਬਲਦੀ ਹੈ ਉਹ ਸ਼ੁਧਤਾ ਦਾ ਪ੍ਰਤੀਕ ਹੈ। ਇਹ ਧਰਮ ਸਥਾਨ ਦੋ ਭਾਗਾਂ ਵਿਚ ਵੰਡੇ ਹੁੰਦੇ ਹਨ, ਇਕ ਵਿਚ ਅੱਗ ਬਲਦੀ ਹੈ ਅਤੇ ਦੂਜੇ ਵਿਚ ਧਾਰਮਿਕ ਰਸਮਾਂ ਕੀਤੀਆਂ ਜਾਂਦੀਆਂ ਹਨ।

ਧਾਰਮਿਕ ਰਸਮਾਂ ਨੂੰ ਨਿਭਾਉਣ ਵਾਲੇ ਅਤੇ ਧਰਮ ਦਾ ਪਰਚਾਰ ਕਰਨ ਵਾਲੇ ਪਰੋਹਿਤ ਮੈਜਾਈ (The Magi) ਅਖਵਾਉਂਦੇ ਹਨ। ਕਹਿੰਦੇ ਹਨ ਜਦ ਪੈਗ਼ੰਬਰ ਜ਼ਰਤੁਸਤ ਨੇ ਆਪਣੇ ਮੱਤ ਦਾ ਪਰਚਾਰ ਕਰਨਾ ਸ਼ੁਰੂ ਕੀਤਾ ਤਾਂ ਪਰੰਪਰਾਗਤ ਮੈਜਾਈਆਂ ਦੀ ਪਰੋਹਿਤ ਸ਼੍ਰੇਣੀ ਨੇ ਇਸ ਦਾ ਵਿਰੋਧ ਕੀਤਾ। ਪਰ ਛੇਤੀ ਹੀ ਉਹ ਇਸ ਨਵੇਂ ਧਰਮ ਦੇ ਕਾਇਲ ਹੋ ਗਏ ਅਤੇ ਇਸ ਧਰਮ ਨੂੰ ਫੈਲਾਉਣ ਲਈ ਸਹਾਇਤਾ ਕਰਨ ਲੱਗੇ। ਕੁਝ ਵਿਦਵਾਨ ਇਹ ਮੰਨਦੇ ਹਨ ਕਿ ਮੈਜਾਈ ਰਤੁਸਤ ਦੇ ਮੁੱਢਲੇ ਪੈਰੋਕਾਰ ਸਨ । ਕੁਝ ਵੀ ਹੋਵੇ ਇਹ ਗੱਲ ਸਪਸ਼ਟ ਹੈ ਕਿ ਜ਼ਰਤਸਤ ਨੇ ਪੂਰਬੀ ਈਰਾਨ ਤਕ ਹੀ ਆਪਣੇ ਧਰਮ ਦਾ ਪਰਚਾਰ ਕੀਤਾ ਤੇ ਪੱਛਮੀ ਹਿੱਸੇ ਵਿਚ ਇਸ ਨੂੰ ਫੈਲਾਉਣ ਵਾਲੇ ਇਹ ਮੈਜਾਈ ਲੋਕ ਹੀ ਹਨ ।

ਕਰਮਾਚਾਰ ਦੇ ਪੱਖੋਂ ਮੈਜਾਈਆਂ ਨੇ ਜ਼ਰਤਸਤੀ ਮੱਤ ਵਿਚ ਤਿੰਨ ਨਵੇਂ ਤੱਤ ਪ੍ਰਵੇਸ਼ ਕੀਤੇ ਜੋ ਹਨ - ਮੁਰਦੇ ਨੂੰ ਗਿੱਧਾ ਅਤੇ ਕਾਵਾਂ ਦੇ ਖਾਣ ਲਈ ਨੰਗਾ ਰੱਖਣਾ, ਵਰਜਿਤ ਵਿਆਹਾ ਦੀ ਪ੍ਰਥਾਂ ਅਤੇ ਜਾਨਵਰਾਂ ਸੰਬੰਧੀ ਦਵੈਤਵਾਦੀ ਦ੍ਰਿਸ਼ਟੀਕੋਣ ਅਪਨਾਉਣਾ। ਇਸ ਅੰਤਿਮ ਵਿਸ਼ਵਾਸ ਕਰਕੇ ਉਹ ਪਸੂਆਂ ਨੂੰ ਚੰਗੀਆਂ ਅਤੇ ਬੁਰੀਆਂ ਸ਼੍ਰੇਣੀਆਂ ਵਿਚ ਵੰਡਦੇ ਹਨ। ਭਾਰਤੀ 'ਪਾਰਸੀਆਂ' ਅਤੇ ਈਰਾਨੀ 'ਗਾਬਰਾ' ਵਿਚ ਧਾਰਮਿਕ ਕਰਮਾਚਾਰ ਦੀਆਂ ਕੁਝ ਵੱਖ ਵੱਖ ਪਰਪਾਟੀਆਂ ਵੀ ਚੱਲ ਪਈਆਂ ਹਨ ਜਿਨ੍ਹਾਂ ਦਾ ਵਿਸਥਾਰ ਦੇਣ ਦੀ ਇਥੇ ਗੁੰਜਾਇਸ਼ ਨਹੀਂ ਹੈ।

**7.7 ਸਾਰ-**

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਜ਼ਰਤੁਸਤ ਧਰਮ ਦੇ ਬਾਨੀ ਪੈਗੰਬਰ ਜ਼ਰਤੁਸਤ ਨੇ ਇਸ ਧਰਮ ਦੀ ਨੀਂਹ ਰੱਖੀ। ਜੋ ਕਿ ਹੌਲੀ-ਹੌਲੀ ਪਾਰਸੀ ਧਰਮ ਅਖਵਾਉਣ ਲੱਗਾ। ਭਾਰਤੀ ਖਿੱਤੇ ਵਿਚ ਵੀ ਇਹ ਧਰਮ ਫੈਲਿਆ।

**7.8 ਪੜ੍ਹਣਯੋਗ ਪੁਸਤਕਾਂ**


- ਗੁਲਵੰਤ ਸਿੰਘ ਪ੍ਰੋ. , ਯਹੂਦੀ ਅਤੇ ਈਸਾਈ ਰਹੱਸਵਾਦ, ਭਾਰਤੀ ਤੇ ਵਿਦੇਸ਼ੀ ਸਾਹਿਤ ਅੰਕ 7, ਪੰਜਾਬੀ ਯੂਨੀਵਰਸਿਟੀ, ਪਟਿਆਲਾ
- ਵਿਸ਼ਵ ਸਭਿਅਤਾ ਦਾ ਇਤਿਹਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ
- ਨਿਤਸ਼ੇ, ਜ਼ਰਤੁਸਤਾ ਨੇ ਕਹਾ, ਹਿੰਦ ਪਾਕਟ ਬੁਕਸ
- ਮਹੰਤ ਗਣੇਸ਼ਾ ਸਿੰਘ, ਭਾਰਤ ਮਤ ਦਰਪਣ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ,1992
- ਮਨਮੋਹਨ ਸਿੰਘ (ਡਾ.), ਸਾਮੀ ਧਰਮਾਂ ਦੇ ਉਪਦੇਸ਼, ਪੰਜਾਬੀ ਯੂਨੀਵਰਸਿਟੀ ਪਟਿਆਲਾ, 1988
- Warren Mathews, World Religions, west Publishing Company, New York
- Gospel of Zarathustra, The Theosophical Publishing House, Adyer, Madras, 1951

**7.9 ਅਭਿਆਸ ਲਈ ਪ੍ਰਸ਼ਨ**

ਵੱਡੇ ਪ੍ਰਸ਼ਨ

1. ਪੈਗੰਬਰ ਜ਼ਰਤੁਸਤ ਬਾਰੇ ਤੁਸੀਂ ਕੀ ਜਾਣਦੇ ਹੋ?
2. ਅਹੁਰਮਜ਼ਦ ਕੌਣ ਸੀ ?
3. ਜ਼ਰਤੁਸਤ ਮੱਤ ਬਾਰੇ ਆਪਣੇ ਵਿਚਾਰ ਸਾਂਝੇ ਕਰੋ।

ਛੋਟੇ ਪ੍ਰਸ਼ਨ

1. ਹੌਰਵਤਤ ਤੋਂ ਕੀ ਭਾਵ ਹੈ?
2. ਪੈਗੰਬਰ ਜ਼ਰਤੁਸਤ ਦੇ ਬਚਪਨ ਬਾਰੇ ਲਿਖੋ।
3. ਪੈਗੰਬਰ ਜ਼ਰਤੁਸਤ ਨੂੰ ਜੀਵਨ ਵਿਚ ਕਿਹੜੇ ਸੰਘਰਸ਼ ਦਾ ਸਾਹਮਣਾ ਕਰਨਾ ਪਿਆ?
4. ਜ਼ਰਤੁਸਤ ਮਤ ਵਿਚ ਨੇਕੀ ਅਤੇ ਬਦੀ ਦੀਆਂ ਕਿਹੜੀਆਂ ਸ਼ਕਤੀਆਂ ਮੰਨੀਆਂ ਗਈਆਂ ਹਨ? ਉੱਤਰ ਦਿਓ।

## ਪੈਗੰਬਰ ਮੂਸਾ: ਜੀਵਨ ਅਤੇ ਸਿੱਖਿਆਵਾਂ (ਦਸ ਆਦੇਸ਼)

8.0 ਉਦੇਸ਼

8.1 ਜਾਣ-ਪਛਾਣ

8.2 ਯਹੂਦੀ ਲੋਕ

8.3 ਮੂਸਾ ਦਾ ਜਨਮ ਅਤੇ ਬਚਪਨ

8.4 ਧਾਰਮਿਕ ਰਸਮਾਂ

8.5 ਦਸ ਆਦੇਸ਼

8.6 ਸਾਰ

8.7 ਪੜ੍ਹਣਯੋਗ ਪੁਸਤਕਾਂ

8.8 ਅਭਿਆਸ ਲਈ ਪ੍ਰਸ਼ਨ

**8.0 ਉਦੇਸ਼-**

ਪ੍ਰਸਤੁਤ ਯੂਨਿਟ ਦਾ ਉਦੇਸ਼ ਪੈਗੰਬਰ ਮੂਸਾ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ ਜਿਸ ਦਾ ਜੀਵਨ ਉਸਦੇ ਅਟੁੱਟ ਵਿਸ਼ਵਾਸ, ਹਿੰਮਤ ਅਤੇ ਅੱਲ੍ਹਾ ਪ੍ਰਤੀ ਆਗਿਆਕਾਰਤਾ ਦਾ ਪ੍ਰਮਾਣ ਹੈ, ਜਿਸ ਤੋਂ ਇਕ ਆਮ ਵਿਅਕਤੀ ਨੂੰ ਵੀ ਪ੍ਰੇਰਣਾ ਮਿਲਦੀ ਹੈ।

**8.1 ਜਾਣ-ਪਛਾਣ-**

ਲੀਓ ਬਾਏਕ (Leo Baeck) ਲਿਖਦੇ ਹਨ, "ਜਿਵੇਂ ਕਲਾ ਦਾ ਤੱਤ ਅਸੀਂ ਮਹਾਨ ਕਲਾਕਾਰਾਂ ਦੀਆਂ ਅਮਰ ਰਚਨਾਵਾਂ ਦੇ ਅਧਿਐਨਾਂ ਰਾਹੀਂ ਜਾਣ ਸਕਦੇ ਹਾਂ, ਇਸੇ ਤਰ੍ਹਾਂ ਧਰਮ ਸੰਬੰਧੀ ਜਾਣਨ ਲਈ ਉਸ ਧਰਮ ਦੇ ਮਹਾਨ ਫਕੀਰਾਂ ਅਤੇ ਪੈਗੰਬਰਾਂ ਸੰਬੰਧੀ ਜਾਣਕਾਰੀ ਹਾਸਲ ਕਰਨੀ ਪਵੇਗੀ।" ਸੋ, ਯਹੂਦੀ ਮਤ ਸੰਬੰਧੀ ਪਤਾ ਕਰਨਾ ਹੈ ਤਾਂ ਇਸ ਦੇ ਪੈਗੰਬਰਾਂ ਨੂੰ ਪੜ੍ਹੋ, ਇਜ਼ਰਾਈਲ ਦੇ ਪੈਗੰਬਰਾਂ ਨੇ ਯਹੂਦੀ ਮੌਤ ਨੂੰ ਰੂਹਾਨੀ ਦਿਸ਼ਾ ਦਿੱਤੀ ਹੈ। ਇਹ ਸਹੀ ਹੈ ਕਿ ਯਹੂਦੀ ਕਈ ਵਾਰ ਇਸ ਦਿਸ਼ਾ ਨੂੰ ਛੱਡ ਕੇ ਭਟਕਦੇ ਵੀ ਰਹੇ, ਪਰੰਤੂ ਫਿਰ ਪਰਤ ਆਏ। ਪਰਿਵਰਤਨਸ਼ੀਲ ਸਮੇਂ ਵਿਚ ਉਨ੍ਹਾਂ ਦੀ ਸਥਿਰ ਰੂਹਾਨੀਅਤ ਕਾਇਮ ਰਹੀ। ਯਹੂਦੀ ਮੌਤ ਨੇ ਆਤਮ ਚਿੰਤਨ ਰਾਹੀਂ ਮੰਜ਼ਿਲ ਦੇ ਅਤੇ ਮੰਜ਼ਿਲ ਦੇ ਸਤਿ ਦੀ ਤਲਾਸ਼ ਕਰਕੇ ਵਿਲੱਖਣ ਇਤਿਹਾਸ ਦੀ ਸਿਰਜਣਾ ਕੀਤੀ।

ਯਹੂਦੀਆਂ ਦੇ ਪੈਗੰਬਰਾਂ ਨੇ ਅਕਲ ਦੇ ਦਾਅ ਪੇਚ ਨਹੀਂ ਸਿਖਾਏ। ਉਹ ਅਮਲਾਂ (Practicals) ਦੇ ਹਾਮੀ ਹਨ। ਕਥਨੀ ਨਾਲੋਂ ਕਰਨੀ ਉੱਤੇ ਵਧੇਰੇ ਪਹਿਰਾ ਦਿੰਦੇ ਸਨ। ਇਹ ਮਹਾਨ ਲੋਕ ਫਕੀਰ ਵੀ ਸਨ ਤੇ ਬਾਦਸ਼ਾਹ ਵੀ। ਉਨ੍ਹਾਂ ਨੇ ਰਾਜ ਵੀ ਕੀਤਾ ਤੇ ਬਣਵਾਸ ਵੀ ਕੱਟੇ । ਯਹੂਦੀਆਂ ਦੇ ਧਰਮ ਵਿਚ ਬੌਧਿਕ ਪਰਪੰਚ ਅਤੇ ਤਿਖੀਆਂ ਤੇਜ਼ ਤਰਾਰ ਦਲੀਲਾਂ ਨਹੀਂ ਹਨ, ਨਾ ਇਨ੍ਹਾਂ ਦਾ ਕੋਈ ਸਤਿਕਾਰ ਕੀਤਾ ਗਿਆ ਹੈ। ਕਲਪਨਾ ਦੇ ਘੋੜੇ ਦੌੜਾਉਣ ਦੀ ਬਜਾਏ ਯਹੂਦੀ ਆਖਦੇ ਹਨ ਨੇਕ ਬਣੋ, ਨੇਕੀ ਦਾ ਆਦਰ ਕਰੋ। ਉਨ੍ਹਾਂ ਦੇ ਪੈਗੰਬਰਾਂ ਦੀਆਂ ਗੱਲਾਂ ਕਿੰਨੀਆਂ ਸਿੱਧੀਆਂ ਸਾਦੀਆ ਹਨ, ਪੈਰਬਰ ਮੂਸਾ ਦੇ ਕਥਨਾਂ ਤੋਂ ਪਤਾ ਲੱਗਦਾ ਹੈ। ਜਦੋਂ ਮੂਸਾ ਪਸ਼ੂ ਚਾਰ ਰਿਹਾ ਸੀ, ਇਕ ਝਾੜੀ ਵਿੱਚੋਂ ਉਸ ਨੇ ਲਾਟ ਨਿਕਲਦੀ ਦੇਖੀ ਪਰੰਤੂ ਉਸ ਲਾਟ ਨਾਲ ਝਾੜੀ ਸੜ ਨਹੀਂ ਰਹੀ ਸੀ। ਮੂਸਾ ਡਰ ਗਿਆ। ਉਹ ਦੌੜਨ ਲੱਗਾ ਤਾਂ ਝਾੜੀ ਵਿੱਚੋਂ ਆਵਾਜ਼ ਆਈ, ਡਰ ਨਾਂਹ। ਮੈਂ ਪ੍ਰਗਟ ਹੋਇਆ ਹਾਂ, ਇਹ ਥਾਂ ਪਵਿੱਤਰ ਹੈ। ਜੋੜੇ ਲਾਹ ਅਤੇ ਅੱਗੇ ਆ।" ਉਹ ਡਰ ਗਿਆ। ਉਸਨੇ ਪੁੱਛਿਆ, "ਕੌਣ ਹੈ ਤੂੰ ਆਵਾਜ਼ ਆਈ, "ਮੈਂ ਹਾ. ਉਹੀ ਜੋ ਮੈਂ ਹੋਇਆ ਕਰਦਾ ਹਾਂ। ਮੈਂ ਤੈਨੂੰ ਪੈਗੰਬਰ ਚੁਣ ਲਿਆ ਹੈ। ਜਾਹ ਇਜ਼ਰਾਈਲ ਦੀ ਗੁਲਾਮੀ ਕੱਟ। 'ਮੂਸਾ ਨੇ ਕਿਹਾ " ਠੀਕ ਹੈ। ਪਰੰਤੂ ਲੋਕ ਮੈਨੂੰ ਪੁੱਛਣਗੇ ਕਿ ਤੈਨੂੰ ਕਿਸਨੇ ਭੇਜਿਆ ਹੈ, ਮੈਂ ਕੀ ਕਹਾਂ?'" ਆਵਾਜ਼ ਆਈ, ਇਜ਼ਰਾਈਲੀਆਂ ਨੂੰ ਕਹਿ ਕਿ ਉਹ ਜੋ ਹੈ ਉਸ ਨੇ ਮੈਨੂੰ ਭੇਜਿਆ ਹੈ।"

ਯਹੂਦੀਆਂ ਨੇ ਪੁੱਛਿਆ ਤਾਂ ਉਸਨੇ ਇਹੀ ਜਵਾਬ ਦਿੱਤੇ। ਪੁਰਾਣੀ ਬਾਈਬਲ ਵਿਚ ਲਿਖਿਆ ਹੈ, 'ਸ਼ੇਰ ਦੀ ਗਰਜ ਸੁਣ ਕੇ ਕੌਣ ਨਹੀਂ ਡਰ ਜਾਂਦਾ? ਰੱਬ ਦੀ ਆਵਾਜ਼ ਸੁਣ ਕੇ ਕਿਹੜਾ ਹੈ ਜਿਹੜਾ ਪੈਰਬਰ ਨਾ ਬਣੇ? ਸੋ ਪਿਤਾ ਨੇ ਮੈਨੂੰ ਇੱਜੜ

ਵਿੱਚੋਂ ਛਾਂਟ ਲਿਆ। ਹੁਣ ਮੇਰੇ ਪਾਸ ਰੱਬ ਦੀ ਦਿੱਤੀ ਬੇਅੰਤ ਸ਼ਕਤੀ ਹੈ। ਮੈਂ ਨਿਆਂ ਕਰਨ ਦੇ ਸਮਰੱਥ ਹਾਂ। ਮੈਂ ਇਜ਼ਰਾਈਲ ਨੂੰ ਦੱਸਾਂਗਾ, ਇਸ ਦੇ ਪਾਪਾਂ ਬਾਰੇ ਅਤੇ ਸੰਗਲ ਕੱਟਾਂਗਾ।"

ਪੈਗ਼ੰਬਰ ਦੀ ਆਵਾਜ਼ ਧੁਰ ਅੰਦਰੋਂ ਫੁੱਟੀਆਂ ਰੂਹਾਂ ਦਾ ਚਸ਼ਮਾ ਹੈ । ਇਸ ਚਸ਼ਮੇ ਕਰਕੇ ਇਸ ਦਾ ਵਿਸ਼ਲੇਸ਼ਣ ਨਹੀਂ ਕੀਤਾ ਜਾ ਸਕਦਾ। ਦਿੱਬ ਬੁੱਧੀ ਨੂੰ ਕਿਸੇ ਪਰਿਭਾਸ਼ਾ ਵਿਚ ਨਹੀਂ ਬੰਨਿਆ ਜਾ ਸਕਦਾ । ਪੈਗੰਬਰਾਂ ਦੇ ਸਾਹਮਣੇ ਰੱਬ ਆਪਣਾ ਦਿਲ ਖੋਲ੍ਹ ਦਿੰਦਾ ਹੈ ਤੇ ਪੈਗ਼ੰਬਰ ਰੱਬ ਦੇ ਸਾਹਮਣੇ ਆਪਣੇ ਰਾਜ ਖੋਲਦੇ ਹਨ। ਉਨ੍ਹਾਂ ਨੂੰ ਅੱਲਾ ਵਾਲੇ ਕਿਹਾ ਜਾਂਦਾ ਹੈ।

ਕਿਸੇ ਇਕ ਪੈਗ਼ੰਬਰ ਨੇ ਯਹੂਦੀ ਧਰਮ ਨੂੰ ਨਹੀਂ ਘੜਿਆ ਤੇ ਨਾ ਕਿਸੇ ਇਕ ਫਕੀਰ ਨੇ ਇਸ ਨੂੰ ਅੰਤਿਮ ਰੂਪ ਦਿੱਤਾ ਹੈ। ਇਜ਼ਰਾਈਲ ਪੈਡਬਰਾਂ ਦੀ ਇਕ ਲੜੀ ਹੈ। ਗੌਤਮ ਬੁੱਧ ਜਾਂ ਜਰਤੁਸ਼ਤ ਵਾਂਗ ਅਜਿਹਾ ਨਹੀਂ ਕਿ ਨਾ ਕੋਈ ਪਹਿਲਾਂ ਹੋਇਆ ਹੈ, ਨਾ ਬਾਅਦ ਵਿਚ ਹੋਵੇਗਾ । ਕਿਸੇ ਇਕ ਪੈਗੰਬਰ ਨੇ ਅੰਤਿਮ ਗੱਲ ਨਹੀਂ ਕਹੀ, ਕਿਉਂਕਿ ਕਿਸੇ ਇਕ ਵਿਅਕਤੀ ਦਾ ਕਥਨ ਅੰਤਿਮ ਨਹੀਂ ਹੈ। ਕੋਈ ਇਕ ਵਿਅਕਤੀ ਸੰਪੂਰਣ ਨਹੀਂ, ਹਾਂ ਇਕ ਸਿਸਟਮ ਜ਼ਰੂਰ ਸੰਪੂਰਣ ਹੋ ਸਕਦਾ ਹੈ, ਜਿਸ ਵਿਚ ਹਰ ਪੈਗ਼ੰਬਰ ਨੇ ਆਪਣਾ-ਆਪਣਾ ਯੋਗਦਾਨ ਪਾਇਆ ਹੋਵੇ ।

**8.2 ਯਹੂਦੀ ਲੋਕ**

ਭਾਵੇਂ ਡੇਢ ਕਰੋੜ ਯਹੂਦੀ ਅੱਜ ਸਾਰੇ ਸੰਸਾਰ ਵਿਚ ਫੈਲੇ ਹੋਏ ਹਨ, ਪਰੰਤੂ ਇਨ੍ਹਾਂ ਦੀ ਪਿੱਤਰ ਭੂਮੀ ਇਜ਼ਰਾਈਲ ਹੈ, ਜਿਸਨੂੰ ਪੁਰਾਣੇ ਸਮੇਂ ਵਿਚ ਕੈਨਾਨ ਦੇਸ਼ ਕਿਹਾ ਜਾਂਦਾ ਹੈ । ਇਸੇ ਕੈਨਾਨ ਦੇਸ਼ ਵਿਚ ਅੱਪੜਨ ਵਾਸਤੇ ਪੈਗ਼ੰਬਰ ਮੂਸਾ ਚਾਲੀ ਵਰ੍ਹੇ ਵਿਚ ਆਪਣੇ ਕਬੀਲੇ ਨੂੰ ਲੈ ਕੇ ਭਟਕਦਾ ਫਿਰਿਆ ਸੀ । ਯਹੂਦੀਆਂ ਦਾ ਮੁੱਢਲਾ ਨਾਮ ਹਿਬਰੂ ਹੈ। ਹਿਬਰੂ ਦਾ ਅਰਥ ਹੈ ਮੁਸਾਫਰ, ਪਰਦੇਸੀ, ਖਾਨਾਬਦੋਸ਼ । ਪੰਜ ਸੌ ਸਾਲਾਂ ਦੇ ਸਮੇਂ ਵਿਚ ਤਿੰਨ ਵਾਰ ਹਿਬਰੂਆਂ ਨੇ ਕੈਨਾਨ ਦੇਸ਼ ਨੂੰ ਫਤਹਿ ਕੀਤਾ ਪਰੰਤੂ ਫਿਰ ਆਪਸੀ ਝਗੜਿਆਂ ਕਾਰਨ ਰਾਜ ਗੁਆਇਆ। ਸਭ ਤੋਂ ਪਹਿਲਾਂ ਪੈਗ਼ੰਬਰ ਅਬਰਾਹਮ ਦੀ ਅਗਵਾਈ ਵਿਚ 1700 ਪੂਰਬ ਈਸਵੀ ਸੰਨ ਵਿਚ ਉਹ ਕੈਨਾਨ ਪੁੱਜੇ । ਇਹ ਲੋਕ ਬੇਬੀਲੋਨੀਆਂ ਤੋਂ ਕੈਨਾਨ ਅੱਪੜੇ ਸਨ । ਪੁਰਾਣੇ ਸਬੂਤ ਦੱਸਦੇ ਹਨ ਕਿ ਸਮਾਂ ਰਾਜਸੀ ਉਥਲ- ਪੁਥਲ ਦਾ ਸੀ। ਬਾਦਸ਼ਾਹੀਆਂ ਢਹਿ ਰਹੀਆਂ ਸਨ ਅਤੇ ਉਸਾਰ ਰਹੀਆਂ ਸਨ । ਲੋਕਾਂ ਵਿਚ ਬੇਚੈਨੀ ਅਤੇ ਅਸੁਰੱਖਿਆ ਵਿਆਪਕ ਸੀ । ਬੇਬੀਲੋਨੀਆ ਵਿਚ ਕਾਲ ਪੈ ਗਿਆ ਤਾਂ ਅਬਰਾਹਮ ਦੀ ਅਗਵਾਈ ਵਿਚ ਹਿਬਰੂ ਲੋਕ ਫਲਸਤੀਨ ਦੇ ਉਤਰੀ ਪਾਸੇ ਵਿਚ ਦਾਖਲ ਹੋ ਗਏ। ਇਹ ਲੋਕ ਉਦੋਂ ਵਿਜਈ ਹੋਣ ਦੀ ਮਨਸ਼ਾ ਨਾਲ ਜਾਂ ਰਾਜ ਕਰਨ ਦੀ ਇੱਛਾ ਨਾਲ ਨਹੀਂ ਆਏ ਸਨ। ਭੁੱਖ ਨਾਲ ਸਤਾਏ ਲੋਕ ਇੱਥੇ ਸ਼ਰਣਾਰਥੀਆਂ ਵਜੋਂ ਆਏ ਤੇ ਹੌਲੀ-ਹੌਲੀ ਉਨ੍ਹਾਂ ਨੇ ਕੈਨਾਨ ਦੇਸ਼ ਉੱਤੇ ਅਧਿਕਾਰ ਜਮਾ ਲਿਆ ।

ਦੂਜਾ ਪਰਵਾਸ (ਹਿਜਰਤ) 1400 ਪੂਰਬ ਈਸਾ ਵਿਚ ਕੈਨਾਨ ਵੱਲ ਹੋਇਆ। ਇਹ ਕਾਫਲਾ ਹੁਣ ਰੋਜ਼ੀ-ਰੋਟੀ ਦੀ ਭਾਲ ਵਿਚ ਕੈਨਾਨ ਵੱਲ ਨਹੀਂ ਤੁਰਿਆ, ਸਗੋਂ ਇਸ ਦੇਸ਼ ਨੂੰ ਜਿੱਤਣ ਦੇ ਇਰਾਦੇ ਨਾਲ ਇਧਰ ਆਇਆ ਸੀ । ਜੋਸੂਆ ਦੀ

ਕਿਤਾਬ ਵਿਚ ਇਸ ਹੱਲੇ ਦਾ ਜ਼ਿਕਰ ਹੈ। ਜਿਹੜੇ ਹਿਬਰੂ ਪਹਿਲਾਂ ਭਾੜੇ ਦੇ ਸਿਪਾਹੀਆਂ ਵਜੋਂ ਨੌਕਰੀ ਕਰਦੇ ਸਨ, ਹੁਣ ਧਰਤੀ ਦੇ ਹੁਕਮਰਾਨ ਬਣ ਗਏ । ਪੈਗ਼ੰਬਰ ਦਾਊਦ (David) ਨੇ ਆਪਣੇ ਕਬੀਲੇ ਨੂੰ ਮਜ਼ਬੂਤ ਕੀਤਾ ਤੇ ਫਿਰ ਉਸਦਾ ਪੁੱਤਰ ਪੈਗ਼ੰਬਰ ਸੁਲੇਮਾਨ (Solomon) ਬਾਦਸ਼ਾਹ ਬਣਿਆ, ਜਿਸਨੇ ਵੱਖ-ਵੱਖ ਧੜਿਆਂ ਵਿਚਲੀ ਫੁੱਟ ਖਤਮ ਕਰਵਾ ਦਿੱਤੀ ।

ਤੀਜਾ ਪਰਵਾਸ 1200 ਪੂਰਬ ਈਸਵੀ ਵਿਚ ਮੂਸਾ ਦੀ ਅਗਵਾਈ ਵਿਚ ਹੋਇਆ । ਮਿਸਰ ਨੇ ਇਜ਼ਰਾਈਲ (ਕੈਨਾਨ) ਨੂੰ ਜਿੱਤ ਲਿਆ ਸੀ ਤੇ ਫਰਾਉਨ ਯਹੂਦੀਆਂ ਉੱਤੇ ਜ਼ੁਲਮ ਢਾਹ ਰਿਹਾ ਸੀ । ਇਸ ਸਮੇਂ ਮੂਸਾ ਨੇ ਫਰਾਊਨ ਨਾਲ ਜਾ ਟੱਕਰ ਲਈ ਅਤੇ ਯਹੂਦੀਆਂ ਨੂੰ ਸਹੀ ਸਲਾਮਤ ਬਚਾ ਕੇ ਕੈਨਾਨ ਵਲ ਤੁਰ ਪਿਆ। ਚਾਰ ਦਹਾਕੇ ਉਹ ਜਲਾਵਤਨ ਘੁੰਮਦਾ ਰਿਹਾ, ਪਰੰਤੂ ਉਸ ਨੇ ਹੌਸਲਾ ਨਹੀਂ ਛੱਡਿਆ ਹਾਲਾਂ ਕਿ ਉਸਦੇ ਕਬੀਲੇ ਦੇ ਲੋਕ ਅਤੇ ਵੱਡੇ-ਵੱਡੇ ਸਿਆਣੇ ਆਗੂ ਡੋਲ ਗਏ ਸਨ । ਫਰਾਉਨ ਦਾ ਰਾਜ ਸਥਿਰ ਅਤੇ ਬੜਾ ਮਜ਼ਬੂਤ ਸੀ । ਉਸ ਨਾਲ ਟੱਕਰ ਲੈਣੀ ਆਸਾਨ ਕੰਮ ਨਹੀਂ ਸੀ । ਉਸ ਨੇ ਯਹੂਦੀਆਂ ਨੂੰ ਘਸਿਆਰੇ ਬਣਾ ਦਿੱਤਾ ਸੀ ਤੇ ਉਨ੍ਹਾਂ ਤੋਂ ਕੇਵਲ ਮਜ਼ਦੂਰੀ ਕਰਵਾਈ ਜਾਂਦੀ ਸੀ । ਯਹੂਦੀ ਲੇਬਰ ਦੀ ਸਹਾਇਤਾ ਨਾਲ ਫਰਾਉਨ ਨੇ ਬੜੇ ਵੱਡੇ ਸ਼ਹਿਰ ਉਸਾਰੇ । ਉਨ੍ਹਾਂ ਨੂੰ ਮਜ਼ਦੂਰੀ ਬਦਲੇ ਕੇਵਲ ਖਾਣ ਜੋਗੀ ਰੋਟੀ ਅਤੇ ਪਹਿਨਣ ਜੋਗਾ ਕੱਪੜਾ ਮਿਲਦਾ ਸੀ । ਉਹ ਮਿਸਰੀਆਂ ਦੇ ਬੈਖਰੀਦ ਗੁਲਾਮ ਸਨ ।

ਗੁਲਾਮ ਲੋਕ ਇਹ ਸਮਝਦੇ ਸਨ ਕਿ ਜੇਤੂਆਂ ਅਤੇ ਹੁਕਮਰਾਨਾਂ ਦੇ ਦੇਵਤੇ ਹਾਰਿਆਂ ਹੋਇਆ ਦੇ ਦੇਵਤਿਆਂ ਨਾਲੋਂ ਵਧੇਰੇ ਤਕੜੇ ਹਨ। ਇਸੇ ਕਾਰਨ ਉਹ ਜੇਤੂ ਹੋਏ । ਗੁਲਾਮ ਜਨਤਾ ਲਗਾਤਾਰ ਕਿਸੇ ਮਸੀਹਾ ਦਾ ਰਾਹ ਤਕਦੀ ਜੋ ਮੁਕਤੀ ਦਿਵਾਏ। ਮੁਕਤੀ ਕਿਸੇ ਅਗਲੇ ਜਨਮ ਵਿਚ ਨਹੀਂ - ਇਸੇ ਜਨਮ ਵਿਚ, ਜ਼ਾਲਮ ਰਾਜਿਆਂ ਦੇ ਪਾਸੋਂ ਮੁਕਤ ਕਰਵਾਏ । ਇਸ ਘੋਰ ਸੰਕਟ ਦੇ ਸਮੇਂ ਵਿਚ ਰੱਬ ਨੇ ਮੂਸਾ ਨੂੰ ਯਹੂਦੀਆਂ ਦੇ ਮੁਕਤੀਦਾਤੇ ਵਜੋਂ ਮਸੀਹਾ ਥਾਪਿਆ । ਜਿਸ ਬਲਦੀ ਹੋਈ ਕੰਡਿਆਲੀ ਝਾੜੀ ਦਾ ਜ਼ਿਕਰ ਪੁਰਾਣੀ ਇੰਜੀਲ ਵਿਚ ਆਉਂਦਾ ਹੈ, ਉਹ ਹੋਰ ਕੋਈ ਨਹੀਂ, ਬਲ ਰਿਹਾ ਇਜ਼ਰਾਈਲ ਸੀ । ਝਾੜੀ ਵਿੱਚੋਂ ਲਾਟਾਂ ਨਿਕਲ ਰਹੀਆਂ ਸਨ, ਪਰੰਤੂ ਉਹ ਸੜ ਕੇ ਸੁਆਹ ਨਹੀਂ ਹੋਈ । ਤੂਰ ਦਾ ਪਰਬਤ ਅੱਗ ਵਿਚ ਸੜ ਕੇ ਸੁਰਮਾ ਬਣ ਗਿਆ, ਪਰੰਤੂ ਹਰੀ ਝਾੜੀ ਉਵੇਂ ਟਹਿਕਦੀ ਰਹੀ। ਇਸ ਦਾ ਭਾਵ ਇਹ ਹੈ ਕਿ ਯਹੂਦੀ ਅਗਨੀ ਪਰੀਖਿਆ ਵਿਚੋਂ ਲੰਘ ਰਹੇ ਸਨ। ਮੂਸਾ ਨੇ ਉਨ੍ਹਾਂ ਨੂੰ ਵਿਸ਼ਵਾਸ ਦੁਆਇਆ ਕਿ ਗੁਲਾਮੀ ਦੇ ਜ਼ੁਲਮਾਂ ਦੀਆਂ ਲਾਟਾਂ ਤੁਹਾਡੇ ਚਾਰੇ ਪਾਸੇ ਫੈਲੀਆਂ ਹੋਈਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ, ਪਰੰਤੂ ਤੁਸੀਂ ਸਦਾ ਟਹਿਕਦੇ ਰਹੋਗੇ ਕਿਉਂਕਿ ਰੱਬ ਤੁਹਾਡੇ ਉੱਤੇ ਮਿਹਰਬਾਨ ਹੈ।

8.3 ਮੂਸਾ ਦਾ ਜਨਮ ਅਤੇ ਬਚਪਨ

ਯਾਕੂਬ ਦੇ ਪੜਪੋਤਰੇ ਦਾ ਨਾਮ ਆਮਰਾਨ (Amran) ਸੀ । ਉਸਨੇ ਆਪਣੀ ਚਾਚੀ ਨਾਮ) ਯੋਸ਼ੀਬਦ ਨਾਲ ਵਿਆਹ ਕਰਵਾ ਲਿਆ, ਜਿਸ ਵਿੱਚੋਂ ਦੋ ਬੱਚੇ, ਧੀ ਮਰੀਅਮ ਅਤੇ ਪੁੱਤਰ ਆਰੋਨ ਪੈਦਾ ਹੋਏ। ਆਮਰਾਨ ਅਤੇ ਯੋਸ਼ੀਬਦ ਯਹੂਦੀ ਸਨ ਤੇ ਗੁਲਾਮ ਮਜ਼ਦੂਰ ਸਨ। ਫਰਾਊਨ ਨੇ ਇਹ ਹੁਕਮ ਦਿੱਤਾ ਹੋਇਆ ਸੀ ਕਿ ਕਿਸੇ ਇਜ਼ਰਾਇਲੀ ਦੇ ਘਰ ਨਰ ਬੱਚਾ ਪੈਦਾ ਹੋਵੇ ਤਾਂ ਇਸ ਨੂੰ ਜਨਮ ਸਮੇਂ ਮਾਰ ਦਿੱਤਾ ਜਾਵੇ। ਜਿਹੜੇ ਮਾਪੇ ਅਜਿਹਾ ਨਹੀਂ ਕਰਨਗੇ, ਉਨ੍ਹਾਂ ਨੂੰ ਬਾਕੀ ਦੇ

ਪਰਿਵਾਰ ਸਮੇਤ ਕਤਲ ਕਰ ਦਿੱਤਾ ਜਾਵੇਗਾ। ਮਰੀਅਮ ਦੇ ਆਰਨ ਤੋਂ ਬਾਅਦ ਦੂਜਾ ਲੜਕਾ ਪੈਦਾ ਹੋਇਆ ਤਾਂ ਉਦੇ ਫਹਾਉਨ ਦਾ ਉਕਤ ਹੁਕਮ ਲਾਗੂ ਹੋ ਗਿਆ ਸੀ। ਤਿੰਨ ਮਹੀਨੇ ਮਾਂ ਨੇ ਬੱਚੇ ਨੂੰ ਛੁਪਾ ਕੇ ਰੱਖਿਆ ਤੇ ਕਿਸੇ ਨੂੰ ਖਬਰ ਨਾ ਹੋਣ ਦਿੱਤੀ। ਪਰੰਤੂ ਆਖਰ ਉਹੀ ਕਰਨਾ ਪੈਣਾ ਸੀ ਜਿਸ ਤੋਂ ਬਚਣ ਦਾ ਚਾਰਾ ਨਹੀਂ ਸੀ। ਮਾਂ ਨੇ ਕੱਖਾਂ ਦੇ ਤੁਲਹੇ ਉੱਤੇ ਲਿਟਾ ਕੇ ਦਰਿਆ ਵਿਚ ਵਹਾ ਦਿੱਤਾ। ਪਰੰਤੂ ਨਾਲ ਹੀ ਬੇਟੀ ਮਰੀਅਮ ਨੂੰ ਕਿਹਾ ਕਿ ਨਾਲ-ਨਾਲ ਦਰਿਆ ਕਿਨਾਰੇ ਜਿੰਨੀ ਕੁ ਦੂਰ ਜਾ ਸਕੇ ਜਾਏ ਅਤੇ ਇਹ ਦੇਖੇ ਕਿ ਬੱਚੇ ਦਾ ਅੰਤ ਕਿਵੇਂ ਹੁੰਦਾ ਹੈ। ਮਰੀਅਮ ਰੁੜ੍ਹਦੇ ਜਾ ਰਹੇ ਭਰਾ ਦੇ ਨਾਲ-ਨਾਲ ਤੁਰਦੀ ਗਈ। ਦੂਰ ਸਾਰੇ ਜਾ ਕੇ ਉਸ ਨੇ ਦੇਖਿਆ ਫਰਾਉਨ ਦੀ ਬੇਟੀ ਰਾਜ ਕੁਮਾਰੀ ਮੇਰੀ ਬਾਬੀਆ ਦੁਪਹਿਰ ਵੇਲੇ ਉਸ ਦਰਿਆ ਵਿਚ ਨਹਾਉਣ ਲਈ ਗਈ ਹੋਈ ਸੀ। ਉਸ ਨੇ ਰੁੜ੍ਹਦੇ ਜਾਂਦੇ ਬੱਚੇ ਨੂੰ ਦੇਖਿਆ ਤਾਂ ਮਨ ਵਿਚ ਤਰਸ ਆ ਗਿਆ।

ਇਹ ਬੱਚਾ ਮੋਜ਼ਜ਼, ਜਿਸ ਨੂੰ ਮੂਸਾ ਕਿਹਾ ਜਾਂਦਾ ਹੈ, ਫਰਾਉਨ ਦੇ ਮਹਿਲਾਂ ਵਿਚ ਚਲਾ ਗਿਆ, ਜਿੱਥੇ ਸ਼ਾਹੀ ਖਾਨਦਾਨ ਵਿਚ ਉਸ ਦੀ ਪਰਿਵਰਿਸ਼ ਹੋਈ ਅਤੇ ਰਾਜ ਕੁਮਾਰਾਂ ਨਾਲ ਰਲ ਕੇ ਉਸ ਨੇ ਵਿੱਦਿਆ ਪ੍ਰਾਪਤ ਕੀਤੀ। ਤਾਲਮੂਦ ਗ੍ਰੰਥਾਂ ਅਨੁਸਾਰ ਇਕ ਦਿਨ ਇਕ ਦੁਰਘਟਨਾ ਹੋ ਗਈ। ਫਰਾਉਨ ਉਸ ਬੱਚੇ ਨੂੰ ਬੜਾ ਪਿਆਰ ਕਰਦਾ ਸੀ। ਇਕ ਦਿਨ ਜਦੋਂ ਉਹ ਤਿੰਨ ਸਾਲ ਦਾ ਸੀ, ਬਾਦਸ਼ਾਹ ਦੀ ਗੋਦ ਵਿਚ ਬੈਠਾ ਖੇਡ ਰਿਹਾ ਸੀ, ਤਾਂ ਉਸ ਨੇ ਮਹਾਰਾਜੇ ਦੇ ਸਿਰ ਉੱਤੋਂ ਤਾਜ ਲਾਹ ਕੇ ਆਪਣੇ ਸਿਰ ਉੱਤੇ ਰੱਖ ਲਿਆ। ਬਾਦਸ਼ਾਹ ਦੇ ਹੁਕਮ ਬਗੈਰ ਉਸ ਦੇ ਤਾਜ ਨੂੰ ਹੱਥ ਲਾਉਣ ਦੀ ਸਜ਼ਾ ਮੌਤ ਸੀ। ਬਾਦਸ਼ਾਹ ਨੇ ਮੂਸਾ ਨੂੰ ਮਾਰਨ ਦਾ ਫੈਸਲਾ ਕਰ ਲਿਆ ਕਿਉਂਕਿ ਇਹੋ ਕਾਨੂੰਨ ਸੀ। ਮਹਿਲ ਦੇ ਲੋਕ ਇਕੱਠੇ ਹੋ ਗਏ ਅਤੇ ਉਨ੍ਹਾਂ ਨੇ ਮੂਸਾ ਦੇ ਹੱਕ ਵਿਚ ਫ਼ਰਿਆਦ ਕੀਤੀ ਕਿ ਅਜਿਹਾ ਉਸ ਨੇ ਜਾਣ ਬੁੱਝ ਕੇ ਨਹੀਂ ਕੀਤਾ। ਬੱਚਾ ਹੋਣ ਕਰਕੇ ਉਸਨੂੰ ਕਾਨੂੰਨ ਦਾ ਅਤੇ ਸ਼ਾਹੀ ਮਰਿਆਦਾ ਦਾ ਪਤਾ ਨਹੀਂ ਸੀ। ਇਸ ਕਰਕੇ ਮੁਆਫ਼ ਕਰ ਦਿੱਤਾ ਜਾਏ। ਬਾਦਸ਼ਾਹ ਨੇ ਕਿਹਾ ਕਿ ਮੂਸਾ ਦੇ ਮਾਸੂਮ ਹੋਣ ਦੀ ਪਰਖ ਕੀਤੀ ਜਾਵੇ। ਦੋ ਥਾਲੀਆਂ ਮੰਗਵਾਈਆਂ ਗਈਆਂ। ਇਕ ਵਿਚ ਸੋਨੇ ਦੀਆਂ ਡਲੀਆਂ ਰੱਖੀਆਂ ਗਈਆਂ ਅਤੇ ਦੂਜੀ ਵਿਚ ਬਦਲੇ ਕੋਇਲੇ। ਦੋਵੇਂ ਥਾਲੀਆਂ ਮੂਸਾ ਦੇ ਸਾਹਮਣੇ ਰੱਖੀਆਂ ਗਈਆਂ ਅਤੇ ਕਿਹਾ ਗਿਆ ਕਿ ਇਹ ਮਠਿਆਈ ਹੈ, ਖਾ ਲੈ। ਮੂਸਾ ਨੇ ਅੱਗ ਦਾ ਕੋਇਲਾ ਮੂੰਹ ਵਿਚ ਪਾ ਲਿਆ। ਉਸ ਦੀ ਜੀਭ ਸੜ ਗਈ ਤੇ ਹਮੇਸ਼ਾਂ ਲਈ ਥੱਥਾ (ਹਕਲਾ ਕੇ ਬੋਲਣ ਵਾਲਾ) ਹੋ ਗਿਆ, ਪਰੰਤੂ ਇਸ ਨਾਲ ਉਸ ਦੀ ਜਾਨ ਬਚ ਗਈ।

ਅਜੇ ਉਹ ਲੜਕਪਣ ਵਿਚ ਹੀ ਸੀ ਕਿ ਉਸਨੂੰ ਆਪਣੇ ਪਿਛੋਕੜ ਦਾ ਪਤਾ ਲੱਗ ਗਿਆ। ਉਹ ਖੇਤਾਂ ਵਿਚ ਜਾਂਦਾ ਤਾਂ ਦੇਖਦਾ ਕਿ ਯਹੂਦੀਆਂ ਤੋਂ ਕੋੜੇ ਮਾਰ-ਮਾਰ ਕੇ ਵਗਾਰ ਕਰਵਾਈ ਜਾ ਰਹੀ ਹੈ। ਉਸ ਨੇ ਬਾਦਸ਼ਾਹ ਅੱਗੇ ਫਰਿਆਦ ਕਰਕੇ ਉਨ੍ਹਾਂ ਨੂੰ ਹਫਤੇ ਵਿਚ ਇਕ ਦਿਨ ਦੀ ਛੁੱਟੀ ਦਿਵਾ ਦਿੱਤੀ। ਉਹ ਅਠਾਰਾਂ ਸਾਲ ਦਾ ਸੀ ਜਦੋਂ ਇਕ ਦਿਨ ਉਸ ਨੇ ਦੇਖਿਆ ਕਿ ਇਕ ਅਫਸਰ ਯਹੂਦੀ ਬੱਚੇ ਨੂੰ ਹੌਲੀ-ਹੌਲੀ ਕੰਮ ਕਰਨ ਕਰਕੇ ਕੂੜੇ ਮਾਰ ਰਿਹਾ ਸੀ। ਮੂਸਾ ਨੂੰ ਇਸ ਗੱਲ ਦਾ ਕ੍ਰੋਧ ਹੋਇਆ। ਉਸ ਨੇ ਸੋਟੀ ਚੁੱਕੀ ਤੇ ਅਫਸਰ ਦੇ ਸਿਰ ਵਿਚ ਕੱਢ ਮਾਰੀ। ਥਾਏਂ ਅਫਸਰ ਦੀ ਮੌਤ ਹੋ ਗਈ। ਇਸ ਜੁਰਮ ਦੀ ਸਜ਼ਾ ਵੀ ਮੌਤ ਸੀ। ਮੂਸਾ ਮਹਿਲਾਂ ਵਿੱਚੋਂ ਦੌੜ ਗਿਆ। ਉਸ ਨੇ ਮਿਸਰ ਛੱਡ ਦਿੱਤਾ ਤੇ ਮੀਦੀਅਨ

ਮਾਰੂਥਲ ਵੱਲ ਚਲਾ ਗਿਆ। ਉਸ ਦੇ ਆਪਣੇ ਯਹੂਦੀ ਸ਼ੁਭਚਿੰਤਕ ਵੀ ਉਸ ਦੇ ਇਸ ਕਤਲ ਕਰਨ ਉੱਤੇ ਨਾਰਾਜ਼ ਹੋ ਗਏ ਕਿਉਂਕਿ ਮੂਸਾ ਹੀ ਤਾਂ ਉਨ੍ਹਾਂ ਲਈ ਮਹਿਲ ਵਿਚ ਇੱਕੋ-ਇਕ ਆਸ ਦੀ ਕਿਰਨ ਸੀ । ਮੂਸਾ ਈਥੋਪੀਆ ਦੇ ਰਾਹ ਪੈ ਗਿਆ।

ਤੁਰਦਿਆਂ-ਤੁਰਦਿਆਂ ਉਹ ਇਕ ਖੂਹ ਉੱਤੇ ਪਾਣੀ ਪੀਣ ਲਈ ਰੁਕਿਆ। ਖੂਹ ਉੱਤੇ ਕੁਝ ਕੁੜੀਆਂ ਆਪਣੀਆਂ ਭੇਡਾਂ ਨੂੰ ਪਾਣੀ ਪਿਲਾਉਣ ਲਈ ਆਈਆਂ ਹੋਈਆਂ ਸਨ । ਪਰੰਤੂ ਕੁਝ ਚਰਵਾਹੇ ਉਨ੍ਹਾਂ ਨੂੰ ਅਜਿਹਾ ਨਹੀਂ ਕਰਨ ਦੇ ਰਹੇ ਸਨ । ਮੂਸਾ ਨੇ ਖੂਹ ਵਿੱਚੋਂ ਪਾਣੀ ਕੱਢ ਕੇ ਭੇਡਾਂ ਨੂੰ ਪਿਲਾਉਣਾ ਸ਼ੁਰੂ ਕਰ ਦਿੱਤਾ । ਕੁੜੀਆਂ ਨੇ ਇਸ ਨੌਜਵਾਨ ਦਾ ਧੰਨਵਾਦ ਕੀਤਾ ਅਤੇ ਉਸ ਨੂੰ ਆਪਣੇ ਪਿਤਾ ਪਾਸ ਲੈ ਗਈਆਂ। ਪਿਤਾ ਦਾ ਨਾਮ ਯਾਥਰੋ ਸੀ ਤੇ ਉਹ ਪਹਾੜੀ ਅਗਨ ਦੇਵਤਾ ਯਾਹਵੇ ਦਾ ਪੁਜਾਰੀ ਸੀ। ਇਸ ਪੁਜਾਰੀ ਦੀਆਂ ਕੁੜੀਆਂ ਵਿੱਚੋਂ ਇਕ, ਜਿਸ ਦਾ ਨਾਮ ਜ਼ਿੰਪੋਰਾ ਸੀ, ਨਾਲ ਮੂਸਾ ਨੇ ਵਿਆਹ ਕਰਵਾ ਲਿਆ । ਮੂਸਾ ਉੱਥੇ ਹੀ ਰਹਿਣ ਲੱਗਾ।

ਉਸੇ ਥਾਂ ਉਸ ਨੇ ਖ਼ਬਰ ਸੁਣੀ ਕਿ ਫਰਾਉਨ ਦੀ ਮੌਤ ਹੋ ਗਈ ਹੈ। ਮੂਸਾ ਨੇ ਘਰ ਪਰਤਣ ਦਾ ਫੈਸਲਾ ਕਰ ਲਿਆ। ਆਪਣੇ ਪਸ਼ੂਆਂ ਸਮੇਤ ਉਹ ਹੋਰੇਬ ਪਰਬਤ ਵੱਲੋਂ ਦੀ ਲੰਘ ਰਿਹਾ ਸੀ ਕਿ ਝਾੜੀ ਵਿੱਚੋਂ ਲਾਟਾਂ ਨਿਕਲਦੀਆਂ ਤੱਕੀਆਂ ਤੇ ਫਿਰ ਉੱਥੇ ਉਸ ਨੂੰ ਰੱਬ ਵੱਲੋਂ ਪੈਗੰਬਰ ਥਾਪਿਆ ਗਿਆ। ਆਕਾਸ਼ ਵਿੱਚੋਂ ਆਵਾਜ਼ ਆਈ, ਮੈਂ ਹਾਂ ਇਹ, ਸਰਬਕਾਲੀ ਤਾਕਤ। ਮੈਂ ਅਬਰਾਹਮ ਤੇ ਬਖਸ਼ਿਸ਼ ਕੀਤੀ, ਫਿਰ ਮੈਂ ਯਾਕੂਬ ਨੂੰ ਮਿਸਰ ਵਿਚ ਭੇਜਿਆ। ਹੁਣ ਮੈਂ ਤੈਨੂੰ, ਮੂਸਾ ਨੂੰ ਹੁਕਮ ਦਿੰਦਾ ਹਾਂ ਕਿ ਮਿਸਰ ਵਿੱਚੋਂ ਯਹੂਦੀਆਂ ਨੂੰ ਕੱਢ ਕੇ ਕੈਨਾਨ (ਇਜ਼ਰਾਇਲ) ਲੈ ਜਾਹ । ਮੂਸਾ ਨੇ ਪ੍ਰਸ਼ਨ ਕੀਤੇ

ਮੈਂ ਗਰੀਬ ਜਲਾਵਤਨ, ਇਕ ਬੇਘਰ ਚਰਵਾਹਾ ਬਾਦਸ਼ਾਹ ਨੂੰ ਕਿਵੇਂ ਮਿਲਾ ਤੇ ਕਿਵੇਂ ਕਹਾਂ ਕਿ ਉਹ ਯਹੂਦੀਆਂ ਨੂੰ ਆਜ਼ਾਦ ਕਰੇ?

ਰੱਬ ਨੇ ਕਿਹਾ, ਤੂੰ ਫਿਕਰ ਨਾ ਕਰ, ਮੈਂ ਤੇਰੇ ਨਾਲ ਚੱਲਾਗਾ। ਮੂਸਾ ਨੇ ਫਿਰ ਪੁੱਛਿਆ ਯਹੂਦੀ ਤੇਰੀ ਪੂਜਾ ਕਿੰਜ ਕਰਨਗੇ? ਉਹ ਤਾਂ ਤੇਰਾ ਨਾਮ ਤਕ ਨਹੀਂ ਜਾਣਦੇ? ਰੱਬ ਨੇ ਕਿਹਾ। ਇਜ਼ਰਾਇਲੀ ਹਸਮ ਮੇਰੀ ਉਪਾਸਨਾ ਕਰਦੇ ਰਹੇ ਹਨ। ਹੁਣ ਉਹ ਭੁਲ ਗਏ ਹਨ । ਤੂੰ ਯਾਦ ਕਰਾਏਂਗਾ ਤਾਂ ਉਨ੍ਹਾਂ ਨੂੰ ਯਾਦ ਆਏਗਾ ਕਿ ਮੈਂ ਯਹੋਵਾ ਹੀ ਉਨ੍ਹਾਂ ਦਾ ਰੱਖਸ਼ਕ ਰਿਹਾ ਹਾਂ ਹਮੇਸ਼ਾਂ ਤੋਂ। ਹਮੇਸ਼ਾਂ ਤੋਂ ਮੂਸਾ ਨੇ ਪੁੱਛਿਆ, ਜੇ ਉਨ੍ਹਾਂ ਮੇਰੀ ਗੱਲ ਨਾ ਮੰਨੀ ਤਦ? ਰੱਬ ਨੇ ਉਸ ਨੂੰ ਕਰਾਮਾਤਾ ਦਿੱਤੀਆਂ ਤੇ ਕਿਹਾ, ਉਹ ਹੁਣ ਤੇਰੇ ਵਿਚ ਕਰਾਮਾਤਾਂ ਦੇਖਣਗੇ ਤਾਂ ਮੰਨਣਗੇ । ਮੂਸਾ ਨੇ ਅੰਤਿਮ ਪ੍ਰਸਨ ਪੁੱਛਿਆ, ਮੈਂ ਹਕਲਾਂਦਾ ਹਾਂ । ਮੇਰੀ ਗੱਲ ਉਨ੍ਹਾਂ ਨੂੰ ਜੇ ਸਮਝ ਨਾ ਆਵੇ? ਰੱਬ ਨੇ ਕਿਹਾ ਤਕ ਆਰੋਨ ਲੋਕਾਂ ਨੂੰ ਤੇਰੀ ਗੱਲ ਸਮਝਾਏਗਾ । ਤੂੰ ਉਦੋਂ ਹਕਲਾਏਂਗਾ ਜਦੋਂ ਤੂੰ ਆਪਣੀ ਗੱਲ ਕਰੇਗਾ। ਜਦੋਂ ਮੇਰਾ ਹੁਕਮ ਤੇਰੇ ਰਾਹੀਂ ਪ੍ਰਗਟ ਹੋਵੇਗਾ, ਤਦ ਤੇਰੀ ਆਵਾਜ਼ ਠੀਕ ਹੋਵੇਗੀ।

ਇਹ 1446 ਪੂਰਬ ਈਸਵੀ ਦੀ ਘਟਨਾ ਹੈ, ਜਦੋਂ ਉਹ ਆਪਣੇ ਦੋ ਬੇਟਿਆਂ ਅਤੇ ਪਤਨੀ ਨੂੰ ਨਾਲ ਲੈ ਕੇ ਮਿਸਰ ਵਿਚ ਆਇਆ। ਉਸ ਨੇ ਆਰੋਨ ਨੂੰ ਨਾਲ ਲਿਆ ਅਤੇ ਨਵੇਂ ਬਾਦਸ਼ਾਹ ਨਾਲ ਮੁਲਾਕਾਤ ਕੀਤੀ। ਉਸ ਨੇ ਮੰਗ ਕੀਤੀ ਕਿ ਮਾਰੂਥਲ ਵਿੱਚੋਂ ਹੀ ਰਸਤਾ ਦਿੱਤਾ ਜਾਏ ਤਾਂ ਕਿ ਯਹੂਦੀ ਇਜ਼ਰਾਈਲ ਵਿਚ ਜਾ ਕੇ ਆਪਣੇ ਰੱਬ ਦੀ ਪੂਜਾ ਕਰ ਸਕਣ। ਬਾਦਸ਼ਾਹ ਨੇ ਇਸ ਤੀਰਥ ਯਾਤਰਾ ਦੀ ਪ੍ਰਵਾਨਗੀ ਤਾਂ ਕੀ ਦੇਣੀ ਸੀ ਸਗੋਂ ਯਹੂਦੀਆਂ ਦੀ ਹਫਤੇ ਵਿਚ ਜਿਹੜੀ ਇਕ ਛੁੱਟੀ ਕੀਤੀ ਜਾਂਦੀ ਸੀ, ਉਹ ਵੀ ਬੰਦ ਕਰ ਦਿੱਤੀ। ਇਸ ਤੇ ਯਹੂਦੀਆਂ ਮੂਸਾ ਤੇ ਹੋਰ ਨਾਰਾਜ਼ ਹੋ ਗਏ ਕਿ ਤੂੰ ਸਾਡੀਆਂ ਮੁਸੀਬਤਾਂ ਵਿਚ ਵਾਧਾ ਕਰਨ ਇੱਥੇ ਆਇਆ ਹੈ। ਉਸ ਨੇ ਰੱਬ ਅੱਗੇ ਅਰਦਾਸ ਕੀਤੀ। ਰੱਬ ਨੇ ਕਿਹਾ, ਫਿਰ ਜਾਹ। ਬਾਰ-ਬਾਰ ਬਾਦਸ਼ਾਹ ਪਾਸ ਜਾ। ਡਰੀ ਨਾ ਵਿਸ਼ਵਾਸ ਨਾਲ ਗੱਲ ਕਰੀ ਤੇਰੇ ਪਾਸ ਬੇਅੰਤ ਸ਼ਕਤੀ ਹੈ। ਉਹ ਰਾਜੇ ਪਾਸ ਜਾਂਦਾ ਤੇ ਫਿਰ ਬੇਨਤੀ ਕਰਦਾ ਪਰ ਜਦੋਂ ਠੁਕਰਾ ਦਿੱਤੀ ਜਾਂਦੀ ਤਾਂ ਮੁਸੀਬਤਾਂ ਮਹਿਲਾਂ ਵਿਚ ਆਉਂਦੀਆਂ। ਜੁਲਾਈ ਵਿਚ ਨੀਲ ਦਰਿਆ ਦਾ ਪਾਣੀ ਲਾਲ ਹੋ ਗਿਆ ਅਤੇ ਬੂ ਮਾਰਨ ਲੱਗਾ। ਡੱਡੂਆਂ ਵਿਚ ਪਲੇਗ ਪੈ ਗਈ। ਪੱਤਝੜ ਦੀ ਰੁੱਤੇ ਮੱਛਰਾਂ ਦੇ ਦਲਾਂ ਨੇ ਹਮਲਾ ਕੀਤਾ ਅਤੇ ਬੇਅੰਤ ਕੁੱਤੇ, ਮੱਖੀਆਂ ਪੈਦਾ ਹੋ ਕੇ ਮਨੁੱਖਾਂ ਨੂੰ ਕੱਟਣ ਲੱਗੇ। ਪਸ਼ੂ ਮਰਨ ਲੱਗੇ ਅਤੇ ਆਦਮੀ ਫੋੜਿਆਂ ਫਿਨਸੀਆਂ ਨਾਲ ਭਰ ਗਏ। ਜਨਵਰੀ ਵਿਚ ਗੜੇਮਾਰ ਹੋਈ ਤੇ ਫਸਲਾਂ ਤਬਾਹ ਹੋ ਗਈਆਂ, ਪਸੂ ਮਰ ਗਏ। ਫਿਰ ਟਿੱਡੀ-ਦਲ ਦਾ ਹਮਲਾ ਹੋਇਆ ਤੇ ਸਭ ਬਨਸਪਤੀ ਚੱਟ ਹੋ ਗਈ।

ਇੰਨਾ ਕੁਝ ਬੀਤ ਜਾਣ ਤੇ ਬਾਦਸ਼ਾਹ ਨੇ ਕਿਹਾ ਕਿ ਤੂੰ ਕੇਵਲ ਮਰਦਾਂ ਨੂੰ ਲੈ ਕੇ ਜਾ ਸਕਦਾ ਹੈ ਔਰਤਾਂ ਇੱਥੇ ਹੀ ਰਹਿਣਗੀਆਂ। ਮੂਸਾ ਨਹੀਂ ਮੰਨਿਆ ਤੇ ਕਿਹਾ- ਸਭ ਜਾਵਾਂਗੇ ਤੇ ਆਪਣਾ ਸਭ ਕੁਝ ਲਿਜਾਵਾਂਗੇ। ਰਾਜਾ ਨਹੀਂ ਮੰਨਿਆ ਤਾਂ ਭਿਆਨਕ ਪਲੇਗ ਫੁੱਟੀ ਤੇ ਆਦਮੀ ਮਰਨ ਲੱਗੇ। ਸਾਰਾ ਮਿਸਰ ਸੋਗ ਵਿਚ ਡੁੱਬ ਗਿਆ ਤੇ ਆਪੋ-ਧਾਪੀ ਮੱਚ ਗਈ। ਮੂਸਾ ਨੇ ਇਸ ਹਫੜਾ-ਦਫੜੀ ਦਾ ਫਾਇਦਾ ਉਠਾਇਆ ਅਤੇ ਆਪਣੇ ਮੁਰੀਦਾਂ ਨੂੰ ਨਾਲ ਲੈ ਕੇ ਮਿਸਰ ਵਿੱਚੋਂ ਨਿਕਲ ਪਿਆ। ਉਸ ਨਾਲ ਸਾਰੇ ਮਜ਼ਲੂਮ ਅਤੇ ਗੁਲਾਮ ਰਲ ਗਏ ਜਿਹੜੇ ਸਤਾਏ ਗਏ ਸਨ। ਇਹ ਕਾਫਲਾ ਮਾਰੂਥਲ ਵੱਲ ਨਿਕਲ ਗਿਆ।

ਉਹ ਕਿੱਥੇ-ਕਿੱਥੇ ਰਹੇ ਅਤੇ ਕਿਥੋਂ-ਕਿਥੋਂ ਦੀ ਲੰਘੇ ਇਸ ਬਾਰੇ ਪੱਕਾ ਪਤਾ ਨਹੀਂ ਲੱਗਦਾ ਕਿਉਂਕਿ ਅੱਜਕਲ੍ਹ, ਥਾਵਾਂ ਦੇ ਉਹ ਨਾਮ ਨਹੀਂ ਹਨ ਜਿਹੜੇ ਉਦੋਂ ਸਨ। ਉਦਾਸ ਲੋਕਾਂ ਨੂੰ ਉਨ੍ਹਾਂ ਦਾ ਹੀਰੋ ਮਿਲ ਗਿਆ ਸੀ। ਪੈਗ਼ੰਬਰ ਨੇ ਉਨ੍ਹਾਂ ਨੂੰ ਵਚਨ ਦਿੱਤਾ ਕਿ ਉਹ ਉਨ੍ਹਾਂ ਦੇ ਦੁੱਖਾਂ ਵਿਚ ਸਹਾਈ ਹੋਵੇਗਾ। ਝੀਲਾਂ ਦੇ ਕੌੜੇ ਪਾਣੀ ਮਿੱਠੇ ਹੋ ਗਏ ਅਤੇ ਸਫਰ ਦੇ ਦੌਰਾਨ ਹੀ ਉਸ ਨੇ ਅਹਿਦਨਾਮਾ ਲਾਗੂ ਕੀਤਾ। ਕਿਹਾ ਕਿ ਯਾਹੋਵਾ ਤੁਹਾਡਾ ਰੱਬ ਤੁਹਾਨੂੰ ਪਿਆਰ ਕਰਦਾ ਹੈ। ਜੇ ਉਸ ਨੂੰ ਭੁੱਲੋਗੇ ਤਾਂ ਦੁੱਖ ਪਾਉਗੇ। ਪਛਤਾਵਾ ਕਰੋਗੇ ਤਾਂ ਫਿਰ ਮਿਹਰਬਾਨ ਪਿਤਾ ਤੁਹਾਨੂੰ ਬਖਸ਼ ਲਵੇਗਾ। ਇਕ ਰੱਬ ਹੋਣ ਦਾ ਐਲਾਨ ਇਸ ਕੌਮ ਦੀ ਏਕਤਾ ਵੱਲ ਇਤਿਹਾਸਕ ਕਦਮ ਸੀ।

ਅਖੀਰ ਅੱਧੀ ਸਦੀ ਦੀ ਜਲਾਵਤਨੀ ਮਗਰੋਂ ਮੂਸਾ ਆਪਣੇ ਕਾਫਲੇ ਨੂੰ ਕੈਨਾਨ ਤਕ ਲਿਜਾਣ ਵਿਚ ਸਫਲ ਹੋ ਗਿਆ। ਮੂਸਾ ਨੇ ਪੁਰਾਣੇ ਸਮੇਂ ਵਿਚ ਰੱਬ ਦਾ ਇਕ ਨਾਮ ਯਹੂਦੀਆਂ ਨੂੰ ਦਿੱਤਾ। ਇਹ ਨਾਮ ਸੀ ਯਾਹਵੇ। ਉਸਨੇ ਇਹ ਵੀ ਕਿਹਾ ਕਿ ਇਸ ਸ਼ਬਦ ਨੂੰ ਸ਼ੁੱਧ ਉਚਾਰਣਾ ਹੈ ਅਤੇ ਰੱਬ ਦਾ ਨਾਮ ਅਕਾਰਣ ਹੀ ਨਹੀਂ ਲੈਣਾ, ਅੱਜ ਤਕ ਰੂੜ੍ਹੀਵਾਦੀ

ਯਹੂਦੀ ਇਹ ਨਾਮ ਬੜੇ ਸੰਕੋਚ ਨਾਲ ਲੈਂਦੇ ਹਨ। ਜਦੋਂ ਮੂਸਾ ਰੱਬ ਤੋਂ ਪੁੱਛਦਾ ਹੈ ਕਿ ਇਜ਼ਰਾਇਲੀ ਤੇਰਾ ਨਾਮ ਨਹੀਂ ਜਾਣਦੇ ਤਾਂ ਮੇਰੀ ਗੱਲ ਉਹ ਕਿਵੇਂ ਮੰਨਣਗੇ? ਇਸ ਤੋਂ ਇਹ ਅਰਥ ਨਿਕਲਦਾ ਲੱਗਦਾ ਹੈ ਕਿ ਇਹ ਨਾਮ ਹੈ ਤਾਂ ਇਜ਼ਰਾਈਲੀ ਬਜ਼ੁਰਗਾਂ ਵੇਲੇ ਦਾ ਹੀ ਸੀ, ਪਰੰਤੂ ਇਸ ਨੂੰ ਲੋਕ ਭੁੱਲ ਗਏ ਸਨ। ਮੂਸਾ ਨੂੰ ਖੁਦ ਇਸ ਨਾਮ ਦਾ ਪਤਾ ਨਹੀਂ ਸੀ ਜੋ ਰੱਬ ਨੇ ਉਸ ਨੂੰ ਦੱਸਿਆ। ਇਹ ਵੀ ਹੋ ਸਕਦਾ ਹੈ ਕਿ ਰੱਬ ਦਾ 'ਯਾਹਵੇ' ਨਾਮ ਯਹੂਦੀ ਗੁਲਾਮ ਹੋਣ ਤੋਂ ਬਾਅਦ ਭੁੱਲ ਗਏ ਹੋਣ ਕਿਉਂਕਿ ਉਹ ਮਿਸਰ ਦੇ ਦੇਵਤਿਆਂ ਨੂੰ ਤਾਕਤਵਰ ਜਾਣ ਕੇ ਉਨ੍ਹਾਂ ਦੀ ਪੂਜਾ ਕਰਨ ਲੱਗੇ ਸਨ। ਮੂਸਾ ਦੀ ਪੀਹੜੀ ਨੂੰ ਇਸ ਨਾਮ ਦਾ ਚੇਤਾ ਨਹੀਂ ਸੀ - ਖੁਦ ਮੂਸਾ ਨੂੰ ਵੀ ਨਹੀਂ।

ਰੇਗਿਸਤਾਨ ਵਿਚ ਇੰਨੀ ਵੱਡੀ ਗਿਣਤੀ ਵਿਚ ਲੋਕਾਂ ਲਈ ਫਿਰਦੇ ਰਹਿਣਾ ਕੋਈ ਖਾਲਾ ਜੀ ਦਾ ਕੰਮ ਨਹੀਂ ਸੀ। ਇਸ ਵਿਚ ਮੂਸਾ ਦੀ ਮਹਾਨਤਾ ਸੀ ਕਿ ਉਹ ਵਿਰੋਧ ਦਾ ਮੁਕਾਬਲਾ ਕਰ ਸਕਦਾ ਸੀ। ਉਹ ਭੁੱਖਾ ਤਿਹਾਇਆ ਰਿਹਾ ਅਤੇ ਉਸ ਵਿਰੁੱਧ ਬਗਾਵਤਾਂ ਵੀ ਹੋਈਆਂ। ਉਹ ਚਾਹੁੰਦਾ ਤਾਂ ਸ਼ਾਹੀ ਮਹਿਲਾਂ ਵਿਚ ਫਿਰ ਪਰਤ ਸਕਦਾ ਸੀ। ਕਿਉਂਕਿ ਪੁਰਾਣਾ ਬਾਦਸ਼ਾਹ ਮਰ ਚੁੱਕਾ ਸੀ ਤੇ ਨਵਾਂ ਰਾਜ ਕੁਮਾਰ ਮੂਸਾ ਦਾ ਬਚਪਨ ਦਾ ਸਾਥੀ ਅਤੇ ਦੋਸਤ ਸੀ। ਉਸ ਦੇ ਸਾਹਮਣੇ ਮਹਿਲਾਂ ਦਾ ਆਰਾਮ ਅਤੇ ਮਾਰੂਥਲ ਦਾ ਦੁੱਖ ਦੋਵੇਂ ਸਨ। ਉਸ ਨੇ ਗੁਲਾਮਾਂ ਦਾ ਸਾਥ ਦਿੱਤਾ ਤੇ ਦਰਬਾਰ ਦੇ ਸੱਦੇ ਠੁਕਰਾ ਦਿੱਤੇ। ਉਹ ਕੈਨਾਨ ਵੱਲ ਵਧਦਾ ਗਿਆ।

ਕੈਨਾਨ, ਭਾਵ ਇਜ਼ਰਾਈਲ ਬੇਹੱਦ ਉਪਜਾਊ ਧਰਤੀ ਤਾਂ ਨਹੀਂ ਸੀ, ਬਸ ਮਾਰੂਥਲ ਦੇ ਮੁਕਾਬਲੇ ਕੁਝ ਚੰਗੀ ਸੀ। ਕੁਦਰਤੀ ਸੀ ਕਿ ਪਹਿਲੋਂ ਰਹਿ ਰਹੇ ਲੋਕਾਂ ਦਾ ਵੀ ਗੁਜ਼ਾਰਾ ਮੁਸ਼ਕਿਲ ਸੀ ਤੇ ਉਹ ਨਵੇਂ ਸ਼ਰਨਾਰਥੀਆਂ ਨੂੰ ਕਿਉਂ ਬਰਦਾਸ਼ਤ ਕਰਦੇ। ਲੜਾਈ ਅਟੱਲ ਸੀ। ਪਹਿਲੇ ਹੱਲੇ ਵਿਚ ਯਹੂਦੀਆਂ ਦੀ ਹਾਰ ਹੋਈ ਤੇ ਉਹ ਮਾਰੂਥਲ ਵੱਲ ਮੁੜ ਭੱਜ ਗਏ। ਮਾਰੂਥਲ ਦੇ ਬਾਕੀ ਕਬੀਲਿਆਂ ਨਾਲ ਵੀ ਉਨ੍ਹਾਂ ਸੰਧੀਆਂ ਕੀਤੀਆਂ। ਕੁਝ ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਕੈਨਾਨ ਦਾ ਦੱਖਣੀ ਹਿੱਸਾ ਕਾਬੂ ਕਰਕੇ ਫਿਰ ਹੌਲੀ-ਹੌਲੀ ਉਹ ਅੱਗੇ ਵਧਦੇ ਗਏ।

ਮੂਸਾ ਦਾ ਸਹੁਰਾ, ਯਾਥਰੋ ਸਭ ਤੋਂ ਪਹਿਲਾ ਯਾਹੋਵਾ ਦਾ ਪੁਜਾਰੀ ਸੀ ਤੇ ਉਸ ਦੇ ਦੇਵਤੇ ਨੂੰ ਹੀ ਮੂਸਾ ਨੇ ਰੱਬ ਕਿਹਾ, ਜਿਸ ਦੀ ਸਹਾਇਤਾ ਨਾਲ ਯਹੂਦੀਆਂ ਨੂੰ ਗੁਲਾਮੀ ਤੋਂ ਛੁਟਕਾਰਾ ਮਿਲਿਆ। ਕੁਦਰਤੀ ਸੀ ਕਿ ਯਾਥਰੋ ਦੀ ਚੜ੍ਹਤ ਸੀ। ਉਸ ਨੇ ਸੱਤਰ ਜੱਜ ਨਿਯੁਕਤ ਕੀਤੇ, ਜਿਹੜੇ ਧਾਰਮਿਕ ਅਤੇ ਸਮਾਜਿਕ ਮਸਲਿਆਂ ਵਿਚ ਨਿਆਂ ਕਰਦੇ ਸਨ। ਜਦੋਂ ਮੂਸਾ ਨੇ ਰੱਬ ਦਾ ਸ਼ੁਕਰੀਆ ਅਦਾ ਕਰਨ ਲਈ ਬਲੀ ਦੇਣ ਬਾਰੇ ਕਿਹਾ ਤਾਂ ਇਸ ਦੀਆਂ ਰਸਮਾਂ ਵੀ ਮੂਸਾ ਨੂੰ ਯਾਥਰੇ ਨੇ ਹੀ ਦੱਸੀਆਂ। ਹਰ ਦੇਵਤੇ ਨੂੰ ਖੁਸ਼ ਕਰਨ ਲਈ ਵੱਖ-ਵੱਖ ਤਰ੍ਹਾਂ ਦੀਆਂ ਰਸਮਾਂ ਕੀਤੀਆਂ ਜਾਇਆ ਕਰਦੀਆਂ ਸਨ। ਲੈਵਾਈਟੀਕਸ ਗ੍ਰੰਥ ਵਿਚ ਸਾਰੀਆਂ ਰਸਮਾਂ ਦੀ ਵਿਸਥਾਰ ਪੂਰਵਕ ਜਾਣਕਾਰੀ ਲਿਖੀ ਹੋਈ ਮਿਲਦੀ ਹੈ। ਕੇਵਲ ਪੁਜਾਰੀ ਵਰਗ ਹੀ ਇੰਨੀਆਂ ਗੁੰਝਲਦਾਰ ਰਸਮਾਂ ਦਾ ਵਾਕਫ ਹੋ ਸਕਦਾ ਸੀ ਤੇ ਯਾਥਰੋ ਪੁਜਾਰੀ ਹੀ ਸੀ, ਮੂਸਾ ਇਸ ਸਭ ਕੁਝ ਸਾਹਮਣੇ ਬਿਲਕੁਲ ਮਾਸੂਮ ਅਤੇ ਅਨਜਾਣ ਸੀ।

**8.4 ਧਾਰਮਿਕ ਰਸਮਾਂ**

ਦਸ ਅਹਿਦਨਾਮਿਆਂ (Ten Commandments) ਵਿਚ ਰੱਬ ਨੇ ਯਹੂਦੀਆਂ ਨਾਲ ਇਹੀ ਸੰਧੀ ਕੀਤੀ ਕਿ ਜੇ ਤੁਸੀਂ ਸਹੀ ਰਸਮਾਂ ਨਿਭਾਉਗੇ ਤਾਂ ਮੈਂ ਤੁਹਾਨੂੰ ਜਿੱਤਾਂ ਦਿਆਂਗਾ ਅਤੇ ਧਨ ਦਿਆਂਗਾ। ਮੂਸਾ ਨੇ ਰੱਬ ਦਾ ਨਾਮ ਯਾਹੋਵਾ ਚੁਣ ਲਿਆ ਜੋ ਮਾਰੂਥਲ ਦਾ ਦੇਵਤਾ ਸੀ। ਇਸ ਨਾਲ ਮਾਰੂਥਲ ਦੇ ਸਾਰੇ ਕਬੀਲੇ ਮੂਸਾ ਦੇ ਸਮਰਥਕ ਹੋ ਗਏ।

ਬਲੀ ਦੇਣ ਦਾ ਰਿਵਾਜ਼ ਏਨਾ ਹਰਮਨ ਪਿਆਰਾ ਹੋ ਗਿਆ ਕਿ ਹਰ ਖੁਸ਼ੀ ਦੇ ਮੌਕੇ ਉੱਤੇ ਅਜਿਹਾ ਕਰਨਾ ਪੁੰਨ ਸਮਝਿਆ ਗਿਆ। ਫ਼ਸਲਾਂ ਦੀ ਕਟਾਈ ਵੇਲੇ ਤਾਂ ਇਹ ਧਾਰਮਿਕ ਰਸਮ ਹਰ ਹਾਲਤ ਵਿਚ ਨਿਭਾਈ ਜਾਂਦੀ ਸੀ ਨਹੀਂ ਤਾਂ ਸਮਝਿਆ ਜਾਂਦਾ ਸੀ ਕਿ ਫਸਲਾਂ ਘਰ ਨਹੀਂ ਆਉਣਗੀਆਂ।

"ਤੁਸੀਂ ਜਿਸ ਕਿਸੇ ਜਾਨਵਰ ਨੂੰ ਮਾਰਨਾ ਹੋਵੇ ਤਾਂ ਧਿਆਨ ਰੱਖਣਾ, ਦੁੱਧ ਚੁੰਘਦੇ ਬੱਚੇ ਨੂੰ ਮਾਰ ਕੇ ਉਸ ਦੀ ਮਾਂ ਦੇ ਦੁੱਧ ਵਿਚ ਨਾ ਉਬਾਲਣਾ। ਤਾਲਮੂਦ ਵਿਚ ਲਿਖਿਆ ਹੈ ਕਿ ਕਿਸੇ ਵੀ ਜਾਨਵਰ ਦੇ ਮਾਸ ਨੂੰ ਦੁੱਧ ਵਿਚ ਨਹੀਂ ਮਿਲਾਉਣਾ।

ਕੁਝ ਚਿਰ ਬਾਅਦ ਮਨੁੱਖਾਂ ਵਿਚ ਸੁੰਨਤ ਕਰਵਾਉਣ ਦਾ ਰਿਵਾਜ਼ ਸ਼ੁਰੂ ਹੋ ਗਿਆ। ਚੇਤੇ ਰਹੇ ਕਿ ਪਹਿਲੋਂ ਮਨੁੱਖਾਂ ਦੀ ਵੀ ਬਲੀ ਦੇਣ ਦਾ ਰਿਵਾਜ ਸੀ ਪਰੰਤੂ ਬਾਅਦ ਵਿਚ ਮਨੁੱਖੀ ਬਲੀ ਦੀ ਥਾਂ ਸੁੰਨਤ ਕਰਨ ਦਾ ਫੈਸਲਾ ਹੋਇਆ। ਸੁੰਨਤ ਮੁਸਲਮਾਨਾਂ ਤੋਂ ਹਜ਼ਾਰਾਂ ਸਾਲ ਪਹਿਲਾਂ ਯਹੂਦੀ ਕਰਦੇ ਸਨ ਤੇ ਇਹ ਰਿਵਾਜ ਉਨ੍ਹਾਂ ਦੇ ਧਰਮ ਦਾ ਇਕ ਮੁੱਖ ਅੰਗ ਹੈ।

ਮੂਸਾ ਵੇਲੇ ਤੋਂ ਪਹਿਲਾਂ ਮਾਰੂਥਲ ਦਾ ਦੇਵਤਾ ਯਾਹੋਵਾ ਸੀ। ਇਸ ਸਮੇਂ ਕਿਸੇ ਦੇਵੀ ਦੀ ਕਲਪਨਾ ਕਰਨੀ ਸੰਭਵ ਨਹੀਂ ਲੱਗਦੀ, ਪਰੰਤੂ ਫਸਲਾਂ ਦੀ ਬਿਜਾਈ ਵੇਲੇ ਦੇਵੀ ਦੀ ਪੂਜਾ ਕੀਤੀ ਜਾਂਦੀ ਸੀ, ਜੋ ਉਚਿਤ ਹੀ ਲੱਗਦਾ ਹੈ ਕਿਉਂਕਿ ਉਤਪਤੀ ਦੀ ਸ਼ਕਤੀ ਦੇਵੀ ਪਾਸ ਹੀ ਮੰਨੀ ਜਾਣੀ ਸੀ। ਯਹੂਦੀ ਮੱਤ ਜਿਉਂ-ਜਿਉਂ ਸੰਗਠਿਤ ਹੁੰਦਾ ਗਿਆ, ਉਸਨੇ ਦੇਵੀਆਂ ਅਤੇ ਦੇਵਤਿਆਂ ਦਾ ਖਾਤਮਾ ਕਰਕੇ ਇੱਕੋ ਰੱਥ ਯਾਹੋਵਾ ਅਤੇ ਉਸਦੇ ਪੈਗੰਬਰਾਂ ਦਾ ਸਤਿਕਾਰ ਕੀਤਾ ਅਤੇ ਇਹੋ ਸ਼ੁਭ ਮੰਨਿਆ ਗਿਆ। ਯਾਹੋਵਾ ਨਾਲ ਕੀਤੇ ਅਹਿਦਨਾਮੇ ਦੀ ਕਰੜਾਈ ਨਾਲ ਪਾਲਣਾ ਕੀਤੀ ਜਾਣ ਲੱਗੀ ਅਤੇ ਜਦੋਂ ਕਦੀ ਕਿਸੇ ਕੰਮ ਨੂੰ ਤੰਗ ਕੀਤਾ ਜਾਂਦਾ ਤਾਂ ਇਹ ਸਮਝਿਆ ਜਾਂਦਾ ਸੀ ਕਿ ਨਵੀਆਂ ਮੁਸੀਬਤਾਂ ਦੇ ਪਹਾੜ ਟੁੱਟਣਗੇ। ਰੱਬੀ ਕਹਿਰ ਪੂਰੀ ਕੰਮ ਨੂੰ ਖ਼ਤਮ ਕਰ ਸਕਦਾ ਹੈ ਇਹੋ ਵਿਸ਼ਵਾਸ ਆਮ ਸੀ।

ਕੈਨਾਨ ਵਿਚ ਜਦੋਂ ਇਜਰਾਇਲੀਆਂ ਨੇ ਪ੍ਰਵੇਸ਼ ਕੀਤਾ ਤਾਂ ਫਲਸਤੀਨੀਆਂ ਨਾਲ ਟੱਕਰ ਹੋਣੀ ਸੁਭਾਵਿਕ ਸੀ ਜੋ ਉੱਥੇ ਪਹਿਲੋਂ ਦੇ ਰਹਿ ਰਹੇ ਸਨ। ਫਲਸਤੀਨੀ ਲੋਕ ਜਥੇਬੰਦ ਸਨ ਅਤੇ ਲੜਾਈ ਵਿਚ ਮਾਹਿਰ। ਅਜੇ ਯਹੂਦੀਆਂ ਵਿਚ ਅਨੁਸ਼ਾਸਨ ਨਹੀਂ ਆਇਆ ਸੀ ਕਿਉਂਕਿ ਉਹ ਤਾਂ ਅਜੇ ਮੂਸਾ ਦੇ ਵੀ ਪੱਕੇ ਮੁਰੀਦ ਨਹੀਂ ਬਣੇ ਸਨ ਤੇ ਉਸੇ ਦੇ ਵਿਰੁੱਧ ਸਾਜ਼ਸਾਂ ਰਚਣੀਆਂ ਸ਼ੁਰੂ ਕਰ ਦਿੰਦੇ ਸਨ। ਕੁਦਰਤੀ ਸੀ ਕਿ ਕਈ ਵਾਰ ਯਹੂਦੀਆਂ ਨੂੰ ਫਲਸਤੀਨੀਆਂ ਹੱਥੋਂ ਹਾਰ ਖਾਣੀ ਪਈ। ਸਾਲ ਦੇ ਰਾਜ ਵੇਲੇ ਅਜਿਹੀਆਂ ਕਈ ਲੜਾਈਆਂ ਲੜੀਆਂ ਗਈਆਂ। ਸਾਲ ਦੀ ਮੌਤ ਤੋਂ ਬਾਅਦ ਦਾਊਦ

ਇਜਰਾਈਲ ਦਾ ਰਾਜਾ ਬਣਿਆ। ਉਸਨੇ ਯਹੂਦੀਆਂ ਵਿਚ ਏਕਤਾ ਕਾਇਮ ਕਰਕੇ ਫਲਸਤੀਨੀਆਂ ਨੂੰ ਦਬਾ ਦਿੱਤਾ। ਦਾਊਦ ਦੀ ਹਕੂਮਤ ਅਨੁਸ਼ਾਸਿਤ ਸੀ, ਜਿਸ ਦੀ ਬਕਾਇਦਾ ਇਕ ਰਾਜਧਾਨੀ ਸੀ, ਅਦਾਲਤ ਸੀ ਅਤੇ ਲੋਕਾਂ ਨੂੰ ਨਿਆਂ ਮਿਲਦਾ ਸੀ।

ਉਸ ਦਾ ਰਾਜ ਅਮਨ ਅਤੇ ਖੁਸ਼ਹਾਲੀ ਦਾ ਰਾਜ ਸੀ। ਯੇਰੂਸ਼ਲਮ ਰਾਜਧਾਨੀ ਸੀ ਤੇ ਲੋਕ ਇਸ ਸ਼ਹਿਰ ਨੂੰ ਅਦਨ ਵਾਂਗ ਪਿਆਰ ਕਰਦੇ ਸਨ। ਇਥੋਂ ਹੀ ਉਨ੍ਹਾਂ ਦੇ ਜੀਵਨ ਦੀ ਕਿਰਨ ਫੁੱਟਦੀ ਸੀ। ਦਾਊਦ ਦਾ ਵਾਰਸ ਸੁਲੇਮਾਨ ਬਣਿਆ। ਉਸਨੇ ਯੇਰੂਸਲਮ ਦਾ ਮੰਦਰ ਬਹੁਤ ਧਨ ਲਾ ਕੇ ਬਣਾਇਆ ਅਤੇ ਕਿਹਾ ਜਾਂਦਾ ਹੈ ਕਿ ਉਦੋਂ ਦੁਨੀਆਂ ਵਿਚ ਇਹੋ ਜਿਹਾ ਸੁੰਦਰ ਮੰਦਰ ਕੋਈ ਨਹੀਂ ਸੀ। ਸਾਲ, ਦਾਊਦ ਅਤੇ ਸੁਲੇਮਾਨ ਇਹ ਸਾਰੇ ਕੰਮ ਕਰਦਿਆਂ ਇਹ ਸਮਝਦੇ ਅਤੇ ਦਸਦੇ ਸਨ ਕਿ ਉਹ ਪੈਰਬਰ ਮੂਸਾ ਦੇ ਸੁਫਨਿਆਂ ਦੀ ਪੂਰਤੀ ਕਰ ਰਹੇ ਹਨ। ਦਾਊਦ ਨੇ ਮੰਦਰ ਵਿਚ ਭਜਨਾਂ ਦਾ ਗਾਇਨ ਸ਼ੁਰੂ ਕਰਵਾਇਆ, ਜੋ ਅੱਜ ਤਕ ਬਦਸਤੂਰ ਚੱਲਦਾ ਹੈ।

ਮੂਸਾ ਯਹੂਦੀਆਂ ਦਾ ਪਹਿਲਾ ਪੈਗ਼ੰਬਰ ਨਹੀਂ ਸੀ ਤੇ ਆਖਰੀ ਵੀ ਨਹੀਂ ਸੀ। ਉਸ ਤੋਂ ਪਹਿਲਾਂ ਅਤੇ ਬਾਅਦ ਵਿਚ ਹੋਏ ਪੈਗ਼ੰਬਰਾਂ ਦੀ ਇਕ ਪੂਰੀ ਲੜੀ ਹੈ। ਯਹੂਦੀਆਂ ਦੇ ਪੈਗੰਬਰ ਭਾਰਤੀ ਰਿਸ਼ੀਆਂ ਵਾਂਗ ਤਿਆਗ ਦੀ ਜ਼ਿੰਦਗੀ ਦਾ ਪ੍ਰਚਾਰ ਨਹੀਂ ਕਰਦੇ ਸਨ। ਉਹ ਬਾਦਸ਼ਾਹ ਸਨ ਅਤੇ ਉਨ੍ਹਾਂ ਨੇ ਯਹੂਦੀਆਂ ਨੂੰ ਇਹ ਦ੍ਰਿੜ੍ਹ ਕਰਵਾਇਆ ਕਿ ਉਹ ਰੱਬ ਦੇ ਚੁਣੇ ਹੋਏ ਲੋਕ ਹਨ ਅਤੇ ਇਹ ਰੱਬ ਦਾ ਫੈਸਲਾ ਹੈ ਕਿ ਉਹ ਹਕੂਮਤ ਕਰਨ ਕਿਉਂਕਿ ਮੂਸਾ ਜਦੋਂ ਜਲਾਵਤਨ ਸੀ ਉਦੋਂ ਵੀ ਉਹ ਬਾਦਸ਼ਾਹ ਸੀ ਅਤੇ ਉਸ ਦੀ ਨਿਗਾਹ ਕੈਨਾਨ ਦੇਸ਼ ਉੱਤੇ ਕੇਵਲ ਧਾਰਮਿਕ ਸ਼ਰਧਾ ਵਜੋਂ ਨਹੀਂ ਸੀ, ਇਸ ਨੂੰ ਫਤਿਹ ਕਰਕੇ ਉਸ ਉੱਤੇ ਰਾਜ ਕਰਨ ਦੀ ਵੀ ਸੀ।

ਮੂਸਾ ਦੇ ਜੀਵਨ ਦਾ ਕਮਾਲ ਇਹ ਹੈ ਕਿ ਉਹ ਤਿੰਨ ਮਹੀਨਿਆਂ ਦਾ ਬੱਚਾ ਰਾਜ ਮਹਿਲ ਵਿਚ ਚੱਲਾ ਗਿਆ ਅਤੇ ਰਾਜ ਕੁਮਾਰਾਂ ਵਾਂਗ ਰਿਹਾ। ਫਿਰ ਜਦੋਂ ਕੁਝ ਵਕਤ ਉਹ ਇਜ਼ਰਾਈਲੀਆਂ ਦੀ ਅਗਵਾਈ ਕਰ ਰਿਹਾ ਸੀ ਉਸ ਨੂੰ ਬਹੁਤ ਸਾਰੇ ਮੁਰੀਦ "ਮਿਸਰੀ' (ਭਾਵ ਮਿਸਰ ਦੇਸ਼ ਦਾ) ਆਖਦੇ ਸਨ। ਉਸ ਨੇ ਵਿਆਹ ਵੀ ਗੈਰ ਇਜ਼ਰਾਈਲੀ ਮੇਦੀਅਨ ਘਰਾਣੇ ਵਿਚ ਕਰਾਇਆ। ਉਸਦੀ ਯਹੂਦੀਆਂ ਨਾਲ ਦਹਾਕਿਆਂ ਬੱਧੀ ਜੁੜੀ ਰਹੀ ਮੁਹੱਬਤ ਸੀ। ਇਸ ਸਦਕਾ ਬਗਾਵਤਾਂ ਵੀ ਉਸ ਦੇ ਵਿਰੁੱਧ ਹੋਈਆਂ ਪਰੰਤੂ ਉਹ ਬੇਰੋਕ ਹੋ ਕੇ ਇਕੋ-ਇਕ ਲੀਡਰ ਬਣਿਆ ਰਿਹਾ। ਇਹ ਵੀ ਕਮਾਲ ਦੇਖੋ ਕਿ ਯਾਹਵੇ, ਸ਼ੁਰੂ ਵਿਚ ਯਹੂਦੀਆਂ ਦਾ ਦੇਵਤਾ ਨਹੀਂ ਸੀ। ਇਹ ਮੰਦਰਾਂ ਦਾ ਦੇਵਤਾ ਸੀ, ਜਿਸ ਨੂੰ ਮੂਸਾ ਨੇ ਰੱਬ ਬਣਾ ਦਿੱਤਾ - ਇਕੋ-ਇਕ ਪਰਮ ਹਸਤੀ। ਇਸ ਦਾ ਅਰਥ ਇਹ ਹੋਇਆ ਕਿ ਮੂਸਾ ਦਾ ਸ਼ਬਦ ਉਸ ਦੇ ਸ਼ਾਗਿਰਦਾਂ ਲਈ ਅਟੱਲ ਸੀ ਨਹੀਂ ਤਾਂ ਦੂਜੇ ਕਬੀਲੇ ਦੇ ਦੇਵਤੇ ਨੂੰ ਮੰਨਣ ਲਈ ਲੋਕ ਰਾਜੀ ਹੀ ਨਹੀਂ ਹੁੰਦੇ। ਇਹ ਵੀ ਅਜੀਬ ਲੱਗਦਾ ਹੈ ਕਿ ਭਾਵੇਂ ਉਹ ਪੈਗ਼ੰਬਰ ਸੀ। ਪਰੰਤੂ ਉਸਨੂੰ ਯਾਹਵੇ ਅੱਗੇ ਪੂਜਾ ਕਰਨੀ, ਬਲੀ ਦੇਣੀ ਅਤੇ ਹੋਰ ਧਾਰਮਿਕ ਰਸਮਾਂ ਨਹੀਂ ਨਿਭਾਉਣੀਆਂ ਆਉਂਦੀਆਂ ਸਨ। ਇਹ ਕੰਮ ਯਾਥਰੋ ਕਰਦਾ ਸੀ। ਨਿਆਂ ਦੇਣ ਲਈ, ਉਹ ਖੁਦ ਹਰ ਵਕਤ ਸਭ ਬੰਦਿਆਂ ਨੂੰ ਨਹੀਂ ਸੁਣ ਸਕਦਾ ਸੀ। ਇਸ ਲਈ ਇਹ ਕੰਮ ਉਸਨੇ ਜੱਜਾਂ ਨੂੰ ਦਿੱਤਾ। ਅਜਿਹਾ ਸਭ ਕੁਝ ਹੋਣ ਦੇ ਬਾਵਜੂਦ ਉਹ ਯਹੂਦੀਆਂ ਦਾ ਸਭ ਤੋਂ ਵਧੀਕ ਹਰਮਨ ਪਿਆਰਾ ਪੈਗ਼ੰਬਰ ਹੈ। ਉਸ ਨੂੰ ਪੈਗ਼ੰਬਰਾਂ ਦਾ ਸਰਦਾਰ ਅਤੇ ਬਾਦਸ਼ਾਹਾਂ ਦਾ ਬਾਦਸ਼ਾਹ ਮੰਨਿਆ ਜਾਂਦਾ ਹੈ।

**8.5 ਦਸ ਹੁਕਮ (Ten Commandments)**

ਦਸ ਹੁਕਮ ਯਹੂਦੀ ਧਰਮ ਦੇ ਆਧਾਰਭੂਤ ਸਿਧਾਂਤ ਹਨ ਜਿਨ੍ਹਾਂ ਦੀ ਪਾਲਣਾ ਕਰਨੀ ਹਰ ਇਕ ਯਹੂਦੀ ਲਈ ਜ਼ਰੂਰੀ ਹੈ। ਇਹ ਪੈਗੰਬਰ ਮੂਸਾ ਨੂੰ ਸੀਨਾਈ ਦੀ ਪਹਾੜੀ ਤੋਂ ਪ੍ਰਾਪਤ ਹੋਏ ਜਿਨਾਂ ਦਾ ਜ਼ਿਕਰ ਤੋਰਾਹ ਦੇ ਕੂਚ 2:2-17 ਅਤੇ ਵਿਵਸਥਾ ਸਾਰ 5:6-21 ਵਿਚ ਪ੍ਰਾਪਤ ਹੁੰਦਾ ਹੈ। ਇਹ ਦਸ ਹੁਕਮ ਯਹੋਵਾਹ ਪਰਮੇਸ਼ਰ ਵੱਲੋਂ ਯਹੂਦੀ ਲੋਕਾਂ ਨਾਲ ਇਕਰਾਰਨਾਮਾ ਹਨ ਜੋ ਇਸ ਪ੍ਰਕਾਰ ਹਨ-

1. ਮੈਂ ਮਾਲਕ ਹਾਂ, ਤੁਹਾਡਾ ਪਰਮੇਸ਼ੁਰ, ਜਿਸ ਨੇ ਤੁਹਾਨੂੰ ਮਿਸਰ ਦੀ ਗ਼ੁਲਾਮੀ ਤੋਂ ਆਜ਼ਾਦ ਕੀਤਾ।
2. ਤੁਸੀਂ ਮੇਰੇ ਤੋਂ ਬਿਨਾਂ ਕਿਸੇ ਹੋਰ ਦੇਵਤੇ ਵਿੱਚ ਵਿਸ਼ਵਾਸ ਨਹੀਂ ਕਰੋਗੇ। ਜਿਹੜੇ ਮੈਨੂੰ ਪਿਆਰ ਕਰਦੇ ਹਨ ਮੈਂ ਉਨ੍ਹਾਂ ਨੂੰ ਪਿਆਰ ਕਰਦਾ ਹਾਂ।
3. ਤੂੰ ਆਪਣੇ ਮਾਲਕ-ਪ੍ਰਭੂ ਦਾ ਨਾਮ ਵਿਅਰਥ ਨਹੀਂ ਲਵੇਗਾ। ਪਰ ਲੋੜ ਵੇਲੇ ਪਰਮਾਤਮਾ ਦਾ ਨਾਂ ਜ਼ਰੂਰ ਲਉ।
4. ਸਬਾਤ (ਛੁੱਟੀ) ਦੇ ਦਿਨ ਨੂੰ ਹਮੇਸ਼ਾ ਯਾਦ ਰੱਖੋ ਅਤੇ ਇਸਨੂੰ ਪਵਿੱਤਰ ਰੱਖੋ। ਛੇ ਦਿਨ ਤੁਸੀਂ ਕੰਮ ਕਰੋਗੇ, ਤੁਹਾਡੇ ਸਾਰੇ ਕੰਮ, ਪਰ ਸੱਤਵਾਂ ਦਿਨ ਸਬਾਤ ਹੈ। ਯਾਦ ਰੱਖੋ ਕਿ ਛੇ ਦਿਨਾਂ ਲਈ ਤੁਹਾਡੇ ਪ੍ਰਭੂ ਨੇ ਆਕਾਸ਼, ਧਰਤੀ ਅਤੇ ਸਮੁੰਦਰ ਅਤੇ ਉਨ੍ਹਾਂ ਵਿੱਚ ਸਭ ਕੁਝ ਬਣਾਇਆ, ਫਿਰ ਸੱਤਵੇਂ ਦਿਨ ਆਰਾਮ ਕੀਤਾ। ਇਸ ਲਈ ਇਹ ਪ੍ਰਭੂ ਦੇ ਆਰਾਮ ਦਾ ਦਿਨ ਹੈ। ਤੁਸੀਂ ਇਸ ਦਿਨ ਕੋਈ ਕੰਮ ਨਹੀਂ ਕਰ ਸਕਦੇ।
5. ਆਪਣੇ ਮਾਤਾ-ਪਿਤਾ ਦਾ ਸਤਿਕਾਰ ਕਰੋ, ਉਹਨਾਂ ਨੂੰ ਆਦਰ ਦਵੋ ਤਾਂ ਜੋ ਤੁਸੀਂ ਇਸ ਪ੍ਰਮਾਤਮਾ ਦੀ ਦਿੱਤੀ ਹੋਈ ਧਰਤੀ 'ਤੇ ਲੰਬੀ ਉਮਰ ਭੋਗ ਸਕੋ।
6. ਤੁਸੀਂ ਕਤਲ ਨਹੀਂ ਕਰੋਗੇ।
7. ਤੁਸੀਂ ਪਰ ਆਦਮੀ  ਪਰ ਇਸਤਰੀ ਗਮਨ ਨਹੀਂ ਕਰੋਗੇ। ਅਰਥਾਤ ਵਿਭਚਾਰ ਨਹੀਂ ਕਰੋਗੇ।
8. ਤੁਸੀਂ ਚੋਰੀ ਨਹੀਂ ਕਰੋਗੇ
9. ਤੁਸੀਂ ਆਪਣੇ ਗੁਆਂਢੀ ਦੇ ਵਿਰੁੱਧ ਝੂਠੀ ਗਵਾਹੀ ਨਹੀਂ ਦੇਵੇਗੀ।
10. ਤੂੰ ਆਪਣੇ ਗੁਆਂਢੀ ਦੇ ਘਰ, ਆਪਣੇ ਗੁਆਂਢੀ ਦੀ ਪਤਨੀ, ਆਪਣੇ ਗੁਆਂਢੀ ਦੇ ਨੌਕਰ ਜਾਂ ਨੌਕਰਾਣੀ, ਉਸ ਦੇ ਬਲਦ ਜਾਂ ਗਧੇ ਉੱਤੇ ਬੁਰੀ ਨਜ਼ਰ ਨਹੀਂ ਰੱਖੇਗਾ।

8.6 ਸਾਰ- ਉਪਰੋਕਤ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਪੈਗੰਬਰ ਮੂਸਾ ਦੇ ਜੀਵਨ ਤੋਂ ਅਸੀਂ ਬਹੁਤ ਸਾਰੇ ਕੀਮਤੀ ਸਬਕ ਲੈ ਸਕਦੇ ਹਾਂ ਜੋ ਅੱਜ ਵੀ ਲਾਗੂ ਹੁੰਦੇ ਹਨ। ਉਨ੍ਹਾਂ ਦੇ ਜੀਵਨ ਵਿਚੋਂ ਰੱਬ ਦੀ ਸਰਬ-ਸ਼ਤੀਮਾਨਤਾ ਵਿਸ਼ਵਾਸ ਆਦਿ ਦੇ ਵੀ ਸਬੂਤ ਮਿਲਦੇ ਹਨ। ਉਹ ਪਰਮੇਸ਼ਰ ਦੇ ਸਮਰਪਿਤ ਦੂਤ ਦੀ ਉਦਾਹਰਣ ਪੇਸ਼ ਕਰਦੇ ਹਨ, ਜਿਸਨੇ ਆਪਣੀਆਂ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਅਤੇ ਇਕ ਈਸ਼ਵਰਵਾਦ ਦੇ ਸ਼ੰਦੇਸ਼ ਨੂੰ ਫੈਲਾਉਣ ਲਈ ਸਭ ਕੁੱਝ ਕੁਰਬਾਨ ਕਰ ਦਿੱਤਾ। ਇਕ ਧਰਮ ਦਾ ਪੈਰੋਕਾਰ ਮੂਸਾ ਦੇ ਕਦਮਾਂ ਉੱਤੇ ਚੱਲ਼ ਕੇ ਸਹੀ ਮਾਰਗਦਰਸ਼ਨ ਪ੍ਰਾਪਤ ਕਰ ਸਕਦਾ ਹੈ।

**8.7 ਪੜ੍ਹਣਯੋਗ ਪੁਸਤਕਾਂ**


- ਸਰਬਜਿੰਦਰ ਸਿੰਘ, ਡਾ. (ਸੰਪਾ.), ਵਿਸ਼ਵ ਧਰਮ ਬਾਨੀ, ਗ੍ਰੰਥ ਸੰਪ੍ਰਦਾਇ ਅਤੇ ਚਿੰਤਕ (ਚਾਰ ਭਾਗ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.
  - ਤੇਜਿੰਦਰ ਕੌਰ ਧਾਲੀਵਾਲ, ਯਹੂਦੀ ਅਤੇ ਈਸਾਈ ਧਰਮ: ਇਕ ਸੰਖੇਪ ਜਾਣਕਾਰੀ, ਗ੍ਰੇਸ਼ੀਅਸ ਬੁੱਕਸ, ਪਟਿਆਲਾ, 2017
- ਪ੍ਰਤਾਪ ਸਿੰਘ (ਗਿਆਨੀ), *ਸੰਸਾਰ ਦਾ ਧਾਰਮਿਕ ਇਤਿਹਾਸ*, ਜਵਾਹਰ ਸਿੰਘ ਕ੍ਰਿਪਾਲ ਸਿੰਘ, ਖਾਲਸਾ ਬ੍ਰਦਰਜ਼, ਅੰਮ੍ਰਿਤਸਰ, 1976
- Bhagat Singh Hira, Semitic Religious Thought and Sikhism, National Book Shop, Delhi, 1992
- Gurbachan Singh Talib, An Advanced Book of Religious Studies, Punjabi University Patiala, 1974
- Leora Batnitzky, How Judaism Became a Religion: An Introduction to Modern Jewish Thought, Princeton University Press, New jersey, 2013
- Max I. Dimont, Jews, God, and History, Penguin USA, 2004
- M Friedlander, The Jewish Religion, Forgotten Books, London, 2018
- Milton Steinberg, Basic Judaism, Harcourt Publishers Group (Australia) Pty.Ltd, 1975

8.8 ਅਭਿਆਸ ਲਈ ਪ੍ਰਸ਼ਨ

ਵੱਡੇ ਪ੍ਰਸ਼ਨ

1. ਪੈਗੰਬਰ ਮੂਸਾ ਦਾ ਜੀਵਨ ਆਪਣੇ ਸ਼ਬਦਾਂ ਵਿਚ ਵਰਣਨ ਕਰੋ।
2. ਯਹੂਦੀ ਧਰਮ ਦੀਆ ਸਿੱਖਿਆਵਾਂ ਉੱਤੇ ਚਾਨਣਾ ਪਾਉ।

ਛੋਟੇ ਪ੍ਰਸ਼ਨ

3. ਪੈਗੰਬਰ ਮੂਸਾ ਕੌਣ ਸਨ?
4. ਯਹੂਦੀ ਧਰਮ ਦੇ ਦਸ ਹੁਕਮ ਕੀ ਸਨ?
5. ਯਹੂਦੀ ਲੋਕਾਂ ਦੇ ਹੋਏ ਤੀਜੇ ਪਰਵਾਸ ਬਾਰੇ ਲਿਖੋ।

## ਯੂਨਿਟ- 9 ਪੈਗੰਬਰ ਈਸਾ ਮਸੀਹ: ਇਸਾਈਅਤ ਦਾ ਸੰਦੇਸ਼ਵਾਹਕ

9.0 ਉਦੇਸ਼

9.1 ਜਾਣ-ਪਛਾਣ

9.2 ਜਨਮ ਸਥਾਨ

9.3 ਜਨਮ ਅਤੇ ਮਾਤਾ-ਪਿਤਾ

9.4 ਇਕ ਦੂਤ ਦਾ ਬੈਥਲਹਮ ਵਿਚ ਆਉਣਾ

9.5 ਸਮਾਊਨ

9.6 ਜਾਹਨ ਦੀ ਬੈਪਟਿਸਟ ਨਾਲ ਵਾਸਤਾ

9.7 ਪ੍ਰਚਾਰ

9.8 ਉਪਦੇਸ਼

9.9 ਅਦਭੁੱਤ ਘਟਨਾਵਾਂ

9.10 ਸਲੀਬ

9.11 ਈਸਾ ਮਸੀਹ ਦੀਆਂ ਸਿੱਖਿਆਵਾਂ

9.11.1 ਪ੍ਰੇਮ ਅਤੇ ਦਇਆ

9.11.2 ਨਿਰਦੋਸ਼ ਜੀਵਨ ਜਿਉਣਾ

9.11.3 ਚਿੰਤਾ ਨਾ ਕਰਨਾ

9.11.4 ਗੁਆਂਢ ਬਾਰੇ

9.11.5 ਹਵਸ ਨਾ ਹੋਣੀ

9.11.6 ਖਿਮਾ

9.11.7 ਹੋਰਨਾਂ ਨੂੰ ਰੱਦ ਕਰਨਾ

9.11.8 ਸ਼ਰਨ

9.11.9 ਪਰਮੇਸ਼ਰ ਉੱਤੇ ਵਿਸ਼ਵਾਸ

9.11.10 ਅੰਤਿਮ ਦਿਨ

9.11.11 ਲੋਭ ਦਾ ਵਿਰੋਧ

9.11.12 ਭਾਣਾ ਮੰਨਣਾ

9.11.13 ਅਸਲੀ ਧਨ

9.11.14 ਸੇਵਾ

9.11.15 ਸਹਿਣਸ਼ੀਲਤਾ ਸਹੁੰ ਨਾ ਖਾਣਾ

9.11.16 ਨਿਰਧਨ ਹੋਣਾ ਬੁਰਾ ਨਹੀਂ

9.12 ਯਸੂ ਮਸੀਹ ਦੇ ਪਹਾੜੀ ਉਪਦੇਸ਼

9.13 ਸਾਰ

9.14 ਪੜ੍ਹਣਯੋਗ ਪੁਸਤਕਾਂ

9.15 ਅਭਿਆਸ ਲਈ ਪ੍ਰਸ਼ਨ

9.0 ਉਦੇਸ਼- ਪ੍ਰਸਤੁਤ ਯੂਨਿਟ ਇਸਾਈਅਤ ਦੇ ਪੈਗੰਬਰ ਈਸਾ ਮਸੀਹ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਇਸ ਵਿਚ ਈਸਾ ਮਸੀਹ ਦੇ ਜੀਵਨ, ਸਿੱਖਿਆਵਾਂ ਅਤੇ ਸੰਦੇਸ਼ ਨੂੰ ਭਾਗ ਬਣਾਇਆ ਗਿਆ ਹੈ।

9.1 ਜਾਣ-ਪਛਾਣ- ਈਸਾ ਮਸੀਹ ਨੂੰ ਈਸਾਈ ਧਰਮ ਦਾ ਬਾਨੀ ਮੰਨਿਆ ਜਾਂਦਾ ਹੈ। ਉਨ੍ਹਾਂ ਬਾਰੇ ਈਸਾਈ ਧਰਮ ਦੇ ਲੋਕਾਂ ਤੋਂ ਇਲਾਵਾ ਦੂਜੇ ਧਰਮਾਂ ਵਾਲਿਆਂ ਨੇ ਵੀ ਪ੍ਰਸ਼ੰਸਾ ਭਰੇ ਸ਼ਬਦ ਆਖੇ ਹਨ। ਸੁਆਮੀ ਅਭੇਦਾਨੰਦ 'Great Saviours of The World' ਵਿੱਚ ਆਖਿਆ ਹੈ, "ਯਸੂ ਮਸੀਹ ਨੂੰ ਈਸਾਈ ਧਰਮ ਵਿੱਚ ਪਰਮਾਤਮਾ ਦੇ ਅਵਤਾਰ ਅਤੇ ਮਾਨਵਤਾ ਦੇ ਰੱਖਿਅਕ ਵਜੋਂ ਪੂਜਿਆ ਗਿਆ ਹੈ।" ਪ੍ਰੋ: ਗੁਰਬਚਨ ਸਿੰਘ ਤਾਲਿਬ ਦਾ ਕਹਿਣਾ ਹੈ "ਹਜ਼ਰਤ ਈਸਾ ਜਿਨ੍ਹਾਂ ਦੀ ਬਖ਼ਸੀਅਤ ਈਸਾਈ ਮਤ ਦਾ ਕੇਂਦਰੀ ਧੁਰਾ ਹੈ। ਇਕ ਗਰੀਬ ਘਰਾਣੇ ਵਿਚੋਂ ਸਨ। ਆਪਣੇ ਲੋਕ-ਜੀਵਨ ਦੇ ਆਰੰਭ ਵਿਚ ਹੀ ਉਨ੍ਹਾਂ ਨੇ ਰਾਜਨੀਤਿਕ ਅਗਵਾਈ ਦੇ ਜੁਬਾਅ ਨੂੰ ਅਯੋਗ ਵਰਗਲਾਹਨ ਸਮਝ ਕੇ ਠੁਕਰਾ ਦਿੱਤਾ ਸੀ। ਭਾਵੇਂ ਉਸ ਨੇ ਕਈ ਕਰਾਮਾਤਾਂ ਵਿਖਾਈਆਂ, ਪਰ ਇਹ ਸਾਰਾ ਕੁਝ ਉਹ ਹਮੇਸ਼ਾ ਮਨੁੱਖ ਦੀ ਕਿਸੇ ਚਾਹਿਰਾ ਲੋੜ ਨੂੰ ਪੂਰਾ ਕਰਨ ਲਈ ਕਰਦੇ ਸਨ। ਉਹ ਆਪ ਮਾਨਵ ਕਲਿਆਣ ਦੇ ਅਸਚਰਜਜਨਕ ਕੰਮਾਂ ਨੂੰ ਛੁਪਾ ਕੇ ਹੀ ਰੱਖਣ ਦਾ ਯਤਨ ਕਰਦੇ ਸਨ। ਉਨ੍ਹਾਂ ਨੇ ਆਪਣੇ ਜਿਹੜੇ ਨਿਕਟਵਰਤੀ ਸਾਥੀ ਚੁਣੇ, ਉਹ ਸਾਧਾਰਣ ਜੀਵਨ ਦੇ ਗਰੀਬ ਅਤੇ ਨੀਵ ਲੋਕ ਸਨ।

9.2 ਜਨਮ ਸਥਾਨ (Birth Place):- ਪ੍ਰਭੂ ਯਿਸੂ ਮਸੀਹ ਦੇ ਜਨਮ ਲੈਣ ਤੋਂ ਲਗਭਗ 800 ਸਾਲ ਪਹਿਲਾਂ ਆਮੂਸ ਦੇ ਪੁੱਤਰ ਯਯਾਹ ਨੇ ਯਹੂਦਾ ਅਤੇ ਯਰੂਸ਼ਲਮ ਸੰਬੰਧੀ ਭਵਿੱਖ- ਬਾਣੀਆਂ ਕੀਤੀਆਂ। ਇਸ ਵਿਚ ਉਸ ਨੇ ਯਸੂ ਮਸੀਹ ਦੇ ਜਨਮ ਅਤੇ ਮਾਤਾ ਬਾਰ ਵੀ ਭਵਿੱਖ- ਬਾਣੀ ਕੀਤੀ। ਇਤਿਹਾਸ ਅਨੁਸਾਰ ਏਸ਼ੀਆ ਦੀ ਪੱਛਮੀ ਦਿਸ਼ਾ ਵਿਚ ਫਲਸਤੀਨ ਨਾਂ ਦਾ ਇਕ ਦੇਸ਼ ਹੈ। ਪ੍ਰਭੂ ਈਸਾ ਇਸੇ ਦੇਸ਼ ਵਿੱਚ ਪੈਦਾ ਹੋਏ ਸਨ (ਈਸਵੀ ਸੰਨ ਦਾ ਆਰਥ ਉਨ੍ਹਾ ਦੇ ਜਨਮ ਤੋਂ ਹੀ ਮੰਨਿਆ ਜਾਂਦਾ ਹੈ ਇਨ੍ਹਾਂ ਦਿਨਾਂ ਵਿੱਚ ਵਲਸਤੀਨ ਦਾ ਦੇਸ਼ ਰੋਮਨ ਸ਼ਹਿਨਸ਼ਾਹਾਂ ਦੇ ਅਧੀਨ ਸੀ। ਈਸਾ ਜੀ ਦਾ ਜਨਮ ਬੈਥਲਹਮ ਵਿੱਚ ਹੋਇਆ ਜਿਹੜਾ ਕਿ ਫਲਸਤੀਨਾਂ ਦੀ ਰਾਜਧਾਨੀ ਸੀ। ਇਹ ਜਗ੍ਹਾ ਯਰੂਸ਼ਲਮ ਤੋਂ ਦੱਖਣ ਵੱਲ ਛੇ ਮੀਲ ਦੇ ਫਾਸਲੇ 'ਤੇ ਹੈ। ਕੁਰਾਨ ਸ਼ਰੀਫ ਵਿੱਚ ਵੀ ਇਸ ਗੱਲ ਦਾ ਜ਼ਿਕਰ ਹੈ ਕਿ ਈਸਾ ਮਸੀਹ ਜੰਮਦੇ ਹੀ ਬੋਲਣ ਲੱਗ ਪਏ ਸਨ । ਲੋਕਾਂ ਨੇ ਕਿਹਾ, ਇਹ ਬੱਚਾ ਹੈ, ਇਸ ਨਾਲ ਅਸੀਂ ਕਿਸ ਤਰ੍ਹਾਂ ਗੱਲ ਕਰੀਏ ? ਈਸਾ ਮਸੀਹ ਤੁਰੰਤ ਬੋਲ ਉੱਠੇ, ਮੈਨੂੰ ਪਰਮਾਤਮਾ ਨੇ ਪੈਗੰਬਰ ਬਣਾ ਕੇ ਭੇਜਿਆ ਹੈ।

9.3 ਜਨਮ ਅਤੇ ਮਾਤਾ ਪਿਤਾ- (Birth and Parents) ਇਨ੍ਹਾਂ ਦੇ ਮਾਤਾ ਪਿਤਾ ਦਾ ਨਾਂ ਯੂਸਫ ਸੀ ਜਿਹੜੇ ਤਰਖਾਣਾ ਕੰਮ ਕਰਦੇ ਸਨ। ਇਨ੍ਹਾਂ ਦੀ ਮਾਤਾ ਦਾ ਨਾ ਮਰੀਅਮ ਸੀ। ਜਦੋਂ ਜੋਜੋਫ ਨੇ ਮਰੀਅਮ ਨਾਲ ਵਿਆਹ ਕਰਵਾਇਆ, ਉਹ ਪਹਿਲਾਂ ਹੀ ਗਰਭਵਤੀ ਸੀ, ਪਰ ਰੱਬੀ ਹੁਕਮ ਹੋਣ 'ਤੇ ਜੋਜ਼ਫ ਨੇ ਵਿਆਹ ਕਰਵਾਇਆ ਸੀ। ਉਹ ਜੂਡਾ ਸ਼ਹਿਰ ਵਿਚ ਰਹਿੰਦੇ ਸਨ ਜਿੱਥੇ ਉਹ ਆਪਣੇ ਜੱਦੀ ਸ਼ਹਿਰ ਬੇਥਲਹਮ ਆ ਗਏ ਸਨ।

9.4 ਇਕ ਦੂਰ ਦਾ ਬੈਥਲਹਮ ਵਿਚ ਆਉਣਾ - ਬੈਥਲਹਮ ਨਗਰ ਦੇ ਮੈਦਾਨ ਵਿੱਚ ਕੁਝ ਚਰਵਾਹੇ ਰਾਤ ਦੇ ਵੇਲੇ ਆਪਣੀਆਂ ਭੇਡਾਂ ਦੀ ਰਖਵਾਲੀ ਕਰ ਰਹੇ ਸਨ। ਅਚਨਚੇਤ ਪ੍ਰਭੂ ਪਰਮੇਸ਼ਵਰ ਦਾ ਇਕ ਦੂਤ ਉਨ੍ਹਾਂ ਦੇ ਕੋਲ ਆ ਖਲੋ ਗਿਆ। ਇਸ ਦੇ ਨਾਲ ਹੀ ਪ੍ਰਭੂ ਦਾ ਭੇਜ ਉਨ੍ਹਾਂ ਦੇ ਚਾਰ ਪਾਸ ਚਮਕਿਆ। ਚਰਵਾਹੇ ਬਹੁਤ ਡਰ ਗਏ, ਪਰ ਦੂਤ ਨੇ ਉਹਨਾਂ ਨੂੰ ਕਿਹਾ ਡਰੋ ਨਹੀਂ ਮੈਂ ਤੁਹਾਡੇ ਲਈ ਇਕ ਸ਼ੁੱਭ ਸਮਾਚਾਰ ਲਿਆਇਆ ਹਾਂ। ਜਿਸ ਨੂੰ ਸੁਣ ਕੇ ਤੁਹਾਨੂੰ ਬਹੁਤ ਖੁਸ਼ੀ ਹੋਵੇਗੀ। ਇਹ ਸਾਰਿਆਂ ਲੋਕਾਂ ਲਈ ਹੈ। ਅੱਜ ਦਾਊਦ ਦੇ ਨਗਰ ਬੈਥਲਹਮ ਵਿੱਚ ਤੁਹਾਡੇ ਲਈ ਇਕ ਮੁਕਤੀਦਾਰ ਨੇ ਜਨਮ ਲਿਆ ਹੈ। ਇਹ ਪ੍ਰਭੂ ਮਸੀਹ ਹੈ। ਅਧਿਆਤਮਕ ਸ਼ਕਤੀ ਈਸਾ ਮਸੀਹ ਅੰਦਰ ਆਰੰਭ ਤੋਂ ਹੀ ਮੌਜੂਦ ਸੀ।

9.5 ਸਮਾਉਨ (Samaon)- ਯੇਰੂਸ਼ਲਮ ਵਿੱਚ ਸਮਾਊਨ ਨਾਂ ਦਾ ਇਕ ਆਦਮੀ ਸੀ। ਉਹ ਧਰਮੀ ਅਤੇ ਪਰਮੇਸਰ ਤੋਂ ਡਰਨ ਵਾਲਾ ਸੀ। ਉਹ ਇਸਰਾਈਲ ਕੌਮ ਦੇ ਛੁਟਕਾਰੇ ਦੀ ਉਡੀਕ ਵਿੱਚ ਸੀ। ਉਹ ਪਵਿੱਤਰ ਆਤਮਾ ਦੇ ਨਾਲ ਭਰਪੂਰ ਸੀ। ਪਵਿੱਤਰ ਆਤਮਾ ਨੇ ਉਸ ਉੱਤੇ ਇਹ ਪ੍ਰਗਟ ਕੀਤਾ ਸੀ ਕਿ ਜਦੋਂ ਤੱਕ ਉਹ ਪ੍ਰਭੂ ਦੇ ਮਸੀਹ ਨੂੰ ਨਹੀਂ ਦੇਖ ਲਵੇਗਾ। ਉਸ ਦੀ ਮੌਤ ਨਹੀਂ ਹੋਵੇਗੀ। ਪਵਿੱਤਰ ਆਤਮਾ ਦੀ ਪ੍ਰੇਰਨਾ ਨਾਲ ਸਮਾਉਨ ਮੰਦਰ ਵਿੱਚ ਆਇਆ। ਜਦੋਂ ਯਸੂ ਦੇ ਮਾਤਾ-ਪਿਤਾ ਉਸ ਨੂੰ ਵਿਵਸਥਾ ਦੀ ਰੀਤ ਅਨੁਸਾਰ ਅਰਪਣ ਕਰਨ ਦੇ ਲਈ ਮੰਦਰ ਵਿੱਚ ਆਏ ਤਾਂ ਸਮਾਉਨ ਨੇ ਬਾਲਕ ਯਸੂ ਨੂੰ ਆਪਣੀ ਗੋਦ ਵਿੱਚ ਲੈ ਕੇ ਇਸ ਤਰ੍ਹਾਂ ਪਰਮੇਸ਼ਰ ਦੀ ਵਡਿਆਈ ਕਰਦੇ ਹੋਏ ਧੰਨਵਾਦ ਕੀਤਾ- "ਹੇ ਸੁਆਮੀ। ਹੁਣ ਤੂੰ ਆਪਣੇ ਵਚਨ ਦੇ ਅਨੁਸਾਰ ਸ਼ਾਤੀ ਨਾਲ ਵਿਦਾ ਕਰ।" ਈਸਾ ਆਪਣੇ ਪਿਤਾ ਨਾਲ ਕੰਮ ਕਰਾਉਂਦੇ ਸਨ ਅਤੇ ਉਹਨਾਂ ਕੋਈ ਪੜ੍ਹਾਈ ਨਾ ਕੀਤੀ। ਅਸਲ ਵਿੱਚ ਜਿਹਨਾ ਅੰਦਰ ਰੱਬੀ ਨੂਰ ਹੁੰਦਾ ਹੈ ਉਹਨਾਂ ਨੂੰ ਕਿਸੇ ਪੜ੍ਹਾਈ ਦੀ ਲੋੜ ਨਹੀਂ ਹੁੰਦੀ। ਪ੍ਰੋ. ਗੁਰਬਚਨ ਸਿੰਘ ਤਾਲਿਬ ਅਨੁਸਾਰ, ਯਸੂ ਯਹੂਦੀਆਂ ਦੀ ਜਾਤੀ ਵਿਚ ਜਨਮੇ ਜੋ ਇਸ ਸਮੇਂ ਬਹੁਤ ਕਰਕੇ ਆਪਣੇ ਜੱਦੀ ਦੇਸ਼ ਫਿਲਸਤੀਨ ਵਿਚ ਹੀ ਰਹਿੰਦੇ ਸਨ। ਇਸ ਸਮੇਂ ਯੇਰੂਸ਼ਲਮ ਨਗਰ ਵਿਚ ਜੋ ਵੱਡੀ ਰਾਜਧਾਨੀ ਸੀ। ਹੀਰੋਦਸ ਨਾਮ ਦੇ ਰਾਜ ਦਾ ਰਾਜ ਸੀ। ਉਸ ਨੂੰ ਜੋਤਸ਼ੀਆਂ ਨੇ ਦੱਸਿਆ ਕਿ ਯਹੂਦੀਆਂ ਦੇ ਵੰਸ਼ ਵਿਚ ਇਕ ਬਾਲਕ ਜਨਮਿਆ ਹੋ ਜੋ ਯਹੂਦੀਆਂ ਦਾ ਰਾਜਾ ਬਣੇਗਾ। ਉਸ ਨੂੰ ਡਰ ਪੈ ਗਿਆ। ਇਸ ਲਈ ਉਸ ਨੇ ਹੁਕਮ ਦਿੱਤਾ ਕਿ ਬਹੂਦੀਆਂ ਦੇ ਸਭ ਨਵੇਂ ਜਨਮ ਬਾਲਕ ਕਤਲ ਕਰ ਦਿੱਤੇ ਜਾਣ। ਇਸੇ ਸਮੇਂ ਯਸ਼ੂ ਦੇ ਪਿੰਡ ਯੂਸਫ ਨੂੰ ਸੁਪਨੇ ਵਿਚ ਰੱਬ ਦੇ ਦੂਰ ਨੇ ਚਿਤਾਵਨੀ ਦਿੱਤੀ ਕਿ ਤੇ ਆਪਣੇ ਪੁੱਤਰ ਅਤੇ ਇਸ ਦੀ ਮਾਤਾ ਨੂੰ ਲੈ ਕੇ ਮਿਸਰ ਵਿਚ ਚਲਾ ਜਾਹ। ਉਸ ਨੇ ਇਸ ਤਰ੍ਹਾਂ ਕੀਤਾ ਅਤੇ ਕਈ ਸਾਲਾਂ ਪਿੱਛੋਂ ਮੁੜਿਆ।

9.6 ਜਾਹਨ ਦੀ ਬੈਪਟਿਸਟ ਨਾਲ ਵਾਸਤਾ (Contact with John The Baptist)-

ਈਸਾ ਮਸੀਹ ਦਾ ਵਾਸਤਾ ਇਕ ਦਿਨ ਜਾਹਨ ਦੀ ਬੈਪਟਿਸਟ (John the Baptist) ਨਾਲ ਪਿਆ। ਇਹ ਜਾਰਡਨ ਦਰਿਆ ਦੇ ਪਾਣੀ ਦੁਆਰਾ ਲੋਕਾਂ ਨੂੰ ਉਹਨਾਂ ਦੇ ਗੁਨਾਹਾ ਤੋਂ ਛੁਟਕਾਰਾ ਦਿਲਾਉਂਦੇ ਸਨ। ਉਹ ਸਪਸ਼ਟ ਕਿਹਾ ਕਰਦੇ ਸਨ ਕਿ ਮਸੀਹ ਦਾ ਜਨਮ ਛੇਤੀ ਹੋ ਰਿਹਾ ਹੈ। ਉਹ ਬਹੁਤ ਵੱਡੇ ਮਹਾਤਮਾ ਹੋਣਗੇ ਮੈਂ ਤਾਂ ਉਹਨਾਂ ਦੀ ਜੁੱਤੀ ਦੇ ਸਮਾਨ ਵੀ ਨਹੀਂ। ਈਸਾ ਮਸੀਹ ਜੀ ਪਛਤਾਵੇ ਰਾਹੀਂ ਗੁਨਾਹਾ ਦੀ ਮੁਆਫੀ ਕਰਾਉਣ ਲਈ ਪੁੱਜੇ। ਪਹਿਲਾਂ ਤਾਂ ਜਾਹਨ ਨੇ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਤੁਸੀਂ ਤਾਂ ਖ਼ੁਦ ਮੇਥੇ ਵੱਡ ਮਹਾਤਮਾ ਹੈ, ਪਰ ਈਸਾ ਦੇ ਬਾਰ-ਬਾਰ ਕਹਿਣ 'ਤੇ ਮੰਨ ਗਏ।

9. 7 ਪ੍ਰਚਾਰ (Preachings):- ਈਸਾ ਮਸੀਹ ਅੰਦਰ ਹੁਣ ਰੱਬੀ ਗਿਆਨ ਹੋ ਗਿਆ। 30 ਤੋਂ 33 ਸਾਲ ਦੀ ਉਮਰ ਤੱਕ ਇਹ ਇੱਧਰ-ਉਧਰ ਫਿਰ ਕੇ ਪ੍ਰਚਾਰ ਕਰਦੇ ਰਹੇ। ਲੋਕ ਉਨ੍ਹਾਂ ਦੇ ਵਿਰੁੱਧ ਹੋ ਗਏ, ਕਿਉਂਕਿ ਉਹ ਪੁਰਾਣੇ ਧਾਰਮਿਕ ਢੰਗਾਂ ਪ੍ਰਥਾਵਾਂ ਅਤੇ ਅਸੂਲਾਂ ਨੂੰ ਪੂਰੀ ਤਰ੍ਹਾਂ ਖਤਮ ਕਰਨਾ ਚਾਹੁੰਦੇ ਸਨ। ਉਨ੍ਹਾਂ ਨੂੰ ਆਪਣਾ ਇਲਾਕਾ ਵੀ ਛੱਡਣਾ ਪਿਆ ਅਤੇ ਉਹ ਬਾਹਰ ਫਿਰ ਕੇ ਪ੍ਰਚਾਰ ਕਰਦੇ ਰਹੇ। -

9.8 ਉਪਦੇਸ਼ (Sermon)- ਉਨ੍ਹਾਂ ਦਾ 'ਸਰਮਨ ਆਫ਼ ਦੀ ਮਾਊਂਟ ਬਹੁਤ ਪ੍ਰਸਿੱਧ ਹੈ। ਇਨ੍ਹਾ ਉਹ ਉਪਦੇਸ਼ ਇਕ ਪਹਾੜੀ 'ਤੇ ਚੜ੍ਹ ਕੇ ਦਿੱਤਾ ਸੀ। ਇਹ ਸਾਰ ਰੂਪ ਵਿੱਚ ਇਸ ਤਰ੍ਹਾਂ ਹੈ-

(1) ਨਿਮਰਤਾਪੂਰਣ ਮੁਬਾਰਕ ਹੈ। ਅਜਿਹਾ ਵਿਅਕਤੀ ਰੱਬੀ ਹਕੂਮਤ ਵਿੱਚ ਹਿੱਸੇਦਾਰ ਹੋਵੇਗਾ।

(2) ਮੁਬਾਰਕ ਹਨ ਉਹ ਲੋਕ ਜਿਹੜੇ ਉੱਚ ਆਤਮਾ ਦੇ ਅੱਗੇ ਪੇਸ਼ ਹੋ ਕੇ ਆਪਣੇ ਗੁਨਾਹ ਦੱਸਦੇ ਹਨ। ਉਹ ਵੀ ਰੱਬੀ ਹਕੂਮਤ ਵਿੱਚ ਹਿੱਸੇਦਾਰ ਹੋਣਗੇ।

(3) ਈਮਾਨ ਦੀ ਪਾਲਣਾ ਕਰਨ ਵਾਲੇ ਮੁਬਾਰਕ ਹਨ, ਪਰਮਾਤਮਾ ਉਨ੍ਹਾਂ ਨੂੰ ਹੀ ਮਿਲੇਗਾ।

(4) ਜਿਨ੍ਹਾਂ ਦੇ ਮਨ ਵਿੱਚ ਦਇਆ ਹੈ, ਉਹ ਮੁਬਾਰਕ ਹਨ। ਪਰਮਾਤਮਾ ਵੀ ਉਨ੍ਹਾਂ 'ਤੇ ਦਇਆ ਕਰੇਗਾ।

(5) ਪਰਮਾਤਮਾ ਉਨ੍ਹਾਂ ਨੂੰ ਦਰਸ਼ਨ ਦਿੰਦਾ ਹੈ, ਜਿਨ੍ਹਾਂ ਦਾ ਜ਼ਮੀਰ ਪਾਕ ਸਾਫ਼ ਹੁੰਦਾ ਹੈ।

(6) ਪ੍ਰੇਮ ਹੀ ਰੱਬ ਹੈ। ਰੱਬ ਨਾਲ ਪ੍ਰੇਮ ਕਰਨ ਲਈ ਉਸ ਦੇ ਬਣਾਏ ਲੋਕਾਂ ਨਾਲ ਪਿਆਰ ਕਰੋ।

(7) ਜਿਹੜੇ ਸੱਚੇ ਰਾਹ 'ਤੇ ਚਲਦਿਆਂ ਤਕਲੀਫ਼ਾਂ ਭੁੱਲਦੇ ਹਨ ਉਹ ਮੁਬਾਰਕ ਹਨ।

(8) ਅਮਨ ਸ਼ਾਂਤੀ ਕਾਇਮ ਕਰਨ ਵਾਲੇ ਹੀ ਸਹੀ ਅਰਥਾਂ ਵਿੱਚ ਪਰਮਾਤਮਾ ਦੇ ਬੱਚੇ ਹਨ।

ਇਨ੍ਹਾਂ ਨੂੰ ਇਸ ਕਿਸਮ ਦੀਆਂ ਹਰ ਸਿੱਖਿਆਵਾਂ ਈਸਾ ਮਸੀਹ ਜੀ ਨੇ ਦਿੱਤੀਆਂ। ਈਸਾ ਮਸੀਹ ਲੋਕਾਂ ਵਿੱਚ ਲੋਕ-ਪ੍ਰਿਯ ਹੋ ਗਏ। ਉਹ ਲੋਕਾਂ ਨਾਲ ਸਾਧਾਰਣ ਢੰਗ ਨਾਲ ਰਹੇ। ਉਹ ਬੜੇ ਸਾਧਾਰਣ ਢੰਗ ਨਾਲ ਗੱਲਾਂ ਕਰਦੇ ਸਨ। ਉਹ ਉਨ੍ਹਾਂ

ਨੂੰ ਗੱਲ ਸਮਝਾਉਣ ਲਈ ਕੁਦਰਤ ਅਤੇ ਮਨੁੱਖੀ ਜੀਵਨ ਵਿਚ ਉਦਾਹਰਣਾ ਦਿੰਦੇ ਸਨ। ਉਹ ਕਹਿੰਦੇ ਸਨ, "ਮਰ ਦੱਸ ਅਸੂਲ ਮੇਰੇ ਨਹੀਂ ਇਹ ਰੱਬੀ ਹਨ। ਪਰਮਾਤਮਾ ਨੇ ਹੀ ਮੈਨੂੰ ਇੱਥੇ ਭੇਜਿਆ। ਸ੍ਰੀ ਸੀ. ਐਲ ਪੰਜਾਬੀ ਨੇ ਉਨ੍ਹਾਂ ਦੀਆਂ ਸਿੱਖਿਆਵਾਂ ਇਸ ਤਰ੍ਹਾ ਦਿੱਤੀਆਂ ਹਨ ਤੁਸੀਂ ਸੰਸਾਰ ਦੇ ਲੂਣ ਹੋ, ਪਰ ਜੇਕਰ ਲੂਣ ਆਪਣਾ ਸਵਾਦ ਗਵਾ ਦੇਵੇ ਤਾਂ ਉਹ ਵਿਚ ਕਿਸੇ ਤਰਾ ਵੀ ਸਵਾਦਲਾ ਨਹੀ ਬਣਾਇਆ ਜਾ ਸਕਦਾ। ਉਹ ਫਿਰ ਕਿਸੇ ਵੀ ਕੰਮ ਦਾ ਨਹੀਂ ਰਹਿੰਦਾ, ਸਿਵਾਏ ਬਾਹਰ ਸੁਣਦਣ ਦੇ ਅਤੇ ਓਖਾ ਦੇ ਪਿੰਡਾਂ ਹਨ ਮਿੱਧ ਜਾਣ ਦੇ।" ਤੁਸੀਂ ਸੰਸਾਰ ਦੇ ਚਾਨਣ ਹੈ। ਪਹਾੜ ਉੱਤੇ ਬਣਿਆ ਸ਼ਹਿਰ ਲੁਕ ਨਹੀਂ ਸਕਦਾ। ਕੰ> ਦੀਵਾ ਬਾਲ ਕੇ ਟੋਕਰੇ ਹੇਠਾਂ ਨਹੀਂ ਰੱਖਦਾ, ਸਗੋਂ ਦਿਵਾਖੇ ਉੱਤੇ ਰੱਖਦਾ ਹੈ ਕਿ ਉਹ ਸਭ ਲੋਕ ਨੂੰ ਚਾਨਣ ਦੇਵੇ। ਇਸ ਤਰ੍ਹਾਂ ਤੁਹਾਡਾ ਚਾਨਣ ਵੀ ਲੋਕਾਂ ਸਾਹਮਣੇ ਚਮਕੇ ਕਿ ਲੋਕ ਤੁਹਾਡੇ ਚੇਣ ਕੰਮਾਂ ਨੂੰ ਦੇਖ ਕੇ ਤੁਹਾਡੇ ਪਿਤਾ ਦੀ, ਜੋ ਸਵਰਗ ਵਿੱਚ ਹੈ, ਵਡਿਆਈ ਕਰਨ।

9.9 ਅਦਭੁੱਤ ਘਟਨਾਵਾਂ (Miracles):- ਦੱਸਿਆ ਜਾਂਦਾ ਹੈ ਕਿ ਉਨ੍ਹਾਂ ਕਈ ਤਰ ਦੀਆਂ ਅਦਭੁਤ ਗੱਲਾਂ ਵੀ ਵਿਖਾਈਆਂ। ਕਿਹਾ ਜਾਂਦਾ ਹੈ ਕਿ ਕਈ ਵਾਰ ਉਨ੍ਹਾਂ ਨੇ ਬੀਮਾ ਲੋਕਾਂ ਦੀ ਸਿਹਤ ਬਹਾਲ ਕੀਤੀ। ਗੁੱਗਿਆਂ ਨੂੰ ਜ਼ੁਬਾਨ ਦਿੱਤੀ ਅਤੇ ਅੰਨਿਆ ਨੂੰ ਅੱਖ ਦਿੱਤੀਆਂ, ਪਰ ਇਹ ਤਾਂ ਉਨ੍ਹਾਂ ਦੀ ਰੂਹਾਨੀ ਤਾਕਤ ਦੇ ਮੁਕਾਬਲੇ ਵਿੱਚ ਛੋਟੀਆਂ ਛੋਟੀਆਂ ਚੀਜਾਂ ਸਨ। ਉਹ ਰੱਬੀ ਹੁਕਮ ਅਨੁਸਾਰ ਸਭ ਕੁਝ ਕਰਦੇ ਸਨ, ਪਰ ਉਨ੍ਹਾਂ ਵਿੱਚ ਕੋਈ ਵੀ ਹੰਕਾਰ ਨਾ ਆਇਆ। ਉਹ ਆਪਣੇ-ਆਪ ਨੂੰ ਰੱਬ ਦਾ ਪੁੱਤਰ ਹੀ ਕਹਿੰਦੇ ਸਨ। ਉਹ ਲੋਕਾਂ ਨੂੰ ਬਦਲਾ ਲੈਣ ਦੀ ਭਾਵਨਾ ਵਿਚੋਂ ਬਾਹਰ ਨਿਕਲਣ ਲਈ ਕਹਿੰਦੇ ਅਤੇ ਚੰਗੇ-ਮੰਦ ਨੂੰ ਇਕ ਨਜ਼ਰ ਨਾਲ ਵਖਣ ਲਈ ਕਹਿੰਦੇ। ਲੋਕਾਂ ਨੂੰ ਦਇਆ ਰੱਖਣ ਦੀ ਭਾਵਨਾ ਦਾ ਵੀ ਉਪਦੇਸ ਦਿੰਦੇ। ਉਹ ਕਹਿੰਦੇ ਸਨ, ਜੇ ਮੈਂ ਕਹਿ ਰਿਹਾ ਹਾਂ, ਉਹ ਕੁਝ ਪਰਮਾਤਮਾ ਹੀ ਮੈਥੋਂ ਕਹਾ ਰਿਹਾ ਹੈ। ਇਸ ਵਿੱਚ ਮੇਰਾ ਆਪਣਾ ਕੁਝ ਨਹੀਂ।

9.10 ਸਲੀਬ (Saleeb):- ਦਿਨੋ-ਦਿਨ ਈਸਾ ਮਸੀਹ ਦੇ ਪੈਰੋਕਾਰਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਸੀ। ਯਹੂਦੀ ਉਨ੍ਹਾਂ ਦੇ ਦੁਸ਼ਮਣ ਬਣ ਗਏ ਸਨ। ਅਖੀਰ ਵਕਤ ਦੇ ਹਾਕਮਾਂ ਨੇ ਉਹਨਾਂ ਨੂੰ ਤਸੀਹੇ ਦਿੱਤੇ ਅਤੇ ਸੂਲੀ ਉੱਪਰ ਚੜ੍ਹਾ ਦਿੱਤਾ। ਉਨ੍ਹਾਂ ਦੀ ਉਮਰ ਉਸ ਸਮੇਂ ਕੇਵਲ 33 ਸਾਲ ਸੀ। ਉਹ ਫਰਮਾ ਰਹੇ ਸਨ, "ਪਰਮਾਤਮਾ ਇਨ੍ਹਾਂ ਨੂੰ ਮੁਆਫ ਕਰ ਦੇਵ। ਇਨ੍ਹਾਂ ਨੂੰ ਨਹੀਂ ਪਤਾ ਕਿ ਇਹ ਕੀ ਕਰ ਰਹੇ ਹਨ।"

ਈਸਾ ਨੇ ਇਹ ਪੇਸ਼ੀਨਗੋਈ ਵੀ ਕੀਤੀ ਹੈ ਕਿ ਫਿਟ ਰੱਬੀ ਅਵਤਾਰ ਜਨਮ ਲੈ ਲਵੇਗਾ ਉਹ ਲੋਕਾਂ ਨੂੰ ਨਵੇਂ ਸਿਰੇ ਤੋਂ ਰੱਬੀ ਸਿੱਖਿਆਵਾਂ ਦੇਵੇਗਾ। ਸ਼ਹੀਦੀ ਪ੍ਰਾਪਤ ਕਰਦੇ ਵਕਰ ਈਸਾ ਮਸੀਹ ਦੇ ਚਿਹਰੇ 'ਤੇ ਖੇੜਾ ਸੀ। ਮਰਨ ਉਪਰੰਤ ਵੀ ਉਹ ਜ਼ਿੰਦਾ ਸੀ। ਲੋਕਾਂ ਨੂੰ ਚਾਲੀ ਦਿਨ ਤੱਕ ਉਨ੍ਹਾਂ ਦੇ ਦੀਦਾਰ ਹੁੰਦੇ ਰਹੇ। ਇਹ ਵੀ ਪਤਾ ਲਗਦਾ ਹੈ ਕਿ ਮੌਤ ਤੋਂ ਤਿੰਨ ਦਿਨ ਮਗਰੋਂ ਈਸਾ ਮਸੀਹ ਦਾ ਕਲਬੂਰ ਅਸਮਾਨ ਵਲ ਉਡਾਰੀ ਮਾਰ ਗਿਆ ਅਤੇ ਪਰਮਾਤਮਾ ਕੋਲ ਪੁੱਜ ਗਿਆ। ਮਸੀਹ ਦੇ ਚਲਿਆ ਵਿਚ ਸ਼ਰਧਾ ਸੀ ਕਿ ਉਹ ਮੌਤ ਤੋਂ ਤਿੰਨਾ ਦਿਨਾਂ ਪਿੱਛੇ ਅਸਮਾਨ ਨੂੰ ਜਾਏਗਾ ਅਤੇ ਸਦਾ ਜੀਵਤ ਰਹੇਗਾ। ਉਹ ਆਪਣੇ ਸ਼ਰਧਾਲੂਆਂ ਨੂੰ ਸੁੱਚੀ ਸਿੱਖਿਆ ਦੇ ਕੇ ਉਨ੍ਹਾਂ ਨੂੰ ਨਰਕ ਤੋਂ ਬਚਾਏਗਾ। ਇਸ ਸਮੇਂ ਯਿਸੂ ਮਸੀਹ

ਦਾ ਧਰਮ ਸਾਰੇ ਹੀ ਮਹਾਦੀਪਾਂ ਵਿਚ ਫੈਲਿਆ ਹੋਇਆ ਹੈ। ਵਿਸ਼ੇਸ਼ ਕਰਕੇ ਯੂਰਪ, ਅਮਰੀਕਾ ਅਤੇ ਆਸਟਰੇਲੀਆ ਵਿਚ।

9.11 ਸਿੱਖਿਆਵਾਂ

ਈਸਾ ਮਸੀਹ ਨੇ ਪਰਮਾਤਮਾ ਦੇ ਸੰਬੰਧ ਵਿੱਚ ਫ਼ਰਮਾਇਆ ਕਿ ਪਰਮਾਤਮਾ ਸਵਰਗ ਵਿੱਚ ਰਹਿੰਦਾ ਹੈ। ਉਹ ਸਾਡਾ ਪਿਤਾ ਸਾਨੂੰ ਪ੍ਰੇਰਨਾ ਦਿੰਦਾ ਹੈ ਕਿ ਅਸੀਂ ਧਰਤੀ ਉੱਪਰ ਰਹਿੰਦੇ ਹੋਏ ਵੀ ਉਸ ਦੇ ਰੱਬੀ ਜੀਵਨ ਵਿੱਚ ਭਾਗੀਦਾਰ ਬਣੀਏ। ਚਰਚ ਧਰਤੀ ਉੱਪਰ ਪਰਮਾਤਮਾ ਦੀ ਹਕੂਮਤ ਹੈ। ਈਸਾ ਮਸੀਹ ਇਹ ਸਾਰੀ ਗੱਲਬਾਰ ਕਹਾਣੀਆਂ ਰਾਹੀਂ ਸਮਝਾਉਂਦੇ ਸਨ। ਇਕ ਥਾਂ ਉਹ ਲਿਖਦੇ ਹਨ ਕਿ " ਪਰਮਾਤਮਾ ਦੀ ਹਕੂਮਤ ਮੈਨੂੰ ਸਰੋਂ ਦੇ ਦਾਣੇ ਦੀ ਯਾਦ ਦਿਵਾਉਂਦੀ ਹੈ, ਜਿਸ ਨੂੰ ਬੀਜਣ 'ਤੇ ਬਹੁਤ ਵੱਡਾ ਪੌਦਾ ਬਣਦਾ ਹੈ, ਇਹ ਸਗੋਂ ਹੋਰ ਪੌਦਿਆਂ ਨਾਲੋਂ ਵੀ ਵਡੇਰਾ ਹੁੰਦਾ ਹੈ। ਉਹਨਾਂ ਦੇ ਆਖਣ ਦਾ ਭਾਵ ਇਹ ਸੀ ਕਿ ਈਸਾਈ ਧਰਮ ਵੀ ਇਸੇ ਤਰ੍ਹਾਂ ਹੀ ਫੈਲੇਗਾ।" ਇਕ ਅਮਰੀਕੀ ਵਿਦਵਾਨ ਮਿਸਟਰ ਵਿਲੀਅਮ ਜੇ.ਗੱਡੀ ਅਨੁਸਾਰ, "ਈਸਾ ਮਸੀਹ ਉਹ ਬੀਜਾਈ ਕਰਨ ਵਾਲਾ ਹੈ, ਜੋ ਪਰਮਾਤਮਾ ਦਾ ਨਾਂ ਲੋਕਾਂ ਦੇ ਮਨਾਂ ਵਿੱਚ ਬੀਜਣ ਆਇਆ।" ਸੰਖੇਪ ਵਿੱਚ ਉਹਨਾਂ ਦੀਆਂ ਸਿੱਖਿਆਵਾਂ ਦਾ ਵਰਣਨ ਅਸੀਂ ਇਸ ਤਰ੍ਹਾਂ ਕਰ ਸਕਦੇ ਹਾਂ-

9.11.1 ਪ੍ਰੇਮ ਅਤੇ ਦਇਆ (Love and Pity) ਈਸਾ ਮਸੀਹ ਕਹਿੰਦੇ ਹਨ ਕਿ ਮਨੁੱਖ ਨੂੰ ਹੋਰਨਾਂ ਨਾਲ ਉਸੇ ਤਰ੍ਹਾਂ ਪਿਆਰ ਕਰਨਾ ਚਾਹੀਦਾ ਹੈ, ਜਿਵੇਂ ਪਰਮਾਤਮਾ ਨੂੰ ਸੰਸਾਰ ਨਾਲ ਪਿਆਰ ਹੈ। ਉਹਨਾਂ ਅਨੁਸਾਰ, ਮਨੁੱਖ ਨੂੰ ਸਭ ਤੋਂ ਪਹਿਲੀ ਚਿੰਤਾ ਇਹ ਨਹੀਂ ਹੋਣੀ ਚਾਹੀਦੀ ਕਿ ਕੀ ਖਾਣਾ ਹੈ, ਕੀ ਪੀਣਾ ਹੈ, ਸਗੋਂ ਇਹ ਹੋਣੀ ਚਾਹੀਦੀ ਹੈ ਕਿ ਪਰਮਾਤਮਾ ਦੀ ਹਕੂਮਤ ਵਿੱਚ ਕਿਵੇਂ ਭਾਗੀਦਾਰ ਬਣਨਾ ਹੈ। ਲੋਕਾਂ ਨਾਲ ਪ੍ਰੇਮ ਇਸ ਕੰਮ ਨੂੰ ਆਸਾਨ ਕਰਦਾ ਹੈ। ਆਪ ਨੇ ਆਪਣੀਆਂ ਸਿੱਖਿਆਵਾਂ ਵਿਚ ਦਇਆ ਕਰਨ ਉੱਤੇ ਵੀ ਜ਼ੋਰ ਦਿੱਤਾ। ਯਜੂ- ਮਸੀਹ ਅਨੁਸਾਰ ਸਾਨੂੰ ਸਾਰੇ ਪ੍ਰਾਣੀਆਂ ਉੱਤੇ ਦਇਆ ਕਰਨੀ ਚਾਹੀਦੀ ਹੈ।

9.11.2: ਨਿਰਦੋਸ਼ ਜੀਵਨ ਜਿਉਣਾ - ਉਨ੍ਹਾਂ ਦੀਆਂ ਸਿੱਖਿਆਵਾਂ ਵਿਚ ਇਹ ਗੱਲ ਵੀ ਸ਼ਾਮਿਲ ਹੈ ਕਿ ਮਨੁੱਖ ਨੂੰ ਆਪਣਾ ਜੀਵਨ ਨਿਰਦੇਸ਼ ਹੋ ਕੇ ਗੁਜ਼ਾਰਨਾ ਚਾਹੀਦਾ ਹੈ ਜਿਵੇਂ ਇਕ ਬਾਲਕ ਦਾ ਹੁੰਦਾ ਹੈ। ਇਕ ਹੋਰ ਉਪਮਾ ਰਾਹੀਂ ਉਨ੍ਹਾਂ ਨੇ ਮਨੁੱਖ ਨੂੰ ਭੇਡ ਦੇ ਲੇਲੇ ਵਾਂਗ ਬਣਨ ਲਈ ਆਖਿਆ ਹੈ ਜੋ ਨਿਰਦੇਸ਼ ਹੁੰਦਾ ਹੈ ਅਤੇ ਜੇ ਕੋਈ ਹਿੰਸਾ ਨਹੀਂ ਕਰਦਾ ਅਤੇ ਨਾ ਕਿਸੇ ਦੀ ਹੱਤਿਆ ਕਰਦਾ ਹੈ।

9.12.3. ਚਿੰਤਾ ਨਾ ਕਰਨਾ (Not to be worried):- ਕਿਸੇ ਗੱਲ ਦੀ ਚਿੰਤਾ ਨਾ ਰੱਖੋ, ਪਰਮਾਤਮਾ ਖੁਦ ਸਭ ਕੁਝ ਦਿੰਦਾ ਹੈ। ਉਸ ਨੂੰ ਆਪ ਫਿਕਰ ਹੈ। ਤੁਸੀਂ ਜੋ ਪਰਮਾਤਮਾ ਤੋਂ ਮੰਗੋਗੀ, ਆਪੇ ਦੇਵੇਗਾ, ਜੇਕਰ ਤੁਹਾਡਾ ਉਸ ਨਾਲ ਪਿਆਰ ਹੈ। ਪਰਮਾਤਮਾ ਅੱਗੇ ਪ੍ਰਾਰਥਨਾ ਕਰਨ ਲੱਗੇ ਘੱਟ ਸ਼ਬਦਾਂ ਵਿੱਚ ਪ੍ਰਾਰਥਨਾ ਕਰੋ। ਉਹ ਖ਼ੁਦ ਤੁਹਾਡੇ ਮਨ ਦੀ ਤੁਹਾਥੋਂ ਪਹਿਲਾ ਸਮਝਦਾ ਹੈ। ਤੁਹਾਡੀ ਚਿੰਤਾ ਦੂਰ ਹੋ ਜਾਵੇਗੀ।

9.12.4. ਗੁਆਦ ਬਾਰੇ (About Neighbour):- ਮਸੀਹ ਨੇ ਇਸ ਗੱਲ ਦਾ ਉਂਠ ਦੇਣ ਦਾ ਯਤਨ ਕੀਤਾ ਕਿ ਤੁਹਾਡਾ ਗੁਆਵੀ ਕੌਣ ਹੈ। ਉਹਨਾਂ ਕਿਹਾ ਕਿ ਗੁਆਈ : ਮਤਲਬ ਇਹ ਨਹੀਂ ਕਿ ਕੋਈ ਵਿਅਕਤੀ ਸਮਾਜਿਕ ਤੌਰ 'ਤੇ ਤੁਹਾਡੇ ਨਾਲ ਮੇਲ-ਮਿਲ ਰੱਖਦਾ ਹੋਵੇ ਸਗੋਂ ਇਹ ਹੈ ਕਿ ਉਹ ਹਰੇਕ ਵਿਅਕਤੀ ਜੋ ਦੁੱਖ ਵਿੱਚ ਗੁਹਾਰਾ ਗੁਆਈ। ਤੁਹਾਨੂੰ ਉਸ ਦੀ ਹਰ ਢੰਗ ਨਾਲ ਸਹਾਇਤਾ ਕਰਨੀ ਚਾਹੀਦੀ ਹੈ। ਦੁੱਖੀਆ ਉੱਪਰ ਦਰਿਆ ਬਰਠੀ ਚਤੁਤੀ ਚੀਨ ਹੈ। ਈਸਾ ਮਸੀਹ ਫਰਮਾਉਂਦੇ ਹਨ ਕਿ ਆਪਣ ਗੁਆਈ ਨਾਲ ਰੱਜ ਕੇ ਪਿਆਰ ਕ ਜਿਵ ਤੁਸੀਂ ਖ਼ੁਦ ਨਾਲ ਕਰਦੇ ਹੋ। ਉਹ ਵਿਅਕਤੀ ਜਿਹੜਾ ਇਹ ਕਹਿੰਦਾ ਹੈ ਕਿ ਮੈਂ ਪਰਮਾਤ/ ਨੂੰ ਪਿਆਰ ਕਰਦਾ ਹਾਂ, ਝੂਠਾ ਨਿਕਲਦਾ ਹੈ ਜੇਕਰ ਉਹ ਆਪਣੇ ਭਰਾਵਾਂ (ਸਾਥੀਆਂ) ਨ ਪਿਆਰ ਨਹੀਂ ਕਰਦਾ।

9.12.5. ਹਵਸ ਨਾ ਹੋਣੀ (Having no lust)-ਆਪ ਅਨੁਸਾਰ, ਕਿਸੇ ਔਰਰ ਨੂੰ ਨਜ਼ਰ ਨਾਲ ਵੇਖਣਾ ਉਸ ਨਾਲ ਮਨ ਵਿੱਚ ਵਿਭਚਾਰ ਕਰਨਾ ਹੈ। ਜੇਕਰ ਮਨੁੱਖ ਦੀ ਸੱਜੀ ਅ ਉਸ ਤੋਂ ਪਾਪ ਕਰਵਾਉਂਦੀ ਹੈ, ਤਾਂ ਉਸ ਅੱਖ ਨੂੰ ਬਾਹਰ ਕੱਢ ਕੇ ਸੁੱਟ ਦੇਣਾ ਚਾਹੀਦਾ | - ਜੇਕਰ ਕਿਸੇ ਵਿਅਕਤੀ ਦਾ ਹੱਥ ਉਸ ਤੋਂ ਪਾਪ ਕਰਵਾਉਂਦਾ ਹੈ, ਤਾਂ ਉਸ ਨੂੰ ਕੱਟ ਦਿਰ ਜਾਣਾ ਚਾਹੀਦਾ ਹੈ।

9.12.6. ਖਿਮਾ for (Forgiveness) ਈਸਾ ਮਸੀਹ ਖਿਮਾ 'ਤੇ ਜ਼ੋਰ ਦਿੰਦੇ ਹੋਏ ਕਹਿੰਦੇ # E ਕਿ ਤੁਸੀਂ ਆਪਣੇ ਦੁਸ਼ਮਣਾਂ ਨਾਲ ਵੀ ਪਿਆਰ ਕਰੋ ਅਤੇ ਉਹਨਾਂ ਦੇ ਲਈ ਪਰਮਾਤਮਾ ਆ ਚੰਗੀ ਪ੍ਰਾਰਥਨਾ ਕਰੋ। ਈਸਾ ਮਸੀਹ ਨੇ ਮਰਦੇ ਸਮੇਂ ਇਹ ਕਿਹਾ ਸੀ- "ਲੋਕਾਂ ਨੂੰ ਲੜ ਹੋਣ 'ਤੇ ਕਰਜ਼ਾ ਦਿਓ, ਸੇਵਾ ਕਰੋ, ਪਰੰਤੂ ਬਦਲੇ ਵਿੱਚ ਕੋਈ ਆਸ।

ਇਸੇ ਤਰ੍ਹਾਂ ਉਨ੍ਹਾ ਨੇ ਆਖਿਆ ਹੈ ਕਿ ਕੋਈ ਤੁਹਾਡੇ ਮੂੰਹ ਉੱਪਰ ਚੰਡ ਮਾਰੇ ਤਾਂ ਦੂਰ ਗਲ੍ਹ ਵੀ ਉਸ ਵਲ ਕਰ ਦਿਓ। ਬੁਰਾਈ ਦਾ ਟਾਕਰਾ ਬੁਰਾਈ ਨਾਲ ਨਹੀਂ ਖਿਮਾ ਅਤੇ ਸਹਿ ਨਾਲ ਕਰੋ। ਇਵੇਂ ਹੀ ਉਹਨਾਂ ਦਾ ਕਥਨ ਹੈ 'ਜੇ ਕੋਈ ਸੱਤਰ ਵਾਰ ਵੀ ਅਪਰਾਧ ਕਰੇ ਤਾਂ ਸੱਰ ਵਾਰ ਹੀ ਖਿਮਾ ਕਰ ਦਿਓ।"

9.12. 7. ਹੇਰਨਾਂ ਨੂੰ ਰੱਦ ਕਰਨਾ (Condemning others) ਦੀਸਾ ਮਸੀਹ ਵਰਮਾਉ। ਹਨ ਕਿ ਦੂਜਿਆਂ 'ਤੇ ਗਲਤ ਦੇਸ਼ ਨਹੀਂ ਲਾਉਣੇ ਚਾਹੀਦੇ। ਤੁਸੀਂ ਹੋਰਨਾਂ ਦੇ ਦੇਸ਼ ਲਗਾਉਣ ਤਾਂ ਪਰਮਾਤਮਾ ਤੁਹਾਡੇ 'ਤੇ ਦੋਸ਼ ਲਗਾਵੇਗਾ। ਉਹ ਫਰਮਾਉਂਦੇ ਹਨ, ਤੂੰ ਆਪਣੀ ਅੱਖਾਂ ਵਿਚ ਸਤੀਕ ਨੂੰ ਵੇਖ ਨਹੀਂ ਸਕਦਾ, ਪਰ ਹੋਰਨਾਂ ਦੀ ਅੱਖ ਦਾ ਤੀਲਾ ਤੈਨੂੰ ਚੁੱਕਦਾ ਹੈ। ਈਸਾ ਮਸੀਹ ਕਹਿੰਦੇ ਹਨ ਕਿ ਸਰੀਰ ਦੀ ਦਵਾ ਅੱਖ ਹੈ। ਇਸ ਲਈ ਜੇਕਰ ਤੇਰੀ ਸਾਫ ਹੈ ਤਾਂ ਤੇਰਾ ਸਾਰਾ ਸਰੀਰ ਚਾਣਨ ਨਾਲ ਕਰਿਆ ਹੋਵੇਗਾ।

9.12.8 ਸ਼ਰਨ (Refage): ਈਸਾ ਮਸੀਹ ਨੇ ਇਹ ਵੀ ਫ਼ਰਮਾਇਆ ਹੈ ਕਿ ਜੇ ਉਸ ਜਰਨ ਵਿੱਚ ਆਉਣਗੇ ਰੁੱਖ ਫੇਰ ਉਨ੍ਹਾਂ ਨੂੰ ਨਹੀਂ ਸਤਾਵਗੀ। ਉਹ ਇਸ ਤੋਂ ਉੱਪਰ ਉ ਆਤਮਿਕ ਪੱਧਰ 'ਤੇ ਵਿਚਰਨਗ। ਈਸਾ ਮਸੀਹ ਨੇ ਆਪਣੇ ਪੈਰੋਕਾਰਾ ਨੂੰ ਮੁਕਤੀ ਦਿਲਾਉਣ ਦਾ ਵਿਸ਼ਵਾਸ ਦਿਲਾਇ ਕਿ ਉਹ ਵਰਮਾਉਂਦੇ ਹਨ। ਜਿਹੜਾ ਮੇਰਾ ਮਾਸ ਪਾਵੇਗਾ ਅਤੇ ਮੇਰਾ ਖ਼ੂਨ ਪੀਵੇਗਾ. ਜੇ ਉਸ ਅੰਤਿਮ ਦਿਨ ਨੂੰ ਮੁਰਕਿਆ ਵਿਚੋਂ ਉਠਾ ਲਵਾਂਗਾ। ਅਰਥਾਤ ਉਨ੍ਹਾਂ ਦੇ ਅਸੂਲਾ ਤੋਂ ਤਾਂ

9.12.9 ਭਗਵਾਨ ਉੱਤੇ ਵਿਸ਼ਵਾਸ - ਈਸਾ ਮਸੀਹ ਜੀ ਨੇ ਭਗਵਾਨ ਉੱਤੇ ਵਿਸ਼ਵਾਸ ਕਰਨ ਉੱਤੇ ਵੀ ਜ਼ੋਰ ਦਿੱਤਾ। ਉਨ੍ਹਾਂ ਦੀ ਸਿੱਖਿਆ ਹੈ ਕਿ ਭਗਵਾਨ ਉੱਪਰ ਨਿਸ਼ਚਾ ਰੱਖੋ। ਉਹ ਸਾਰਿਆ ਦੀ ਪਾਲਣਾ ਕਰਦਾ ਹੈ। ਆਕਾਸ਼ ਵਿਚ ਉੱਡਣ ਵਾਲੇ ਪੰਛੀਆਂ ਨੂੰ ਵੀ ਚੰਗਾ ਦਿੰਦਾ ਹੈ ਅਤੇ ਵਣਾ ਵਿਚ ਉੱਗਣ ਵਾਲੇ ਸੁੰਦਰ ਫੁੱਲਾਂ ਨੂੰ ਸੁੰਦਰ ਰੰਗ-ਰੂਪ ਪ੍ਰਦਾਨ ਕਰਦਾ ਹੈ। ਜਿਸ ਵਿਚ ਸ਼ਰਧਾ ਅਤੇ ਨਿਸਚਾ ਨਹੀਂ ਉਹ ਕੁਝ ਪ੍ਰਾਪਤ ਨਹੀਂ ਕਰ ਸਕਦਾ ਹੈ।

9.12.10. ਅੰਤਿਮ ਦਿਨ (Final Day)ਅੰਤਿਮ ਦਿਨ ਹਨ ਕਿ ਪਾਪੀ ਅਤੇ ਧਰਮੀ ਦੇ ਹਿੱਸਿਆਂ ਵਿੱਚ ਵੰਡੇ ਜਾਣਗੇ। ਧਰਮੀਆਂ ਨੂੰ ਮੁਕਤੀ ਪ੍ਰਾਪਤ ਹੋਵੇਗੀ, ਪਰ ਅਧਰਮੀ ਪਾਪੀਆਂ ਨੂੰ ਸਦੀਵੀ ਅੱਗ ਵਿੱਚ ਜਲਣਾ ਪਵੇਗਾ। ਪਾਪ ਕੀ ਹੈ, ਇਸ ਉੱਪਰ ਵੀ ਈਸਾ ਮਸੀਹ ਨੇ ਚਾਣਨਾ ਪਾਇਆ ਹੈ। ਪਾਪ ਪਰਮਾਤਮਾ ਦੇ ਨਿਯਮਾਂ ਨੂੰ ਭੰਗ ਕਰਨ ਦਾ ਨਾਂ ਹੈ। ਈਸਾ ਮਸੀਹ ਆਤਮਾ ਦੀ ਹੋਂਦ ਨੂੰ ਮੰਨਦੇ ਹਨ। ਇਸ ਦਾ ਨਿਰਮਾਣ ਪਰਮਾਤਮਾ ਨੇ ਕੀਤਾ, ਪਰ ਇਹ ਅਮਰ ਹੈ। ਇਸ ਦਾ ਕੋਈ ਨਾਸ਼ ਨਹੀਂ ਹੁੰਦਾ।

9.12.11. ਲੋਭ ਦਾ ਵਿਰੋਧ (Opposition the Greed):- ਹਜ਼ਰਤ ਈਸਾ ਮਸੀਹ ਲੋਭ ਦੇ ਵਿਰੁੱਧ ਸਨ। ਇਕ ਵਿਅਕਤੀ ਭਗਵਾਨ ਈਸਾ ਮਸੀਹ ਦੇ ਸਾਹਮਣੇ ਆਇਆ ਕਿ ਮੈਂ ਕਿਹੜਾ ਕੰਮ ਕਰਾਂ, ਜਿਸ ਨਾਲ ਮੈਨੂੰ ਸਦੀਵੀ ਜੀਵਨ ਪ੍ਰਾਪਤ ਹੋਵੇ ਤਾਂ ਉਨ੍ਹਾਂ ਉੱਤਰ ਦਿੱਤਾ। ਕਿ ਲਾਲਚ ਨਾ ਕਰੋ, ਕਿਸੇ ਨੂੰ ਕਤਲ ਨਾ ਕਰ, ਝੂਠੀ ਗਵਾਹੀ ਨਾ ਦਿਉ ਅਤੇ ਵਿਭਚਾਰ ਨਾ ਕਰੋ। ਜਿਹੜਾ ਵਿਅਕਤੀ ਲੋਭ ਵਿੱਚ ਪੈਂਦਾ ਹੈ, ਉਸ ਨੂੰ ਸਵਰਗ ਦੀ ਪ੍ਰਾਪਤੀ ਨਹੀਂ ਹੋ ਸਕਦੀ।

9.11.12. ਭਾਣਾ ਮੰਨਣਾ(Following the will of God) ਪ੍ਰਭੂ ਈਸਾ ਮਸੀਹ ਨੇ ਹਮੇਸ਼ਾ ਇਸ ਗੱਲ ਉੱਪਰ ਜ਼ੋਰ ਦਿੱਤਾ ਕਿ ਪਰਮਾਤਮਾ ਹੀ ਸਭ ਕੁਝ ਹੈ, ਪਰ ਉਸ ਦੇ ਹੁਕਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਉਹਨਾਂ ਦਾ ਕਹਿਣਾ ਹੈ ਕਿ ਸੰਸਾਰ ਵਿਚ ਜੋ ਕੁਝ ਹੁੰਦਾ ਹੈ, ਉਹ ਪ੍ਰਭੂ ਦੀ ਮਰਜ਼ੀ ਨਾਲ ਹੁੰਦਾ ਹੈ। ਉਨ੍ਹਾਂ ਨੇ ਇੱਥੋਂ ਤੱਕ ਉਪਦੇਸ਼ ਦਿੱਤਾ ਕਿ ਜਿਹੜਾ ਉਸ ਪ੍ਰਭੂ ਦੇ ਭਾਣੇ ਵਿੱਚ ਰਹਿੰਦਾ ਹੈ, ਉਹ ਉਨ੍ਹਾਂ ਦਾ ਵੀਰ ਹੈ, ਉਹੀ ਉਸ ਦੀ ਭੈਣ ਹੈ ਤੇ ਉਹੀ ਉਸ ਦੀ ਮਾਤਾ ਹੈ।

9.12.13. ਅਸਲੀ ਧਨ (Real Wealth)ਆਪ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਨਕਲੀ ਧਨ ਦਾ ਕੋਈ ਲਾਭ ਨਹੀਂ ਅਸਲੀ ਧਨ ਇੱਕਠਾ ਕਰਨਾ ਚਾਹੀਦਾ ਹੈ। ਇਹ ਧਨ ਪਰਮਾਤਮਾ ਦਾ ਨਾਮ ਹੈ, ਜਿਸ ਨੂੰ ਜੰਗਾਲ ਨਹੀਂ ਲੱਗਦਾ। ਉਨ੍ਹਾਂ ਇਹ ਵੀ ਕਿਹਾ ਕਿ ਤੁਸੀ ਪਰਮਾਤਮਾ ਅਤੇ ਧਨ ਦੌਲਤ ਦੀ ਇੱਕਠੀ ਸੇਵਾ ਨਹੀਂ ਕਰ ਸਕਦੇ। ਉਹਨਾਂ ਦਾ ਫੁਰਮਾਣ ਹੈ। ਧਨਾਢ ਲੋਕ ਜੋ ਧਨ ਦੇ ਪਿੱਛੇ ਲੱਗੇ ਹਨ। ਰੱਬ ਤੋਂ ਬੇਮੁੱਖ ਹੁੰਦੇ ਹਨ। ਧਨਾਢ ਲਈ ਸਵਰਗ ਫਿਰ ਜਾਣਾ ਉਸ ਤੋਂ ਵੱਧ ਔਖਾ ਹੈ ਜਿੰਨਾਂ ਕਿ ਊਠ ਲਈ ਸੂਈ ਦੇ ਨੱਕ ਵਿਚੋਂ ਲੰਘਣਾ।

9.12.14. ਸੇਵਾ

ਉਪਦੇਸ਼ ਦਿੱਤਾ ਕਿ ਪਰਮਾਤਮਾ ਦੀ ਨਜ਼ਰ ਵਿੱਚ ਉਹੀ ਉੱਚ ਦਰਜਾ ਪ੍ਰਾਪਤ ਕਰ ਸਕਦਾ ਹੈ, ਜਿਹੜਾ ਆਪਣੇ-ਆਪ ਨੂੰ ਨੀਵਾਂ ਸਮਝ ਕੇ ਸਭ ਦੀ ਸੇਵਾ ਕਰਦਾ ਹੈ। ਉਨ੍ਹਾਂ ਨੇ ਹਾਕਮਾਂ ਨੂੰ ਵੀ ਇਹ ਸਲਾਹ ਦਿੱਤੀ ਕਿ ਉਹ ਆਪਣੀ ਤਾਕਤ ਉੱਪਰ ਮਾਣ ਨਾ ਕਰਨ ਸਗੀ ਲੋਕਾਂ ਦੇ ਸਵਾਦਾਰ ਸਰ ਦੇ ਰਹਿਣ।

9.12.15 ਸਹਿਣਸ਼ੀਲਤਾ- ਆਪ ਨੇ ਸਹਿਣਸ਼ੀਲਤਾ ਉੱਤੇ ਵੀ ਜ਼ੋਰ ਦਿੱਤਾ। ਉਹਨਾਂ ਨੇ ਇੱਥੋਂ ਤੱਕ ਕਿਹਾ ਕਿ ਆਪਣੇ ਵੈਰੀਆਂ ਨਾਲ ਵੀ ਘ੍ਰਿਣਆ ਨਹੀਂ ਕਰਨੀ ਚਾਹੀਦੀ। ਉਨ੍ਹਾਂ ਪ੍ਰਤੀ ਵੀ ਸਹਿਨਸ਼ੀਲਤਾ ਦੀ ਨੀਤੀ ਅਪਨਾਉਣੀ ਵਾਹੀਦੀ ਹੈ। ਭਰ ਦੁਸ਼ਮਣ ਦੋਸਤ ਨੂੰ ਇਕੋ ਨਜ਼ਰ ਨਾਲ ਵੇਖਣਾ ਚਾਹੀਦਾ ਹੈ, ਕਿਉਂਕਿ ਪਰਮਾਤਮਾ ਵੀ ਦੇ ਅਤੇ ਮਾੜੇ ਵਿਚਕਾਰ ਅੰਤਰ ਨਹੀਂ ਕਰਦੇ। ਉਹ ਆਪਣੀ ਮਿਹਰਬਾਨੀ ਈਮਾਨਦਾਰਾਂ ਬੇਈਮਾਨਾਂ ਦੋਹਾਂ 'ਤੇ ਕਰਦਾ ਹੈ।

9.12.16. ਸਹੁੰ ਨਾ ਖਾਣਾ (Not taking Oath)— ਸ੍ਰੀ ਸੀ. ਐਲ. ਪੰਜਾਬੀ ਨੇ ਭਗਵ ਈਸਾ ਜੀ ਦੀ ਸਿੱਖਿਆ ਇਸ ਤਰ੍ਹਾਂ ਦਿੱਤੀ ਹੈ- "ਤੁਸੀਂ ਇਹ ਵੀ ਸੁਣ ਚੁੱਕੇ ਹੋ ਕਿ ਪ੍ਰਾਵ ਕਾਲ ਵਿੱਚ ਸਾਡੇ ਪੁਰਖਿਆਂ ਨੂੰ ਕਿਹਾ ਗਿਆ ਸੀ ਕਿ ਝੂਠੀ ਸਹੁੰ ਨਾ ਚੁੱਕਣਾ, ਸਗੋਂ ਆ ਸਹੁੰ ਪ੍ਰਭੂ ਦੇ ਸਾਹਮਣੇ ਪੂਰੀ ਕਰਨਾ, ਪਰ ਮੈਂ ਤੁਹਾਨੂੰ ਕਹਿੰਦਾ ਹਾਂ ਕਦੀ ਵੀ ਸਹੁੰ ਨਾ ਚੁੱਕ ਨਾ ਆਕਾਸ਼ ਦੀ ਕਿਉਂਕਿ ਉਹ ਪਰਮੇਸ਼ਰ ਦਾ ਸਿੰਘਾਸਨ ਹੈ, ਨਾ ਹੀ ਧਰਤੀ ਦੀ ਕਿਉਂਕਿ ਪਰਮੇਸ਼ਰ ਦੇ ਪੈਰਾਂ ਦੀ ਚੱਕੀ ਹੈ, ਨਾ ਹੀ ਯੇਰੂਸ਼ਲਮ ਦੀ ਕਿਉਂਕਿ ਉਹ ਮਲਕ ਰਾਜ ਦਾ ਸ ਹੈ। ਇੱਥੋਂ ਤੱਕ ਕਿ ਆਪਣੇ ਸਿਰ ਦੀ ਵੀ ਸਹੁੰ ਨਾ ਚੁੱਕਣਾ, ਕਿਉਂਕਿ ਤੂੰ ਆਪਣੇ ਸਿਰ: ਇਕ ਵਾਲ ਵੀ ਚਿੱਟਾ ਜਾਂ ਕਾਲਾ ਨਹੀਂ ਕਰ ਸਕਦਾ। ਬਸ ਤੁਹਾਡੀ ਗੱਲਬਾਤ ਵਿੱਚ ਹਾਂ। ਥਾਂ ਹਾਂ ਅਤੇ ਨਾ ਦੀ ਥਾਂ ਨਾ, ਹੀ ਹੋਣੀ ਚਾਹੀਦੀ ਹੈ, ਕਿਉਂਕਿ ਇਸ ਤੋਂ ਜ਼ਿਆਦਾ ਜੋ ਕੁਝ ਹੈ, ਉਸ ਦੀ ਜੜ੍ਹ ਬੁਰਾਈ ਹੈ।

9.12. 17. ਨਿਰਧਨ ਹੋਣਾ ਬੁਰਾ ਨਹੀਂ (It is not bad to be poor):- ਜੇਕਰ ਵਿਅਕਤੀ ਗਰੀਬ ਹੈ ਤਾਂ ਉਸ ਨੂੰ ਘਬਰਾਉਣਾ ਨਹੀਂ ਚਾਹੀਦਾ। ਭਗਵਾਨ ਈਸਾ ਉਪਦੇਸ਼ ਦਿੰਦੇ ਹਨ- "ਉਹ ਕਿਤਨੇ ਭਾਗਵਾਨ ਲੋਕ ਹਨ, ਜਿਹੜੇ ਇਹ ਜਾਣਦੇ ਹਨ ਕਿ ਕਿ ਨਿਰਧਨ ਹਨ ਅਤੇ ਸਵਰਗ ਉਨ੍ਹਾਂ ਦੀ ਮਲਕੀਅਤ ਹੈ।"

9.13 'ਯਸੂ ਮਸੀਹ ਦਾ ਪਹਾੜੀ ਉਪਦੇਸ਼ (Sermon on the Mountain of Jesus Christ)

ਯੇਰੂਸ਼ਲਮ ਦੇ ਪਵਿੱਤਰ ਪੂਜਾ ਸਥਾਨ ਤੇ ਯੀਸੂ ਦੁਆਰਾ ਅਧਿਆਕਾਰੀਆਂ ਅਤੇ ਪੁਜਾਰੀਆਂ ਦੀ ਅਣਦੇਖੀ ਕਰਕੇ ਸੁਦਾਗਰਾਂ ਨੂੰ ਜ਼ਬਰਦਸਤੀ ਬਾਹਰ ਕੱਢ ਦਿੱਤੇ ਵਿਚ ਨਾਲ ਉਸ ਦੇ ਬਹੁਤ ਸਾਰੇ ਪ੍ਰਸ਼ੰਸਕ ਤੇ ਪੈਰੋਕਾਰ ਬਣ ਗਏ। ਦੂਜੇ ਪਾਸੇ ਪੁਜਾਰੀ ਅਤੇ ਧਾਰਮਿਕ ਨੇਤਾ ਉਸ ਦੇ ਘੋਰ ਵੈਰੀ ਬਣ ਗਏ। ਸਾਲਾਨਾ ਤਿਉਹਾਰ ਮਗਰੋਂ ਯੀਸੂ ਗਲੀਲੀ ਪਰਤ ਅਤੇ ਉਸ ਨੇ ਨਜਰਥ ਅਤੇ ਕਾਨਾ ਵਿਚ ਆਪਣੇ ਧਰਮ ਦਾ ਉਪਦੇਸ਼ ਦਿੱਤਾ। ਇਥੋਂ ਉਹ ਕੈਪਰਨਾਮ ਪਹੁੰਚੇ ਜੋ ਕਿ ਗਲੀਲੀ ਝੀਲ ਦੇ ਕਿਨਾਰੇ ਤੇ ਇਕ ਪਿੰਡ ਸੀ। ਕੈਪਰਨਾਮ ਵਿਚ ਪੀਟਰ ਅਤੇ ਐਂਡਰਿਉ ਨਾਮੀ ਦੋ ਮਛੇਰੇ ਉਸ ਦੇ ਚੇਲੇ ਬਣ ਗਏ ਅਤੇ ਉਸ ਨੂੰ ਮਸੀਹੀ ਅਵਤਾਰ ਮੰਨਣ ਲੱਗ ਪਏ। ਯੀਸੂ ਮਸੀਹ ਨੇ ਇਹਨਾਂ ਮਛੇਰਿਆਂ ਨੂੰ ਧਰਮ ਦਾ ਉਪਦੇਸ਼ ਦਿੱਤਾ। ਉਸ ਦੀ ਪ੍ਰਸਿੱਧੀ ਦੇ ਪਰਨਾਮ ਦੇ ਨੇੜੇ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਫੈਲਣ ਲੱਗੀ।ਦੇਸ਼ ਵਿੱਚ ਕਹਾਣੀਆਂ ਰਾਜ ਦੇ ਚਾਰੇ ਪਾਸੇ ਫੈਲ ਗਈਆਂ ਅਤੇ ਦੂਰ-ਦੂਰ ਤੋਂ ਲੋਕ ਮਛੇਰਿਆਂ ਦੇ ਵੇਖ ਪਿੰਡ ਵਿਚ ਨਜਰਬ ਦੇ

ਜੁਆਨ ਤਰਖਾਣ ਨੂੰ ਦੇਖਣ ਅਤੇ ਸੁਣਨ ਆਉਣ ਲੱਗ ਪਏ ਵਾਰ ਵਾਰ ਜਦੋਂ ਕੈਪਰਨਾਮ ਨੇੜੇ ਯੀਸੂ ਦੇ ਉਪਦੇਸ਼ਾਂ ਨੂੰ ਸੁਣਨ ਲਈ ਇਕ ਵੱਡੀ ਗਰ ਇਕੱਠੀ ਹੋ ਗਈ ਤਾਂ ਉਸ ਨੇ ਉਸ ਨੂੰ ਉਹ ਪ੍ਰਸਿੱਧ ਉਪਦੇਸ਼ ਦਿੱਤਾ ਜੋ ਕਿ ਪਹਾੜੀ ਤੇ ਉਪਦੇਸ਼ (Sermon on the Mountain) ਅਖਵਾਉਂਦਾ ਹੈ। ਇਹ ਉਪਦੇਸ਼ ਯੀਸੂ ਦੇ ਉਪਦੇਸ਼ਾਂ ਦਾ ਸਾਰ ਹੈ। ਇਹ ਉਪਦੇਸ਼ ਹੇਠ ਲਿਖੇ ਅਨੁਸਾਰ ਹਨ -

1. ਉਹ ਧੰਨ ਹਨ ਜੋ ਦਿਲੋਂ ਗ਼ਰੀਬ ਹਨ, ਕਿਉਂਕਿ ਸਵਰਗ ਦਾ ਰਾਜ ਉਨ੍ਹਾਂ ਨੂੰ ਹੀ ਮਿਲੇਗਾ।
2. ਉਹ ਧੰਨ ਹਨ, ਜੋ ਗ਼ਮ ਬਰਦਾਸ਼ਤ ਕਰਦੇ ਹਨ ਕਿਉਂ ਜੋ ਉਨ੍ਹਾਂ ਨੂੰ ਸ਼ਾਂਤੀ ਪ੍ਰਾਪਤੀ ਤਦੇਗੀ।
3. ਉਹ ਧੰਨ ਹਨ, ਜੋ ਹਲੀਮੀ ਨਾਲ ਰਹਿੰਦੇ ਹਨ ਕਿਉਂ ਜੋ ਉਹ ਇਸ ਧਰਤੀ ਦੇ ਵਾਰਸ ਹੋਣਗੇ।
4. ਉਹ ਧੰਨ ਹਨ ਜੋ ਨੇਕੀ ਦੇ ਭੁੱਖੇ ਤੇ ਪਿਆਸੇ ਹਨ, ਕਿਉਂ ਜੋ ਉਹ ਰਜਾਏ ਜਾਣਗੇ।
5. ਉਹ ਧੰਨ ਹਨ ਜੋ ਦਿਆਵਾਨ ਹਨ ਕਿਉਂ ਜੋ ਉਨ੍ਹਾਂ 'ਤੇ ਦਿਆ ਕੀਤੀ ਜਾਵੇਗੀ।
6. ਉਹ ਧੰਨ ਹਨ ਜੋ ਦਿਲੋਂ ਪਵਿੱਤਰ ਹਨ, ਕਿਉਂ ਜੋ ਉਹ ਹੀ ਪ੍ਰਭੂ ਪ੍ਰਮੇਸ਼ਵਰ ਨੂੰ ਦੇਖ ਸਕਣਗੇ।
7. ਉਹ ਧੰਨ ਹਨ, ਜਿਹੜੇ ਸੁਲਹ ਕਰਾਉਂਦੇ ਹਨ, ਕਿਉਂ ਜੋ ਉਹ ਖ਼ੁਦਾ ਦੇ ਪੁੱਤਰ ਅਖਵਾਉਣਗੇ।
8. ਉਹ ਧੰਨ ਹਨ ਜਿਨ੍ਹਾਂ ਨੂੰ ਨੇਕੀ ਦੇ ਕਾਰਨ ਸਤਾਇਆ ਗਿਆ ਹੈ, ਕਿਉਂ ਜੋ ਸਵਰਗਾਂ ਦਾ ਰਾਜ ਉਹ ਹੀ ਪ੍ਰਾਪਤ ਕਰਨਗੇ।
9. ਤੁਸੀਂ ਧੰਨ ਹੋ ਜਦੋਂ ਤੁਹਾਨੂੰ ਮੇਰੇ ਕਾਰਨ ਲੋਕ ਬੁਰਾ-ਭਲਾ ਕਹਿਣ, ਬੋਲੀਆਂ ਮਾਰਨ ਅਤੇ ਸਤਾਉਣ, ਉਸ ਸਮੇਂ ਖੁਸ਼ ਅਤੇ ਪ੍ਰਸੰਨ ਰਹਿਣਾ, ਕਿਉਂ ਜੋ ਆਸਮਾਨ (ਸਵਰਗ)ਵਿਚ ਤੁਹਾਡਾ ਫਲ ਬਹੁਤ ਹੋਵੇਗਾ। ਇਹ ਲੋਕ ਉਹ ਹੀ ਹਨ। ਜਿਨ੍ਹਾਂ ਨੇ ਤੁਹਾਡੇ ਤੋਂ ਪਹਿਲਾਂ ਹੀ ਨਬੀਆਂ/ਅਵਤਾਰਾਂ ਨੂੰ ਏਸੇ ਤਰ੍ਹਾਂ ਹੀ ਸਤਾਇਆ/ਤੜਪਾਇਆ ਸੀ। ਯਿਸੂ ਨੇ ਆਖਿਆ ਕਿ ਤੁਸੀਂ ਧਰਤੀ ਉੱਤੇ ਲੂਣ ਵਾਂਗ ' ਹੋ। ਜੇਕਰ ਲੂਣ ਆਪ ਹੀ ਬੇਸੁਆਦ ਹੋ ਜਾਵੇ ਤਾਂ ਫੇਰ ਉਸ ਨੂੰ ਕਿਸ ਤਰ੍ਹਾਂ ਨਮਕੀਨ ਕੀਤਾ ਜਾ ਸਕਦਾ ਹੈ। ਉਹ ਲੂਣ ਫੇਰ ਕਿਸੇ ਕੰਮ ਦਾ ਨਹੀਂ ਰਹਿੰਦਾ। ਬਾਹਰ ਸੁੱਟ ਦਿੱਤਾ ਜਾਂਦਾ ਹੈ।

ਅੱਗੇ ਜਾ ਕੇ ਯਸੂ ਮਸੀਹ ਨੇ ਰੱਬੀ ਬਾਣੀ ਨੂੰ ਅੱਗ ਨਾਲ ਉਪਮਾ ਦਿੰਦਿਆਂ ਕਿਹਾ ਹੈ ਜਦ ਤੱਕ ਮਨੁੱਖ ਅੰਦਰ ਰੱਬੀ ਬਾਣੀ ਪ੍ਰਵੇਸ਼ ਨਹੀਂ ਕਰਦੀ। ਉਸ ਦਾ ਕੋਈ ਕੰਮ ਵੀ ਨੇਕੀ ਜਿਨ੍ਹਾਂ ਨਹੀਂ ਹੋ ਸਕਦਾ ਤੇ ਮਰਦ ਬੇਸਲੂਣਾ ਰਹਿੰਦਾ ਹੈ। ਯਸੂ ਮਸੀਹ ਨੇ ਆਖਿਆ ਮੈਂ ਧਰਤੀ ਤੇ ਅੱਗ ਭੜਕਾਉਣ ਆਇਆ ਹਾਂ ਅਤੇ ਜੇਕਰ ਜੇਕਰ ਇਹ ਅੱਗ ਲੱਗ ਚੁੱਕੀ ਹੁੰਦੀ ਤਾਂ ਹੋਰ ਵੀ ਚੰਗਾ ਹੁੰਦਾ।" ਇਹ ਅੱਗ ਜਿਸ ਨੂੰ ਰੱਬੀ ਬਾਣੀ ਕਿਹਾ ਗਿਆ ਹੈ , ਬਾਰੇ ਮਸੀਹ ਤੋਂ ਪਹਿਲਾਂ ਯਰਮਿਯਾਹ ਨਬੀ ਨੇ ਵੀ ਆਪਣੀ ਬਾਣੀ ਵਿਚ ਜਿਕਰ ਕੀਤਾ ਹੈ। "ਕੀ ਮੇਰੀ ਬਾਣੀ ਅੱਗ ਵਾਗੂ ਨਹੀਂ ਹੈ ?" ਇਸੇ ਤਰ੍ਹਾਂ ਪੁਰਾਣੇ ਨੇਮ ਵਿਚ ਵੀ ਆਇਆ ਹੈ ਕਿ ਉਸ ਦਿਨ ਜਦ ਪ੍ਰਮੇਸ਼ਵਰ ਨੇ ਅੱਜ ਵਿਚੋਂ ਹੋ ਕੇ ਹੋਰਥ ਵਿਚ ਤੁਹਾਡੇ ਨਾਲ ਗੱਲਬਾਤ ਕੀਤੀ, ਪਰ ਕਿਸੇ ਕਿਸਮ ਦੀ ਕੋਈ ਸ਼ਕਲ ਸੂਰਤ ਨ ਦੇਖੀ।" ਉਸ ਸਮੇਂ ਰੱਬੀ ਬਾਣੀ ਹੀ ਸੀ ਜੋ ਅੱਗ ਵਿਚੋਂ ਆ ਰਹੀ ਸੀ।

9.14 ਸਾਰ- ਚਰਚਾ ਕਰਨ ਪਿੱਛੋਂ ਅਸੀਂ ਇਸ ਸਿੱਟੇ ਉੱਤੇ ਪੁੱਜਦੇ ਹੋ ਕਿ ਯਸੂ ਮਸੀਹ ਦੇ ਜਨਮ ਲੈਣ ਤੋਂ ਪਹਿਲਾ ਹੀ ਉਨ੍ਹਾਂ ਬਾਰੇ ਭਵਿੱਖ-ਬਾਣੀ ਹੋ ਗਈ ਸੀ। ਉਨ੍ਹਾਂ ਦੇ ਪਿਤਾ ਦਾ ਨਾਂ ਯੂਸਫ਼ ਅਤੇ ਮਾਰਾ ਦਾ ਨਾਂ ਮਰੀਅਮ ਸੀ। ਉਹਨਾਂ ਦੇ ਪਰਿਵਾਰ ਨੂੰ ਕਾਫ਼ੀ ਸਮੇਂ ਵਿਧ-ਨਿਕਾਲਾ ਵੀ ਬਰਦਾਸ਼ਤ ਕਰਨਾ ਪਿਆ। ਉਹਨਾਂ ਦਾ ਵਾਸਤਾ ਜਾਹਨ, ਦੀ ਬੈਪਟਿਸ਼ ਨਾਲ ਪਿਆ। ਈਸਾ ਮਸੀਹ ਨੇ ਆਪਣੇ ਅੰਤਿਮ ਸਮੇਂ ਤੱਕ ਆਪਣੇ ਵਿਚਾਰਾ ਦਾ ਪ੍ਰਚਾ ਕੀਤਾ। ਉਨ੍ਹਾਂ ਦੇ ਜੀਵਨ ਨਾਲ ਕਈ ਅਦਭੁੱਤ ਘਟਨਾਵਾਂ ਵੀ ਜੁੜੀਆਂ ਹੋਈਆਂ ਹਨ। ਉਨ੍ਹਾਂ ਦੇ ਪੈਰੋਕਾਰਾਂ ਦੀ ਵਧਦੀ ਗਿਣਤੀ ਵੇਖ ਕੇ ਯਹੂਦੀ ਉਨ੍ਹਾਂ ਦੇ ਦੁਸ਼ਮਣ ਬਣ ਗਏ। ਸਮੇਂ ਦੇ ਹਾਕਮਾ ਨੇ ਉਨ੍ਹਾਂ ਨੂੰ ਅੰਤ ਜੂਲੀ ਉੱਤੇ ਚੜ੍ਹਾ ਦਿੱਤਾ। ਉਪਰੋਕਤ ਵਿਆਖਿਆ ਦੇ ਆਧਾਰ 'ਤੇ ਅਸੀਂ ਕਹਿ ਸਭ ਹਾਂ ਕਿ ਉਹਨਾਂ ਦੀਆਂ ਸਿੱਖਿਆਵਾਂ ਮਹਾਨ ਹਨ। ਇਹ ਕੇਵਲ ਈਸਾਈ ਧਰਮ ਵਾਇ। ਲਈ ਹੀ ਨਹੀਂ, ਸਗੋਂ ਹਰੇਕ ਧਰਮ ਦੇ ਵਿਅਕਤੀਆਂ ਲਈ ਮੰਨਣੀਆਂ ਲਾਭਦਾਇਕ ਹੈ ਈਸਾ ਨੇ ਭਗਵਾਨ ਦੇ ਪੁੱਤਰ ਦੇ ਰੂਪ ਵਿਚ ਜਨਮ ਲਿਆ ਅਤੇ ਉਹਨਾਂ ਨੇ ਆਪਣੀ ਸਿੱਖਿਆਵਾਂ ਨਾਲ ਅਨੇਕਾਂ ਲੋਕਾਂ ਦਾ ਜੀਵਨ ਸੰਵਾਰਿਆ। ਵਰਤਮਾਨ ਸਮੇਂ ਵੀ ਉਹਨਾਂ ਦੱ ਸਿੱਖਿਆਵਾਂ ਅਨੇਕਾਂ ਲੋਕਾਂ ਦੇ ਜੀਵਨ ਨੂੰ ਸੰਵਾਰ ਰਹੀਆਂ ਹਨ। ਇਸ ਵਿਚ ਕੋਈ ਅਤਿਕਾ ਨਹੀਂ ਹੈ ਕਿ ਉਹਨਾਂ ਦੀਆਂ ਸਿੱਖਿਆਵਾਂ 'ਤੇ ਅਮਲ ਕਰਨ ਵਾਲੇ ਵਿਅਕਤੀ ਦਾ ਜੀ- ਸੰਵਰ ਸਕਦਾ ਹੈ।ਪਹਾੜੀ 'ਤੇ ਉਪਦੇਸ਼ ਵਿਚ ਯਸੂ ਮਸੀਹ ਨੇ ਗਰੀਬਾਂ ਨੂੰ ਧੰਨ ਆਖਿਆ। ਉਨ੍ਹਾਂ ਨੇ ਰਾਮ ਬਰਦਾਸਤ ਕਰਨ ਵਾਲਿਆਂ ਨਿਮਰਤਾ ਅਪਨਾਉਣ ਵਾਲਿਆ, ਨੇਕੀ ਦੇ ਭੁੱਖ ਪਿਆਸਿਆ। ਪਵਿੱਤਰ ਦਿਲਾਂ ਵਾਲਿਆਂ, ਸੁਲਹਾ ਕਰਵਾਉਣ ਵਾਲਿਆ ਆਦਿ ਦੀ ਪ੍ਰਸ਼ੰਸਾ ਕੀਤੀ ਹੈ ਅਤੇ ਵੱਖ-ਵੱਖ ਕਾਰਨਾਂ ਕਰਕੇ, ਉਨ੍ਹਾਂ ਨੂੰ ਧੰਨ ਆਖਿਆ ਹੈ। ਉਸ ਦਾ ਕਹਿਣਾ ਕਿ ਜੀਵ ਇਸ ਧਰਤੀ ਉੱਤੇ ਲੂਣ ਵਾਂਗ ਹਨ। ਜੇਕਰ ਲੂਣ ਆਪ ਹੀ ਬੇ-ਸਵਾਦ ਹੋ ਜਾਵੇ ਤਦ ਉਹ ਕਿਸੇ ਕੰਮ ਦਾ ਨਹੀਂ ਰਹਿੰਦਾ। ਉਸ ਨੇ ਇਹ ਵੀ ਉਪਦੇਸ਼ ਦਿੱਤਾ ਕਿ ਜਦ ਤੱਕ ਮਨੁੱਖ ਅੰਦਰ ਰੱਬੀ ਬਾਣੀ ਪ੍ਰਵੇਸ਼ ਨਹੀਂ ਕਰਦੀ। ਉਸ ਦਾ ਕੋਈ ਕੰਮ ਵੀ ਨੇਕੀ ਭਰਿਆ ਨਹੀਂ ਹੋ ਸਕਦਾ।

9.15 ਪੜ੍ਹਣਯੋਗ ਪੁਸਤਕਾਂ


- ਸਰਬਜਿੰਦਰ ਸਿੰਘ ,(.ਡਾ) *ਵਿਸ਼ਵ ਧਰਮ ਬਾਨੀ ਗ੍ਰੰਥਸੰਪ੍ਰਦਾਇ ਅਤੇ ਚਿੰਤਕ ,,* ਭਾਗ ਦੂਜਾਪਬਲੀਕੇਸ਼ਨ , ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
- ਸਰਬਜਿੰਦਰ ਸਿੰਘ, ਡਾ(.ਸੰਪਾ) ., ਵਿਸ਼ਵ ਧਰਮ ਬਾਨੀ, ਗ੍ਰੰਥ ਸੰਪ੍ਰਦਾਇ ਅਤੇ ਚਿੰਤਕ (ਚਾਰ ਭਾਗ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, .2012
- ਧਾਲੀਵਾਲ, ਤੇਜਿੰਦਰ ਕੌਰ, *ਸਿੱਖ ਅਤੇ ਇਸਾਈ ਨੈਤਿਕ ਨਿਯਮ (ਇੱਕ ਤੁਲਨਾਤਮਕ ਅਧਿਐਨ),* ਗਰੇਸ਼ੀਅਸ ਬੁਕਸ, ਪਟਿਆਲਾ
- *ਪਵਿੱਤਰ ਬਾਈਬਲ,* ਬਾਈਬਲ ਸੋਸਾਇਟੀ ਆਫ ਇੰਡੀਆ, ਬੰਗਲੋਰ, .1981

- ਪਵਿੱਤਰ ਬਾਈਬਲਨਵਾਂ ਨੇਮਸ ਮਾਰਕ 12 ,:29-30, ਬੰਗਲੌਰ ਸੋਸਾਇਟੀ ਆਫ ਇੰਡੀਆ2008 ,
- Bhagat Singh Hira, Semitic Religious Thought and Sikhism, National Book Shop, Delhi, 1992
- Gurbachan Singh Talib, An Advanced Book of Religious Studies, Punjabi University Patiala, 1974


## 9.16 ਅਭਿਆਸ ਲਈ ਪ੍ਰਸ਼ਨ

### ਵੱਡੇ ਪ੍ਰਸ਼ਨ

1. ਈਸਾ ਮਸੀਹ  ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਤੁਸੀਂ ਕੀ ਜਾਣਦੇ ਹੋ
2. ਈਸਾ ਮਸੀਹ ਦੀਆਂ ਸਿੱਖਿਆਵਾਂ ਦਾ ਵਰਣਨ ਕਰੋ।
3. ਯਸੂ ਮਸੀਰ ਦੇ ਪਹਾੜੀ ਉਪਦੇਸ਼ ਬਾਰੇ ਤੁਸੀਂ ਕੀ ਜਾਣਦੇ ਹੋ ?

### ਛੋਟੇ ਪ੍ਰਸ਼ਨ

1. ਈਸਾ ਮਸੀਹ ਦੇ ਕੋਈ ਦੋ ਉਪਦੇਸ਼ ਲਿਖੋਯ
2. ਗੁਆਂਢੀਆਂ ਸੰਬੰਧੀ ਈਸਾ ਦੇ ਕੀ ਵਿਚਾਰ ਸਨ?
3. ਖਿਮਾ ਦੇ ਬਾਰੇ ਮਸੀਹ ਦੇ ਕੀ ਵਿਚਾਰ ਸਨ?
4. ਈਸਾ ਨੇ ਈਸ਼ਵਰ ਬਾਰੇ ਕੀ ਕਿਹਾ?
5. ਅੰਤਿਮ ਦਿਨ ਬਾਰੇ ਈਸਾ ਮਸੀਹ ਨੇ ਕੀ ਕਿਹਾ ਸੀ?
6. ਈਸਾ ਦੇ ਸੇਵਾ ਸੰਬੰਧੀ ਕੀ ਵਿਚਾਰ ਸਨ?

## 10. ਹਜ਼ਰਤ ਮੁਹੰਮਦ ਸਾਹਿਬ: ਜੀਵਨ ਅਤੇ ਸਿੱਖਿਆਵਾਂ (ਪੰਜ ਫਰਜ਼)

10.0 ਉਦੇਸ਼

10.1 ਜਾਣ-ਪਛਾਣ

10.2 ਹਜ਼ਰਤ ਮੁਹੰਮਦ ਤੋਂ ਪਹਿਲਾਂ ਦਾ ਸਮਾਜ

10.3 ਜਨਮ ਸਮੇਂ ਦੇ ਹਾਲਾਤ

10.4 ਜਨਮ ਅਤੇ ਮਾਤਾ-ਪਿਤਾ

10.5 ਰਾਜਨੀਤਿਕ ਤੇ ਸਮਾਜਿਕ ਮਸਲਿਆਂ ਵਿਚ ਦਿਲਚਸਪੀ

10.6 ਵੱਡੇ ਝਗੜੇ ਦਾ ਨਿਪਟਾਰਾ

10.7 ਵਿਆਹ

10.8 ਇਲਹਾਮ ਦੀ ਪ੍ਰਾਪਤੀ

10.9 ਸ਼ੁਰੂ-ਸ਼ੁਰੂ ਵਿਚ ਪੈਰੋਕਾਰ

10.10 ਮੁਸ਼ਕਿਲਾਂ

10.11 ਸਫਲਤਾਂ ਵੱਲ ਕਦਮ

10.12 ਕਾਬਾ ਵਿਚ

10.13 ਕੁਰੇਸ਼ਾਂ ਨਾਲ ਲੜਾਈ

10.14 ਮਦੀਨੇ ਤੇ ਹਮਲਾ

10.15 ਹਿਜ਼ਰਤ

10.16 ਪ੍ਰਚਾਰ

10.17 ਮੌਤ

10.18 ਨਵੇਂ ਸਭਿਆਚਾਰ ਦਾ ਪ੍ਰਸਾਰ

10.19 ਹਜ਼ਰਤ ਮੁਹੰਮਦ ਸਾਹਿਬ ਦੀਆਂ ਸਿੱਖਿਆਵਾਂ

10.19.1 ਰੱਬ ਦੀ ਏਕਤਾ ਵਿਚ ਵਿਸ਼ਵਾਸ

10.19.2 ਮਨੁੱਖ ਦੀ ਭਲਾਈ ਤੇ ਜ਼ੋਰ

10.19.3 ਮਨੁੱਖਤਾ ਦੀ ਏਕਤਾ ਤੇ ਜ਼ੋਰ

10.19.4 ਜ਼ਿੰਦਗੀ ਮਨੁੱਖ ਦੀ ਮੌਤ ਨਾਲ ਖਤਮ ਨਹੀਂ ਹੁੰਦੀ

10.19.5 ਪਰਮਾਤਮਾ ਦੀ ਰਜ਼ਾ ਵਿਚ ਰਹਿਣਾ

10.19.6 ਸਲਾਤ

10.19.7 ਰੋਜ਼ਾ

10.19.8 ਜ਼ਕਾਤ

10.19.9 ਹੱਜ

10.20 ਇਸਲਾਮ ਦੇ ਪੰਜ ਥੰਮ

10.20.1 ਈਮਾਨ (ਕਲਮਾ)

10.20.2 ਨਮਾਜ਼

10.20.3 ਜ਼ਕਾਤ

10.20.4 ਰੋਜ਼ਾ

10.20.5 ਹੱਜ

10.20.6 ਹੱਜ ਦੀਆਂ ਬਰਕਤਾਂ

10.21 ਸਾਰ

10.22 ਪੜ੍ਹਣਯੋਗ ਪੁਸਤਕਾਂ

10.23 ਅਭਿਆਸ ਲਈ ਪ੍ਰਸ਼ਨ

## 10.0 ਉਦੇਸ਼

## 10.1 ਜਾਣ-ਪਛਾਣ

10.2 ਹਜ਼ਰਤ ਮੁਹੰਮਦ ਤੋਂ ਪਹਿਲਾਂ ਦਾ ਸਮਾਜ (Society before Prophet Mohammad):- ਹਜ਼ਰਤ ਮੁਹੰਮਦ ਇਸਲਾਮ ਦੇ ਮਹਾਨ ਪੈਗ਼ੰਬਰ ਹੋਏ ਹਨ। ਆਪ ਦੇ ਸਮੇਂ ਯੂਨਾਨੀ ਸਾਮਰਾਜ ਕਾਫ਼ੀ ਕਮਜ਼ੋਰ ਹੋ ਚੁੱਕਾ ਸੀ। ਇਸ ਦੇ ਮੁਕਾਬਲੇ ਜੇ ਅਸੀਂ ਅਰਬ ਦੇਸ਼ 'ਤੇ ਨਜ਼ਰ ਮਾਰਦੇ ਹਾਂ, ਤਾਂ ਉਹ ਤਰੱਕੀ ਕਰ ਰਿਹਾ ਸੀ। ਬਹੁਤ ਸਾਰੇ ਲੋਕ ਯੂਨਾਨੀ ਸਾਮਰਾਜ ਵਿਚੋਂ ਨੱਠ ਕੇ ਪਨਾਹ ਲੈਣ ਲਈ ਆ ਰਹੇ ਸਨ।

10.3 ਜਨਮ ਸਮੇਂ ਦੇ ਹਾਲਾਤ  (Circumstances at the eve of Birth):-  ਹਜ਼ਰਤ ਸਾਹਿਬ ਦੇ ਜਨਮ ਲੈਣ ਵੇਲੇ ਅਰਬ ਦੇਸ਼ ਦੀ ਹਾਲਤ ਬਹੁਤ ਖਰਾਬ ਸੀ। ਲੋਕਾਂ ਵਿੱਚ ਬਹੁਤ ਕਿਸਮਾਂ ਦੀਆਂ ਬੁਰਾਈਆਂ ਸਨ। ਲੜਾਈ-ਭਿੜਾਈ ਆਮ ਸੀ। ਕਿਸੇ ਨੂੰ ਜਾਨੋਂ ਮਾਰ ਦੇਣਾ ਮਾਮੂਲੀ ਗੱਲ ਸੀ। ਲੋਕ ਲੁੱਟ-ਮਾਰ ਕਰਦੇ ਸਨ। ਕਬੀਲਿਆਂ ਦੀ ਆਪੋ ਵਿੱਚ ਦੁਸ਼ਮਣੀ ਕਾਰਣ ਕਈ ਕਿਸਮ ਦੇ ਫਸਾਦ ਹੁੰਦੇ ਸਨ। ਲੋਕ ਬੁੱਤਾਂ ਦੀ ਪੂਜਾ ਕਰਦੇ ਸਨ, ਕਿਉਂਕਿ ਵੱਖ-ਵੱਖ ਕਬੀਲੇ ਵੱਖ-ਵੱਖ ਤਰ੍ਹਾਂ ਦੇ ਬੁੱਤਾਂ ਦੀ ਪੂਜਾ ਕਰਦੇ ਸਨ। ਮੱਕੇ ਵਿੱਚ ਉਸ ਸਮੇਂ 360 ਬੁੱਤ ਮੌਜੂਦ ਸਨ। ਲੜਕੀਆਂ ਨੂੰ ਜੰਮਦੇ ਮਾਰ ਦਿੱਤਾ ਜਾਂਦਾ ਸੀ | ਗੁਲਾਮ ਬਨਾਉਣ ਦਾ ਰਿਵਾਜ਼ ਆਮ ਸੀ। ਸ੍ਰੀ ਸ਼ਾਹ ਅਨੁਸਾਰ, "ਅਰਬ ਵਿੱਚ ਇਸਲਾਮ ਦੇ ਆਉਣ ਤੋਂ ਪਹਿਲਾਂ ਅਰਥਾਂ ਦੇ ਧਰਮਾਂ ਵਿੱਚ ਬਹੁ-ਦੇਵਤਿਆਂ ਦੀ ਪੂਜਾ ਹੁੰਦੀ ਸੀ, ਬੁੱਤ ਪੂਜਾ ਵੀ ਬਹੁਤ ਜ਼ਿਆਦਾ ਸੀ ਅਤੇ ਕਈ ਲੋਕ ਨਾਸਤਿਕਵਾਦ ਦਾ ਸ਼ਿਕਾਰ ਸਨ। ਉਹ ਗ੍ਰਹਿਆਂ, ਤਾਰਿਆਂ, ਫਰਿਸ਼ਤਿਆਂ ਅਤੇ ਉਨ੍ਹਾਂ ਦੀਆਂ ਮੂਰਤੀਆਂ ਦੀ ਪੂਜਾ ਕਰਦੇ ਸਨ। ਕੁਰਬਾਨੀ ਦੇਣ ਸਮੇਂ ਤੇ ਹੋਰ ਰਸਮਾਂ ਦੇ ਸਮੇਂ ਉਹ ਬੁੱਤ ਪੂਜਾ ਨੂੰ ਵਿਚਕਾਰ ਲਿਆਉਂਦੇ ਸਨ ਕਿ ਉਹ ਪਰਮਾਤਮਾ ਤੱਕ ਹਾਸ਼ਾਈ ਕਰ ਦੇਣਗੇ। ਮੁਹੰਮਦ ਸਾਹਿਬ ਦੇ ਜੀਵਨ ਸੰਬੰਧੀ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਉਹਨਾਂ ਦੇ ਜੀਵਨ ਦਾ ਵਰਣਨ ਅਸੀਂ ਇਸ ਤਰ੍ਹਾਂ ਕਰ ਸਕਦੇ ਹਾਂ:-

10.4 ਜਨਮ ਅਤੇ ਮਾਤਾ-ਪਿਤਾ (Birth and Parentage):- ਹਜ਼ਰਤ ਮੁਹਮਦ ਦਾ ਜਨਮ 29 ਅਗਸਤ, 570 ਈ. ਨੂੰ ਮੱਕੇ ਵਿੱਚ ਅਬਦੁੱਲਾ ਦੇ ਘਰ ਹੋਇਆ। ਇਨ੍ਹਾਂ ਦੇ ਪਿਤਾ ਦੀ ਮੌਤ ਇਨ੍ਹਾਂ ਦੇ ਜਨਮ ਤੋਂ ਪਹਿਲਾਂ ਹੀ ਹੋ ਚੁੱਕੀ ਸੀ । ਲਗਭਗ ਛੇ ਸਾਲ ਦੀ ਉਮਰ ਵਿੱਚ ਇਨ੍ਹਾਂ ਦੀ ਮਾਤਾ ਦੀ ਮੌਤ ਹੋ ਗਈ। ਪਹਿਲਾਂ ਇਨ੍ਹਾਂ ਨੂੰ ਇਨ੍ਹਾਂ ਦੇ ਦਾਦੇ ਨੇ ਪਾਲਿਆ, ਬਾਅਦ ਵਿਚ ਇਨ੍ਹਾਂ ਦੇ ਚਾਚੇ ਨੇ ਇਨ੍ਹਾਂ ਨੂੰ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਸ਼ੁਰੂ ਤੋਂ ਹੀ ਇਹ ਆਪਣੇ-ਆਪ ਵਿੱਚ ਮਗਨ ਰਹਿੰਦੇ। ਇਨ੍ਹਾਂ ਦਾ ਚਾਚਾ ਵਪਾਤੀ ਸੀ। ਉਹ ਇਨ੍ਹਾਂ ਦਾ ਮਨ ਲਗਾਉਣ ਲਈ ਜਾਂ ਇਸ ਲਈ ਕਿ ਇਨ੍ਹਾਂ ਨੂੰ ਵਪਾਰ ਦੀ ਸੂਝ ਆ ਜਾਵੇ ਆਪ ਨਾਲ ਦੇਸ਼ ਯਾਤਰਾ ਵਿੱਚ ਲੈ ਜਾਂਦਾ ਸੀ । ਉਸ ਸਮੇਂ ਮੁਹੰਮਦ ਸਾਹਿਬ ਮੱਕੇ ਵਿਚ ਰਹਿੰਦ ਸਨ। ਮੱਕੇ ਦੇ ਲੋਕ ਬਹੁਤ ਕਰਕੇ ਵਪਾਰੀ ਸਨ ਜੋ ਮਾਲ ਊਠਾਂ ਉੱਪਰ ਲੱਦ ਕੇ ਉੱਤਰ ਵੱਲ ਦੇ ਦੇਸ਼ਾਂ ਵਿਚ ਲੈ ਜਾਂਦੇ ਸਨ।

10.5 ਰਾਜਨੀਤਿਕ ਤੇ ਸਮਾਜਿਕ ਮਸਲਿਆਂ ਵਿੱਚ ਦਿਲਚਸਪੀ (Interest in Political and Social Affairs):- ਛੋਟੀ ਉਮਰ ਵਿੱਚ ਹੀ ਰਾਜਨੀਤਿਕ ਅਤੇ ਸਮਾਜਿਕ ਸਮੱਸਿਆਵਾਂ ਵੀ ਉਨ੍ਹਾਂ ਦਾ ਧਿਆਨ ਆਪਣੇ ਵੱਲ ਖਿਚਦੀਆਂ ਅਤੇ ਉਹ ਉਨ੍ਹਾਂ ਵਿੱਚ ਦਿਲਚਸਪੀ ਲੈਂਦੇ। ਜਦੋਂ ਉਹ 14 ਸਾਲ ਦੀ ਉਮਰ ਦੇ ਸਨ ਤਾਂ ਕੁਰੈਸ਼ ਅਤੇ ਕੇਸ਼ ਕਬੀਲਿਆ ਵਿਚ ਜੰਗ ਛਿੜੀ। ਮੁਹੰਮਦ ਸਾਹਿਬ ਨੇ ਆਪਣੇ ਚਾਚਾ ਜੀ ਵੱਲੋਂ ਇਸ ਵਿੱਚ ਭਾਗ ਲਿਆ।

10.6 ਵੱਡੇ ਝਗੜੇ ਦਾ ਨਿਪਟਾਰਾ (Solution of a Seriour Conflicts):- ਲਗਭਗ 35 ਸਾਲ ਦੀ ਉਮਰ ਵਿੱਚ ਮੁਹੰਮਦ ਸਾਹਿਬ ਨੇ ਇਕ ਬਹੁਤ ਵੱਡੇ ਝਗੜੇ ਨੂੰ ਨਬੇੜਿਆ। ਇਹ ਝਗੜਾ ਇਨਾ ਸੰਜੀਦਾ ਸੀ ਕਿ ਇਸ ਨੇ ਮੱਕਾ ਨਿਵਾਸੀਆਂ ਵਿੱਚ ਦੁਸ਼ਮਣੀ ਦੀ ਅੱਗ ਭੜਕਾ ਦੇਣੀ ਸੀ। ਮੁਹੰਮਦ ਸਾਹਿਬ ਨੇ ਇਸ ਮਾਮਲੇ ਦੀ ਸਾਲਸੀ ਕੀਤੀ ਅਤੇ ਝਗੜਾ ਮਿਟਾ ਦਿੱਤਾ।

10.7 ਵਿਆਹ (Marriage):- ਇਨ੍ਹਾਂ ਦਾ ਵਿਆਹ 26 ਸਾਲ ਦੀ ਉਮਰ ਵਿੱਚ ਇਕ ਇਸਤਰੀ, ਖਦੀਜਾ ਨਾਲ ਹੋ ਗਿਆ। ਇਹ ਇਕ ਅਮੀਰ ਇਸਤਰੀ ਸੀ ਅਤੇ ਇਸ ਦੀ ਉਮਰ ਵੀ ਉਨ੍ਹਾਂ ਨਾਲੋਂ ਸੋਲ੍ਹਾਂ ਸਾਲ ਵੱਡੀ ਸੀ। ਪਹਿਲਾਂ ਖਦੀਜਾ ਨੇ ਇਨ੍ਹਾਂ ਨੂੰ ਵਪਾਰ ਕਰਨ ਲਈ ਨੌਕਰ ਰੱਖਿਆ, ਪਰ ਬਾਅਦ ਵਿੱਚ ਵਿਆਹ ਕਰਵਾ ਲਿਆ।

10.8 ਇਲਹਾਮ ਦੀ ਪ੍ਰਾਪਤੀ (Attainment of Divine Communication):- ਹਜ਼ਰਤ ਮੁਹੰਮਦ ਆਪਣੇ ਦੇਸ਼ ਦੇ ਲੋਕਾਂ ਦੇ ਪਛੜੇਪਣ ਨੂੰ ਵੇਖ ਕੇ ਦੁਖੀ ਰਹਿੰਦੇ ਸਨ। ਇਸ ਸੰਬੰਧੀ ਪ੍ਰੋ. ਤਾਲਿਬ ਲਿਖਦੇ ਹਨ ਕਿ, "ਉਹ ਪਰਮਾਤਮਾ ਅੱਗੇ ਦੁਆ ਕਰਦੇ ਕਿ ਮੇਰੇ ਦੇਸ਼ ਦੀ ਹਾਲਤ ਸੁਧਾਰ। ਅਖੀਰ ਇਕ ਦਿਨ ਇਹ ਗੁਫਾ ਹੀਰਾ ਦੀਗਾਰ ਵਿੱਚ ਬੈਠੇ ਸਨ ਕਿ ਇਨ੍ਹਾਂ ਨੂੰ ਇਲਹਾਮ ਹੋ ਗਿਆ ਅਤੇ ਆਦੇਸ਼ ਹੋਇਆ ਕਿ ਧਰਮ ਦਾ ਪ੍ਰਚਾਰ ਕਰੋ। ਮੁਹੰਮਦ ਇਨ੍ਹਾਂ ਸਾਰਿਆਂ ਮਸਲਿਆਂ ਉੱਤੇ ਚੰਗੀ ਤਰ੍ਹਾਂ ਅਤੇ ਨਿਰੰਤਰ ਵਿਚਾਰ ਕਰਦਾ ਰਿਹਾ। ਇਨ੍ਹਾਂ ਤੋਂ ਇਲਾਵਾ ਕੁਝ ਹੋਰ ਡੂੰਘੀ ਕਿਸਮ ਦੀਆਂ ਸਮੱਸਿਆਵਾਂ ਨੇ ਵੀ ਉਸ ਦੇ ਮਨ ਨੂੰ ਆਪਣੇ ਵੱਲ ਖਿੱਚਿਆ। ਮਿਸਾਲ ਦੇ ਤੌਰ 'ਤੇ ਇਹ ਸੁਆਲ ਕਿ ਮੈਂ ਕੀ ਹਾਂ? ਮੈਂ ਕਿੱਥੋਂ ਆਇਆ ਹਾਂ? ਜੀਵਨ ਅਤੇ ਮੌਤ ਕੀ ਹਨ? ਇਸ ਬ੍ਰਹਿਮੰਡ ਨੂੰ ਕਿਸ ਨੇ ਪੈਦਾ ਕੀਤਾ ਹੈ? ਇਹ ਅਤੇ ਇਨ੍ਹਾਂ ਨਾਲ ਸੰਬੰਧਿਤ ਹੋਰ ਸੁਆਲਾ ਉੱਤੇ ਉਹ ਹੀਰਾ ਨਾਮ ਦੀ ਸ਼ਾਂਤ ਸੁਅੱਛ ਵਾਤਾਵਰਣ ਵਾਲੀ ਗੁਫਾ ਵਿੱਚ ਵਿਚਾਰ ਕਰਦਾ ਰਹਿੰਦਾ ਸੀ। ਅਚਾਨਕ ਮੁਹੰਮਦ ਨੇ ਇਕ ਦ੍ਰਿਸ਼ ਵੇਖਿਆ ਜੋ ਦਿਨ ਦੇ ਪਰ-ਭੁਟਾਲੇ ਦੀ ਤਰ੍ਹਾਂ ਸੀ। ਅਜਿਹਾ ਕੁਝ ਸਮੇਂ ਤੱਕ ਹੁੰਦਾ ਰਿਹਾ। ਇਨ੍ਹਾਂ ਦਿਨਾਂ ਵਿੱਚ ਵਧੇਰੇ ਕਰਕੇ ਉਹ ਇਸ ਗੁਫਾ ਵਿੱਚ ਇਕੱਲਾ ਹੀ ਰਹਿ ਕੇ ਚਿੰਤਨ ਵਿੱਚ ਮਗਨ ਰਹਿੰਦਾ ਸੀ। ਇਕ ਦਿਨ ਜਿਬਰਾਈਲ ਰਿਸ਼ਤਾ ਪ੍ਰਗਟ ਹੋ ਗਿਆ ਅਤੇ ਉਸ ਨੇ ਮੁਹੰਮਦ ਨੂੰ ਕਿਹਾ, ਹੇ ਮੁਹੰਮਦ, ਮੈਂ ਜਿਬਰਾਈਲ ਹਾਂ ਅਤੇ ਤੂੰ ਪਰਮਾਤਮਾ ਦਾ ਪੈਗਬੰਰ ਹੈ ਤਾਂ ਮੁਹੰਮਦ ਕਹਿੰਦਾ ਹੈ, ਕਿ ਉਸ ਨੇ ਮੈਨੂੰ ਕੁਝ ਪੜ੍ਹਨ ਲਈ ਕਿਹਾ। ਮੈਂ ਉੱਤਰ ਦਿੱਤਾ ਕਿ ਮੈਂ ਨਹੀਂ ਪੜ ਸਕਦਾ। ਉਸ ਨੇ ਮੈਨੂੰ ਫੜ੍ਹ ਕੇ ਬਹੁਤ ਜ਼ਿਆਦਾ ਘੁਟਿਆ ਜਿਸ ਨਾਲ ਮੈਂ ਬਹੁਤ ਹੀ ਨਿਢਾਲ ਹੋ ਗਿਆ, ਤਦ ਉਸ ਨੇ ਕਿਹਾ, ਤੂੰ ਉਸ ਪ੍ਰਭੂ ਦੇ ਨਾਮ ਦੀ ਖਾਤਰ ਪਏ ਜਿਸ ਨੇ ਤੈਨੂੰ ਬਣਾਇਆ ਹੈ। ਫਿਰ ਮੈਂ ਪੜ੍ਹਨ ਲੱਗ ਪਿਆ। ਉਸ ਤੋਂ ਬਾਅਦ ਅਗਲੇ 23 ਸਾਲਾਂ ਤੱਕ ਮੁਹੰਮਦ ਨੂੰ ਜ਼ਿਬਰਾਈਲ ਰਾਹੀਂ ਇਸੇ ਤਰ੍ਹਾਂ ਵਹੀ ਨਾਜਿਲ ਹੁੰਦੀ ਰਹੀ ਜਿਸ ਨੂੰ ਬਕਾਇਦਾ ਪਵਿੱਤਰ ਕੁਰਾਨ ਵਿੱਚ ਪੂਰੇ ਧਿਆਨ ਅਤੇ ਪ੍ਰਮਾਣਿਕਤਾ ਨਾਲ ਸੁਰੱਖਿਅਤ ਰੱਖਿਆ ਗਿਆ ਹੈ। ਇਨ੍ਹਾਂ ਆਪਣੇ ਵਿਚਾਰਾਂ ਨੂੰ ਪਰਚਾਰਣ ਦਾ ਫੈਸਲਾ ਕਰ ਲਿਆ।

10.9 ਸ਼ੁਰੂ-ਸ਼ੁਰੂ ਵਿਚ ਪੈਰੋਕਾਰ (Disciples in the beginning):- ਪਹਿਲਾਂ ਤਿੰਨ ਸਾਲਾਂ ਵਿੱਚ ਇਨ੍ਹਾਂ ਦੇ ਪੈਰੋਕਾਰਾਂ ਦੀ ਗਿਣਤੀ ਬਹੁਤ ਘੱਟ ਸੀ। ਕੇਵਲ ਕੁਝ ਰਿਸ਼ਤੇਦਾਰ ਅਤੇ ਵਾਕਿਫ ਹੀ ਇਨ੍ਹਾਂ ਦੇ ਪੈਰੋਕਾਰ ਬਣੇ। ਇਨ੍ਹਾਂ ਵਿਚੋਂ ਹਜ਼ਰਤ ਉਮਰ, ਹਜ਼ਰਤ ਅਬੂਬਕਰ ਆਦਿ ਪ੍ਰਸਿੱਧ ਸਨ। ਇਨ੍ਹਾਂ ਦੇ ਪ੍ਰਚਾਰ ਕਾਰਣ ਇਨ੍ਹਾਂ ਦੇ ਬਹੁਤ ਦੁਸ਼ਮਣ ਬਣ

ਗਏ। ਇਨ੍ਹਾਂ ਦੇ ਚਾਚੇ ਨੇ ਵੀ ਇਨ੍ਹਾਂ ਨੂੰ ਸਮਝਾਇਆ ਕਿ ਲੋਕਾਂ ਨਾਲ ਦੁਸ਼ਮਣੀ ਮੁੱਲ ਲੈਣ ਦਾ ਕੋਈ ਲਾਭ ਨਹੀਂ। ਇਹ ਡਟੇ ਰਹੇ ਅਤੇ ਅਖੀਰ ਇਨ੍ਹਾਂ ਦੇ ਚਾਚੇ ਨੇ ਹੀ ਇਨ੍ਹਾਂ ਦੀ ਸਹਾਇਤਾ ਦਾ ਨਿਸ਼ਚਾ ਕਰ ਲਿਆ।

10.10 ਮੁਸ਼ਕਿਲਾਂ (Difficulties):- ਹਜ਼ਰਤ ਮੁਹੰਮਦ ਸਾਹਿਬ ਨੂੰ ਆਰੰਭ ਵਿਚ ਬਹੁਤ ਮੁਸ਼ਕਿਲਾਂ ਆਈਆਂ। ਕੁਰੇਸ਼ਾਂ ਨੇ ਇਨ੍ਹਾਂ ਨੂੰ ਕਤਲ ਕਰਨ ਦਾ ਯਤਨ ਕੀਤਾ ਕਿ ਇਹ ਕੁਫਰ ਫੈਲਾ ਰਿਹਾ ਹੈ। ਇਕ ਵਾਰ ਇਹ ਨਮਾਜ਼ ਪੜ੍ਹ ਰਹੇ ਸਨ ਕਿ ਇਨ੍ਹਾਂ ਦੇ ਗਲ ਵਿੱਚ ਕੱਪੜਾ ਫਸਾ ਕੇ ਇਨ੍ਹਾਂ ਨੂੰ ਮਾਰਨ ਦੀ ਕੋਸ਼ਿਸ਼ ਕੀਤੀ, ਪਰ ਇਹ ਬਚ ਗਏ। ਇਨ੍ਹਾਂ ਦੇ ਪੈਰੋਕਾਰਾਂ ਨੂੰ ਵੀ ਹਰ ਤਰ੍ਹਾਂ ਨਾਲ ਤੰਗ ਕੀਤਾ ਜਾਂਦਾ। ਕਈ ਤਾਂ ਨਾਲ ਲੱਗਦੇ ਹਬਸ ਵਿਚਾਰੀ ਚਲੇ ਗਏ। ਉੱਥੋਂ ਦੇ ਈਸਾਈ ਬਾਦਸ਼ਾਹ ਨੇ ਇਸਲਾਮ ਦੇ ਪੈਰੋਕਾਰਾਂ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਹੋਣ ਤੋਂ ਬਚਾਇਆ।

10.11 ਸਫ਼ਲਤਾ ਵਲ ਕਦਮ (Towards Success):- ਹਜ਼ਰਤ ਮੁਹੰਮਦ ਸਾਹਿਬ ਨੂੰ ਹੋਲੇ-ਹੌਲੇ ਕਾਮਯਾਬੀ ਮਿਲਣ ਲੱਗੀ। ਇਨ੍ਹਾਂ ਦੇ ਚਾਚੇ ਅਤੇ ਹਜ਼ਰਤ ਉਮਰ ਨੇ ਇਸਲਾਮ ਕਬੂਲ ਕਰ ਲਿਆ, ਪਰ ਹਾਲੀ ਵੀ ਉਨ੍ਹਾਂ ਨੂੰ ਬਹੁਤ ਤੰਗੀ ਸੀ। ਉਨ੍ਹਾਂ ਨੂੰ ਕੁਝ ਚਿਰ ਲਈ ਮੱਕਾ ਛੱਡ ਕੇ ਗਵਾਂਢ ਵਿੱਚ ਲਤਾਇਫ ਵਿੱਚ ਵੀ ਜਾਣਾ ਪਿਆ। ਫਿਰ ਛੇਤੀ ਵਾਪਸ ਆ ਗਏ। ਹੋਲੇ-ਹੌਲੇ ਤਫੇਲ ਨਾਮੀ ਰਈਸ ਵੀ ਇਨ੍ਹਾਂ ਦਾ ਪੈਰੋਕਾਰ ਬਣ ਗਿਆ। ਹੁਣ ਇਨ੍ਹਾਂ ਦੀ ਸਥਿਤੀ ਪਹਿਲਾਂ ਨਾਲੋਂ ਕਾਫ਼ੀ ਮਜ਼ਬੂਤ ਹੋ ਗਈ। ਮਦੀਨੇ ਦੇ ਕਈ ਲੋਕ ਮੱਕੇ ਆਏ ਹੋਏ ਸਨ। ਉਨ੍ਹਾਂ ਨੇ ਇਨ੍ਹਾਂ ਦੇ ਉਪਦੇਸ਼ ਸੁਣੇ ਅਤੇ ਪੈਰੋਕਾਰ ਬਣ ਗਏ।

10.12 ਕਾਬਾ ਵਿਚ (In Kaba):- ਜਿਉਂ-ਜਿਉਂ ਇਨ੍ਹਾਂ ਦੇ ਪੈਰੋਕਾਰਾਂ ਦੀ ਗਿਣਤੀ ਵੱਧਦੀ ਗਈ। ਇਨ੍ਹਾਂ ਅਤੇ ਇਨ੍ਹਾਂ ਦੇ ਪੈਰੋਕਾਰਾਂ ਉੱਪਰ ਕੁਰੇਸ਼ਾਂ ਦੇ ਅੱਤਿਆਚਾਰ ਹੋਰ ਵਧਣ ਲੱਗੇ। ਅਖੀਰ ਇਹ 15 ਜੁਲਾਈ, 622 ਈ. ਨੂੰ ਹਿਜ਼ਰਤ ਕਰਕੇ (ਘਰ ਛੱਡ ਕੇ) ਮਦੀਨੇ ਚਲੇ ਗਏ। ਮਦੀਨੇ ਦੇ ਮੁਸਲਮਾਨਾਂ ਨੇ ਇਨ੍ਹਾਂ ਦੀ ਬਹੁਤ ਆਓ ਭਗਤ ਕੀਤੀ। ਇਨ੍ਹਾਂ ਮਦੀਨੇ ਦੇ ਨੇੜੇ ਤਿੰਨ ਮੀਲ ਦੇ ਕਾਬਾ ਨਾਮੀ ਮਕਾਨ 'ਤੇ ਟਿਕਾਣਾ ਕੀਤਾ ਅਤੇ ਪਾਠ ਪੂਜਾ ਲਈ ਮਸਜਿਦ ਵੀ ਬਣਵਾਈ। ਫਿਰ ਮਦੀਨੇ ਵਿਚ ਹਜ਼ਰਤ ਅਬੂ ਦੇ ਘਰ ਠਹਿਰੇ ਰਹੇ।

10.13 ਕੁਰੇਸ਼ਾਂ ਨਾਲ ਲੜਾਈ (Battle with Kureshies):- ਕੁਰਬਾਂ ਨੂੰ ਹਜ਼ਰਤ ਮੁਹੰਮਦ ਦਾ ਮਦੀਨੇ ਰਹਿਣਾ ਅਤੇ ਇਸਲਾਮ ਦਾ ਪ੍ਰਚਾਰ ਕਰਨਾ ਨਾ ਭਾਇਆ। ਉਨ੍ਹਾਂ ਵੱਖ-ਵੱਖ ਕਬੀਲਿਆਂ ਦੇ ਲੋਕ ਲੈ ਕੇ ਹਮਲਾ ਕਰ ਦਿੱਤਾ। ਹਜ਼ਰਤ ਮੁਹੰਮਦ ਲਈ ਬਚਾਉ ਤੋਂ ਸਿਵਾ ਕੋਈ ਚਾਰਾ ਨਹੀਂ ਸੀ। ਇਨ੍ਹਾਂ ਕੋਲ ਕੇਵਲ ਤਿੰਨ ਸੋ ਮੁਸਲਮਾਨ ਸਨ । ਵੈਰੀਆਂ ਦੀ ਗਿਣਤੀ ਲਗਭਗ ਇਕ ਹਜ਼ਾਰ ਸੀ, ਪਰ ਮੈਦਾਨ ਇਨ੍ਹਾਂ ਦੇ ਹੱਥ ਰਿਹਾ। ਇਸ ਨੂੰ ਬੰਦਰ ਦੀ ਲੜਾਈ ਕਿਹਾ ਜਾਂਦਾਂ ਹੈ।

10.14 ਮਦੀਨੇ 'ਤੇ ਹਮਲਾ (Invasion on Madina):- ਕੁਰੇਸ਼ਾਂ ਅਤੇ ਹੋਰ ਕਬੀਲ ਵਾਲਿਆ ਨੂੰ ਹੋਰ ਗੁੱਸਾ ਚੜ੍ਹਿਆ। ਉਨ੍ਹਾਂ ਤਿੰਨ-ਹਜ਼ਾਰ ਫੌਜਾਂ ਨਾਲ ਫਿਰ ਮਦੀਨੇ 'ਤੇ ਹੱਲਾ ਬੋਲਿਆ। ਹਜ਼ਰਤ ਮੁਹੰਮਦ ਸਾਹਿਬ ਨੇ ਸਭ ਪੈਰੋਕਾਰਾਂ ਨੂੰ ਲੈ ਕੇ ਮੁਕਾਬਲਾ ਕੀਤਾ, ਪਰ ਇਕ ਲੜਾਈ ਵੈਸਲਾਕੁੰਨ ਨਹੀਂ ਸੀ। ਅਰਥਾਤ ਪੱਕੇ ਤੌਰ 'ਤੇ ਨਹੀਂ ਕਿਹਾ ਜਾ ਸਕਦਾ ਕਿ ਕੋਈ ਹਾਰਿਆ ਤੇ ਕੌਣ ਜਿੱਤਿਆ। ਕੁਝ ਚਿਰ ਬਾਅਦ ਦੁਸ਼ਮਣ ਫਿਰ ਹਮਲਾ ਕਰਨ ਲਈ ਆ ਗਏ। ਇਸ ਵਾਰ ਉਨ੍ਹਾਂ

ਯਹੂਦੀ ਲੋਕਾਂ ਨੂੰ ਵੀ ਨਾਲ ਮਿਲਾ ਲਿਆ। ਹਜ਼ਰਤ ਮੁਹੰਮਦ ਸਾਹਿਬ ਨੇ ਮਦੀਨੇ ਦੇ ਉਸ ਪਾਸ, ਜਿੱਧਰ ਪਹਾੜ ਨਹੀਂ ਸਨ, ਖਾਈ ਖੋਦ ਲਈ। ਹਜ਼ਰਤ ਨੇ ਇਸਲਾਮ ਧਰਮ ਨੂੰ ਹੱਥ ਦੇ ਕੇ ਰੱਖਿਆ। ਭਾਰੀ ਬਾਰਸ਼ ਹੋਣ ਨਾਲ ਮੁਹੰਮਦ ਨੂੰ ਨੱਠਣਾ ਪਿਆ। ਉਹ ਸਮਤ ਗਏ, ਰੱਬ ਨੇ ਉਨ੍ਹਾਂ ਨੂੰ ਸਜ਼ਾ ਦਿੱਤੀ ਹੈ। ਇਸਲਾਮ ਹੁਣ ਕਾਫ਼ੀ ਜ਼ਿਆਦਾ ਮਜ਼ਬੂਤ ਹੋ ਚੁੱਕਾ ਸੀ. ਪਰ ਫਿਰ ਵੀ ਯਹੂਦੀਆਂ ਵਲੋਂ ਲਗਾਤਾਰ ਛੇੜ-ਛਾੜ ਚੱਲਦੀ ਰਹਿੰਦੀ।

10.15 ਹਿਜ਼ਰਤ (Hizral): ਹਜ਼ਰਤ ਮੁਹੰਮਦ ਨੇ ਮੱਕੇ ਦੇ ਹੱਜ ਦਾ ਫੈਸਲਾ ਕੀਤਾ। ਉਹ ਚੌਦਾ ਸੋ ਮੁਸਲਮਾਨ ਲੈ ਕੇ ਚਲ ਪਏ। ਉਨ੍ਹਾਂ ਨੇ ਸਭ ਨੂੰ ਆਪਣੇ ਕੋਲ ਹਿਫਾਜ਼ਤ ਲਈ ਕੇਵਲ ਇਕ ਤਲਵਾਰ ਰੱਖਣ ਦੀ ਆਗਿਆ ਦਿੱਤੀ। ਕੁਰੇਬਾਂ ਨੇ ਸੋਚਿਆ ਕਿ ਹਮਲਾ ਹੋ ਰਿਹਾ ਹੈ। ਉਨ੍ਹਾਂ ਕਾਸਿਦ ਭੇਜਿਆ ਅਤੇ ਆਪੇ ਵਿੱਚ ਸੁਲ੍ਹਾ ਹੋ ਗਈ। ਹਜ਼ਰਤ ਮੁਹੰਮਦ ਅਤੇ ਉਨ੍ਹਾਂ ਦੇ ਪੈਰੋਕਾਰ ਬਿਨਾ ਹੱਜ ਵਾਪਸ ਆ ਗਏ। ਹੁਣ ਸੁਲ੍ਹਾ ਹੋਣ ਨਾਲ ਹਜ਼ਰਤ ਮੁਹੰਮਦ ਨੇ ਫਿਰ ਪ੍ਰਚਾਰ ਦੇ ਕੰਮ ਵੱਲ ਧਿਆਨ ਦਿੱਤਾ। ਆਸੇ-ਪਾਸੇ ਦੇ ਬਾਦਸ਼ਾਹਾਂ ਨੇ ਵੀ ਇਸਲਾਮ ਕਬੂਲ ਲਿਆ। ਕੁਰੇਸ਼ ਹਾਲੀ ਵੀ ਮੱਕੇ ਵਿੱਚ ਰਹਿਣ ਵਾਲੇ ਮੁਸਲਮਾਨਾਂ ਨੂੰ ਤੰਗ ਕਰਦੇ ਰਹਿੰਦੇ ਸਨ। ਉਹ ਸੁਲ੍ਹਾਨਾਮਾ ਨੂੰ ਇਕ ਕਾਗਜ਼ ਤੋਂ ਵੱਧ ਨਹੀਂ ਸਮਝਦੇ ਸਨ। ਹਜ਼ਰਤ ਮੁਹੰਮਦ ਨੇ ਕੁਰਸ਼ਾਂ ਨੂੰ ਸਬਕ ਸਿਖਾਉਣ ਲਈ ਦਸ ਹਜ਼ਾਰ ਫੌਜ ਨਾਲ ਮੱਕੇ 'ਤੇ ਹਮਲਾ ਕਰ ਦਿੱਤਾ। ਮੱਕੇ ਵਾਲਿਆਂ ਨੇ ਅਬੂ ਸਫਿਆਨ ਨੂੰ ਕਾਸਦ (ਸੰਦੇਸ਼ਕ) ਬਣਾ ਕੇ ਭੇਜਿਆ। ਉਹ ਵਾਅਜ਼ ਉਪਦੇਸ਼ ਸੁਣ ਕੇ ਮੁਸਲਮਾਨ ਬਣ ਗਿਆ। ਉਸ ਨੇ ਵਾਪਸ ਜਾ ਕੇ ਲੋਕਾਂ ਨੂੰ ਮੁਸਲਮਾਨ ਬਣਨ ਅਤੇ ਹਜ਼ਰਤ ਮੁਹੰਮਦ ਨਾਲ ਸੁਲ੍ਹਾ ਕਰਨ ਦੀ ਪ੍ਰੇਰਨਾ ਦਿੱਤੀ। ਅਖੀਰ ਰਮਜ਼ਾਨ ਮਹੀਨੇ ਦੀ ਵੀਹ ਤਾਰੀਖ ਨੂੰ (ਹਿਜਰੀ 8) ਮੱਕੇ ਵਿੱਚ ਦਾਖਲ ਹੋ ਗਏ। ਉਨ੍ਹਾਂ ਨੇ ਸਾਰੇ ਬੁੱਤ ਤੋੜ ਦਿੱਤੇ ਅਤੇ ਅੱਲਾ ਦਾ ਨਾਂ ਲੈਣ ਲਈ ਕਿਹਾ। ਇਨ੍ਹਾਂ ਕੁਰੇਸ਼ ਜਾਂ ਹੋਰ ਕਬੀਲਿਆ ਤੋਂ ਕਿਸੇ ਤਰ੍ਹਾਂ ਦਾ ਬਦਲਾ ਨਾ ਲਿਆ। ਉਨ੍ਹਾਂ ਆਪਣਾ ਗਵਰਨਰ ਮੱਕੇ ਛੱਡ ਦਿੱਤਾ ਅਤੇ ਵਾਪਸ ਮਦੀਨੇ ਆ ਗਏ। ਉਨ੍ਹਾਂ ਨੂੰ ਬਾਅਦ ਵਿੱਚ ਸੀਰੀਆ ਵਿਚ ਇਕੱਠੇ ਹੋਏ ਬਾਚਨਤੀਨੀਆਂ ਨਾਲ ਵੀ ਟੱਕਰ ਲੈਣੀ ਪਈ, ਪਰ ਸਰ ਮੁਸ਼ਕਿਲਾਂ ਦੇ ਬਾਵਜੂਦ ਇਸਲਾਮ ਦਾ ਪ੍ਰਚਾਰ (ਝੰਡਾ) ਉੱਚਾ ਰਿਹਾ।

10.16 ਪ੍ਰਚਾਰ (Preaching):- ਉਸ ਸਮੇਂ ਮੁਹੰਮਦ ਸਾਹਿਬ ਨੇ ਪੱਤਰ ਲਿਖ ਕੇ ਭੇਜੇ। ਅੱਲਾਹ ਦੇ ਰਸਤੇ ਉੱਪਰ ਆਓ ਅਤੇ ਪੁਰਾਣੇ ਧਰਮਾਂ ਨੂੰ ਛੱਡ ਕੇ ਮੇਰੇ ਸੱਚੇ ਧਰਮ ਨੂੰ ਮੰਨੋ। ਇਹ ਸਮਰਾਟ ਈਰਾਨ, ਮਿਸਰ, ਚੀਨ ਅਤੇ ਰੂਮ ਦੇ ਸਨ। ਭਾਵੇਂ ਇਸ ਸਮੇਂ ਤਾਂ ਇਨ੍ਹਾਂ ਨੇ ਇ ਧਾਰਮਿਕ ਨੇਤਾ ਦੀ ਗੱਲ ਨਾ ਮੰਨੀ, ਪਰੰਤੂ ਬੜ੍ਹੇ ਹੀ ਸਮੇਂ ਵਿਚ ਈਰਾਨ ਅਤੇ ਮਿਸਰ ਨੂੰ ਤੋਂ ਇਸਲਾਮ ਦੇ ਲਸ਼ਕਰਾਂ ਨੇ ਆਪਣੇ ਅਧਿਕਾਰ ਵਿਚ ਲੈ ਲਿਆ ਅਤੇ ਉੱਥੇ ਦੇ ਪੁਰਾਣੇ ਧਰ ਨਸ਼ਟ ਕਰ ਦਿੱਤੇ। ਇਸੇ ਤਰ੍ਹਾਂ ਚੀਨੀ ਇਲਾਕੇ ਦੇ ਪੱਛਮੀ ਭਾਗਾਂ ਅਤੇ ਰੂਮੀ ਸਮਰਾਟ ਦੇ ਬਹੁਤ ਸਾਰੇ ਹਿੱਸ ਵੀ ਮੁਹੰਮਦ ਦੀਨ ਦੇ ਅਧਿਕਾਰ ਵਿਚ ਆ ਗਏ। ਇਤਿਹਾਸ ਪੜਨ ਉੱਤੇ ਪਰ ਲਗਦਾ ਹੈ ਕਿ ਮੁਹੰਮਦ ਸਾਹਿਬ ਦੇ ਦਿਹਾਂਤ ਦੇ ਇਕ ਸੌ ਵਰ੍ਹੇ ਦੇ ਅੰਦਰ ਇਹਨਾਂ ਦੇ ਧਰਮ ਦੇ ਖਤਰ ਇਸ ਹੱਦ ਤੱਕ ਪਸਰਿਆ ਕਿ ਭਾਰਤ ਦੀ ਸੀਮਾ ਅਤੇ ਗੁਰਕਿਸਤਾਨ ਤੋਂ ਲੈ ਕੇ ਉੱਡਦੇ ਅਫ਼ਰੀਕਾ ਸਮੇਤ ਸੰਪੰਨ ਤੱਕ ਮੁਹੰਮਦ ਸਾਹਿਬ ਦੇ ਪੈਰੋਕਾਰਾਂ (ਅਨੁਯਾਈਆਂ) ਦੀ ਰਾਜ ਸੱਤਾ ਫੈਲ ਗਈ।

10.17 ਮੌਤ (Death):- 622 ਈ. ਵਿਚ 62 ਸਾਲ ਦੀ ਉਮਰ ਵਿੱਚ ਹਜ਼ਰਤ ਮੁਹੰਮਦ ਸਾਹਿਬ ਵਫਾਤ ਪਾ ਗਏ (ਮੌਤ ਹੋ ਗਈ। ਉਨ੍ਹਾਂ ਆਪਣੀ ਜ਼ਿੰਦਗੀ ਦਾ ਮਿਸ਼ਨ ਪੂਰਾ ਕਰ ਲਿਆ ਸੀ। ਹੁਣ ਜਾਂਗਲੀ ਕਬੀਲੇ ਸਤਿਅ ਬਣ ਚੁੱਕੇ ਸਨ ਅਤੇ ਇਕ ਅੱਲ੍ਹਾ ਦੀ ਇਬਾਦਤ (ਪੂਜਾ) ਕਰਦੇ ਸਨ।

10.18 ਨਵੇਂ ਸਭਿਆਚਾਰ ਦਾ ਪ੍ਰਸਾਰ (Spread of New Culture):- ਮੁਹੰਮਦ ਸਾਹਿਬ ਦੇ ਧਰਮ ਦੇ ਨਾਲ ਇਕ ਨਵਾਂ ਸਭਿਆਚਾਰ ਹੋਂਦ ਵਿਚ ਆਇਆ, ਜਿਸ ਦਾ ਆਧਾਰ ਅਰਬੀ ਭਾਸ਼ਾ ਸੀ। ਇਸ ਧਰਮ ਨੂੰ ਮੰਨਣ ਵਾਲਿਆਂ ਦਾ ਵੱਖਰਾ ਧਾਰਮਿਕ ਵਿਸ਼ਵਾਸ, ਰਹਿਣ-ਸਹਿਣ ਅਤੇ ਰੋਜ਼ਾਨਾ ਜੀਵਨ ਦੀਆਂ ਕਿਰਿਆਵਾਂ ਹਨ। ਭਾਰਤ ਵਿਚ ਇਸ ਧਰਮ ਅਤੇ ਸਭਿਆਚਾਰ ਨੇ ਇੱਥੋਂ ਦੀ ਧਾਰਮਿਕ ਸੋਚ ਅਤੇ ਸਭਿਆਚਾਰ ਨੂੰ ਪ੍ਰਭਾਵਿਤ ਕੀਤਾ।

10.19 ਹਜ਼ਰਤ ਮੁਹੰਮਦ ਸਾਹਿਬ ਦੀਆਂ ਸਿੱਖਿਆਵਾਂ (Teachings of Prophet Mohammad Sahib)

ਇਸਲਾਮ ਦੀ ਸਥਾਪਨਾ ਹਜ਼ਰਤ ਮੁਹੰਮਦ ਸਾਹਿਬ ਨੇ ਕੀਤੀ। ਉਹਨਾਂ ਦੀਆਂ ਸਿੱਖਿਆਵਾਂ ਦਾ ਵਰਣਨ ਅਸੀਂ ਇਸ ਤਰ੍ਹਾਂ ਕਰ ਸਕਦੇ ਹਾਂ:-

10.19.1 ਰੱਬ ਦੀ ਏਕਤਾ ਵਿਚ ਵਿਸ਼ਵਾਸ (Faith in one God called Allah):- ਇਸਲਾਮ ਧਰਮ ਰੱਬ (ਅੱਲ੍ਹਾ) ਦੀ ਏਕਤਾ ਵਿਚ ਵਿਸ਼ਵਾਸ ਰੱਖਦਾ ਹੈ, ਇਸ ਦਾ ਧਾਰਮਿਕ ਢਾਂਚਾ ਇਸੇ ਅਸੂਲ 'ਤੇ ਹੀ ਉਸਰਿਆ ਹੋਇਆ ਹੈ। ਪ੍ਰਭੂ ਸੱਚਾਈ ਦੇ ਪ੍ਰਕਾਸ਼ ਲਈ ਸਮੇਂ-ਸਮੇਂ ਹਰ ਕੰਮ ਲਈ ਇਕ ਰਸੂਲ ਭੇਜਦਾ ਹੈ। ਨਬੀਆਂ ਦੀ ਲੜੀ ਵਿਚ ਮੁਹੰਮਦ ਅੰਤਿਮ ਨਬੀ ਸੀ। ਪ੍ਰਭੂ ਦੀ ਏਕਤਾ ਤੇ ਨਥੀਆਂ ਨੂੰ ਸਵੀਕਾਰ ਕਰਨ ਵਾਲੇ ਮੁਸਲਮਾਨ ਆਖੇ ਜਾਂਦੇ ਹਨ। ਇਸਨਾਮ ਵਿਚ ਦਾਖਲੇ ਲਈ ਹੋਰਨਾਂ ਧਰਮਾਂ ਵਰਗੀਆਂ ਰਸਮਾਂ ਦਾ ਪਾਲਣ ਨਹੀਂ ਕਰਨਾ ਪੈਂਦਾ। ਹਜ਼ਰਤ ਮੁਹੰਮਦ ਨੇ ਆਪਣੇ ਜੀਵਨ ਵਿਚ ਕਦੇ ਵੀ ਝੂਠ ਨਹੀਂ ਬੋਲਿਆ ਸੀ। ਉਨ੍ਹਾਂ ਨੇ ਕਿਹਾ ਸੀ ਕਿ ਪਰਮਾਤਮਾ ਤੋਂ ਬਿਨਾ ਕੋਈ ਦੇਵੀ-ਦੇਵਰਾ ਨਹੀਂ ਹੈ।

10.19.2 ਮਨੁੱਖ ਦੀ ਭਲਾਈ (Emphasis on Welfare of Man) –ਉਹਨਾਂ ਨੇ ਇਹ ਵੀ ਸਿੱਖਿਆ ਦਿੱਤੀ ਕਿ ਅੱਲਾਹ ਦਾ ਮਨੁੱਖ ਦੀ ਭਲਾਈ ਨਾਲ ਬੜਾ ਵੱਡਾ ਸੰਬੰਧ ਹੈ। ਉਹ ਮਨੁੱਖ ਦੇ ਹਰ ਇਕ ਕਰਮ ਨੂੰ ਵੇਖਦਾ ਹੈ। ਉਹ ਮਨੁੱਖ ਦੇ ਮਨ ਦੀ ਗੱਲ ਤੋਂ ਵੀ ਜਾਣੂ ਹੁੰਦਾ ਹੈ। ਇਸ ਲਈ ਮਨੁੱਖ ਦੇ ਕਰਮਾਂ ਅਨੁਸਾਰ ਹੀ ਉਸ ਦਾ ਫੈਸਲਾ ਹੋਵੇਗਾ। ਉਸ ਦੇ ਕਰਮਾ ਅਨੁਸਾਰ ਹੀ ਉਸ ਨੂੰ ਫਲ ਜਾ ਸਜ਼ਾ ਦਿੱਤੀ ਜਾਵੇਗੀ। ਅਣੂ ਜਿੰਨਾ ਕਰਮ ਵੀ ਅੱਲਾਹ ਤੋਂ ਲੁਕਿਆ ਹੋਇਆ ਨਹੀਂ।

10.19.3 ਮਨੁੱਖਤਾ ਦੀ ਏਕਤਾ ਤੇ ਜ਼ੋਰ (Emphasis on Unity of Mankind):- ਇਸਲਾਮ ਧਰਮ ਇਸ ਗੱਲ ਦਾ ਪ੍ਰਚਾਰ ਕਰਦਾ ਹੈ ਕਿ ਮਨੁੱਖਤਾ ਦੀ ਏਕਤਾ ਅਤੇ ਬਰਾਬਰੀ ਦਾ ਸਿੱਧਾਂਤ ਮਹੱਤਵਪੂਰਣ ਹੈ। ਉਸ ਨੇ ਮਨੁੱਖ ਨੂੰ ਮਿੱਟੀ,

ਪਾਣੀ, ਹਵਾ, ਧਰਤੀ ਦਿੱਤੇ ਹਨ ਅਤੇ ਪਰਮਾਤਮਾ ਲਈ ਸਭ ਇਕੋ ਜਿਹੇ ਹਨ ਕਿਸੇ ਵਿਚ ਉਹ ਊਚ-ਨੀਚ ਨਹੀਂ ਹੈ। ਇਸ ਲਈ ਕਿਸੇ ਕਿਸਮ ਦੀ ਕੋਈ ਸਮਾਜਿਕ, ਧਾਰਮਿਕ ਜਾਂ ਭੂਗੋਲਿਕ ਵੱਖਰਤਾ ਕਿਸੇ ਮਨੁੱਖ ਨੂੰ ਦੂਜੇ ਨਾਲੋ ਵਧੇਰੇ ਚੰਗਾ ਨਹੀਂ ਬਣਾਉਂਦੀ। ਪਰਮਾਤਮਾ ਦੀ ਸਾਰੀ ਸਿਰਜਣਾ ਉਸ ਦਾ ਪਰਿਵਾਰ ਹੈ ਅਤੇ ਪਰਮਾਤਮਾ ਨੂੰ ਉਹ ਵਿਅਕਤੀ ਸਭ ਤੋਂ ਪਿਆਰਾ ਹੈ ਜੋ ਉਸ ਦੇ ਜੀਵਾਂ ਨੂੰ ਪਿਆਰ ਕਰਦਾ ਹੈ। ਇਹ ਗੱਲ ਹਜ਼ਰਤ ਮੁਹੰਮਦ ਨੇ ਆਪਣੇ ਚੇਲਿਆਂ ਨੂੰ ਕਹੀ ਸੀ। ਇਸੇ ਕਰਕੇ ਮਨੁੱਖ ਨਾਲ ਘ੍ਰਿਣਾ ਨਹੀਂ ਕਰਨੀ ਚਾਹੀਦੀ, ਸਗੋਂ ਪਿਆਰ ਦਾ ਵਿਵਹਾਰ ਕਰਨਾ ਚਾਹੀਦਾ ਹੈ।

10.19.4 ਜ਼ਿੰਦਗੀ ਮਨੁੱਖ ਦੀ ਮੌਤ ਨਾਲ ਖ਼ਤਮ ਨਹੀਂ ਹੁੰਦੀ (Life does not end with death):- (ਕਿਆਮਤ ਦੇ ਦਿਨ ਵਿਚ ਵਿਸ਼ਵਾਸ) ਇਕ ਹੋਰ ਮੁੱਖ ਪਹਿਲੂ ਇਸਲਾਮ ਦਾ ਇਹ ਹੈ ਕਿ ਜ਼ਿੰਦਗੀ ਮਨੁੱਖ ਦੀ ਮੌਤ ਨਾਲ ਖ਼ਤਮ ਨਹੀਂ ਹੋ ਜਾਂਦੀ, ਸਗੋਂ ਉਸ ਨੂੰ ਇਕ ਹੋਰ ਜੀਵਨ ਮਿਲਦਾ ਹੈ। ਇਸਲਾਮ ਅਨੁਸਾਰ ਮਨੁੱਖ ਦੀ ਮੌਤ ਉਪਰੰਤ ਹੀ ਉਸ ਨੂੰ ਬਹਿਸ਼ਤ ਦਾ ਸਦੀਵੀ ਅਤੇ ਸਥਿਰ ਜੀਵਨ ਪ੍ਰਾਪਤ ਹੁੰਦਾ ਹੈ। ਕੁਰਾਨ ਵਿਚ ਨਿਰਜੀਵਾਂ ਅਤੇ ਬਨਸਪਤੀ ਦੀ ਉੱਤਪੱਤੀ ਬਾਰੇ ਬੜੀ ਚੰਗੀ ਤਰ੍ਹਾਂ ਸਪਸ਼ਟ ਕੀਤਾ ਗਿਆ ਹੈ ਅਤੇ ਪਰਮਾਤਮਾ ਦੇ ਸੱਚੇ ਹੋਣ ਤੇ ਸਰਬ- ਸ਼ਕਤੀਮਾਨ ਹੋਣ ਸਦਕਾ ਹੀ ਇਹ ਸਭ ਕੁਝ ਸੰਭਵ ਹੈ। ਕਿਆਮਤ ਦੇ ਸਮੇਂ ਹੀ ਪਰਮਾਤਮਾ ਉਠਾਏਂਗਾ।

10.19.5 ਪਰਮਾਤਮਾ ਦੀ ਰਜ਼ਾ ਵਿਚ ਰਹਿਣਾ (Following the Will of God):- ਜੋ ਮਨੁੱਖ ਪਰਮਾਤਮਾ ਦੀ ਰਜ਼ਾ ਵਿਚ ਨਹੀਂ ਰਹਿੰਦੇ ਅਤੇ ਅਪਵਿੱਤਰ ਜਾਂ ਪਾਪਾਂ ਭਰਿਆ ਜੀਵਨ ਬਿਤਾਉਂਦੇ ਹਨ, ਉਹ ਸਜ਼ਾ ਭੁਗਤਣਗੇ ਅਤੇ ਨਰਕਾਂ ਨੂੰ ਜਾਣਗੇ, ਜਿੱਥੇ ਦੁਖਭਰੀ ਜ਼ਿੰਦਗੀ ਬਤੀਤ ਹੁੰਦੀ ਹੈ। ਪਰਲੋਕ ਦੇ ਜੀਵਨ ਬਾਰੇ ਇਸ ਵਿਚਾਰਧਾਰਾ ਦਾ ਕਾਰਣ ਇਹੀ ਹੈ ਕਿ ਮਨੁੱਖ ਨੂੰ ਚੰਗਾ ਅਤੇ ਪਵਿੱਤਰ ਜੀਵਨ ਬਿਤਾਉਣਾ ਚਾਹੀਦਾ ਹੈ। ਮਨੁੱਖ ਇਹ ਸਮਝੇ ਕਿ ਉਸ ਨੂੰ ਆਪਣੇ ਕੀਤੇ ਕਰਮਾਂ ਦਾ ਨਿਬੇੜਾ ਪਰਮਾਤਮਾ ਪਾਸ ਕਰਨਾ ਪਵੇਗਾ। ਇਸ ਕਰਕੇ ਮਨੁੱਖਾਂ ਨੂੰ ਸਦਾ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਆਪਣੇ ਜੀਵਨ ਨੂੰ ਸੁਖਾਵਾਂ ਬਣਾਉਣ ਲਈ ਪਰਮਾਤਮਾ ਦੀ ਰਜ਼ਾ ਵਿਚ ਰਹਿਣ।

10.19.6 ਸਲਾਤ (Slat or Namaz)- ਸਲਾਤ ਇਸਲਾਮ ਧਰਮ ਦਾ ਸਭ ਤੋਂ ਪਹਿਲਾਂ ਫਰਜ਼ ਹੈ। ਸਲਾਤ ਅਰਬੀ ਦਾ ਸ਼ਬਦ ਹੈ, ਜਿਸ ਦਾ ਅਰਥ ਪ੍ਰਾਰਥਨਾ ਹੈ। ਇਸ ਨੂੰ ਫ਼ਾਰਸੀ ਤੇ ਉਰਦੂ ਵਿਚ 'ਨਮਾਜ਼' ਕਿਹਾ ਜਾਂਦਾ ਹੈ। ਹਰ ਮੁਸਲਮਾਨ ਲਈ ਨਮਾਜ਼ ਬਹੁਤ ਜ਼ਰੂਰੀ ਹੈ ਜੋ ਦਿਨ ਵਿਚ ਪੰਜ ਵਾਰੀ ਅਦਾ ਕਰਨੀ ਚਾਹੀਦੀ ਹੈ। ਨਮਾਜ਼ ਪਰਮਾਤਮਾ ਦੀ ਪੂਜਾ ਦਾ ਇਕ ਤਰੀਕਾ ਹੈ, ਜਿਸ ਰਾਹੀਂ ਉਸ ਦੇ ਗੁਣਾਂ ਦਾ ਚਿੰਤਨ ਕੀਤਾ ਜਾਂਦਾ ਹੈ ਤਾ ਕਿ ਦੁੱਖਾਂ ਕਲੇਬਾਂ ਦਾ ਟਾਕਰਾ ਕਰਨ ਲਈ ਪਰਮਾਤਮਾ ਤੋਂ ਸ਼ਕਤੀ ਪ੍ਰਾਪਤ ਕੀਤੀ ਜਾ ਸਕੇ। ਪੰਜ ਵਾਰ ਨਮਾਜ਼ ਪੜ੍ਹਨ ਦਾ ਭਾਵ ਇਹੀ ਹੈ ਕਿ ਮੁਸਲਮਾਨ ਪਰਮਾਤਮਾ ਦਾ ਚਿੰਤਨ ਕਰੇ ਅਤੇ ਉਸ ਦੀ ਸਹਾਇਤਾ, ਮਿਹਰ ਅਤੇ ਬਖਸਿਸ਼ ਲਈ ਤਰਲੇ ਕਰੋ।

10.19.7 ਰੋਜ਼ਾ (Roza) ਇਸਲਾਮ ਧਰਮ ਦੀ ਦੂਜੀ ਸਾਧਨਾ ਰੋਜ਼ਾ ਹੈ। ਰੋਜ਼ੇ ਦਾ ਅਰਥ ਇਕ ਮਹੀਨੇ ਲਈ ਦਿਨ ਸਮੇਂ ਖਾਣ-ਪੀਣ ਅਤੇ ਮੰਦੀਆਂ ਖਾਹਿਸ਼ਾਂ ਤੋਂ ਬਚਣਾ ਹੈ। ਰੋਜ਼ਾ ਰੱਖਣ ਵਾਲੇ ਵਿਅਕਤੀ ਲਈ ਕਈ ਹਦਾਇਤਾਂ ਹੁੰਦੀਆਂ ਹਨ

ਕਿ ਉਹ ਰਮਜ਼ਾਨ ਦੇ ਪਵਿੱਤਰ ਮਹੀਨੇ ਵਿਚ ਕੋਈ ਪਾਪ ਨਾ ਕਰੇ। ਝੂਠ ਬੋਲਣਾ, ਚੁਗਲੀ ਕਰਨੀ, ਅਫ਼ਵਾਹਾਂ ਫੈਲਾਣੀਆਂ, ਦੂਜਿਆਂ ਨੂੰ ਗਾਲ੍ਹਾਂ ਕੱਢਣੀਆਂ ਆਦਿ ਦੀ ਜ਼ਰੂਰੀ ਤੌਰ 'ਤੇ ਮਨਾਹੀ ਹੈ। ਰੋਜ਼ਾ ਭਾਵ ਵਰਤ ਰੱਖਣ ਨਾਲ ਮਨੁੱਖ ਸਮਾਜ ਦੇ ਗਰੀਬ ਤਬਕੇ ਦੀਆਂ ਭਾਵਨਾਵਾਂ ਨਾਲ ਹਿੱਸਾ ਵੰਡਾਉਂਦਾ ਹੈ। ਇਸ ਵਿਅਕਤੀ ਨੂੰ ਭੁੱਖਾ ਰਹਿਣੇ ਨਾਲ ਭੁੱਖ ਦਾ ਅਨੁਭਵ ਹੋ ਜਾਂਦਾ ਹੈ ਅਤੇ ਇਸ ਨਾਲ ਉਹ ਗਰੀਬੀ ਤੋਂ ਜਾਣੂ ਹੋ ਜਾਂਦਾ ਹੈ।

10.19.8 ਜ਼ਕਾਤ (Zakat):- ਇਸਲਾਮ ਧਰਮ ਦਾ ਤੀਜਾ ਫਰਜ 'ਜ਼ਕਾਤ' ਹੈ ਜਿਸ ਦਾ ਭਾਵ ਇਹ ਹੈ ਕਿ ਹਰ ਮੁਸਲਮਾਨ ਨੂੰ ਆਪਣੀ ਆਮਦਨ ਵਿਚੋਂ ਕੁਝ ਭਾਗ ਜਕਾਤ ਦੇ ਰੂਪ ਵਿਚ ਦੇਣਾ ਚਾਹੀਦਾ ਹੈ। ਇਸ ਵਿਚ ਸੋਨਾ, ਚਾਂਦੀ, ਵਪਾਰਕ ਸਮਾਨ ਅਤੇ ਪਸ਼ੂ ਆਦਿ ਸਭ ਕੀਮਤੀ ਵਸਤੂਆਂ ਆ ਜਾਂਦੀਆਂ ਹਨ।

10.19.9 ਹੱਜ (Haj):- ਇਸਲਾਮ ਅਨੁਸਾਰ ਮਨੁੱਖ ਦਾ ਚੌਥਾ ਫਰਜ਼ 'ਹੱਜ' ਹੈ। ਹੱਜ ਉਸ ਮੁਸਲਮਾਨ ਲਈ ਬੜਾ ਜ਼ਰੂਰੀ ਹੈ ਜੋ ਇਸ ਦੇ ਅਖਰਾਜਾਤ (ਖ਼ਰਚ) ਦੀ ਸਮਰੱਥਾ ਰੱਖਦਾ ਹੋਵੇ। ਮੁਸਲਮਾਨਾਂ ਲਈ ਮੱਕੇ ਦਾ ਹੱਜ (ਯਾਤਰਾ) ਜ਼ਿੰਦਗੀ ਵਿਚ ਇਕ ਵਾਰ ਕਰਨਾ ਬਹੁਤ ਜ਼ਰੂਰੀ ਹੈ। ਪਰਮਾਤਮਾ ਦੇ ਹੁਕਮ ਨੂੰ ਮੰਨਣਾ ਅਤੇ ਉਸ ਦੀ ਪੂਜਾ ਕਰਨਾ ਵੀ ਹੱਜ ਹੀ ਹੈ।

10.20 ਇਸਲਾਮ ਦੇ ਪੰਜ ਥੰਮ (Five Pillars of Islam)

ਇਸਲਾਮ ਦੇ ਪੰਜ ਪ੍ਰਮੁੱਖ ਸਤੰਭ ਗਿਣੇ ਗਏ ਹਨ- ਈਮਾਨ (ਕਲਮਾ), ਨਮਾਜ਼, ਰੋਜ਼ਾ, ਜ਼ਕਾਤ ਅਤੇ ਹੱਜ। ਇਹਨਾਂ ਪੰਜੇ ਸਿੱਧਾਂਤਾਂ ਨੂੰ ਮੁਸਲਿਮ ਧਰਮ ਵਿਚ ਬਹੁਤ ਮਹੱਤਵਪੂਰਨ ਸਥਾਨ ਹਾਸਿਲ ਹੈ। ਹਰੇਕ ਮੁਸਲਮਾਨ ਲਈ ਇਹਨਾਂ ਪੰਜ ਥੰਮ੍ਹਾਂ ਨੂੰ ਪੂਰਾ ਕਰਨਾ ਜ਼ਰੂਰੀ ਮੰਨਿਆ ਗਿਆ ਹੈ। ਹੇਠਾਂ ਅਸੀਂ ਇਹਨਾਂ ਬਾਰੇ ਵਿਸਥਾਰ ਨਾਲ ਚਰਚਾ ਕਰ ਰਹੇ ਹਾਂ:

10.20.1. ਈਮਾਨ (ਕਲਮਾ) (Kalma) :- ਈਮਾਨ ਦਾ ਅਰਥ ਹੈ ਅੱਲ੍ਹਾ, ਉਸ ਦੇ ਵਰਿਸ਼ਤਿਆਂ, ਪੈਗੰਬਰਾਂ ਅਤੇ ਕਿਆਮਤ ਦੇ ਦਿਨ ਵਿਚ ਵਿਸ਼ਵਾਸ। ਪੰਜਾਬੀ ਸੂਫ਼ੀ ਸਾਹਿਰ ਸੰਦਰਭ ਕੋਸ਼ ਅਨੁਸਾਰ ਈਮਾਨ ਦੇ ਸ਼ਬਦੀ ਅਰਥ- ਸ਼ਰਧਾ ਵਿਸ਼ਵਾਸ ਯਕੀਨ, ਸੱਚੇ ਦਿਲੋਂ ਰੱਬ 'ਤੇ ਭਰੋਸਾ । ਈਮਾਨ ਮਨੁੱਖ ਨੂੰ ਯਕਸੂਈ ਦੇ ਗਾਡੀਰਾਹ 'ਤੇ ਕਰਦਾ ਹੈ ਅਤੇ ਉਸ ਨੂੰ ਡਾਵਾਂਡੋਲ ਨਹੀਂ ਹੋਣ ਦਿੰਦਾ, ਉਸ ਦੇ ਸਾਰੇ ਸ਼ੰਕੇ ਨਿਵਿਤ ਕਰਦਾ ਹੈ, ਉਸ ਨੂੰ ਮਾਨਸਿਕ ਉਲਝਣਾਂ ਤੇ ਚਿੰਤਾਵਾਂ ਦੇ ਪਾਤਾਲ ਵਿਚ ਨਹੀਂ ਡਿੱਗਣ ਦਿੰਦਾ। ਅੱਲ੍ਹਾ ਤਾਅਲਾ ਦੀ ਢੂੰਡ ਨੂੰ ਈਮਾਨ ਕਹਿੰਦੇ ਹਨ। ਈਮਾਨ ਦੀਆਂ ਦੋ ਕਿਸਮਾਂ ਹਨ :

(ੳ) ਹਕੀਕੀ

(ਅ) ਤਕਲੀਕੀ

ਹਕੀਕੀ ਅੰਬੀਆ ਔਲੀਆ ਦਾ ਈਮਾਨ ਹੈ, ਕਿਉਂਕਿ ਉਹ ਅੱਲ੍ਹਾ ਦੇ ਵਜੂਦ ਨੂੰ ਹੀ ਵਜੂਦਿ-ਹਕੀਕੀ ਸਮਝਦੇ ਹਨ। ਈਮਾਨ ਤਕਲੀਕੀ ਆਮ ਲੋਕਾਂ ਦਾ ਈਮਾਨ ਹੈ ਜੋ ਆਪਣੇ ਨਬੀਆਂ ਦੇ ਫਰਮਾਨ ਅਨੁਸਾਰ ਅੱਲ੍ਹਾ ਨੂੰ ਵਾਹਦੁਲਾ ਸ਼ਰੀਕ ਮੰਨਦੇ ਹਨ। ਕੁਰਾਨ ਦੇ ਸੂਰਾ ਬਕਰਹ ਦੀ 20ਵੀਂ ਆਇਤ ਅਨੁਸਾਰ ਈਮਾਨ ਵਾਲਿਆਂ ਨੂੰ ਸਭ ਤੋਂ ਜਿਆਦਾ ਮੁਹੱਬਤ ਅੱਲ੍ਹਾ ਨਾਲ ਹੁੰਦੀ ਹੈ। ਮੁਸਲਮਾਨ ਬਣਨ ਲਈ ਇਹਨਾਂ ਚਾਰ ਚੀਜ਼ਾਂ 'ਤੇ ਈਮਾਨ ਰੱਖਣ ਦੀ ਲੋੜ ਹੈ:-

1. ਖ਼ੁਦਾ ਉੱਤੇ ਈਮਾਨ
2. ਰਸੂਲ ਉੱਤੇ ਈਮਾਨ
3. ਆਖਿਰਤ ਉੱਤੇ ਈਮਾਨ
4. ਅੱਲ੍ਹਾ ਦੀਆਂ ਸਭ ਕਿਤਾਬਾਂ, ਰਸੂਲਾਂ, ਤਕਦੀਰ ਇਲਾਹੀ ਉੱਤੇ ਈਮਾਨ।

10.20.2 ਨਮਾਜ਼ (Namaz) :- ਅੱਲ੍ਹਾ ਅਤੇ ਰਸੂਲ 'ਤੇ ਈਮਾਨ ਲਿਆਉਣ ਮਗਰੋਂ ਅਤੇ ਤਹੀਦ ਤੇ ਰਿਸਾਲਤ ਦੀ ਗੁਆਹੀ ਦੇਣ ਮਗਰੋਂ ਸਭ ਤੋਂ ਪਹਿਲਾਂ ਅਤੇ ਉੱਤਮ ਲਾਜ਼ਮੀ ਕਰਮ ਇਸਲਾਮ ਵਿਚ ਨਮਾਜ਼ ਹੈ। ਨਮਾਜ਼ ਮੁਸਲਮਾਨਾਂ ਦੇ ਜੀਵਨ ਦਾ ਅਨਿੱਖੜ ਅੰਗ ਹੈ। ਨਮਾਜ਼ ਦੇ ਸ਼ਬਦੀ ਅਰਥ ਇਬਾਦਤ, ਪ੍ਰਾਰਥਨਾ, ਦੁਆ, ਪ੍ਰਸਤਿਸ਼ ਹਨ। ਪਰਿਭਾਸ਼ਿਤ ਰੂਪ ਵਿਚ ਨਮਾਜ਼ ਇਸਲਾਮ ਦਾ ਉਹ ਧਾਰਮਿਕ ਫਰਜ਼ ਹੈ ਜੋ ਦਿਨ ਰਾਤ ਦੇ 24 ਘੰਟਿਆਂ ਵਿਚ ਪੰਜ ਵੇਲੇ ਪੂਰਾ ਕੀਤਾ ਜਾਂਦਾ ਹੈ। ਕਯਾਮ ਰਕੂਅ, ਸਜੂਦ ਕਊਦ ਨਾਲ ਨਿਸ਼ਚਿਤ ਕਲਮਾ ਅਤੇ ਕੁਰਾਨ ਪਾਕ ਦੀਆਂ ਆਇਤਾਂ ਪੜ੍ਹ ਕੇ ਪੂਰਾ ਕੀਤਾ ਜਾਂਦਾ ਹੈ। ਨਮਾਜ਼ ਲਈ ਅਰਬੀ ਭਾਸ਼ਾ ਦਾ ਸ਼ਬਦ ਸਲਾਤ ਹੈ। ਕੁਰਾਨ ਮਜੀਦ ਵਿਚ ਦਰਜ ਹੈ (It is given in Quoran Majid):-ਵਾਕੀਮੂਣਾ ਅਲਸਲਾਤ ਵਾ ਲਾਤਕੂਨੂ ਅਮਿਨ ਮੁਸ਼ਰਿਕੀਨ (ਸੂਰਾ ਅਰਰੁਮ ਆਇਤ 22) ਭਾਵ ਨਮਾਜ਼ ਕਾਇਮ ਕਰੋ ਅਤੇ ਮਸ਼ਰਿਕਾ (ਸ਼ਰੀਕ ਕਰਨ ਵਾਲਿਆਂ ਜਾਂ ਖ਼ੁਦਾ ਦੀ ਜਾਤ ਵਿਚ ਕਿਸੇ ਹੋਰ ਨੂੰ ਸ਼ਰੀਕ ਕਰਨ ਵਾਲਿਆਂ) ਵਿਚ ਸ਼ਾਮਿਲ ਨ ਹੋਵੋ। ਹਜ਼ਰਤ ਮੁਹੰਮਦ ਸਾਹਿਬ ਦਾ ਫਰਮਾਨ ਹੈ- ਬੰਦੇ ਤੇ ਕੁਫ਼ਰ ਦੇ ਵਿਚਕਾਰ ਨਮਾਜ਼ ਛੱਡ ਦੇਣ ਦੀ ਹੀ ਵਿੱਥ ਹੈ। ਅਬੂ ਸਲੀਮ ਨਜ਼ਾਮ ਲਈ ਇਹਨਾਂ ਗੱਲਾਂ 'ਤੇ ਜ਼ੋਰ ਦਿੰਦਾ ਹੈ :1. ਇਸ ਗੱਲ ਦਾ ਅਨੁਭਵ ਕਿ ਬੰਦਾ ਆਪਣੇ ਮਾਲਕ ਦੇ ਹਜੂਰ ਹਾਜ਼ਿਰ ਹੈ ਅਤੇ ਮਾਲਕ ਇਸ ਦੀਆਂ ਅੱਖਾਂ ਦੇ ਸਾਹਮਣੇ ਹੈ। ਇਸ ਨੂੰ ਜਰੂਰ ਵੇਖ ਰਿਹਾ ਹੈ।

2. ਅੱਲ੍ਹਾ ਦੇ ਮੁਕਾਬਲੇ ਵਿਚ ਆਪਣੀ ਹੱਦ ਦਰਜੇ ਦੀ ਨਿਮਰਤਾ ਅਤੇ ਆਜਿਜ਼ੀ ਦਾ ਅਨੁਭਵ ਅਤੇ ਇਸ ਦੇ ਨਾਲ ਹੀ ਅੱਲ੍ਹਾ ਤਾਅਲਾ ਦੀ ਤਰਫ ਧਿਆਨ ਦੇਣਾ।

3. ਪੂਰੇ ਪ੍ਰੇਮ ਅਤੇ ਸ਼ੌਕ ਨਾਲ ਅੱਲ੍ਹਾ ਤਾਅਲਾ ਦੀ ਤਰਫ ਧਿਆਨ ਦੇਣਾ। ਨਮਾਜ਼ ਬਾਰੇ ਪੰਜਾਬੀ ਸਾਹਿਤ ਕੋਸ਼ ਵਿਚ ਕਿਹਾ ਗਿਆ ਹੈ ਕਿ " ਹਰ ਮੁਸਲਮਾਨ ਲਈ ਹਰ ਰੋਜ਼ ਪੰਜ ਵਕਤ ਨਮਾਜ਼ ਪੜ੍ਹਨੀ ਪ੍ਰਾਰਥਨਾ ਕਰਨੀ) ਜਰੂਰੀ ਹੈ। ਪਹਿਲੀ ਨਮਾਜ ਸੂਰਜ ਨਿਕਲਣ ਤੋਂ ਪਹਿਲਾਂ, ਦੂਸਰੀ ਦੁਪਹਿਰ ਤੋਂ ਛੇਤੀ ਬਾਦ, ਗੈਸਰੀ ਦੁਪਹਿਰ ਤੋਂ ਕਾਫੀ ਦੇਰ ਬਾਅਦ, ਚੌਥੀ ਸੂਰਜ ਛਿਪਣ ਤੋਂ ਛੇਤੀ ਬਾਅਦ, ਪੰਜਵੀਂ ਚੌਥੀ ਤੇ ਦੋ ਘੰਟੇ ਬਾਅਦ ਕੁਰਾਨ ਵਿਚ ਸਿਰਫ਼ ਚਾਰ ਵਾਰ

ਨਮਾਜ਼ ਪੜ੍ਹਨ ਦਾ ਜ਼ਿਕਰ ਹੈ, ਪਰ ਪਰੰਪਰਾ ਅਨੁਸਾਰ ਨਮਾਜ਼ ਪੰਜ ਵਕਤ ਹੀ ਪੜ੍ਹੀ ਜਾਂਦੀ ਹੈ। ਨਮਾਜ਼ ਸੰਗਤ ਵਿਚ ਪੜ੍ਹਨ ਦਾ ਆਦੇਸ਼ ਹੈ, ਪਰ ਖਾਸ ਕਾਰਨਾਂ ਕਰਕੇ ਇਕੱਲਿਆਂ ਪੜ੍ਹਨ ਦੀ ਵੀ ਛੋਟ ਹੈ। ਘੱਟੋ-ਘੱਟ ਸ਼ੁਕਰਵਾਰ ਦੇ ਦਿਨ ਦੁਪਹਿਰ ਤੋਂ ਬਾਅਦ ਦੀ ਨਮਾਜ਼ ਜਮਾਤ ਵਿਚ ਪੜ੍ਹਨੀ ਜ਼ਰੂਰੀ ਹੈ। ਨਮਾਜ਼ ਪੜ੍ਹਨ ਵੇਲੇ ਕਾਬੇ (ਮੱਕੇ) ਵੱਲ ਮੂੰਹ ਕੀਤਾ ਜਾਂਦਾ ਹੈ। ਨਮਾਜ਼ ਵਿਚ ਕੁਰਾਨ ਵਿਚੋਂ ਹੀ ਕੁਝ ਆਇਤਾਂ ਦੁਹਰਾਈਆਂ ਜਾਂਦੀਆਂ ਹਨ, ਪਰ ਕੁਰਾਨ ਦਾ ਪਹਿਲਾ ਸੂਰਾ ਅਲਫਾਤਹਿ ਹਰ ਨਮਾਜ਼ ਵਿਚ ਜ਼ਰੂਰੀ ਹੀ ਪੜ੍ਹਿਆ ਜਾਂਦਾ ਹੈ। ਨਮਾਜ਼ ਪੜ੍ਹਨ ਵੇਲੇ ਬੈਠਣ ਖੜ੍ਹਨ ਅਤੇ ਸਿਜਦਾ (ਪ੍ਰਣਾਮ) ਕਰਨ ਦੇ ਖਾਸ ਆਸਨ ਹਨ। ਭਾਵੇਂ ਪਰੰਪਰਾ ਉਕਤ ਨਿਯਮਾਂ ਦੇ ਵਿਲੱਪਨ ਵਿਚ ਢਿੱਲ ਦੀ ਇਜਾਜ਼ਤ ਹੈ।"

10.20.3 ਜਕਾਤ (Zakat):- ਇਸਲਾਮ ਦੀਆਂ ਬੁਨਿਆਦੀ ਸਿੱਖਿਆਵਾਂ ਵਿਚ ਈਮਾਨ ਅਤੇ ਨਮਾਜ਼ ਮਗਰੋਂ ਜ਼ਕਾਤ ਦਾ ਸਥਾਨ ਹੈ। ਭਾਵ ਇਹ ਇਸਲਾਮ ਦਾ ਤੀਜਾ ਸਤੰਭ ਹੈ। ਜਕਾਤ ਨੂੰ ਟੈਕਸ, ਦਾਨ ਰਾਸ਼ੀ ਵੀ ਆਖਿਆ ਜਾਂਦਾ ਹੈ ਜਿਹੜੀ ਲੋੜਵੰਦਾਂ ਦੀ ਮਦਦ ਲਈ ਦਿੱਤੀ ਜਾਂਦੀ ਹੈ। ਅਰਬੀ ਭਾਸ਼ਾ ਵਿਚ ਜਕਾਤ ਦਾ ਅਰਥ ਹੁੰਦਾ ਹੈ - 1. ਪਾਕ ਤੇ ਸ਼ੁੱਧ ਹੋਣਾ, 2. ਵਧਣਾ, ਵਿਕਸਿਤ ਹੋਣਾ। ਪਰਿਭਾਸ਼ਿਤ ਰੂਪ ਵਿਚ 'ਜਕਾਤ' ਉਸ ਨਿਸ਼ਚਿਤ ਧਨ ਨੂੰ ਕਹਿੰਦੇ ਹਨ ਜਿਸ ਦਾ ਆਪਣੀ ਕਮਾਈ ਅਤੇ ਆਪਣੇ ਮਾਲ ਵਿਚੋਂ ਨਿਕਾਲਣਾ ਅਤੇ ਉਸ ਨੂੰ ਅੱਲ੍ਹਾ ਦੇ ਦੱਸੇ ਹੋਏ ਸ਼ੁੱਭ ਕਾਰਜਾਂ 'ਤੇ ਖ਼ਰਚ ਕਰਨਾ ਜ਼ਰੂਰੀ ਹੈ। ਜਿਵੇਂ ਮੁਸਾਫ਼ਿਰਾਂ, ਮੁਹਤਾਜਾ ਅਤੇ ਦੀਨ ਦੁਖੀਆਂ ਦੀ ਸੇਵਾ ਕਰਨੀ, ਕਰਜ਼ਾਈ ਵਿਅਕਤੀਆਂ ਨੂੰ ਕਰਜ਼ੇ ਦੇ ਭਾਰ ਤੋਂ ਛੁਟਕਾਰਾ ਦੁਆਉਣਾ, ਅੱਲ੍ਹਾ ਦੇ ਦੀਨ ਲਈ ਕੀਤੇ ਜਾਣ ਵਾਲੇ ਯਤਨਾਂ ਵਿਚ ਖ਼ਰਚਾ ਕਰਨਾ ਆਦਿ।

ਦੂਜੇ ਸ਼ਬਦਾਂ ਵਿਚ, ਜਕਾਤ ਦਾ ਅਰਥ ਇਹ ਹੈ ਕਿ ਜਿਸ ਮੁਸਲਮਾਨ ਕੋਲ ਇਕ ਨਿਸ਼ਚਿਤ ਰਾਸ਼ੀ ਵਿਚ ਨਿਯਮਿਤ ਤੌਰ 'ਤੇ ਧਨ ਸੰਪੱਤੀ ਆਦਿ ਹੋਵੇ, ਉਹ ਹਰ ਸਾਲ ਹਿਸਾਬ ਲਗਾ ਕੇ ਆਪਣੀ ਸੰਪੱਤੀ ਦਾ 40ਵਾਂ ਭਾਗ ਗ਼ਰੀਬਾਂ 'ਤੇ ਜਾਂ ਨੇਕੀ ਦੀਆਂ ਉਹਨਾਂ ਹੋਰ ਗੱਲਾਂ 'ਤੇ ਖ਼ਰਚ ਕਰ ਦੇਵੇ, ਜੋ ਜ਼ਕਾਤ ਦੇ ਖਰਚ ਲਈ ਅੱਲ੍ਹਾ ਅਤੇ ਰਸੂਲ ਨੇ ਨਿਸ਼ਚਿਤ ਕੀਤੀ ਹੈ।" ਜ਼ਕਾਤ ਨੂੰ 'ਜ਼ਕਾਤ' ਇਸ ਲਈ ਕਿਹਾ ਜਾਂਦਾ ਹੈ ਕਿ ਇਸ ਦੇ ਦੁਆਰਾ ਮਨੁੱਖ ਦੀ ਆਤਮਾ ਸ਼ੁੱਧ ਹੁੰਦੀ ਹੈ ਅਤੇ ਉਸ ਨੂੰ ਵਿਕਸਿਤ ਹੋਣ ਦਾ ਮੌਕਾ ਮਿਲਦਾ ਹੈ। ਮਨੁੱਖ ਦਾ ਮਨ ਵਧੀ ਹੋਈ ਸੰਸਾਰਕ ਮੋਹ ਮਾਇਆ ਤੋਂ ਛੁਟਕਾਰਾ ਪਾਉਂਦਾ ਹੈ ਅਤੇ ਉਸ ਦਾ ਮਾਲ ਵੀ ਪਾਕ ਹੋ ਜਾਂਦਾ ਹੈ ਅਤੇ ਉਸ ਵਿਚ ਬਰਕਤ ਹੁੰਦੀ ਹੈ। ਜ਼ਕਾਤ ਦੀ ਵਿਵਸਥਾ ਵਿਚ ਪੂਰੇ ਸਮਾਜ ਦਾ ਕਲਿਆਣ ਹੈ। ਕੁਰਾਨ ਮਜੀਦ ਵਿਚ ਜ਼ਕਾਤ ਦੇ ਹੱਕਦਾਰ ਅੱਠ ਤਰ੍ਹਾਂ ਦੇ ਲੋਕ ਦੱਸੇ ਗਏ ਹਨ :

1. ਅਜਿਹੇ ਫ਼ਕੀਰ ਜੋ ਆਪਣੀ ਰੋਜ਼ੀ ਕਮਾਉਣ ਦੇ ਯੋਗ ਨਾ ਹੋਣ।
2. ਨਿਰਧਨ ਆਦਮੀ ਜੋ ਆਪਣੀ ਰੋਜ਼ੀ ਚੰਗੀ ਤਰ੍ਹਾਂ ਕਮਾ ਨਾ ਸਕੇ।
3. ਉਹ ਲੋਕ ਜੋ ਜਕਾਤ ਦਾ ਮਾਲ ਇਕੱਤਰ ਕਰਨ ਲਈ ਨਿਸ਼ਚਿਤ ਕੀਤੇ ਹਨ ਤੇ ਵਕਤ ਦੇ ਖਲੀਵੇ ਕੋਲ ਅਪੜਾਉਂਦੇ ਹਨ।
4. ਅਜਿਹੇ ਲੋਕ ਜਿਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਪ੍ਰੇਰਿਆ ਜਾ ਸਕਦਾ ਹੈ।
5. ਗੁਲਾਮਾਂ ਨੂੰ ਆਜ਼ਾਦ ਕਰਾਉਣ ਲਈ।
6. ਅਜਿਹਾ ਕਰਜ਼ਦਾਰ ਜੋ ਆਪਣਾ ਕਰਜਾ ਉਤਾਰਨ ਦੀ ਸਮੱਰਥਾ ਨਾ ਰੱਖਦਾ ਹੋਵੇ।

7. ਉਹ ਮਜਾਹਦ ਜੋ ਬਿਨਾ ਇਵਜਾਨੇ ਜਾਂ ਤਨਖਾਹ ਕਾਫ਼ਿਰਾਂ ਨਾਲ ਜਹਾਦ ਕਰਦੇ ਹਨ।

8. ਅਜਿਹਾ ਮੁਸਾਫ਼ਿਰ ਜਿਸ ਕੋਲ ਸਫ਼ਰ ਦਾ ਖਰਚ ਆਦਿ ਨਾ ਹੋਵੇ ਤੇ ਉਹ ਪਰਦੇਸ਼ ਵਿਚ ਹੋਵੇ।

10.20.4 ਰੋਜ਼ਾ (Roza) :- ਕੁਰਾਨ ਵਿਚ ਰੋਜ਼ੇ ਲਈ 'ਸਿਆਮ' ਸ਼ਬਦ ਦੀ ਵਰਤੋਂ ਕੀ ਗਈ ਹੈ। ਜਿਸ ਦਾ ਮੌਲਿਕ ਅਰਥ ਹੈ ਰੁੱਕ ਜਾਣਾ। ਰੋਜ਼ੇ ਨੂੰ ਪੰਜਾਬੀ ਵਿਚ ਵਰਤ ਵੀ ਕਿਹਾ ਹੈ ਸਕਦਾ ਹੈ। ਡਾ. ਪ੍ਰੀਤਮ ਸਿੰਘ ਸੈਨੀ ਦੇ ਸ਼ਬਦਾਂ ਵਿਚ, "ਹਿੰਦੂਆਂ ਵਾਂਗ ਮੁਸਲਮਾਨਾਂ ਵਿਚ ਹ ਵੀ ਰਮਜ਼ਾਨ ਧ੍ਰਸ਼ ਹੈ। ਇਹ ਵਰਤ ਜਾਂ ਰੋਜ਼ੇ ਰਮਜ਼ਾਨ : ਦੇ ਧਾਰਮਿਕ ਵਰਤ ਰੱਖਣ ਦੀ ਪਵਿੱਤਰ ਮਹੀਨੇ ਵਿਚ ਰੱਖੇ ਜਾਂਦੇ ਹਨ। ਇਸ ਮਹੀਨੇ ਵਿਚ ਹਜ਼ਰਤ ਮੁਹੰਮਦ ਨੂੰ ਆਕਾਸ਼ ! ਰੱਬੀ ਦਰਸ਼ਨ ਹੋਏ ਸਨ। ਇਸ ਘਟਨਾ ਨੂੰ ਮਿਅਰਾਜ ਆਖਿਆ ਜਾਂਦਾ ਹੈ। ਇਹ ਰੋਜ਼ੇ ਹਰ ਰੋਣ ਦਿਨ ਚੜ੍ਹਨ ਤੋਂ ਦਿਨ ਡੁੱਬਣ ਤੱਕ ਹੁੰਦੇ ਹਨ ਅਤੇ ਇਨ੍ਹਾਂ ਵਿਚ ਕੁਝ ਖਾਧਾ ਪੀਤਾ ਨਹੀਂ ਜਾਂਦਾ, ਨਾ ਹੀ ਭੋਗ ਵਿਲਾਸ ਜਾਂ ਹੋਰ ਕੋਈ ਮੰਦਾ ਕੰਮ ਕਰਨ ਦੀ ਆਗਿਆ ਹੈ।" ਕੁਰਾਨ ਮਜ਼ੀਦ ਦੇ ਸੂਰਾ ਅਲ ਬਕਰਹ, ਆਇਤ 183 ਵਿਚ ਫ਼ਰਮਾਨ ਹੈ:-

"ਐ ਈਮਾਨ ਵਾਲਿਓ। ਤੁਹਾਡੇ 'ਤੇ ਰੋਜ਼ੇ ਫਰਜ਼ ਕੀਤੇ ਗਏ ਹਨ ਜਿਵੇਂ ਕਿ ਤੁਹਾਡੇ ਤੇ ਪਹਿਲਾਂ ਲੋਕਾਂ 'ਤੇ ਫਰਜ਼ ਕੀਤੇ ਗਏ ਸਨ। ਆਸ਼ਾ ਹੈ ਕਿ ਤੁਸੀਂ ਪਰਹੇਜ਼ਗਾਰ ਹੋ ਜਾਵੇਗੇ ਭਾਵ ਆਪਣੇ ਹਰ ਕੰਮ ਵਿਚ ਅੱਲ੍ਹਾ ਦੀ ਨਾਖੁਸ਼ੀ ਤੋਂ ਡਰ ਕੇ ਉਸ ਦੇ ਕਾਨੂੰਨ ਦੀ ਪੈਰਵੀ ਕਰਨ ਦਾ ਧਿਆਨ ਕਰੋਗੇ।"

ਰੋਜ਼ੇ ਦਾ ਵਿਸ਼ੇਸ਼ ਲਾਭ ਇਹ ਹੈ ਕਿ ਇਸ ਦੁਆਰਾ ਮਨੁੱਖ ਵਿਚ ਤਕਵਾ (ਅੱਲ੍ਹਾ ਦੇ ਇ ਡਰ) ਅਤੇ ਪਰਹੇਜ਼ਗਾਰੀ (ਭਗਤੀ ਤੇ ਸੰਜਮ) ਦਾ ਗੁਣ ਪੈਦਾ ਹੋ ਜਾਂਦਾ ਹੈ ਅਤੇ ਆਪਣੇ ਮਨ ਦੀਆਂ ਇੱਛਾਵਾਂ ਨੂੰ ਵਸ ਵਿਚ ਰਖਣ ਦੀ ਤਾਕਤ ਆਉਂਦੀ ਹੈ। ਆਤਮਾ ਦੀ ਉੱਨਤੀ ਅਤੇ ਉਸ ਵਿਚ ਸੁਧਾਰ ਹੁੰਦਾ ਹੈ, ਪਰੰਤੂ ਇਹ ਸਾਰੀਆਂ ਗੱਲਾਂ ਤਾਂ ਹੀ ਹੋ ਸਕਦੀਆਂ ਹਨ, ਜਦੋਂ ਰੋਜ਼ ਰਖਣ ਵਾਲਾ ਆਪ ਵੀ ਇਹਨਾਂ ਨੂੰ ਪ੍ਰਾਪਤ ਕਰਨ ਦਾ ਯਤਨ ਕਰੋ।

10.20. 5. ਹੱਜ (Ha) :- ਇਸਲਾਮ ਦੇ ਸਤੰਭਾਂ ਵਿਚੋਂ ਅੰਤਿਮ ਸਤੰਭ ਹੱਜ ਹੈ। ਕੁਰਾਨ ਸ਼ਰੀਫ ਵਿਚ ਹੱਜ ਨੂੰ ਲਾਜ਼ਮੀ ਘੋਸ਼ਿਤ ਕੀਤਾ ਗਿਆ ਹੈ। ਹੱਜ ਦਾ ਅਰਥ ਹੈ ਭ੍ਰਮਣ ਜਾਂ ਯਾਤਰਾ। ਹਰ ਮੁਸਲਮਾਨ ਲਈ ਜ਼ਰੂਰੀ ਹੈ ਕਿ ਉਹ ਆਪਣੇ ਜੀਵਨ ਵਿਚ ਕਿਸੇ ਪਵਿੱਤਰ ਜਗ੍ਹਾ ਦਾ ਹੱਜ ਜ਼ਰੂਰ ਕਰੋ। ਹੱਜ ਦਾ ਅਰਥ ਹੈ ਇਰਾਦਾ ਕਰਨਾ, ਜ਼ਿਆਰਤ ਤੀਰਥ ਯਾਤਰਾ ਦਾ ਇਰਾਦ ਕਰਨਾ। ਪਰਿਭਾਸ਼ਿਕ ਰੂਪ ਵਿਚ 'ਹੱਜ' ਇਕ ਇਬਾਦਤ ਹੈ। ਜਿਸ ਵਿਚ ਮਨੁੱਖ ਅੱਲ੍ਹਾ ਦੇ ਘਰ (ਕਾਬੇ) ਦੇ ਦਰਸ਼ਨ ਦਾ ਇਰਾਦਾ ਰੱਖਦਾ ਹੈ। ਹੱਜ ਦੁਆਰਾ ਅੱਲ੍ਹਾ ਦੀ ਉਸਤਤਿ ਤੇ ਉਸ ਦਾ ਪ੍ਰੇਮ ਸਥਾਈ ਰੂਪ ਨਾਲ ਮਨ ਵਿਚ ਬੈਠ ਜਾਂਦਾ ਹੈ। ਹੱਜ ਵਿਚ ਮਨੁੱਖ ਸਾਰੇ ਕੰਮਾਂ ਨੂੰ ਛੱਡ ਕੇ ਅੱਲ੍ਹਾ ਦੀ ਪੁਕਾਰ 'ਤੇ ਉਸ ਵੱਲ ਦੌੜ ਕੇ ਇਸ ਗੱਲ ਦਾ ਸਬੂਤ ਦਿੰਦਾ ਹੈ ਕਿ ਉਹ ਅੱਲ੍ਹਾ ਨੂੰ ਹੀ ਆਪਣਾ ਮਾਲਕ ਤੇ ਪੂਜਣ ਯੋਗ ਮੰਨਦਾ ਹੈ। ਹੱਜ ਅਸਲ ਵਿਚ ਵਿਅਕਤੀ ਵੱਲੋਂ ਇਸ ਗੱਲ ਦੀ ਘੋਸ਼ਣਾ ਹੈ ਕਿ ਉਸ ਦਾ ਪ੍ਰੇਮ ਤੇ ਸ਼ਰਧਾ ਉਸ ਦੀ ਪੂਜਾ ਤੇ ਬੰਦਗੀ, ਸਭ ਕੁਝ ਅੱਲ੍ਹ ਲਈ ਹੈ, ਉਹ ਕੇਵਲ ਉਸੇ ਦੀ ਡਿਊਢੀ ਅਤੇ ਆਸਤਨ 'ਤੇ ਆਪਣਾ ਸਿਰ ਰੱਖ ਸਕਦਾ ਹੈ। ਅਤੇ ਉਸ ਨੂੰ ਚੁੰਮ ਸਕਦਾ

ਹੈ। ਹੱਜ ਦਾ ਮੂਲ ਉਦੇਸ਼ ਇਹ ਹੈ ਕਿ ਆਦਮੀ ਅੱਲ੍ਹਾ ਦੇ ਪਿਆਰ ਵਿਚ ਭਰ ਕੇ ਆਪਣਾ ਸਭ ਕੁਝ ਉਸ ਦੀ ਰਾਹ ਵਿਚ ਲਗਾ ਦੇਵੇ। ਡਾ. ਪ੍ਰੀਤਮ ਸਿੰਘ ਸੈਨੀ ਦੇ ਕਥਨ ਅਨੁਸਾਰ, "ਦੁਨੀਆ ਭਰ ਦੇ ਮੁਸਲਮਾਨਾਂ (ਜਿਨ' ਦੀ ਪਹੁੰਚ ਹੋਵੇ) ਨੂੰ ਜੀਵਨ ਵਿਚ ਘੱਟੋ-ਘੱਟ ਇਕ ਵਾਰ ਮੱਕੇ ਵਿਚ ਸਥਿਤ ਖਾਨੇ ਕਾਅਬੇ ਦਾ ਹੱਜ ਕਰਨ ਦਾ ਵੀ ਆਦੇਸ਼ ਹੈ। ਹੱਜ ਕਰਨ ਲਈ ਮੁਸਲਮਾਨ ਯਾਤਰੀ (ਜਿਨ੍ਹਾਂ ਨੂੰ ਹਾਜੀ ਕਹਿੰਦੇ ਹਨ) ਕਾਅਬੇ ਦੀ ਪ੍ਰਕਰਮਾ ਵੀ ਕਰਦੇ ਹਨ ਅਤੇ ਉੱਥੇ ਰੱਖੇ ਗਏ ਪਵਿੱਤਰ ਕਾਲੇ ਪੱਥਰ (ਸੰਗ ਅਸਵਦ) ਨੂੰ ਚੁੰਮਦੇ ਵੀ ਹਨ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਸ ਪੱਥਰ ਦੇ ਚੁੰਮਣ ਨਾਲ ਮਨੁੱਖ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ।"

10.20.6 ਹੱਜ ਦੀਆਂ ਬਰਕਤਾਂ (Blessings of Haj) :- ਬਹੁਤ ਸਾਰੀਆਂ ਹਦੀਸਾਂ ਵਿਚ ਪੁੱਜ ਦੀ ਅਤੇ ਹੱਜ ਕਰਨ ਵਾਲਿਆਂ ਦੀਆਂ ਬਹੁਤ ਸਾਰੀਆਂ ਪ੍ਰਸ਼ੰਸਾਵਾਂ ਕੀਤੀਆਂ ਗਈਆ ਹਨ। ਇਸ ਹਦੀਸ ਵਿਚ ਹੈ ਕਿ "ਹੱਜ ਅਤੇ ਉਮਰੇ ਲਈ ਜਾਣ ਵਾਲੇ ਲੋਕ ਅੱਲ੍ਹਾ ਤਾਅਲਾ ਦੇ ਮੁੱਖ ਅਤੇ ਵਿਸ਼ੇਸ਼ ਪ੍ਰਾਹੁਣੇ ਹਨ। ਉਹ ਅੱਲ੍ਹਾ ਨੂੰ ਪ੍ਰਾਰਥਨਾ ਕਰਨ ਤਾਂ ਅੱਲ੍ਹਾ ਤਾਅਲਾ ਉਹਨਾਂ " ਦੀ ਪ੍ਰਾਰਥਨਾ ਪ੍ਰਵਾਨ ਕਰਦਾ ਹੈ, ਖਿਮਾ ਮੰਗਣ ਤਾਂ ਖ਼ਿਮਾ ਕਰ ਦਿੰਦਾ ਹੈ। ਇਕ ਦੂਜੀ ਹਦੀਸ ਵਿਚ ਹੈ ਕਿ :-

ਜੋ ਵਿਅਕਤੀ ਹੱਜ ਕਰੇ ਅਤੇ ਉਸ ਵਿਚ ਕੋਈ ਅਸ਼ਲੀਲ ਤੇ ਪਾਪ ਦੀ ਗੱਲ ਨਾ ਕਰੇ ਅਤੇ ਅੱਲ੍ਹਾ ਦੀ ਆਗਿਆ ਦੀ ਉਲੰਘਣਾ ਨਾ ਕਰੇ, ਤਾਂ ਉਹ ਪਾਪਾਂ ਤੋਂ ਅਜਿਹਾ ਪਵਿੱਤਰ ਅਤੇ ਸਵੱਛ ਹੋ ਕੇ ਪਰਤੇਗਾ ਜਿਵੇਂ ਕਿ ਉਹ ਆਪਣੇ ਜਨਮ ਸਮੇਂ ਬਿਲਕੁਲ ਨਿਰ-ਅਪਰਾਧ

10.21 ਸਾਰ (Conclusion):- ਹਜ਼ਰਤ ਮੁਹੰਮਦ ਦਾ ਜਨਮ 570 ਈ: ਨੂੰ ਮੱਕੇ ਵਿਚ ਅਬਦੁੱਲਾ ਦੇ ਘਰ ਹੋਇਆ। ਉਸ ਸਮੇਂ ਅਰਬ ਦੇਸ਼ ਦੀ ਹਾਲਤ ਬਹੁਤ ਖ਼ਰਾਬ ਸੀ। ਪਿਤਾ ਦੀ ਮੌਤ ਬਚਪਨ ਵਿਚ ਹੋ ਗਈ। ਉਹ ਆਪ ਦੇ ਚਾਚੇ ਨਾਲ ਵਪਾਰ ਕਰਨ ਜਾਂਦੇ ਰਹੇ। ਉਹ ਰਾਜਨੀਤਿਕ ਅਤੇ ਸਮਾਜਿਕ ਮਸਲਿਆ ਵਿਚ ਰੁਚੀ ਲੈਣ ਲੱਗੇ। ਮਗਰੇ ਉਹਨਾਂ ਨੂੰ ਇਲਹਾਮ ਦੀ ਪ੍ਰਾਪਤੀ ਹੋਈ। ਸ਼ੁਰੂ-ਸ਼ੁਰੂ ਵਿਚ ਆਪ ਦੇ ਪੈਰੋਕਾਰ ਬਹੁਤ ਘੱਟ ਸਨ, ਪਰ ਮਗਰੋਂ ਇਨ੍ਹਾਂ ਦੀ ਗਿਣਤੀ ਵੱਧ ਗਈ। ਭਾਵੇਂ ਇਨ੍ਹਾਂ ਦੀ ਬਹੁਤ ਵਿਰੋਧਤਾ ਹੋਈ, ਪਰ ਮੁਹੰਮਦ ਸਾਹਿਬ ਨੇ ਆਪਣਾ ਪ੍ਰਚਾਰ ਜਾਰੀ ਰੱਖਿਆ। ਉਹਨਾਂ ਨੇ ਇਕ ਨਵੇਂ ਧਰਮ ਅਤੇ ਸਭਿਆਚਾਰ ਨੂੰ ਜਨਮ ਦਿੱਤਾ। ਇਹ ਧਰਮ ਹੁਣ ਦੁਨੀਆਂ ਦੇ ਬਹੁਤ ਦੇਸ਼ਾਂ ਵਿਚ ਫੈਲਿਆ ਹੋਇਆ ਹੈ। ਉਨ੍ਹਾਂ ਦੀਆਂ ਸਿੱਖਿਆਵਾਂ ਕੁਰਾਨ ਸ਼ਰੀਫ ਵਿਚ ਦਰਜ ਹਨ। ਕੁਰਾਨ ਸ਼ਰੀਫ ਮੁਸਲਮਾਨਾਂ ਦਾ ਇਕ ਧਾਰਮਿਕ ਗ੍ਰੰਥ ਹੈ। ਹਰੇਕ ਮੁਸਲਮਾਨ ਲਈ ਕੁਰਾਨ ਵਿਚ ਵਿਸ਼ਵਾਸ ਜ਼ਰੂਰੀ ਚੀਜ਼ ਹੈ। ਖ਼ੁਦਾ ਇਕ ਹੈ। ਕੁਰਾਨ ਵਿਚ ਉਸ ਨੂੰ ਅੱਲ੍ਹਾ ਕਿਹਾ ਗਿਆ ਹੈ। ਹਜ਼ਰਤ ਮੁਹੰਮਦ ਸਾਹਿਬ ਅੱਲ੍ਹਾ ਦੇ ਰਸੂਲ ਸਨ। ਹਜ਼ਰਤ ਮੁਹੰਮਦ ਨੇ 'ਜਿਹਾਦ' ਜ਼ਰੂਰੀ ਖਿਆਲ ਕੀਤਾ ਹੈ। ਇਸ ਤੋਂ ਭਾਵ ਧਰਮ-ਯੁੱਧ ਹੈ। ਇਸਲਾਮ ਦੀ ਜਿਹੜੀ ਵੀ ਪ੍ਰਗਤੀ ਸੰਸਾਰਕ ਤੌਰ 'ਤੇ ਹੋਈ ਉਹ 'ਜਿਹਾਦ' ਕਾਰਣ ਹੋਈ। ਇਸੇ ਤਰ੍ਹਾਂ ਇਸਲਾਮ ਦੇ ਪੰਜ ਥੰਮ੍ਹ ਇਸ ਦੀਆਂ ਉਹ ਨੀਹਾਂ ਹਨ ਜਿਨ੍ਹਾਂ ਉੱਪਰ ਇਸਲਾਮ ਦਾ ਸੁੰਦਰ ਮਹੱਲ ਉਸਰਦਾ ਹੈ । ਇਹ ਪੰਜ ਸਤੰਭ ਮੁਸਲਮਾਨਾਂ ਲਈ ਬਹੁਤ ਹੀ ਮਹੱਤਵ ਰੱਖਦੇ ਹਨ। ਇਹ ਦੁਨੀਆ ਭਰ ਦੇ ਮੁਸਲਮਾਨਾਂ ਦੀ ਜ਼ਿੰਦਗੀ ਦਾ ਅਨਿਖੜ ਅੰਗ ਹਨ। ਇਹ ਇਕ ਅਜਿਹਾ ਧੁਰਾ ਹਨ ਜਿਸ ਦੇ

ਇਰਦ-ਗਿਰਦ ਇਸਲਾਮ ਧਰਮ ਘੁੰਮਦਾ ਹੈ। ਇਨ੍ਹਾਂ ਪੰਜਾਂ ਥੰਮਾਂ ਤੋਂ ਬਗੈਰ ਇਸਲਾਮ, ਰੂਹ ਤੋਂ ਬਗੈਰ ਸਰੀਰ ਹੈ ਜਾਂ ਜਿਵੇਂ ਪੰਛੀਆਂ ਤੋਂ ਬਗ਼ੈਰ ਜੰਗਲ ਹੈ।

10.22 ਪੜ੍ਹਣਯੋਗ ਪੁਸਤਕਾਂ


- ਅੰਮ੍ਰਿਤ ਕੌਰ ਰੈਣਾ (ਡਾ.) *ਸਿੱਖ ਧਰਮ ਅਤੇ ਇਸਲਾਮ*, ਯੂਨੀਸਟਾਰ ਬੁਕਸ, ਮੋਹਾਲੀ , ਜਨਵਰੀ 2010
- ਸਰਬਜਿੰਦਰ ਸਿੰਘ, ਡਾ. (ਸੰਪਾ.), *ਵਿਸ਼ਵ ਧਰਮ ਬਾਨੀ, ਗ੍ਰੰਥ ਸੰਪ੍ਰਦਾਇ ਅਤੇ ਚਿੰਤਕ* (ਚਾਰ ਭਾਗ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, .2012
- ਸੱਯਦ ਅਬੁਲ ਆਲਾ ਮੌਜੂਦੀ (ਰਹਿ.), *ਇਸਲਾਮ ਧਰਮ*, ਪੰਜਾਬੀ ਇਸਲਾਮਿਕ ਪਬਲੀਕੇਸ਼ਨ, ਦਿੱਲ਼ੀ, 2016
- *ਕੁਰਆਨ ਮਜੀਦ*, ਸਯੱਦ ਅਬੁਲ ਆਲਾ ਮੌਦੂਦੀ (ਟੀਕਾਕਾਰ), ਰਮਜ਼ਾਨ ਸਈਦ (.ਅਨੁ), ਦਿੱਲੀ ਅਲ-ਕੁਰਆਨ ਇੰਸਟੀਚਿਉਟ, ਦਿੱਲੀ, .2015
- ਪ੍ਰਤਾਪ ਸਿੰਘ ,(ਗਿਆਨੀ)*ਸੰਸਾਰ ਦਾ ਧਾਰਮਿਕ ਇਤਿਹਾਸ*, ਜਵਾਹਰ ਸਿੰਘ ਕ੍ਰਿਪਾਲ ਸਿੰਘਖਾਲਸਾ ਬ੍ਰਦਰਜ਼, , ਅੰਮ੍ਰਿਤਸਰ, 1976
- ਮੁਹੰਮਦ ਅਬਦੁਲ ਹਈ, *ਹਜ਼ਰਤ ਮੁਹੰਮਦ ਸੱਲਲਾਹੁ ਅਲੈਹਿ ਵਸੱਲਮ; ਜੀਵਨ ਤੇ ਸੰਦੇਸ਼*, ਪੰਜਾਬੀ ਇਸਲਾਮਿਕ ਪਬਲੀਕੇਸ਼ਨ, ਦਿੱਲੀ, 2014
- ਰਾਹੁਲ ਸਾਂਕਿਰਤਯਾਯਨ, *ਇਸਲਾਮ ਧਰਮ ਕੀ ਰੂਪ ਰੇਖਾ (ਹਿੰਦੀ)*, ਕਿਤਾਬ ਮਹਲ, ਇਲਾਹਾਬਾਦ, 2019
- ਡਾ. ਮੁਹੰਮਦ ਇਰਸ਼ਾਦ, *ਹਜ਼ਰਤ ਮੁਹੰਮਦ : ਜੀਵਨ ਅਤੇ ਸਿਖਿਆ*, ਪਬਲੀਕੇਸ਼ਨ ਬਿਊਰੋ, 2011
- Bhagat Singh Hira, *Semitic Religious Thought and Sikhism*, National Book Shop, Delhi, 1992
- Gurbachan Singh Talib, *An Advanced Book of Religious Studies*, Punjabi University Patiala, 1974
- Mir Sajjad Ali and Zainab Rahman, *Islam and Indian Muslim*, Kalpaz Publications, New Delhi, 2010
- Sarah Thorley, *Islam in Words and Pictures*, Canterbury Press, Norwich, 1997
- Rashad Ahmad Azami, *Stories of the Prophets*, Darusslam 2003

➢ *The Cambridge History of Islam*, Edited by P.M. Holt, Ann K.S. Lambdon and Bernard Lewis, vol. 2A, Cambridge University Press, 1970

10.23 ਅਭਿਆਸ ਲਈ ਪ੍ਰਸ਼ਨ

ਵੱਡੇ ਪ੍ਰਸ਼ਨ

1. ਹਜ਼ਰਤ ਮੁਹੰਮਦ ਸਾਹਿਬ ਦੀਆਂ ਸਿੱਖਿਆਵਾਂ ਦਾ ਵਰਣਨ ਕਰੋ।
2. ਮੁਹੰਮਦ ਸਾਹਿਬ ਦੇ ਜੀਵਨ ਦੇ ਹਾਲਾਤ ਉੱਪਰ ਵਿਚਾਰ ਕਰੋ।

ਛੋਟੇ ਪ੍ਰਸ਼ਨ

1. ਹਜ਼ਰਤ ਮੁਹੰਮਦ ਸਾਹਿਬ ਦਾ ਵਿਆਹ ਕਿਸ ਨਾਲ ਹੋਇਆ ਸੀ ਉਸ ਸਮੇਂ ਉਹਨਾਂ ਦੀ ਉਮਰ ਕਿੰਨੀ ਸੀ?
2. ਵਫਾਤ ਸ਼ਬਦ ਤੋਂ ਕੀ ਭਾਵ ਹੈ ਹਜ਼ਰਤ ਮੁਹੰਮਦ ਸਾਹਿਬ ਦੀ ਮੌਤ ਕਦੋਂ ਹੋਈ ਸੀ?
3. ਇਸਲਾਮ ਧਰਮ ਵਿਚ ਈਸ਼ਵਰ ਦੀ ਏਕਤਾ ਬਾਰੇ ਕੀ ਵਿਸ਼ਵਾਸ ਹੈ?
4. ਹਦੀਸ ਕਿਸ ਨੂੰ ਕਹਿੰਦੇ ਹਨ?
5. ਇਸਲਾਮ ਦੇ ਪੰਜ ਫਰਜ਼ ਕਿਹੜੇ ਹਨ?